Mann Insurance Brokers, Inc.
Auto Home Business Worker Comp
COVERED CALIFORNIA
Free Enrollment
Easy Appointment
Deadline: Feb 15, 2015
-Travelers
-Progressive
-Fidelity Access
-Safeco-Victoria
-Fidelity Access
-Mapfre -GMAC
-Kemper Preferred
Gurdawar Singh Mann
Phone: 510-487-1000 Email: mann@ggiausa.com
Certified Agent

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
www.011india.com
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
15 ਨਵੰਬਰ ਤੋਂ 15 ਫਰਵਰੀ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 04, January 24, 2015 20451 N Plum Grove Rd., Palatine, IL 60074 Ph:847-359-0746, Fax:847-705-9388


## ਡਰੱਗ ਕੇਸ 'ਚ ਮਜੀਠੀਆ ਨੂੰ ਬਚਾਉਣ ਲਈ ਸੌਦੇਬਾਜ਼ੀ?

### ਜਾਂਚ ਕਰ ਰਹੇ ਦੋ ਅਹਿਮ ਅਫਸਰ ਬਦਲੇ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਬਹੁ-ਚਰਚਿਤ 6000 ਕਰੋੜ ਰੁਪਏ ਦੇ ਡਰੱਗ ਕੇਸ ਵਿਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਸਬੰਧਤ ਤੱਥਾਂ ਦੀ ਜਾਂਚ ਕਰ ਰਹੇ ਐਨਫੋਰਸਮੈਂਟ ਡਾਇਰੈਕਟਰੇਟ (ਈ.ਡੀ.) ਦੇ ਸਹਾਇਕ ਡਾਇਰੈਕਟਰ-ਕਮ-ਜਾਂਚ ਅਧਿਕਾਰੀ ਨਿਰੰਜਣ ਸਿੰਘ ਦੀ ਬਦਲੀ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਉਸ ਨੂੰ ਬਦਲ ਕੇ ਕੋਲਕਾਤਾ ਭੇਜ ਦਿੱਤਾ ਗਿਆ ਹੈ। ਉਸ ਤੋਂ ਇਲਾਵਾ ਸਰਕਾਰ ਨੇ ਇਸੇ ਕੇਸ ਨਾਲ ਜੁੜੇ ਈ.ਡੀ. ਦੇ ਸਪੈਸ਼ਲ ਡਾਇਰੈਕਟਰ ਕਰਨੈਲ ਸਿੰਘ ਤੋਂ ਵੀ ਪੰਜਾਬ ਸਮੇਤ ਉੱਤਰੀ ਜ਼ੋਨ ਦਾ ਕੰਮ ਲੈ ਲਿਆ ਹੈ। ਇਹ ਦੋਵੇਂ ਅਧਿਕਾਰੀ ਜਗਦੀਸ਼ ਭੋਲਾ ਡਰੱਗ ਰੈਕਟ ਦੇ ਨਾਲ-ਨਾਲ ਸ. ਮਜੀਠੀਆ ਤੋਂ ਪੁੱਛ-ਪੜਤਾਲ ਵਿਚ ਸ਼ਾਮਲ ਰਹੇ ਹਨ। ਇਨ੍ਹਾਂ ਬਦਲੀਆਂ ਨਾਲ ਇਹ ਚਰਚਾ ਭਖ ਗਈ ਹੈ ਕਿ ਬਾਦਲਾਂ ਨੇ ਸ. ਮਜੀਠੀਆ ਨੂੰ ਬਚਾਉਣ ਲਈ ਭਾਰਤੀ ਜਨਤਾ ਪਾਰਟੀ ਨਾਲ ਕੋਈ ਸੌਦਾ ਕਰ ਲਿਆ ਹੈ ਅਤੇ ਇਸ ਸੌਦੇ ਤਹਿਤ ਹੀ ਕੇਂਦਰ ਸਰਕਾਰ ਨੇ ਇਨ੍ਹਾਂ ਅਫਸਰਾਂ ਦੀ ਬਦਲੀ ਕੀਤੀ ਹੈ। ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਦੇ ਆਗੂਆਂ ਦੇ ਵਿਹਾਰ ਵਿਚ ਆਈ ਨਰਮੀ ਨੇ ਵੀ ਅਜਿਹੇ ਸੌਦੇ ਬਾਰੇ ਸੰਕੇਤ ਦਿੱਤੇ ਹਨ।

ਇਨ੍ਹਾਂ ਬਦਲੀਆਂ ਨਾਲ ਸੂਬੇ ਦੀ ਸਿਆਸਤ ਵੀ ਗਰਮਾ ਗਈ ਹੈ। ਕਾਂਗਰਸ ਨੇ ਇਨ੍ਹਾਂ ਬਦਲੀਆਂ ਨੂੰ ਸ. ਮਜੀਠੀਆ ਨੂੰ ਬਚਾਉਣ ਦੀ ਸਿਆਸੀ ਸਾਜ਼ਿਸ਼ ਕਰਾਰ ਦਿੱਤਾ ਹੈ, ਕਿਉਂਕਿ ਇਹ ਬਦਲੀਆਂ ਉਸ ਸਮੇਂ ਕੀਤੀਆਂ ਗਈਆਂ ਹਨ, ਜਦੋਂ ਈ.ਡੀ. ਅਧਿਕਾਰੀ ਪੰਜਾਬ ਪੁਲਿਸ ਤੇ ਸੀ.ਆਈ.ਡੀ. ਉੱਪਰ ਧਮਕੀਆਂ ਦੇ ਦੋਸ਼ਾਂ ਨੂੰ ਲੈ ਕੇ ਹਾਈਕੋਰਟ ਵਿਚ ਫਰਿਆਦ ਲਗਾ ਰਹੇ ਸਨ। ਉਨ੍ਹਾਂ ਨੇ ਕੇਂਦਰ ਸਰਕਾਰ ਕੋਲ ਫ਼ੋਨ ਟੈਪਿੰਗ ਬਾਰੇ ਵੀ ਸ਼ਿਕਾਇਤਾਂ ਕੀਤੀਆਂ ਸਨ। ਨਿਰੰਜਣ ਸਿੰਘ ਨੇ ਮਜੀਠੀਆ ਤੋਂ ਡਰੱਗ ਮਾਮਲੇ ਵਿਚ ਪੁੱਛ-ਗਿੱਛ ਕੀਤੀ ਸੀ ਤੇ ਹੁਣ ਮਜੀਠੀਆ ਸਮੇਤ ਕੁਝ ਹੋਰ ਵੱਡੇ ਆਗੂਆਂ ਨੂੰ ਤਲਬ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ। ਇਨ੍ਹਾਂ ਅਧਿਕਾਰੀਆਂ ਨੇ ਡਰੱਗ ਮਾਮਲੇ ਦੀ ਜਾਂਚ ਕਾਫੀ ਨੇੜੇ ਲਾ ਲਈ ਸੀ ਤੇ ਹਾਈਕੋਰਟ ਵਿਚ ਚਲਾਨ ਪੇਸ਼ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ।

ਮੰਨਿਆ ਜਾ ਰਿਹਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਦਿੱਲੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਦੇ ਦਬਾਅ ਹੇਠ ਇਹ ਬਦਲੀਆਂ ਕੀਤੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੇ ਕਰੀਬੀ ਰਿਸ਼ਤੇਦਾਰ ਸ. ਮਜੀਠੀਆ

(ਬਾਕੀ ਸਫਾ 6 'ਤੇ)



### ਬਦਲੀ ਨੂੰ ਹਾਈਕੋਰਟ ਵਿਚ ਚੁਣੌਤੀ

**ਚੰਡੀਗੜ੍ਹ:** ਜਾਂਚ ਅਧਿਕਾਰੀ ਨਿਰੰਜਣ ਸਿੰਘ ਦੀ ਬਦਲੀ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ। ਇਹੀ ਨਹੀਂ, ਈ.ਡੀ. ਦੇ ਜਲੰਧਰ ਤਾਇਨਾਤ ਕੁਝ ਅਧਿਕਾਰੀਆਂ ਨੂੰ ਪੰਜਾਬ ਪੁਲਿਸ ਖ਼ਾਸਕਰ ਖ਼ੁਫ਼ੀਆ ਵਿੰਗ ਵੱਲੋਂ ਧਮਕਾਉਣ ਦਾ ਮਾਮਲਾ ਵੀ ਹਾਈਕੋਰਟ ਦੇ ਸਨਮੁੱਖ ਰੱਖ ਦਿੱਤਾ ਗਿਆ ਹੈ। ਬਦਲੀ ਦੇ ਹੁਕਮਾਂ ਨੂੰ ਫ਼ੌਰੀ ਰੱਦ ਕਰਨ ਦੀ ਮੰਗ ਕਰਦਿਆਂ ਸ਼ਿਕਾਇਤ ਕਰਤਾ ਨੇ ਕਿਹਾ ਹੈ ਕਿ ਇਹ ਬਦਲੀ ਸਿੱਧੇ ਤੌਰ 'ਤੇ ਸਿਆਸਤ ਤੋਂ ਪ੍ਰੇਰਿਤ ਹੈ।

## ਜਥੇਦਾਰ ਨੰਦਗੜ੍ਹ ਨੂੰ ਹਟਾਉਣ ਦਾ ਚੁਫੇਰਿਓਂ ਵਿਰੋਧ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਾਨਕਸ਼ਾਹੀ ਕੈਲੰਡਰ ਸਮਰਥਕ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੂੰ ਅਹੁਦੇ ਤੋਂ ਫਾਰਗ ਕਰਨ ਦੇ ਫ਼ੈਸਲੇ ਪਿੱਛੋਂ ਪੰਥਕ ਹਲਕਿਆਂ ਵਿਚ ਜਥੇਦਾਰਾਂ ਦੇ ਰੁਤਬੇ ਨੂੰ ਲੈ ਕੇ ਵਿਵਾਦ ਮੁੜ ਸ਼ੁਰੂ ਹੋ ਗਿਆ ਹੈ। ਸਿੱਖ ਜਥੇਬੰਦੀਆਂ ਨੇ ਬਰਖਾਸਤਗੀ ਦੇ ਇਸ ਫੈਸਲੇ ਨੂੰ ਰੱਦ ਕਰ ਦਿੱਤਾ ਹੈ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਂ ਦੇ ਵਿਰੋਧ ਦੇ ਬਾਵਜੂਦ ਕੀਤਾ ਗਿਆ ਹੈ। ਅੰਤ੍ਰਿੰਗ ਕਮੇਟੀ ਦੇ ਦੋ ਮੈਂਬਰਾਂ ਹਰਭਜਨ ਸਿੰਘ ਸ਼ੇਰਗਿੱਲ ਤੇ ਮੰਗਲ ਸਿੰਘ ਮੁੰਬਈ ਨੇ ਜਥੇਦਾਰ ਨੂੰ ਹਟਾਉਣ ਉਤੇ ਸਹਿਮਤੀ ਨਹੀਂ ਦਿੱਤੀ। ਕਮੇਟੀ ਦੇ ਲੰਬੇ ਸਮੇਂ ਤੋਂ ਜਨਰਲ ਸਕੱਤਰ ਚਲੇ ਆ ਰਹੇ ਸੁਖਦੇਵ ਸਿੰਘ ਭੌਰ ਤੇ ਅੰਤ੍ਰਿੰਗ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਮੀਟਿੰਗ ਵਿਚੋਂ ਗ਼ੈਰ-ਹਾਜ਼ਰ ਰਹਿ ਕੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ। ਜਥੇਦਾਰ ਨੰਦਗੜ੍ਹ ਨੂੰ ਹਟਾਉਣ ਦਾ ਫੌਰੀ ਕਾਰਨ ਨਾਨਕਸ਼ਾਹੀ ਕੈਲੰਡਰ ਵਿਵਾਦ ਕਿਹਾ ਜਾ ਰਿਹਾ ਹੈ।

ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧਿਰ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਜਥੇਬੰਦੀਆਂ ਦੇ ਵਿਰੋਧ ਨੂੰ ਅਣਦੇਖਿਆਂ ਕਰਦਿਆਂ ਪਹਿਲਾਂ ਵਾਂਗ ਮੁੜ ਇਹ



(ਬਾਕੀ ਸਫਾ 6 'ਤੇ)

### ਕਾਨੂੰਨੀ ਪੱਖੋਂ ਜਾਇਜ਼ ਨਹੀਂ ਸ਼੍ਰੋਮਣੀ ਕਮੇਟੀ ਦਾ ਫੈਸਲਾ

ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਬਰਖਾਸਤ ਕਰਨ ਦੇ ਮਾਮਲੇ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ। ਕਈ ਮਾਹਿਰਾਂ ਨੇ ਤਕਨੀਕੀ ਮੁੱਦਾ ਵੀ ਉਠਾਇਆ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਸਹਿਜਧਾਰੀਆਂ ਦੀਆਂ ਵੋਟਾਂ ਬਾਰੇ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਤੇ ਅਦਾਲਤ ਨੇ ਨਵੀਂ ਚੁਣੀ ਕਮੇਟੀ ਉੱਤੇ ਰੋਕ ਲਗਾਈ ਹੋਈ ਹੈ, ਇਸ ਲਈ ਨੰਦਗੜ੍ਹ ਵਾਲਾ ਫ਼ੈਸਲਾ ਕਾਨੂੰਨ ਦੀਆਂ ਨਜ਼ਰਾਂ ਵਿਚ ਜਾਇਜ਼ ਨਹੀਂ। ਅਦਾਲਤੀ ਹੁਕਮ ਅਨੁਸਾਰ 2010 ਵਾਲੀ ਕਮੇਟੀ ਨੇ ਹੀ ਅਗਲੇ ਹੁਕਮਾਂ ਤੱਕ ਕੰਮ ਚਲਾਉਣਾ ਹੈ। ਵਿਦਵਾਨਾਂ ਅਨੁਸਾਰ ਜਿਸ ਅੰਤ੍ਰਿੰਗ ਕਮੇਟੀ ਨੇ ਜਥੇਦਾਰ ਨੰਦਗੜ੍ਹ ਨੂੰ ਹਟਾਇਆ ਹੈ, ਉਸ ਕੋਲ ਅਜਿਹਾ ਕਰਨ ਦਾ ਕੋਲ ਅਖ਼ਤਿਆਰ ਹੀ ਨਹੀਂ ਹੈ।


Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill
510-207-9067
CA DRE Lic.#01180969
Jassi Gill
CA DRE# 00966763

Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloода Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Follow us on:
Toll Free 1-866-FOR-RAJA
www.rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com


GROW YOUR BUSINESS
WITH NEW TREND
FULL COLOR
LED
Digital Display
&
Message Board
LICENSED Contractor
GAS SIGNS
HOTEL/MOTEL SIGNS
DIESEL
CREDIT
We install anywhere in california
RF Remote
LCD Remote
ELECTRIC
SIGN
COMPANY
for more info: Call Sukhpal
1-661-586-1106
email: esigncompany@gmail.com


Surveillance Camera
Systems
Vista
Full HD
1080P
2 Year Warranty
Now Sell & Install
ONLY
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
UP GRADE YOUR SECURITY SYSTEM
Fully Trained Technical Staff.
Serving Since 1999.
We Install any where in California.
Commercial Grade Equipment.
Solution for Gas stations,Liquor Stores,
Hotel/Motel,warehouse & Homes
Call
Sukhpal
1-661-586-5080
Email: commvision@sbcglobal.net


TRAVELOPOD.COM
Happy New Year '2015'
Lowest fares to INDIA 'GUARANTEED'
BOOK BY PHONE
& SAVE UPTO
$100
SUBSCRIBE TO WIN
FREE AIR TICKET
WE BEAT ANY QUOTE
(T&C APPLY)
CALL FOR THE BEST UNPUBLISHED DEALS 1-855-436-0728
Fly to INDIA with fares starting from :
FROM NYC : $690
FROM LAX : $720
FROM SFO : $720
FROM CHICAGO : $690
Domestic & International Special
Deals available from ALL CITIES.
WHY BOOK WITH TRAVELOPOD?
Customer Satisfaction
BEST PRICE GUARANTEED
Best Fare Guarantee on Dom & Inl Flights
Excellent Service
24/7
24x7 Live Support
LUXURY HOLIDAY TOURS
Golden Triangle with Rajasthan : $500
Enchanting Kerala from : $650
African Tours with Safari from : $750
Europe Tours from : $790
Travelopod- Where Service Matters
CST # 2112418-40

# ਹੋਂਦ ਚਿੱਲੜ ਕਤਲੇਆਮ ਬਾਰੇ ਹੋਇਆ ਅਹਿਮ ਖੁਲਾਸਾ

**ਚੰਡੀਗੜ੍ਹ:** ਨਵੰਬਰ 1984 ਦੌਰਾਨ ਹੋਂਦ ਚਿੱਲੜ (ਹਰਿਆਣਾ) ਵਿਖੇ ਹੋਏ 32 ਸਿੱਖਾਂ ਦੇ ਕਤਲ ਬਾਰੇ ਗਰਗ ਕਮਿਸ਼ਨ ਦੀ ਅਦਾਲਤ 'ਚ ਸੁਣਵਾਈ ਹੋਈ। ਸੁਣਵਾਈ ਮੌਕੇ ਪੀੜਤ ਧਿਰ ਦੇ ਵਕੀਲ ਰਣਜੀਤ ਯਾਦਵ ਵਲੋਂ ਚਸ਼ਮਦੀਦਾਂ ਅਤੇ ਸਬੂਤਾਂ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਉਥੋਂ ਦੇ ਕੁੱਝ ਸਥਾਨਕ ਆਦਮੀਆਂ ਵਲੋਂ ਹੀ ਇਸ ਘਟਨਾਕ੍ਰਮ ਨੂੰ ਅੰਜ਼ਾਮ ਦਿੱਤਾ ਗਿਆ ਸੀ।

**ਕਤਲੇਆਮ ਕਰਨ ਵਾਲੇ ਸਥਾਨਕ ਹੀ ਸਨ**

ਬਹਿਸ ਦੌਰਾਨ ਐਡਵੋਕੇਟ ਯਾਦਵ ਨੇ ਪੁਲਿਸ ਤੇ ਸਿਵਲ ਪ੍ਰਸ਼ਾਸਨ ਅਤੇ ਚਿੱਲੜ ਪਿੰਡ ਦੀ ਪੰਚਾਇਤ ਦੀ ਕਾਰਗੁਜ਼ਾਰੀ 'ਤੇ ਵੀ ਸੁਆਲ ਉਠਾਏ। ਉਨ੍ਹਾਂ ਕਮਿਸ਼ਨ ਨੂੰ ਦੱਸਿਆ ਕਿ ਪੀੜਿਤ ਵਿਅਕਤੀ, ਭੀੜ ਨੂੰ ਵੇਖ ਕੇ ਆਪਣੀਆਂ ਹਵੇਲੀਆਂ 'ਚ ਲੁਕ ਗਏ ਸਨ ਅਤੇ ਕਤਲੇਆਮ ਕਰਨ ਵਾਲ਼ੇ ਸਾਰੇ ਸਥਾਨਕ ਆਦਮੀ ਹੀ ਸਨ। ਪ੍ਰਸ਼ਾਸਨ ਇਸ ਘਟਨਾਕ੍ਰਮ ਤੋਂ 48 ਘੰਟੇ ਬਾਅਦ ਪਹੁੰਚਿਆ। ਪਿੰਡ ਦੇ ਸਰਪੰਚ ਨੇ ਅਗਲੇ ਦਿਨ ਜਿਹੜੀ ਰਿਪੋਰਟ ਲਿਖਵਾਈ, ਉਹ ਵੀ ਅੱਧੀ ਅਧੂਰੀ ਸੀ। ਵਕੀਲ ਨੇ ਦੱਸਿਆ ਕਿ ਸਿਵਲ ਪ੍ਰਸ਼ਾਸਨ ਨੇ ਵੀ ਪੀੜਤਾਂ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਨਹੀਂ ਕੀਤੀ । ਸਿਵਲ ਪ੍ਰਸ਼ਾਸਨ ਨੇ ਇੱਕ ਛਪੇ ਪ੍ਰਫਾਰਮੇ 'ਤੇ ਦਸਤਖ਼ਤ ਕਰਵਾ ਕੇ ਪੀੜਿਤਾਂ ਨੂੰ ਸਿਰਫ 10-10 ਹਜ਼ਾਰ ਰੁਪਏ ਦੇ ਕੇ ਖਾਨਾ ਪੂਰਤੀ ਕੀਤੀ।

ਕਮਿਸ਼ਨ ਨੂੰ ਇਹ ਵੀ ਦੱਸਿਆ ਗਿਆ ਕਿ ਜਦੋਂ ਹੋਂਦ ਪਿੰਡ ਵਿਚਲੇ ਸਿੱਖਾਂ ਨੂੰ ਭੀੜ ਨੇ ਮਾਰ ਮੁਕਾ ਦਿੱਤਾ ਤਾਂ ਹਿੰਮਤ ਕਰ ਕੇ ਬਲਵੰਤ ਸਿੰਘ ਨਾਮ ਦੇ ਵਿਅਕਤੀ ਨੇ ਇਕ ਕਾਤਲ ਦੀ ਬਾਂਹ ਵੀ ਵੱਢ ਦਿੱਤੀ ਸੀ, ਉਸ ਵੇਲੇ ਉਹ ਰਿਵਾੜੀ ਦੇ ਇਕ ਹਸਪਤਾਲ ਵਿਚ ਸੀ, ਪਰ ਪੁਲਿਸ ਨੇ ਤਫ਼ਤੀਸ਼ ਦੌਰਾਨ ਉਸ ਜ਼ਖ਼ਮੀ ਆਦਮੀ ਬਾਰੇ ਜਾਣਕਾਰੀ ਲੈਣੀ ਜ਼ਰੂਰੀ ਨਹੀਂ ਸਮਝੀ। ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਕਮਿਸ਼ਨ ਨੇ ਅਗਲੀ ਤਰੀਕ 29 ਜਨਵਰੀ 'ਤੇ ਪਾ ਦਿੱਤੀ ਹੈ। 29 ਨੂੰ ਇਸ ਮਾਮਲੇ ਦੀ ਆਖਿਰੀ ਬਹਿਸ ਹੋਣ ਦੀ ਸੰਭਾਵਨਾ ਹੈ।

# ਆਮ ਆਦਮੀ ਪਾਰਟੀ ਦੀ ਹਮਾਇਤ ਕਰਨ ਦੀ ਅਪੀਲ

**ਫਰਿਜ਼ਨੋ (ਬਿਊਰੋ):** ਆਮ ਆਦਮੀ ਪਾਰਟੀ ਦਿੱਲੀ ਦੀਆਂ ਆ ਰਹੀਆਂ ਚੋਣਾਂ ਵਿਚ ਜੇਤੂ ਰਹੇਗੀ। ਇਹ ਵਿਚਾਰ ਪਾਰਟੀ ਦੇ ਪੰਜਾਬ ਦੇ ਉਘੇ ਆਗੂ ਅਤੇ ਪ੍ਰਸਿਧ ਕੀਰਤਨੀਏ ਭਾਈ ਬਲਦੀਪ ਸਿੰਘ ਖਾਲਸਾ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟਾਏ। ਉਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਆਮ ਆਦਮੀ ਪਾਰਟੀ ਦੀ ਭਰਵੀਂ ਮਾਲੀ ਮਦਦ ਅਤੇ ਹਮਾਇਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਪੰਜਾਬ ਵਿਧਾਨ ਸਭਾ ਦੀਆਂ 2017 ਵਿਚ ਹੋਣ ਵਾਲੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਜਿੱਤ ਹੋਣ ਬਾਰੇ ਵੀ ਆਸ ਪ੍ਰਗਟਾਈ।

ਉਘੇ ਰਾਗੀ ਭਾਈ ਬਲਦੀਪ ਸਿੰਘ ਇਨ੍ਹੀਂ ਦਿਨੀਂ ਕੈਲੀਫੋਰਨੀਆ ਦੇ ਦੌਰੇ 'ਤੇ ਹਨ। ਲੰਘੇ ਐਤਵਾਰ ਉਨ੍ਹਾਂ ਇਥੇ ਗੁਰਦੁਆਰਾ ਸਿੰਘ ਸਭਾ ਵਿਖੇ ਪੱਕੇ ਰਾਗਾਂ ਵਿਚ ਰਵਾਇਤੀ ਸਾਜ਼ਾਂ ਨਾਲ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂਘਰ ਵਿਖੇ ਆਮ ਆਦਮੀ ਪਾਰਟੀ ਦੇ ਸਮਰਥਕਾਂ ਵਲੋਂ ਪਾਰਟੀ ਲਈ ਫੰਡ ਵੀ ਇਕੱਤਰ ਕੀਤਾ ਗਿਆ ਅਤੇ ਪਾਰਟੀ ਦੀਆਂ ਟੀ-ਸ਼ਰਟਾਂ ਵੀ ਵੰਡੀਆਂ ਗਈਆਂ।



# ਆਈ.ਬੀ. ਵਲੋਂ ਜਗਤਾਰ ਤਾਰਾ ਤੋਂ ਪੁੱਛ-ਗਿੱਛ

**ਪਟਿਆਲਾ:** ਬੇਅੰਤ ਸਿੰਘ ਕਤਲ ਕੇਸ ਦੇ ਮੁਲਜ਼ਮ ਜਗਤਾਰ ਸਿੰਘ ਤਾਰਾ ਕੋਲੋਂ ਇੰਟੈਲੀਜੈਂਸ ਬਿਊਰੋ (ਆਈ.ਬੀ.) ਨੇ ਪੁੱਛ-ਪੜਤਾਲ ਸ਼ੁਰੂ ਕੀਤੀ ਹੈ। ਉਸ ਨੂੰ ਭਾਵੇਂ ਮੁੱਖ ਤੌਰ 'ਤੇ ਸੀ.ਆਈ.ਏ. ਸਟਾਫ ਪਟਿਆਲਾ ਵਿਚ ਰੱਖਿਆ ਗਿਆ ਹੈ, ਪਰ ਇਸ ਸਿਲਸਿਲੇ ਵਿਚ ਉਸ ਨੂੰ ਥਾਣਾ ਬਨੂੜ ਵਿਚ ਵੀ ਲਿਜਾਇਆ ਗਿਆ।

ਪੁਲਿਸ ਦਾ ਦਾਅਵਾ ਹੈ ਕਿ ਰੁਲਦਾ ਸਿੰਘ ਦੇ ਕਤਲ ਦੀ ਸਾਜ਼ਿਸ਼ ਪਾਕਿਸਤਾਨ ਵਿਚ ਰਚੀ ਗਈ ਸੀ ਅਤੇ ਇਸ ਵਿਚ ਤਿੰਨ ਦਹਾਕਿਆਂ ਤੋਂ ਪਾਕਿਸਤਾਨ ਵਿਚ ਰਹਿ ਰਹੇ ਬੱਬਰ ਖਾਲਸਾ ਦੇ ਮੁਖੀ ਵਧਾਵਾ ਸਿੰਘ ਬੱਬਰ ਤੇ ਪਰਮਜੀਤ ਸਿੰਘ ਪੰਮਾ ਸ਼ਾਮਲ ਸਨ।

ਪੁਲਿਸ ਤਾਰਾ ਤੋਂ ਜੇਲ੍ਹ ਫਰਾਰੀ ਤੋਂ ਬਾਅਦ ਉਸ ਦੀ ਰਿਹਾਇਸ਼ ਬਾਰੇ ਪੁੱਛ ਰਹੀ ਹੈ। ਪੁਲਿਸ ਅਨੁਸਾਰ ਤਾਰਾ ਪਟਿਆਲਾ, ਰੋਪੜ ਅਤੇ ਫਤਹਿਗੜ੍ਹ ਸਾਹਿਬ ਸਮੇਤ ਕੁਝ ਹੋਰ ਥਾਵਾਂ 'ਤੇ ਵੀ ਰਿਹਾ ਸੀ। ਉਸ ਦੇ ਕੁਰਾਲੀ ਸ਼ਹਿਰ ਵਿਚ ਰਹਿਣ ਬਾਰੇ ਦਆਵਾ ਕੀਤਾ ਗਿਆ ਹੈ।


M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*



ਟਰੱਕਿੰਗ ਦੀ ਦੁਨੀਆਂ ਵਿਚ ਇਕ ਨਵਾਂ ਉਪਰਾਲਾ

ਟਰੱਕਿੰਗ ਬਿਜਨਸ ਵਿਚ ਛਾਏ ਹੋਏ ਓਨਰ ਅਪਰੇਟਰਾਂ ਲਈ ਖੁਸ਼ਖਬਰੀ!
ਹੁਣ ਤੁਹਾਨੂੰ ਆਪਣੇ ਟਰੱਕ ਕਿਸੇ ਕੰਪਨੀ ਨੂੰ ਲੀਜ਼ ਕਰਨ ਦੀ ਜ਼ਰੂਰਤ ਨਹੀਂ।
ਅਸੀਂ ਤੁਹਾਡੇ ਵਾਸਤੇ ਤੁਹਾਡੇ ਪਰਮਿਟਾਂ ਉਤੇ ਲੋਡ ਲੱਭ ਕੇ ਦਿਆਂਗੇ।



- ਤੁਹਾਡੇ ਲੋਡ ਦਾ ਚੈਕ ਤੁਹਾਡੇ ਹੀ ਨਾਂ ਉਤੇ ਹੋਵੇਗਾ।
- ਡਿਸਪੈਚ ਦੇ ਨਾਂ 'ਤੇ ਹੁੰਦੀ ਲੁੱਟ ਤੋਂ ਛੁਟਕਾਰਾ।
- ਧੱਕੇ ਨਾਲ ਚੁਕਾਏ ਜਾਂਦੇ ਲੋਡਾਂ ਤੋਂ ਬਚਾਅ।
- ਅਸੀਂ ਤੁਹਾਡੇ ਲਈ ਕੰਮ ਕਰਾਂਗੇ, ਨਾ ਕਿ ਤੁਸੀਂ ਸਾਡੇ ਲਈ।
- ਇਕ ਜਾਂ ਦੋ ਟਰੱਕਾਂ ਦੇ ਮਾਲਕਾਂ ਲਈ ਪੈਸੇ ਕਮਾਉਣ ਦਾ ਸੁਨਹਿਰੀ ਮੌਕਾ।

ਹਰ ਤਰ੍ਹਾਂ ਦੀ ਜਾਣਕਾਰੀ ਲਈ ਕਾਲ ਕਰੋ ਫੋਨ: 209-910-9731

# ਓਬਾਮਾ ਦੇ ਦੌਰੇ ਤੋਂ ਪਹਿਲਾਂ ਜਹਾਦੀਆਂ ਨੇ ਸਰਗਰਮੀ ਵਧਾਈ

**ਨਗਰੋਟਾ (ਜੰਮੂ-ਕਸ਼ਮੀਰ):** ਭਾਰਤੀ ਫੌਜ ਨੇ ਕਿਹਾ ਕਿ ਉਸ ਨੂੰ ਕੁਝ ਸੁਰਾਗ ਮਿਲੇ ਹਨ ਜਿਨ੍ਹਾਂ ਵਿਚ ਖਦਸ਼ਾ ਪ੍ਰਗਟਾਇਆ ਗਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਇਸ ਮਹੀਨੇ ਦੇ ਅੰਤ ਵਿਚ ਹੋਣ ਵਾਲੀ ਭਾਰਤ ਯਾਤਰਾ ਤੋਂ ਪਹਿਲਾਂ ਪਾਕਿਸਤਾਨ ਆਧਾਰਿਤ ਅਤਿਵਾਦੀ ਸੰਗਠਨ ਜੰਮੂ-ਕਸ਼ਮੀਰ ਵਿਚ ਸਕੂਲਾਂ, ਸੈਨਿਕ ਕਾਫਲਿਆਂ ਤੇ ਅਸੈਨਿਕ ਖੇਤਰਾਂ ਵਰਗੇ ਆਸਾਨ ਟੀਚਿਆਂ ਨੂੰ ਨਿਸ਼ਾਨਾ ਬਣਾ ਕੇ ਹਮਲੇ ਕਰ ਸਕਦੇ ਹਨ। 16ਵੀਂ ਕੋਰ ਦੇ ਜਨਰਲ ਆਫੀਸਰ ਕਮਾਂਡਿੰਗ ਲੈਫਟੀਨੈਂਟ ਜਨਰਲ ਕੇ. ਐਚ. ਸਿੰਘ ਨੇ ਕਿਹਾ ਕਿ ਪੂਰੀ ਤਰ੍ਹਾਂ ਹਥਿਆਰਾਂ ਨਾਲ ਲੈਸ ਤਕਰੀਬਨ 200 ਅਤਿਵਾਦੀ ਪੀਰ ਪੰਜਾਲ ਪਹਾੜੀਆਂ ਦੇ ਦੂਜੇ ਪਾਸੇ ਕੰਟਰੋਲ ਰੇਖਾ ਦੇ ਪਾਰ ਸਥਿਤ 36 ਘੁਸਪੈਠ ਟਿਕਾਣਿਆਂ 'ਤੇ ਇੰਤਜ਼ਾਰ ਕਰ ਰਹੇ ਹਨ ਤੇ ਅਜਿਹਾ ਪੂਰਾ ਖਦਸ਼ਾ ਹੈ ਕਿ ਪਾਕਿਸਤਾਨ ਆਪਣੀ ਧਰਤੀ 'ਤੇ ਪਨਪੇ ਇਨ੍ਹਾਂ ਅਤਿਵਾਦੀ ਸੰਗਠਨਾਂ ਦੇ ਅਤਿਵਾਦੀਆਂ ਨੂੰ ਸਰਹੱਦ ਦੇ ਇਸ ਪਾਰ ਭੇਜਣ ਦਾ ਯਤਨ ਕਰ ਸਕਦਾ ਹੈ।

ਉਨ੍ਹਾਂ ਕਿਹਾ ਕਿ ਉਥੇ ਕੰਟਰੋਲ ਰੇਖਾ ਦੇ ਉਸ ਪਾਰ 14 ਤੋਂ 15 ਅਤਿਵਾਦੀ ਸਿਖਲਾਈ ਕੈਂਪ ਚੱਲ ਰਹੇ ਹਨ ਤੇ ਉਨ੍ਹਾਂ ਖੇਤਰਾਂ ਨੂੰ ਲੈ ਕੇ ਸਾਡੀ ਜ਼ਿੰਮੇਵਾਰੀ ਹੈ। ਸਰਹੱਦ ਪਾਰ ਅਤਿਵਾਦੀ ਢਾਂਚਾ ਬਰਕਰਾਰ ਹੈ ਤੇ ਅਜਿਹਾ ਸੰਭਵ ਹੈ ਕਿ ਪਾਕਿਸਤਾਨ ਆਪਣੀ ਧਰਤੀ 'ਤੇ ਪਨਪੇ ਅਤਿਵਾਦੀ ਸੰਗਠਨਾਂ ਦੇ ਇਨ੍ਹਾਂ ਅਤਿਵਾਦੀਆਂ ਨੂੰ ਸਾਡੀ ਸੀਮਾ ਵਿਚ ਦਾਖਲ ਕਰਾਉਣ ਦਾ ਯਤਨ ਕਰੇ।



ਉਧਰ ਓਬਾਮਾ ਦੀ ਭਾਰਤ ਯਾਤਰਾ ਤੋਂ ਪਹਿਲਾਂ ਖੁਫੀਆ ਏਜੰਸੀ (ਆਈ.ਬੀ.) ਨੇ ਅਲਰਟ ਜਾਰੀ ਕਰ ਕੇ ਸਰਹੱਦ ਪਾਰੋਂ ਅਤਿਵਾਦੀ ਹਮਲੇ ਦਾ ਖਦਸ਼ਾ ਪ੍ਰਗਟ ਕੀਤਾ ਹੈ ਜਿਸ ਪਿਛੋਂ ਜੰਮੂ-ਕਸ਼ਮੀਰ ਵਿਚ ਚੌਕਸੀ ਵਧਾ ਦਿੱਤੀ ਗਈ ਹੈ। ਓਬਾਮਾ ਗਣਤੰਤਰ ਦਿਵਸ ਪਰੇਡ ਵਿਚ ਮੁੱਖ ਮਹਿਮਾਨ ਦੇ ਰੂਪ ਵਿਚ ਸ਼ਾਮਲ ਹੋਣ ਲਈ 25 ਜਨਵਰੀ ਨੂੰ ਤਿੰਨ ਦਿਨ ਦੀ ਯਾਤਰਾ 'ਤੇ ਭਾਰਤ ਆ ਰਹੇ ਹਨ। ਸਰਕਾਰ ਨੇ ਕਿਹਾ ਹੈ ਕਿ ਉਹ ਓਬਾਮਾ ਦੀ ਯਾਤਰਾ ਦੌਰਾਨ ਸੁਰੱਖਿਆ ਨਾਲ ਜੁੜੇ ਸਾਰੇ ਅਹਿਤਿਆਤੀ ਕਦਮ ਚੁੱਕ ਰਹੀ ਹੈ। ਕੇਂਦਰੀ ਗ੍ਰਹਿ ਰਾਜ ਮੰਤਰੀ ਕਿਰਨ ਰਿਜਿਜੂ ਨੇ ਓਬਾਮਾ ਦੀ ਯਾਤਰਾ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਕਿਹਾ ਕਿ ਇਸ ਤਰ੍ਹਾਂ ਦੀਆਂ ਯਾਤਰਾਵਾਂ ਬਾਰੇ ਸਾਰੇ ਤਰ੍ਹਾਂ ਦਾ ਧਿਆਨ ਰੱਖਿਆ ਜਾਂਦਾ ਹੈ। ਇਹ ਖੁਦ ਮੁਖਤਿਆਰ ਦੇਸ਼ ਤੇ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ। ਸਾਡੀਆਂ ਸੁਰੱਖਿਆ ਏਜੰਸੀਆਂ ਪੂਰੀ ਤਰ੍ਹਾਂ ਸਰਗਰਮ ਹਨ। ਵਰਣਨਯੋਗ ਹੈ ਕਿ ਗਣਤੰਤਰ ਦਿਵਸ ਦੇ ਮੱਦੇਨਜ਼ਰ ਪੂਰੇ ਦੇਸ਼ ਵਿਚ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਜਾ ਰਹੇ ਹਨ।

ਓਬਾਮਾ ਦੇ ਭਾਰਤ ਦੌਰੇ ਦੇ ਮੱਦੇਨਜ਼ਰ ਜੰਮੂ-ਕਸ਼ਮੀਰ ਵਿਚ ਕੌਮਾਂਤਰੀ ਸਰਹੱਦ ਦੇ ਨਾਲ ਬੀ.ਐਸ.ਐਫ ਨੇ ਸੁਰੱਖਿਆ ਵਧਾ ਦਿੱਤੀ ਹੈ। ਇਕ ਰਿਪੋਰਟ ਅਨੁਸਾਰ ਅਮਰੀਕੀ ਰਾਸ਼ਟਰਪਤੀ ਦੇ ਦੌਰੇ ਤੋਂ ਪਹਿਲਾਂ ਲਸ਼ਕਰ-ਏ-ਤਾਇਬਾ ਦੇ ਅਤਿਵਾਦੀ ਭਾਰਤ ਵਿਚ ਘੁਸਪੈਠ ਕਰਨ ਦਾ ਯਤਨ ਕਰ ਸਕਦੇ ਹਨ। ਭਾਰਤੀ ਖੁਫੀਆ ਏਜੰਸੀਆਂ ਨੂੰ ਮਿਲੀ ਜਾਣਕਾਰੀ ਤੋਂ ਬਾਅਦ ਬੀ.ਐਸ.ਐਫ. ਦੇ 1200 ਹੋਰ ਜਵਾਨ ਕੌਮਾਂਤਰੀ ਸਰਹੱਦ ਦੇ ਨਾਲ ਤਾਇਨਾਤ ਕਰ ਦਿੱਤੇ ਗਏ ਹਨ। ਸੂਤਰਾਂ ਅਨੁਸਾਰ ਸਰਹੱਦ ਪਾਰੋਂ ਘੁਸਪੈਠ ਦੀਆਂ ਕੋਸ਼ਿਸ਼ਾਂ ਰੋਜ਼ਾਨਾ ਹੋ ਰਹੀਆਂ ਹਨ ਜਦਕਿ ਸੰਘਣੀ ਧੁੰਦ ਤੇ ਠੰਢ ਇਸ ਖੇਤਰ ਵਿਚ ਤਾਇਨਾਤ ਜਵਾਨਾਂ ਲਈ ਵੱਡੀ ਚੁਣੌਤੀ ਖੜ੍ਹੀ ਕਰ ਰਹੀਆਂ ਹਨ। ਸੂਤਰਾਂ ਅਨੁਸਾਰ ਓਬਾਮਾ ਦੀ ਸੁਰੱਖਿਆ ਲਈ ਸੱਤ ਘੇਰਿਆਂ ਵਾਲੀ ਸੁਰੱਖਿਆ ਦਾ ਪ੍ਰਬੰਧ ਹੋਵੇਗਾ, ਜਿਥੋਂ ਅਮਰੀਕੀ ਰਾਸ਼ਟਰਪਤੀ ਭਾਰਤੀ ਗਣਤੰਤਰ ਦਿਵਸ ਪਰੇਡ ਦਾ ਨਜ਼ਾਰਾ ਦੇਖਣਗੇ। ਇਸ ਖੇਤਰ ਦੀ ਹਵਾਈ ਸੈਨਾ ਵਲੋਂ ਨਿਗਰਾਨੀ ਲਈ ਖਾਸ ਤੌਰ 'ਤੇ ਇਕ ਰਾਡਾਰ ਲਗਾਇਆ ਜਾਵੇਗਾ। ਇਸ ਸਮਾਰੋਹ ਦੌਰਾਨ ਤਿੰਨ ਮੈਟਰੋ ਸਟੇਸ਼ਨ ਪਹਿਲਾਂ ਹੀ ਬੰਦ ਕਰ ਦਿੱਤੇ ਜਾਣਗੇ। ਰਾਜਧਾਨੀ ਵਿਚ ਤਕਰੀਬਨ 15,000 ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੀ ਨਿਗਰਾਨੀ ਵਾਲੀ ਟੀਮ ਵਿਚ ਅਮਰੀਕੀ ਸੁਰੱਖਿਆ ਕਰਮੀ ਵੀ ਸ਼ਾਮਲ ਹੋਣਗੇ।

### ਅਮਰੀਕਾ ਵਲੋਂ ਪਾਕਿਸਤਾਨ ਨੂੰ ਸਖਤ ਚਿਤਾਵਨੀ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਦੇ ਭਾਰਤ ਦੌਰੇ ਨੂੰ ਦੇਖਦਿਆਂ ਅਮਰੀਕਾ ਨੇ ਪਾਕਿਸਤਾਨ ਨੂੰ ਸ਼ਖਤ ਲਹਿਜੇ ਵਿਚ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਸ ਦੌਰਾਨ ਸਰਹੱਦ ਪਾਰੋਂ ਦਹਿਸ਼ਤੀ ਹਮਲੇ ਦੀ ਸਾਜ਼ਿਸ਼ ਘੜੀ ਗਈ ਤਾਂ ਉਹ ਨਤੀਜੇ ਭੁਗਤਣ ਲਈ ਤਿਆਰ ਰਹੇ। ਪਾਕਿਸਤਾਨ ਵਿਚ ਅਮਰੀਕੀ ਸਫਾਰਤਖਾਨੇ ਨੂੰ ਵੀ ਚੌਕਸ ਕਰ ਦਿੱਤਾ ਗਿਆ ਹੈ। ਪਾਕਿਸਤਾਨ ਆਧਾਰਿਤ ਦਹਿਸ਼ਤੀ ਗੁੱਟਾਂ ਦਾ ਰਿਕਾਰਡ ਰਿਹਾ ਹੈ ਕਿ ਜਦ ਵੀ ਅਮਰੀਕਾ ਤੋਂ ਕੋਈ ਮਸ਼ਹੂਰ ਹਸਤੀ ਭਾਰਤ ਆਉਂਦੀ ਹੈ ਤਾਂ ਉਸ ਸਮੇਂ ਹਮਲੇ ਤੇਜ਼ ਕਰ ਦਿੱਤੇ ਜਾਂਦੇ ਹਨ। ਅਜਿਹੀ ਇਕ ਘਟਨਾ 20 ਮਾਰਚ 2000 'ਚ ਵਾਪਰੀ ਸੀ ਜਦੋਂ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਦੇ ਭਾਰਤ ਦੌਰੇ ਮੌਕੇ ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿਚ ਦਹਿਸ਼ਤਗਰਦਾਂ ਨੇ 36 ਸਿੱਖਾਂ ਨੂੰ ਗੋਲੀਆਂ ਨਾਲ ਵਿੰਨ੍ਹ ਦਿੱਤਾ ਸੀ।

# ਸ਼ਾਰਲੀ ਐਬਦੋ ਦਾ ਨਵਾਂ ਅੰਕ ਹੱਥੋ-ਹੱਥ ਵਿਕਿਆ

**ਪੈਰਿਸ:** ਅਤਿਵਾਦੀਆਂ ਵਲੋਂ ਹਮਲਾ ਕੀਤੇ ਜਾਣ ਤੋਂ ਮਗਰੋਂ ਆਇਆ ਸ਼ਾਰਲੀ ਐਬਦੋ ਦਾ ਪਹਿਲਾ ਐਡੀਸ਼ਨ ਹੱਥੋ-ਹੱਥ ਵਿਕ ਗਿਆ। ਫਰਾਂਸ ਭਰ ਵਿਚ ਵੱਖ-ਵੱਖ ਥਾਂਈਂ ਇਹ ਅਖਬਾਰ ਖਰੀਦਣ ਲਈ ਲੋਕਾਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਸਨ। 30 ਲੱਖ ਦੀ ਗਿਣਤੀ ਵਿਚ ਛਪੇ ਇਸ ਅਖਬਾਰ ਦੇ ਕਵਰ 'ਤੇ ਫਿਰ ਪੈਗੰਬਰ ਮੁਹੰਮਦ ਦਾ ਕਾਰਟੂਨ ਛਾਪਿਆ ਗਿਆ, ਜਿਸ ਨੂੰ ਮੁਸਲਮਾਨਾਂ ਵਲੋਂ ਗ਼ੈਰ-ਇਸਲਾਮਿਕ ਕਰਾਰ ਦਿੱਤਾ ਜਾ ਰਿਹਾ ਹੈ।

ਇਸੇ ਦੌਰਾਨ ਯਮਨ ਤੋਂ ਅਲ-ਕਾਇਦਾ ਨੇ ਸ਼ਾਰਲੀ ਐਬਦੋ ਦੇ ਦਫ਼ਤਰ 'ਤੇ ਹਮਲਾ ਕਰਕੇ 12 ਜਾਨਾਂ ਲੈਣ ਦੀ ਜ਼ਿੰਮੇਵਾਰੀ ਲਈ ਹੈ। ਭਾਵੇਂ ਇਸ ਨਵੇਂ ਅੰਕ ਵਿਚ ਮੁਹੰਮਦ ਹਜ਼ਰਤ ਦਾ ਹੋਰ ਕਾਰਟੂਨ ਨਹੀਂ ਛਾਪਿਆ ਗਿਆ ਪਰ ਹਥਿਆਰਬੰਦ ਮੁਸਲਿਮ ਅਤਿਵਾਦੀਆਂ 'ਤੇ ਵਿਅੰਗ ਜ਼ਰੂਰ ਕੀਤੇ ਗਏ ਹਨ। ਕੇਂਦਰੀ ਪੈਰਿਸ ਵਿਚ ਇਕ ਦੁਕਾਨ 'ਤੇ ਅਖ਼ਬਾਰ ਲੈਣ ਲਈ ਲੱਗੀ ਕਤਾਰ ਦੇ ਅਖੀਰ ਵਿਚ ਖੜ੍ਹੇ ਡੇਵਿਡ ਸ਼ੁੱਲੋ ਅਨੁਸਾਰ ਉਸ ਨੇ ਪਹਿਲਾਂ ਕਦੇ ਇਹ ਨਹੀਂ ਖਰੀਦਿਆ ਸੀ ਕਿਉਂਕਿ ਸਿਆਸੀ ਤੌਰ 'ਤੇ ਇਹ ਉਸ ਦੀ ਸੋਚ ਦਾ ਨਹੀਂ ਪਰ ਹੁਣ ਉਸ ਲਈ ਇਹ ਖਰੀਦਣਾ ਲਾਜ਼ਮੀ ਤੇ ਮਹੱਤਵਪੂਰਨ ਹੈ ਤਾਂ ਕਿ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਵਿਚ ਨਾਅਰਾ ਲਾਇਆ ਜਾ ਸਕੇ।

ਆਮ ਤੌਰ 'ਤੇ 60,000 ਦੀ ਗਿਣਤੀ ਵਿਚ ਛਪਦੇ 'ਸ਼ਾਰਲੀ ਐਬਦੋ' ਦੀਆਂ ਐਤਕੀਂ ਤੀਹ ਲੱਖ ਕਾਪੀਆਂ ਛਪੀਆਂ, ਜੋ ਮਿੰਟਾਂ ਵਿਚ ਵਿਕ ਗਈਆਂ। ਉਤਰੀ ਪੈਰਿਸ ਵਿਚ ਅਖਬਾਰ ਵੇਚਣ ਵਾਲੀ ਇਕ ਔਰਤ ਨੇ ਦੱਸਿਆ ਕਿ ਜਦੋਂ ਸਵੇਰੇ 6 ਵਜੇ ਉਸ ਨੇ ਦੁਕਾਨ ਖੋਲ੍ਹੀ ਤਾਂ ਬਾਹਰ ਪਹਿਲਾਂ ਹੀ ਲੋਕ ਇਹ ਲੈਣ ਲਈ ਕਤਾਰ ਵਿਚ ਖੜ੍ਹੇ ਸਨ। ਇਕ ਰੇਲਵੇ ਸਟੇਸ਼ਨ 'ਤੇ ਅਖ਼ਬਾਰ ਵੇਚਣ ਵਾਲੇ ਨੇ ਆਮ ਨਾਲੋਂ ਪੌਣਾ ਘੰਟਾ ਪਹਿਲਾਂ ਦੁਕਾਨ ਖੋਲ੍ਹੀ ਤੇ ਉਸ ਦੀਆਂ 200 ਕਾਪੀਆਂ ਝੱਟ-ਪਟ ਵਿਕ ਗਈਆਂ। ਚੇਤੇ ਰਹੇ, 7 ਜਨਵਰੀ ਨੂੰ ਸ਼ਾਰਲੀ ਐਬਦੋ ਦੇ ਦਫ਼ਤਰ 'ਤੇ ਹਮਲਾ ਕਰਕੇ ਇਸਲਾਮਿਕ ਅਤਿਵਾਦੀਆਂ ਨੇ 10 ਪੱਤਰਕਾਰਾਂ ਸਮੇਤ 12 ਲੋਕਾਂ ਨੂੰ ਮਾਰ ਦਿੱਤਾ ਸੀ।

### 42 ਫੀਸਦੀ ਲੋਕ ਮੁਹੰਮਦ ਦਾ ਕਾਰਟੂਨ ਛਾਪਣ ਵਿਰੁਧ

**ਪੈਰਿਸ:** ਫਰਾਂਸ ਵਿਚ ਕਰਵਾਏ ਸਰਵੇਖਣ ਅਨੁਸਾਰ ਦੇਸ਼ ਦੇ 42 ਫੀਸਦੀ ਲੋਕ ਮੁਹੰਮਦ ਦਾ ਕਾਰਟੂਨ ਛਾਪੇ ਜਾਣ ਵਿਰੁਧ ਹਨ ਜਦਕਿ ਵਿਸ਼ਵ ਵਿਚ ਇਹ ਬਹਿਸ ਜ਼ੋਰ ਫੜਦੀ ਜਾ ਰਹੀ ਹੈ ਕਿ ਧਾਰਮਿਕ ਮਾਮਲਿਆਂ ਵਿਚ ਕਿਸੇ ਦੇ ਵਿਸ਼ਵਾਸ ਨੂੰ ਵਿਅੰਗ ਰਾਹੀਂ ਠੇਸ ਪਹੁੰਚਾਉਣਾ ਮਨੁੱਖੀ ਆਜ਼ਾਦੀ ਦਾ ਹਿੱਸਾ ਹੋਣਾ ਚਾਹੀਦਾ ਹੈ ਜਾਂ ਨਹੀਂ। 'ਆਈਫੌਪ' ਨਾਂ ਹੇਠ ਕਰਵਾਏ ਸਰਵੇਖਣ ਵਿਚ ਉਪਰੋਕਤ ਲੋਕਾਂ ਦਾ ਕਹਿਣਾ ਹੈ ਕਿ ਧਰਮਾਂ ਉਪਰ ਠੇਸ ਪਹੁੰਚਾਉਣ ਵਾਲਾ ਵਿਅੰਗ ਠੀਕ ਨਹੀਂ ਤੇ ਨਾ ਹੀ ਅਜਿਹਾ ਕਰਨ ਨੂੰ ਬੋਲਣ ਜਾਂ ਲਿਖਣ ਦੀ ਆਜ਼ਾਦੀ ਮੰਨਿਆ ਜਾ ਸਕਦਾ ਹੈ। ਇਹ ਅਪਰਾਧ ਹੈ। ਤਕਰੀਬਨ 57 ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਮੁਸਲਿਮ ਭਾਈਚਾਰੇ ਦੇ ਵਿਰੋਧ ਕਾਰਨ ਅਜਿਹੇ ਕਾਰਟੂਨ ਛਪਣ ਤੋਂ ਰੋਕੇ ਨਹੀਂ ਜਾਣੇ ਚਾਹੀਦੇ। ਇਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਫਰਾਂਸ ਨੂੰ ਲਿਬੀਆ, ਸੀਰੀਆ, ਯਮਨ ਵਰਗੇ ਦੇਸ਼ਾਂ ਦੇ ਵਿਵਾਦ ਵਿਚ ਫੌਜੀ ਦਖਲ ਨਹੀਂ ਦੇਣਾ ਚਾਹੀਦਾ।

# ਚੋਣਾਂ ਵਿਚ ਭਾਜਪਾ ਨੇ ਖਰਚੇ ਸਨ 714 ਕਰੋੜ ਰੁਪਏ

**ਨਵੀਂ ਦਿੱਲੀ:** ਸਾਲ 2014 ਵਿਚ ਹੋਈਆਂ ਲੋਕ ਸਭਾ ਚੋਣਾਂ ਤੇ ਵੱਖ-ਵੱਖ ਸੂਬਿਆਂ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਨੇ 714 ਕਰੋੜ ਰੁਪਏ ਖਰਚੇ। ਚੋਣ ਕਮਿਸ਼ਨ ਦੇ ਤਾਜ਼ਾ ਅੰਕੜਿਆਂ ਮੁਤਾਬਕ ਕਾਂਗਰਸ ਪਾਰਟੀ ਨੇ ਇਨ੍ਹਾਂ ਚੋਣਾਂ ਦੌਰਾਨ 516 ਕਰੋੜ ਰੁਪਏ ਪ੍ਰਚਾਰ 'ਤੇ ਖਰਚੇ। ਅੰਕੜਿਆਂ ਮੁਤਾਬਕ ਭਾਜਪਾ ਵਲੋਂ ਚੋਣਾਂ ਦੌਰਾਨ ਕੁੱਲ ਸੱਤ ਅਰਬ 14 ਕਰੋੜ 28 ਲੱਖ 57 ਹਜ਼ਾਰ 813 ਰੁਪਏ ਖਰਚੇ ਗਏ। ਜਦਕਿ ਕਾਂਗਰਸ ਨੇ ਪੰਜ ਅਰਬ 16 ਕਰੋੜ 2 ਲੱਖ 36 ਹਜ਼ਾਰ 785 ਰੁਪਏ ਚੋਣਾਂ 'ਤੇ ਲਾਏ। ਦੋਹਾਂ ਪਾਰਟੀਆਂ ਵਲੋਂ ਪਿੱਛੇ ਜਿਹੇ ਚੋਣ ਕਮਿਸ਼ਨ ਨੂੰ ਸੌਂਪੇ ਗਏ ਖਰਚਿਆਂ ਦਾ ਹਿਸਾਬ ਵਿਚ ਇਹ ਖੁਲਾਸਾ ਹੋਇਆ। ਉਂਜ ਖਰਚੇ ਦਾ ਪੂਰਾ ਬਿਉਰਾ ਅਗਸਤ 2014 ਤੱਕ ਦੇਣਾ ਸੀ। ਭਾਜਪਾ ਨੇ 12 ਜਨਵਰੀ ਤੇ ਕਾਂਗਰਸ ਨੇ 22 ਦਸੰਬਰ 2014 ਨੂੰ ਹੀ ਦਸਤਾਵੇਜ਼ ਜਮ੍ਹਾਂ ਕਰਵਾਏ ਸਨ। ਅੰਕੜਿਆਂ ਮੁਤਾਬਕ ਨੈਸ਼ਨਲਿਸਟ ਕਾਂਗਰਸ ਪਾਰਟੀ (ਐਨਸੀਪੀ) ਨੇ 51 ਕਰੋੜ 34 ਲੱਖ 44 ਹਜ਼ਾਰ 854 ਰੁਪਏ ਦਾ ਚੋਣਾਂ ਵਿਚ ਖਰਚਾ ਕੀਤਾ ਜਦਕਿ ਬਹੁਜਨ ਸਮਾਜ ਪਾਰਟੀ (ਬਸਪਾ) ਨੇ 30 ਕਰੋੜ 5 ਲੱਖ 84 ਹਜ਼ਾਰ 822 ਰੁਪਏ ਤੇ ਸੀਪੀਆਈ (ਐਮ) ਨੇ 18 ਕਰੋੜ 69 ਲੱਖ 18 ਹਜ਼ਾਰ 169 ਰੁਪਏ ਚੋਣਾਂ ਵਿਚ ਵਹਾਏ। ਚੋਣ ਕਮਿਸ਼ਨ ਨੇ ਸੀਪੀਆਈ ਵਲੋਂ ਕੀਤੇ ਗਏ ਖਰਚੇ ਦਾ ਬਿਓਰਾ ਨਹੀਂ ਦਿੱਤਾ ਪਰ ਇਹ ਜ਼ਰੂਰ ਦੱਸਿਆ ਕਿ ਉਨ੍ਹਾਂ 15 ਸਤੰਬਰ 2014 ਨੂੰ ਹੀ ਦਸਤਾਵੇਜ਼ ਜਮ੍ਹਾਂ ਕਰਵਾ ਦਿੱਤੇ ਸਨ। ਚੋਣ ਕਮਿਸ਼ਨ ਨੇ 28 ਨਵੰਬਰ ਨੂੰ 20 ਸਿਆਸੀ ਪਾਰਟੀਆਂ ਨੂੰ ਚੋਣ ਖਰਚੇ ਦਾ ਹਿਸਾਬ ਨਾ ਦੇਣ 'ਤੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਸੀ।

# ਸਾਨੂੰ ਭਾਰਤੀ-ਅਮਰੀਕੀ ਨਹੀਂ, ਅਮਰੀਕੀ ਕਿਹਾ ਜਾਏ: ਬੌਬੀ ਜਿੰਦਲ

**ਵਾਸ਼ਿੰਗਟਨ:** ਲੁਈਸੀਆਨਾ ਦੇ ਗਵਰਨਰ ਬੌਬੀ ਜਿੰਦਲ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਦੂਹਰੀ ਪਛਾਣ ਵਿਚ ਭਰੋਸਾ ਨਹੀਂ ਕਰਦਾ ਤੇ ਉਸ ਦੇ ਮਾਪੇ ਚਾਰ ਦਹਾਕੇ ਪਹਿਲਾਂ ਭਾਰਤ ਤੋਂ ਅਮਰੀਕਾ ਵਿਚ ਅਮਰੀਕੀ ਬਣਨ ਲਈ ਆਏ ਸਨ ਨਾ ਕਿ ਭਾਰਤੀ-ਅਮਰੀਕੀ ਬਣਨ ਆਏ ਸਨ। ਉਨ੍ਹਾਂ ਨੇ ਆਪਣੇ ਮੂਲ ਦੇ ਹਵਾਲੇ ਨਾਲ ਆਵਾਸੀਆਂ ਦੇ ਅਮਰੀਕੀ ਸਮਾਜ ਵਿਚ ਰਲੇਵੇਂ ਦਾ ਸੱਦਾ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਇਹ ਗੱਲ ਕਦੇ ਸਮਝ ਨਹੀਂ ਆਈ ਕਿ ਅਮਰੀਕੀ ਹੋਣ ਦੇ ਬਾਵਜੂਦ ਕੁਝ ਲੋਕ ਹੋਰਾਂ ਦੀ ਚਮੜੀ ਦੇ ਰੰਗ ਦੇ ਆਧਾਰ 'ਤੇ ਉਨ੍ਹਾਂ ਦੀ ਪਛਾਣ ਜਾਂ ਸ਼ਨਾਖਤ ਨਿਰਧਾਰਤ ਕਿਉਂ ਕਰਦੇ ਹਨ।



ਉਨ੍ਹਾਂ ਕਿਹਾ ਕਿ ਮੁਲਕਾਂ ਦੀ ਸੁਰੱਖਿਆ ਲਈ ਰਲੇਵਾਂ ਬਹੁਤ ਜ਼ਰੂਰੀ ਹੈ। ਕਿਸੇ ਅਮਰੀਕੀ ਸੂਬੇ ਦੇ ਪਹਿਲੇ ਭਾਰਤੀ-ਅਮਰੀਕੀ ਗਵਰਨਰ ਬਣੇ ਬੌਬੀ ਜਿੰਦਲ ਲੰਡਨ ਵਿਚ ਹੈਨਰੀ ਜੈਕਸਨ ਸੁਸਾਇਟੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮਾਪੇ ਅਮਰੀਕੀ ਸੁਪਨੇ ਦੀ ਭਾਲ ਵਿਚ ਆਏ ਸਨ ਤੇ ਉਹ ਸਫ਼ਲ ਵੀ ਹੋਏ। ਉਨ੍ਹਾਂ ਲਈ ਅਮਰੀਕਾ, ਥਾਂ ਨਾਲੋਂ ਵੱਧ ਇਕ ਫੁਰਨਾ ਸੀ, ਵਿਚਾਰ ਸੀ। ਜਿੰਦਲ ਅਨੁਸਾਰ ਉਸ ਦੇ ਮਾਂ-ਬਾਪ ਨੇ ਉਸ ਦੇ ਭਰਾ ਤੇ ਉਸ ਨੂੰ ਦੱਸਿਆ ਸੀ ਕਿ ਉਹ ਅਮਰੀਕਾ ਵਿਚ ਅਮਰੀਕੀ ਬਣਨ ਲਈ ਆਏ ਸਨ, ਨਾ ਕਿ ਭਾਰਤੀ-ਅਮਰੀਕੀ ਕਹਾਉਣ ਲਈ ਆਏ ਸਨ। ਉਨ੍ਹਾਂ ਕਿਹਾ ਕਿ ਜੇਕਰ ਉਹ ਭਾਰਤੀ ਰਹਿਣਾ ਚਾਹੁੰਦੇ ਤਾਂ ਭਾਰਤ ਵਿਚ ਰਹਿੰਦੇ। ਇਸ ਦਾ ਮਤਲਬ ਇਹ ਵੀ ਨਹੀਂ ਕਿ ਉਹ ਆਪਣੇ ਭਾਰਤੀ ਮੂਲ ਤੋਂ ਸ਼ਰਮਸਾਰ ਹਨ, ਬਲਕਿ ਉਹ ਭਾਰਤ ਨੂੰ ਪਿਆਰ ਕਰਦੇ ਹਨ ਪਰ ਉਹ ਇਸ ਕਰਕੇ ਅਮਰੀਕਾ ਪੁੱਜੇ ਕਿਉਂਕਿ ਉਹ ਵਧੇਰੇ ਮੌਕੇ ਤੇ ਆਜ਼ਾਦੀ ਚਾਹੁੰਦੇ ਸਨ।

# ਕਤਲਾਂ ਦੇ ਬਹੁਤੇ ਕਾਰਨ ਜ਼ਰ, ਜ਼ੋਰੂ ਤੇ ਜ਼ਮੀਨ

**ਚੰਡੀਗੜ੍ਹ:** ਦੁਨੀਆਂ ਭਰ ਵਿਚ ਭਾਵੇਂ ਅਤਿਵਾਦ, ਫਿਰਕਾਪ੍ਰਸਤੀ ਤੇ ਧਾਰਮਿਕ ਕੱਟੜਵਾਦ ਕਾਰਨ ਮਨੁੱਖੀ ਕਤਲਾਂ ਦੀਆਂ ਘਟਨਾਵਾਂ ਵਿਚ ਕਾਫੀ ਵਾਧਾ ਹੋਇਆ ਹੈ ਪਰ ਪਿਛਲੇ ਕੁਝ ਸਾਲਾਂ ਦੌਰਾਨ ਭਾਰਤ 'ਚ ਹੋਏ ਕਤਲਾਂ ਦੇ ਅੰਕੜੇ ਦੱਸਦੇ ਹਨ ਕਿ ਪੁਰਾਤਨ ਬਜ਼ੁਰਗਾਂ ਵਲੋਂ ਕੱਢੇ ਨਿਚੋੜ ਮੁਤਾਬਕ ਭਾਰਤ ਵਿਚ ਲੜਾਈ-ਝਗੜਿਆਂ ਤੇ ਕਤਲਾਂ ਦੇ ਪਿੱਛੇ ਅੱਜ ਵੀ ਮੁੱਖ ਵਜ੍ਹਾ 'ਜ਼ਰ, ਜ਼ੋਰੂ ਤੇ ਜ਼ਮੀਨ' ਹੀ ਹੈ। ਸਾਡੇ ਦੇਸ਼ ਵਿਚ ਇਨ੍ਹਾਂ 3 ਕਾਰਨਾਂ ਤਹਿਤ ਕਤਲ ਹੋਣ ਵਾਲਿਆਂ ਦੀ ਗਿਣਤੀ ਅਤਿਵਾਦ 'ਚ ਮਰਨ ਵਾਲਿਆਂ ਨਾਲੋਂ ਵੀ ਤਕਰੀਬਨ 30 ਗੁਣਾ ਵੱਧ ਹੈ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਵਲੋਂ ਦੇਸ਼ ਭਰ ਵਿਚ ਹੋਏ ਕਤਲਾਂ ਦੇ ਇਕੱਤਰ ਕੀਤੇ ਜਾਂਦੇ ਅੰਕੜਿਆਂ ਮੁਤਾਬਕ ਭਾਰਤ ਵਿਚ ਸਾਲ 2013 ਦੌਰਾਨ ਹੋਏ 32613 ਕਤਲਾਂ ਵਿਚੋਂ ਸਭ ਤੋਂ ਵੱਡੀ ਵਜ੍ਹਾ 'ਜ਼ਮੀਨ-ਜਾਇਦਾਦ, ਦੌਲਤ ਤੇ ਔਰਤਾਂ' ਹੀ ਸਨ ਤੇ ਇਨ੍ਹਾਂ ਕਾਰਨਾਂ ਕਰਕੇ ਹੀ ਕੁੱਲ 8425 ਕਤਲ ਹੋਏ। ਜੇ ਇਸ ਵਿਚ ਦਾਜ-ਦਹੇਜ ਕਾਰਨ ਹੋਏ 1369 ਕਤਲਾਂ ਦੀ ਗਿਣਤੀ ਵੀ ਸ਼ਾਮਲ ਕਰ ਲਈਏ ਤਾਂ ਕੁੱਲ ਕਤਲਾਂ ਦਾ ਇਕ ਤਿਹਾਈ ਬਣ ਜਾਂਦਾ ਹੈ, ਜਦਕਿ ਉਸ ਵਰ੍ਹੇ ਅਤਿਵਾਦ ਦੀਆਂ ਘਟਨਾਵਾਂ ਦਾ ਸਿਰਫ 258 ਲੋਕ ਸ਼ਿਕਾਰ ਬਣੇ। ਦੇਸ਼ ਦੇ ਸਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ ਵਿਚ 5047 ਕਤਲਾਂ ਵਿਚੋਂ ਫਿਰਕੂ ਹਿੰਸਾ ਤੇ ਕੱਟੜਵਾਦ ਕਾਰਨ ਹੋਏ ਕਤਲਾਂ ਦੀ ਗਿਣਤੀ ਸਿਰਫ 58 ਦੱਸੀ ਗਈ ਹੈ ਜਦਕਿ ਜ਼ਮੀਨ ਜਾਇਦਾਦ, ਪ੍ਰੇਮ ਸਬੰਧਾਂ, ਨਿੱਜੀ ਦੁਸ਼ਮਣੀ ਆਦਿ ਕਾਰਨ ਹੋਏ ਕਤਲਾਂ ਦੀ ਗਿਣਤੀ 650 ਤੋਂ ਵੀ ਵੱਧ ਸੀ। ਬਿਹਾਰ ਵਿਚ ਹੋਏ 3447 ਕਤਲਾਂ ਵਿਚੋਂ



ਅਤਿਵਾਦ ਕਾਰਨ ਸਿਰਫ ਚਾਰ ਮੌਤਾਂ ਹੋਈਆਂ ਜਦਕਿ ਜ਼ਮੀਨ-ਜਾਇਦਾਦ, ਪ੍ਰੇਮ ਸਬੰਧਾਂ, ਨਿੱਜੀ ਦੁਸ਼ਮਣੀ ਆਦਿ ਕਾਰਨ ਬਿਹਾਰ ਵਿਚ ਹੋਏ ਕਤਲਾਂ ਦੀ ਗਿਣਤੀ 1550 ਤੋਂ ਵੀ ਵੱਧ ਸੀ।

ਛਤੀਸਗੜ੍ਹ ਵਰਗੇ ਨਕਸਲੀ ਹਿੰਸਾ ਵਾਲੇ ਰਾਜ ਵਿਚ ਵੀ ਅਜਿਹੇ ਕਤਲਾਂ ਦੀ ਗਿਣਤੀ ਨਕਸਲੀ ਅਤਿਵਾਦ ਦੀਆਂ ਘਟਨਾਵਾਂ ਵਿਚ ਮਰਨ ਵਾਲਿਆਂ ਨਾਲੋਂ ਤਕਰੀਬਨ ਚਾਰ ਗੁਣਾ ਵਧੇਰੇ ਸੀ। ਸਾਲ 2013 ਦੌਰਾਨ ਛਤੀਸਗੜ੍ਹ ਵਿਚ ਨਕਸਲੀ ਹਿੰਸਾ ਵਿਚ ਮਰੇ ਲੋਕਾਂ ਦੀ ਗਿਣਤੀ 45 ਦੱਸੀ ਗਈ ਹੈ ਜਦਕਿ ਜ਼ਮੀਨ, ਨਿੱਜੀ ਦੁਸ਼ਮਣੀ ਤੇ ਪ੍ਰੇਮ ਸਬੰਧਾਂ ਕਾਰਨ ਹੋਏ ਕਤਲਾਂ ਦੀ ਗਿਣਤੀ ਕ੍ਰਮਵਾਰ 60, 91 ਤੇ 45 ਸੀ। ਝਾਰਖੰਡ ਵਿਚ ਵੀ ਨਕਸਲੀ ਹਿੰਸਾ ਵਿਚ ਮਰਨ ਵਾਲੇ 88 ਲੋਕਾਂ ਦੇ ਮੁਕਾਬਲੇ 54 ਕਤਲ ਤਾਂ ਇਕੱਲੇ ਜਾਦੂ ਟੂਣੇ ਤੇ ਤੰਤਰ ਸਾਧਨਾਂ ਦੀ ਆੜ ਵਿਚ ਹੋਏ ਜਦਕਿ ਜ਼ਮੀਨ-ਜਾਇਦਾਦ ਕਾਰਨ 184, ਨਿੱਜੀ ਦੁਸ਼ਮਣੀ ਕਾਰਨ 181 ਤੇ ਪ੍ਰੇਮ ਸਬੰਧਾਂ ਕਾਰਨ 92 ਕਤਲਾਂ ਦੇ ਮਾਮਲੇ ਝਾਰਖੰਡ ਪੁਲਿਸ ਦੀਆਂ ਫਾਈਲਾਂ ਵਿਚ ਦਰਜ ਹਨ।

ਇਸੇ ਤਰ੍ਹਾਂ ਉਲਫ਼ਾ ਤੇ ਬੋਡੋਲੈਂਡ ਵਰਗੇ ਅਤਿਵਾਦੀ ਅੰਦੋਲਨਾਂ ਦੇ ਗੜ੍ਹ ਆਸਾਮ ਵਿਚ 2013 ਦੌਰਾਨ ਅਤਿਵਾਦੀ ਘਟਨਾਵਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਸਿਰਫ 33 ਦੱਸੀ ਗਈ ਹੈ ਜਦਕਿ ਜ਼ਮੀਨ-ਜਾਇਦਾਦ ਕਾਰਨ 194, ਨਿੱਜੀ ਦੁਸ਼ਮਣੀ ਕਾਰਨ 131 ਤੇ ਪ੍ਰੇਮ ਸਬੰਧਾਂ ਕਾਰਨ ਹੋਏ ਕਤਲਾਂ ਦੀ ਗਿਣਤੀ 30 ਹੈ। ਇਸੇ ਤਰ੍ਹਾਂ ਜੰਮੂ-ਕਸ਼ਮੀਰ, ਪੰਜਾਬ, ਨਾਗਾਲੈਂਡ ਵਰਗੇ ਰਾਜਾਂ ਵਿਚ ਅਤਿਵਾਦ ਨਾਲੋਂ ਕਈ ਗੁਣਾ ਵੱਧ ਲੋਕ ਹੋਰ ਕਾਰਨਾਂ ਕਰਕੇ ਕਤਲ ਕੀਤੇ ਗਏ।

### ਪ੍ਰੇਮ ਸਬੰਧਾਂ ਕਾਰਨ ਅਤਿਵਾਦ ਨਾਲੋਂ ਵੀ ਕਈ ਗੁਣਾ ਵੱਧ ਕਤਲ

ਸਾਲ 2013 ਦੌਰਾਨ ਪ੍ਰੇਮ ਸਬੰਧਾਂ ਕਾਰਨ ਕਤਲ ਕੀਤੇ ਗਏ ਲੋਕਾਂ ਦੀ ਗਿਣਤੀ ਅਤਿਵਾਦ ਦੀਆਂ ਘਟਨਾਵਾਂ ਵਿਚ ਮਰਨ ਵਾਲਿਆਂ ਨਾਲੋਂ ਨੌ ਗੁਣਾ ਵੱਧ ਹੈ। ਇਸ ਵਰ੍ਹੇ ਦੇਸ਼ ਭਰ ਵਿਚ ਹੋਈਆਂ ਅਤਿਵਾਦੀ ਘਟਨਾਵਾਂ ਵਿਚ 258 ਲੋਕ ਮਰੇ ਜਦਕਿ ਪ੍ਰੇਮ ਸਬੰਧਾਂ ਕਾਰਨ 2326 ਲੋਕਾਂ ਦਾ ਕਤਲ ਕੀਤਾ ਗਿਆ ਤੇ ਦਾਜ ਕਾਰਨ ਮਾਰੀਆਂ ਔਰਤਾਂ ਦੀ ਗਿਣਤੀ 1369 ਹੈ। ਰਾਜਸੀ ਕਾਰਨਾਂ ਕਰਕੇ ਹੋਏ ਕਤਲਾਂ ਵਿਚ ਪੱਛਮੀ ਬੰਗਾਲ ਦੇਸ਼ ਭਰ ਵਿਚ ਸਭ ਤੋਂ ਅੱਗੇ ਹੈ ਜਿਥੇ ਸਾਲ 2013 ਦੌਰਾਨ ਕੁੱਲ 26 ਲੋਕਾਂ ਦਾ ਕਤਲ ਰਾਜਨੀਤਕ ਕਾਰਨਾਂ ਕਰਕੇ ਹੋਇਆ। ਮੱਧ ਪ੍ਰਦੇਸ਼ ਵਿਚ 22 ਜਦਕਿ ਆਂਧਰਾ ਪ੍ਰਦੇਸ਼ ਤੇ ਬਿਹਾਰ 'ਚ 12-12 ਕਤਲ ਰਾਜਸੀ ਖੁੰਧਕਬਾਜ਼ੀ ਦੀ ਕਾਰਨ ਹੋਏ ਦੱਸੇ ਗਏ ਹਨ।

# ਅਕਾਲੀ ਦਲ ਤੇ ਭਾਜਪਾ ਸਮਰਥਕਾਂ ਵਿਚਕਾਰ ਖੂਨੀ ਟਕਰਾਅ

**ਤਰਨ ਤਾਰਨ:** ਪੰਜਾਬ ਵਿਚ ਨਗਰ ਕੌਂਸਲ ਚੋਣਾਂ ਸਬੰਧੀ ਅਕਾਲੀ ਦਲ ਅਤੇ ਭਾਜਪਾ ਦੇ ਵਿਚਕਾਰ ਤਰਨ ਤਾਰਨ ਵਿਖੇ ਪਹਿਲਾਂ ਤੋਂ ਹੀ ਚੱਲ ਰਹੀ ਕਸ਼ਮਕਸ਼ ਉਸ ਸਮੇਂ ਖ਼ੂਨੀ ਰੂਪ ਧਾਰ ਗਈ, ਜਦ ਵਾਲਮੀਕਿ ਆਦਿ ਧਰਮ ਸਮਾਜ ਤੇ ਭਾਜਪਾ ਵਲੋਂ ਲਗਾਏ ਗਏ ਧਰਨੇ ਦੌਰਾਨ ਅਕਾਲੀ ਦਲ ਤੇ ਬਜਰੰਗ ਦਲ ਦੇ ਵਰਕਰ ਉਨ੍ਹਾਂ ਨਾਲ ਭਿੜ ਗਏ। ਦੋਹਾਂ ਧਿਰਾਂ ਦੇ ਸਮਰਥਕਾਂ ਵਿਚਕਾਰ ਹੋਈ ਝੜਪ 'ਚ ਇਕ ਦਰਜਨ ਦੇ ਕਰੀਬ ਵਿਅਕਤੀ ਜ਼ਖ਼ਮੀ ਹੋ ਗਏ ਜਿਨ੍ਹਾਂ 'ਚੋਂ ਅਕਾਲੀ ਦਲ ਨਾਲ ਸਬੰਧਿਤ ਦੋ ਵਿਅਕਤੀਆਂ ਨੂੰ ਜ਼ਿਆਦਾ ਸੱਟਾਂ ਹੋਣ ਕਾਰਨ ਤਰਨ ਤਾਰਨ ਦੇ ਸਿਵਲ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ ਹੈ।

ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਨਵਰੀਤ ਸਿੰਘ ਸ਼ਫੀਪੁਰ, ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਚੰਦਰ ਕੁਮਾਰ ਅਗਰਵਾਲ ਅਤੇ ਵਾਲਮੀਕਿ ਆਦਿ ਧਰਮ ਸਮਾਜ ਦੇ ਆਗੂਆਂ ਨੇ ਪੁਲਿਸ ਉਪਰ ਅਕਾਲੀ ਆਗੂਆਂ ਦੀ ਹਮਾਇਤ ਕਰਨ ਅਤੇ ਭਾਜਪਾ ਤੇ ਵਾਲਮੀਕਿ ਸਮਾਜ ਨੂੰ ਇਨਸਾਫ਼ ਨਾ ਦੇਣ ਦੇ ਰੋਸ ਵਜੋਂ ਟਰੈਫਿਕ ਜਾਮ ਕਰ ਕੇ ਧਰਨਾ ਮਾਰਿਆ। ਮਿਲੀ ਜਾਣਕਾਰੀ ਅਨੁਸਾਰ ਵਾਰਡ ਨੰਬਰ 6 ਦੇ ਨਿਵਾਸੀ ਸੋਨੂੰ ਅਤੇ ਬਜਰੰਗ ਦਲ ਦੇ ਮੈਂਬਰ ਨੋਬਲ ਵਿਚਕਾਰ ਮਾਮੂਲੀ ਗੱਲ ਤੋਂ ਝਗੜਾ ਹੋ ਗਿਆ ਜਿਸ 'ਤੇ ਸੋਨੂੰ ਦੀ ਮਦਦ 'ਤੇ ਵਾਲਮੀਕਿ ਸਮਾਜ ਦੇ ਆਗੂ ਤੇ ਭਾਜਪਾ ਦੇ ਮੰਡਲ ਪ੍ਰਧਾਨ ਰਾਜ ਕੁਮਾਰ ਅਗਰਵਾਲ ਦੀ ਅਗਵਾਈ ਵਿਚ ਭਾਜਪਾ ਆਗੂ ਥਾਣਾ ਸਿਟੀ ਪਹੁੰਚੇ ਜਿਥੇ ਦੂਜੀ ਧਿਰ ਵਲੋਂ ਆਏ ਬਜਰੰਗ ਦੇ ਜ਼ਿਲ੍ਹਾ ਪ੍ਰਧਾਨ ਪਵਨ ਕੁੰਦਰਾ ਨਾਲ ਉਨ੍ਹਾਂ ਦਾ ਤਕਰਾਰ ਹੋ ਗਿਆ। ਵਾਲਮੀਕਿ ਸਮਾਜ ਦੇ ਆਗੂਆਂ ਨੇ ਦੋਸ਼ ਲਗਾਇਆ ਕਿ ਬਜਰੰਗ ਦੇ ਜ਼ਿਲ੍ਹਾ ਪ੍ਰਧਾਨ ਪਵਨ ਕੁੰਦਰਾ ਨੇ ਉਨ੍ਹਾਂ ਦੇ ਸਮਾਜ ਪ੍ਰਤੀ ਗਲਤ ਸ਼ਬਦਾਵਲੀ ਵਰਤੀ ਹੈ। ਉਨ੍ਹਾਂ ਥਾਣਾ ਸਿਟੀ ਦੇ ਐਸ.ਐਚ.ਓ. ਨੂੰ ਕਾਰਵਾਈ ਕਰਨ ਲਈ ਕਿਹਾ। ਕਾਰਵਾਈ ਨਾ ਹੋਣ 'ਤੇ ਭਾਜਪਾ ਆਗੂ ਅਤੇ ਵਾਲਮੀਕ ਭਾਈਚਾਰੇ ਦੇ ਲੋਕਾਂ ਨੇ ਚਾਰ ਖੰਭਾ ਚੌਕ ਵਿਖੇ ਧਰਨਾ ਮਾਰ ਕੇ ਟਰੈਫਿਕ ਜਾਮ ਕਰ ਦਿੱਤਾ। ਦੂਜੀ ਤਰਫ ਬੋਹੜੀ ਚੌਕ ਵਿਖੇ ਬਜਰੰਗ ਦਲ ਵਲੋਂ ਭਾਜਪਾ ਆਗੂਆਂ ਦੇ ਖ਼ਿਲਾਫ਼ ਧਰਨਾ ਮਾਰ ਦਿੱਤਾ ਗਿਆ।


ਇਸੇ ਦੌਰਾਨ ਜਦ ਅਕਾਲੀ ਦਲ ਦੇ ਆਗੂ ਸਰਬਰਿੰਦਰ ਸਿੰਘ ਭਰੋਵਾਲ, ਸਾਬਕਾ ਕੌਂਸਲਰ ਤਰਸੇਮਪ੍ਰੀਤ ਸਿੰਘ, ਬਜਰੰਗ ਦਲ ਦੇ ਪ੍ਰਧਾਨ ਪਵਨ ਕੁੰਦਰਾ ਸਮੇਤ 20-25 ਨੌਜਵਾਨ ਚਾਰ ਖੰਭਾ ਚੌਕ ਪਹੁੰਚੇ ਤਾਂ ਉਥੇ ਧਰਨੇ 'ਤੇ ਬੈਠੇ ਵਾਲਮੀਕ ਭਾਈਚਾਰੇ ਤੇ ਭਾਜਪਾ ਆਗੂਆਂ ਨਾਲ ਉਨ੍ਹਾਂ ਦਾ ਟਕਰਾਅ ਹੋ ਗਿਆ। ਮਾਮਲਾ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕੋਲ ਪਹੁੰਚ ਚੁੱਕਿਆ ਹੈ। ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੇ ਜ਼ਿਲ੍ਹਾ ਅਤੇ ਪੁਲਿਸ ਪ੍ਰਸ਼ਾਸਨ ਕੋਲੋਂ ਇਸ ਸਾਰੀ ਘਟਨਾ ਦੀ ਰਿਪੋਰਟ ਮੰਗੀ ਹੈ।

## ਕੇਂਦਰੀ ਮੰਤਰੀ ਨਕਵੀ ਨੂੰ ਇਕ ਸਾਲ ਦੀ ਕੈਦ

**ਰਾਮਪੁਰ:** ਕੇਂਦਰੀ ਮੰਤਰੀ ਤੇ ਭਾਜਪਾ ਦੇ ਸੀਨੀਅਰ ਆਗੂ ਮੁਖਤਾਰ ਅੱਬਾਸ ਨਕਵੀ ਨੂੰ 2009 ਦੀਆਂ ਲੋਕ ਸਭਾ ਚੋਣਾਂ ਵਿਚ ਮਨਾਹੀ ਦੇ ਹੁਕਮਾਂ ਦੀ ਅਵੱਗਿਆ ਕਰਨ ਦਾ ਦੋਸ਼ੀ ਕਰਾਰ ਦਿੰਦਿਆਂ ਇਕ ਸਥਾਨਕ ਅਦਾਲਤ ਨੇ ਇਕ ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ। ਘੱਟ ਗਿਣਤੀ ਮਾਮਲਿਆਂ ਦੇ ਰਾਜ ਮੰਤਰੀ ਨਕਵੀ ਨੂੰ ਮਗਰੋਂ ਜ਼ਮਾਨਤ ਦੇ ਦਿੱਤੀ ਗਈ। ਨਕਵੀ ਖੁਦ ਇਸ ਸਮੇਂ ਅਦਾਲਤ ਵਿਚ ਹਾਜ਼ਰ ਸਨ ਤੇ ਉਨ੍ਹਾਂ ਨਾਲ 18 ਹੋਰ ਲੋਕਾਂ ਨੂੰ ਵੀ ਦੋਸ਼ੀ ਕਰਾਰ ਦਿੱਤਾ ਗਿਆ।

## ਡਾ. ਮਨਮੋਹਨ ਸਿੰਘ ਤੋਂ ਕੋਲਾ ਘਪਲੇ ਬਾਰੇ ਪੁੱਛ-ਗਿੱਛ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਹਿੰਡਾਲਕੋ ਨੂੰ ਕੋਲਾ ਬਲਾਕ ਅਲਾਟ ਕਰਨ ਦੇ ਮਾਮਲੇ ਵਿਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਪਾਸੋਂ ਪੁੱਛ-ਪੜਤਾਲ ਕੀਤੀ ਹੈ। ਸੂਤਰਾਂ ਅਨੁਸਾਰ ਸੀ.ਬੀ.ਆਈ. ਦੀ ਟੀਮ ਨੇ ਸਾਬਕਾ ਪ੍ਰਧਾਨ ਮੰਤਰੀ ਪਾਸੋਂ ਦੋ ਦਿਨ ਪਹਿਲਾਂ ਉਨ੍ਹਾਂ ਦੀ ਰਿਹਾਇਸ਼ 'ਤੇ ਜਾ ਕੇ ਪੁੱਛ-ਪੜਤਾਲ ਕੀਤੀ। ਏਜੰਸੀ ਨੇ ਇਸ ਮਾਮਲੇ ਵਿਚ 27 ਜਨਵਰੀ ਤੱਕ ਪ੍ਰਗਤੀ ਰਿਪੋਰਟ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਪੇਸ਼ ਕਰਨੀ ਹੈ।



ਇਸ ਬਾਰੇ ਸੀ.ਬੀ.ਆਈ. ਤਰਜਮਾਨ ਕੰਚਨ ਪ੍ਰਸਾਦ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਜਦਕਿ ਸਾਬਕਾ ਪ੍ਰਧਾਨ ਮੰਤਰੀ ਦੇ ਸਹਿਯੋਗੀ ਨੇ ਵੀ ਕੁਝ ਨਹੀਂ ਕਿਹਾ। ਵਰਣਨਯੋਗ ਹੈ ਕਿ ਜਦੋਂ ਕੋਲ ਬਲਾਕਾਂ ਦੀ ਅਲਾਟਮੈਂਟ ਕੀਤੀ ਗਈ ਸੀ, ਉਸ ਸਮੇਂ ਕੋਲਾ ਮਹਿਕਮਾ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਕੋਲ ਸੀ। ਹੁਣ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਭਾਰਤ ਪਰਾਸ਼ਰ ਨੇ ਏਜੰਸੀ ਦੀ ਰਿਪੋਰਟ ਲੈਣ ਤੋਂ ਨਾਂਹ ਕਰ ਦਿੱਤੀ ਸੀ ਅਤੇ ਕਿਹਾ ਸੀ ਕਿ ਇਸ ਮਾਮਲੇ ਵਿਚ ਤਤਕਾਲੀ ਕੋਲਾ ਮੰਤਰੀ (ਸ. ਮਨਮੋਹਨ ਸਿੰਘ) ਤੋਂ ਇਸ ਬਾਰੇ ਪੁੱਛ-ਪੜਤਾਲ ਕੀਤੀ ਜਾਵੇ।

# ਦਿੱਲੀ ਵਿਚ ਭਾਜਪਾ ਨੇ ਅਕਾਲੀਆਂ ਦੀ ਚੱਲਣ ਨਾ ਦਿੱਤੀ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਭਾਰਤੀ ਜਨਤਾ ਪਾਰਟੀ ਨਾਲ ਚੱਲ ਰਹੇ ਗਠਜੋੜ ਦੇ ਅਧਾਰ ਉਤੇ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਕੋਟੇ ਦੇ ਉਮੀਦਵਾਰ ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਚਾਰ ਹਲਕਿਆਂ ਤੋਂ ਚੋਣਾਂ ਲੜਨਗੇ ਪਰ ਜਿਥੇ ਪਿਛਲੀ ਵਾਰ ਅਕਾਲੀ ਕੋਟੇ ਦੇ ਦੋ ਉਮੀਦਵਾਰਾਂ ਨੇ 'ਤੱਕੜੀ' ਅਤੇ ਦੋ ਨੇ 'ਕਮਲ' ਚੋਣ ਨਿਸ਼ਾਨ ਉਤੇ ਚੋਣਾਂ ਲੜੀਆਂ ਸਨ, ਉਥੇ ਇਸ ਵਾਰ ਪਾਰਟੀ ਦਾ ਇਕੋ ਉਮੀਦਵਾਰ 'ਤੱਕੜੀ' ਚੋਣ ਨਿਸ਼ਾਨ 'ਤੇ ਚੋਣ ਲੜੇਗਾ। ਇਹ ਜਾਣਕਾਰੀ ਪਾਰਟੀ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਮਗਰੋਂ ਪਾਰਟੀ ਦੀ ਦਿੱਲੀ ਇਕਾਈ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਇੰਚਾਰਜ ਬਲਵੰਤ ਸਿੰਘ ਰਾਮੂਵਾਲੀਆ ਅਤੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਨੇ ਦਿੱਤੀ।

ਸ. ਜੀ.ਕੇ. ਨੇ ਦੱਸਿਆ ਕਿ ਚੋਣ ਨਿਸ਼ਾਨ 'ਤੱਕੜੀ' ਉਤੇ ਰਜੌਰੀ ਗਾਰਡਨ ਹਲਕੇ ਤੋਂ ਦਿੱਲੀ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਚੋਣ ਲੜਨਗੇ। ਹਰੀ ਨਗਰ ਸੀਟ ਤੋਂ ਅਕਾਲੀ ਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਹਿਤ, ਕਾਲਕਾਜੀ ਸੀਟ ਤੋਂ ਦਿੱਲੀ ਕਮੇਟੀ ਦੇ ਜਾਇੰਟ ਸਕੱਤਰ ਹਰਮੀਤ ਸਿੰਘ ਕਾਲਕਾ ਤੇ ਸ਼ਾਹਦਰਾ ਸੀਟ ਤੋਂ ਜਤਿੰਦਰ ਸਿੰਘ ਸ਼ੰਟੀ 'ਕਮਲ' ਚੋਣ ਨਿਸ਼ਾਨ ਉਤੇ ਚੋਣ ਲੜਨਗੇ। ਪਿਛਲੀ ਵਾਰ ਦੋ ਦੇ ਮੁਕਾਬਲੇ ਇਸ ਵਾਰ ਮਾਤਰ ਇਕ ਸੀਟ ਉਤੇ 'ਤੱਕੜੀ' ਚੋਣ ਨਿਸ਼ਾਨ 'ਤੇ ਚੋਣਾਂ ਲੜਨ ਬਾਰੇ ਸਪਸ਼ਟੀਕਰਨ ਦਿੰਦਿਆਂ ਸ. ਰਾਮੂਵਾਲੀਆ ਨੇ ਇਸ ਨੂੰ ਪਾਰਟੀ ਦੀ ਰਣਨੀਤੀ ਦਾ ਹਿੱਸਾ ਕਰਾਰ ਦਿੱਤਾ।

ਯਾਦ ਰਹੇ ਕਿ ਪੰਜਾਬ ਵਿਚ ਅਕਾਲੀ ਦਲ ਅਤੇ ਭਾਜਪਾ ਦਰਮਿਆਨ ਪਿਛਲੇ ਕਈ ਮਹੀਨਿਆਂ ਤੋਂ ਖਿੱਚੋਤਾਣ ਚੱਲ ਰਹੀ ਹੈ। ਦਿੱਲੀ ਵਿਧਾਨ ਸਭਾ ਚੋਣਾਂ ਦਾ ਐਲਾਨ ਹੁੰਦਿਆਂ ਹੀ ਭਾਜਪਾ ਦੀ ਸੁਰ ਨਰਮ ਪੈ ਗਈ ਸੀ, ਪਰ ਸੀਟਾਂ ਦੀ ਵੰਡ ਅਤੇ ਉਮੀਦਵਾਰਾਂ ਦੇ ਚੋਣ ਨਿਸ਼ਾਨ ਸਬੰਧੀ ਫੈਸਲੇ ਨੇ ਸਪਸ਼ਟ ਕਰ ਦਿੱਤਾ ਹੈ ਕਿ ਭਾਜਪਾ ਅਕਾਲੀ ਦਲ ਉਤੇ ਭਾਰੂ ਹੈ ਤੇ ਆਉਣ ਵਾਲੇ ਸਮੇਂ ਦੌਰਾਨ ਦੋਵਾਂ ਪਾਰਟੀਆਂ ਦਰਮਿਆਨ ਖਿਚਾਅ ਵਧ ਸਕਦਾ ਹੈ।

## ਨਸ਼ਾ ਤਸਕਰਾਂ ਬਾਰੇ ਸੂਹ ਦੇਣ ਵਾਲੇ ਲਈ ਇਨਾਮ ਐਲਾਨਿਆ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਨਸ਼ਾ ਤਸਕਰਾਂ ਸਬੰਧੀ ਸੂਚਨਾ ਦੇਣ ਵਾਲੇ ਨੂੰ 10 ਹਜ਼ਾਰ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਹੈ।

ਇਹ ਸੂਚਨਾ ਪੰਜਾਬ ਪੁਲੀਸ ਦੇ ਹੈਲਪਲਾਈਨ ਨੰਬਰ 181 ਜਾਂ ਮੋਬਾਈਲ ਨੰਬਰ 76961-81181 (ਜੋ ਵਟਸਐਪ 'ਤੇ ਵੀ ਹੈ) ਉਪਰ ਦਿੱਤੀ ਜਾ ਸਕਦੀ ਹੈ। ਜਨਤਾ ਵਲੋਂ ਦਿੱਤੀ ਸੂਚਨਾ ਨੂੰ ਗੁਪਤ ਰੱਖਿਆ ਜਾਵੇਗਾ।

# ਭਾਈ ਖਾਲਸਾ ਵਲੋਂ ਭੁੱਖ ਹੜਤਾਲ ਖਤਮ

**ਅੰਬਾਲਾ:** ਪਿਛਲੇ 63 ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠੇ ਭਾਈ ਗੁਰਬਖ਼ਸ਼ ਸਿੰਘ ਖਾਲਸਾ ਨੇ 5 ਪਿਆਰਿਆਂ ਦੇ ਹੁਕਮ 'ਤੇ ਭੁੱਖ ਹੜਤਾਲ ਵਾਪਸ ਲੈ ਲਈ। ਦਿੱਲੀ ਤੋਂ ਆਏ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਦਰਸ਼ਨ ਸਿੰਘ, ਸਮਰਦੀਪ ਸਿੰਘ ਸੰਨੀ, ਕੁਲਵੰਤ ਸਿੰਘ ਤੇ ਜਸਬੀਰ ਸਿੰਘ ਨੇ ਭਾਈ ਖਾਲਸਾ ਨੂੰ ਸਿਵਲ ਹਸਪਤਾਲ ਅੰਬਾਲਾ ਵਿਖੇ ਜੂਸ ਪਿਲਾ ਕੇ ਭੁੱਖ ਹੜਤਾਲ ਖਤਮ ਕਰਵਾਈ। ਇਸ ਮੌਕੇ ਅੰਬਾਲਾ ਦੇ ਡਿਪਟੀ ਕਮਿਸ਼ਨਰ ਮਨਦੀਪ ਸਿੰਘ ਬਰਾੜ ਸਮੇਤ ਪ੍ਰਸ਼ਾਸਨ ਦੇ ਹੋਰ ਅਫਸਰ ਮੌਜੂਦ ਸਨ।

ਭੁੱਖ ਹੜਤਾਲ ਖਤਮ ਕਰਨ ਤੋਂ ਤੁਰੰਤ ਬਾਅਦ ਭਾਈ ਖਾਲਸਾ ਆਪਣੇ ਜੱਦੀ ਪਿੰਡ ਠਸਕਾ ਅਲੀ (ਨੇੜੇ ਸ਼ਾਹਬਾਦ ਮਾਰਕੰਡਾ) ਰਵਾਨਾ ਹੋ ਗਏ ਜਿੱਥੇ ਪੰਜ ਪਿਆਰਿਆਂ ਨੇ ਪਿੰਡ ਦੇ ਗੁਰਦੁਆਰੇ ਵਿਖੇ ਅਰਦਾਸ ਕੀਤੀ। ਜ਼ਿਕਰਯੋਗ ਹੈ ਕਿ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ 'ਚ ਬੰਦ ਅਤੇ ਸਜ਼ਾ ਭੁਗਤ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਭਾਈ ਗੁਰਬਖ਼ਸ਼ ਸਿੰਘ ਖਾਲਸਾ 14 ਨਵੰਬਰ 2014 ਤੋਂ ਅੰਬਾਲਾ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਲਖਨੌਰ ਸਾਹਿਬ ਵਿਖੇ ਭੁੱਖ ਹੜਤਾਲ 'ਤੇ ਬੈਠੇ ਸਨ। ਤਬੀਅਤ ਖਰਾਬ ਹੋਣ ਕਾਰਨ ਉਨ੍ਹਾਂ ਨੂੰ ਹਰਿਆਣਾ ਪੁਲਿਸ ਅਤੇ ਡਾਕਟਰਾਂ ਦੀ ਟੀਮ ਨੇ ਸਿਵਲ ਹਸਪਤਾਲ ਦਾਖਲ ਕਰਵਾ ਦਿੱਤਾ ਸੀ।

## ਭਾਜਪਾ ਨੇ ਕਿਰਨ ਬੇਦੀ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨਿਆ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਨੇ ਸਾਬਕਾ ਆਈ.ਪੀ.ਐਸ. ਅਫ਼ਸਰ ਕਿਰਨ ਬੇਦੀ ਨੂੰ ਨਵੀਂ ਦਿੱਲੀ ਤੋਂ ਮੁੱਖ ਮੰਤਰੀ ਅਹੁਦੇ ਦੀ ਉਮੀਦਵਾਰ ਐਲਾਨ ਦਿੱਤਾ ਹੈ।

ਯਾਦ ਰਹੇ, ਆਮ ਆਦਮੀ ਪਾਰਟੀ (ਆਪ) ਵਲੋਂ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਇਸ ਅਹੁਦੇ ਲਈ ਉਮੀਦਵਾਰ ਹਨ। ਦੋਵੇਂ ਆਗੂ ਕੁਝ ਸਾਲ ਪਹਿਲਾਂ ਭ੍ਰਿਸ਼ਟਾਚਾਰ ਖ਼ਿਲਾਫ਼ ਉੱਠੀ ਅੰਨਾ ਹਜ਼ਾਰੇ ਲਹਿਰ ਦਾ ਅਹਿਮ ਹਿੱਸਾ ਰਹੇ ਹਨ। ਭਾਜਪਾ ਅੰਦਰ ਸ੍ਰੀਮਤੀ ਬੇਦੀ ਖ਼ਿਲਾਫ਼ ਤਿੱਖਾ ਵਿਰੋਧ ਉੱਠ ਰਿਹਾ ਹੈ। ਸ੍ਰੀਮਤੀ ਬੇਦੀ ਖੁਦ ਕ੍ਰਿਸ਼ਨਾ ਨਗਰ ਤੋਂ ਚੋਣ ਲੜਨਗੇ ਜਿੱਥੋਂ ਪਹਿਲਾਂ ਭਾਜਪਾ ਆਗੂ ਹਰਸ਼ ਵਰਧਨ ਸਦਾ ਜਿੱਤਦੇ ਆਏ ਹਨ।

## ਬਾਦਲ ਦੇ ਤੂਫ਼ਾਨੀ ਸੰਗਤ ਦਰਸ਼ਨ

**ਸੰਗਰੂਰ:** ਹਲਕਾ ਧੂਰੀ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਅਰਵਿੰਦ ਖੰਨਾ ਵਲੋਂ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੱਤੇ ਜਾਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਸਾਰਾ ਧਿਆਨ ਇਸ ਹਲਕੇ 'ਤੇ ਕੇਂਦਰਿਤ ਕਰ ਦਿੱਤਾ ਹੈ।

ਮੁੱਖ ਮੰਤਰੀ ਵਲੋਂ ਵੱਖ-ਵੱਖ ਪਿੰਡਾਂ 'ਚ ਸੰਗਤ ਦਰਸ਼ਨ ਦੇ ਰੂਪ ਵਿਚ ਰੱਖੇ ਤੂਫ਼ਾਨੀ ਦੌਰਿਆਂ ਤੋਂ ਸਪਸ਼ਟ ਹੈ ਕਿ ਸੱਤਾਧਾਰੀ ਧਿਰ ਨੇ ਜ਼ਿਮਨੀ ਚੋਣ ਦੀ ਤਿਆਰੀ ਦਾ ਬਿਗਲ ਵਜਾ ਦਿੱਤਾ ਹੈ।


ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ ਹੈ
ਮੁਫਤ ਖਾਣਾ, ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ
ਸੰਪਰਕ ਕਰੋ:
ਮਿਸਟਰ ਸਿੰਘ, ਫੋਨ: 515-291-1961



ਕਿਚਨ ਹੈਲਪਰ ਤੇ ਤੰਦੂਰੀਏ ਕੁੱਕ ਦੀ
ਲੋੜ ਹੈ
ਫਲੋਰਿਡਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਕੁੱਕ ਅਤੇ ਕਿਚਨ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ
ਫੋਨ: 850-510-3466



COVERED CALIFORNIA™
ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ
ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ
ਓਪਨ ਇਨਰੋਲਮੈਂਟ 15 ਨਵੰਬਰ 2014 ਤੋਂ 15 ਫਰਵਰੀ 2015 ਤੱਕ ਹੈ
ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ
ਆਪਣੇ ਸਰਟੀਫਾਈਡ ਇੰਸ਼ੋਰੈਂਸ ਏਜੰਟ ਨਾਲ ਸੰਪਰਕ ਕਰੋ
Jarnail Singh Lallria (License # 0C19939)
Phone: (408) 728-0795
Fax: (209) 216-5502
E-mail: Jarnail_lallria@yahoo.com



Upgrade your Security Cameras to High Definition at very reasonable prices

For more Details, Contact:
Balbir S Sidhu
209-495-3905 (Cell)
www.dvrunlimited.com
Toll Free (888) 233-4566
DVRunlimited Inc.
Fax: 209-665-7067

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼ਸ਼ੀ ਕਾਂਤ ਨਸ਼ਾ ਸੂਚੀ ਵਾਲੇ ਨਾਂ ਦੱਸਣਗੇ



**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀ ਕਾਂਤ ਨੇ ਆਪਣੀ ਖ਼ੁਫ਼ੀਆ ਰਿਪੋਰਟ ਦੀ ਹੋਂਦ ਦਾ ਦਾਅਵਾ ਦੁਹਰਾਉਂਦਿਆਂ ਹੁਣ ਖ਼ੁਦ ਹੀ ਇਸ ਵਿਚਲੇ ਵੱਡੇ ਨਸ਼ਾ ਤਸਕਰਾਂ ਦੇ ਨਾਂ ਉਜਾਗਰ ਕਰਨ ਦੀ ਪੇਸ਼ਕਸ਼ ਕੀਤੀ ਹੈ।

ਇਸ ਸਾਬਕਾ ਆਈ.ਪੀ.ਐਸ. ਅਧਿਕਾਰੀ ਵੱਲੋਂ ਇਸ ਬਾਰੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਤਕਰੀਬਨ ਪੰਜ ਪੰਨਿਆਂ ਦੀ ਅਰਜ਼ੀ (ਸੰਖੇਪ ਹਲਫ਼ਨਾਮਾ) ਦਾਇਰ ਕਰਦਿਆਂ ਨਾਲ ਹੀ ਲਿਖਤੀ ਤੌਰ 'ਤੇ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ ਸਾਲ 2007 ਵਿਚ ਬਤੌਰ ਡੀ.ਜੀ.ਪੀ. (ਇੰਟੈਲੀਜੈਂਸ) ਇਹ ਖ਼ੁਫ਼ੀਆ ਸੂਚੀ ਤਿਆਰ ਕਰ ਪੰਜਾਬ ਦੇ ਮੁੱਖ ਮੰਤਰੀ ਦੇ ਸਪੁਰਦ ਕੀਤੀ ਸੀ। ਉਨ੍ਹਾਂ ਇਸ ਦੀ ਪੁਖ਼ਤਗੀ ਲਈ ਮੌਜੂਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ (ਸਾਲ 2007 ਦੌਰਾਨ ਪਿਛਲਾ ਕਾਰਜਕਾਲ) ਨੂੰ ਵੀ ਗਵਾਹੀ ਲਈ ਸੱਦੇ ਜਾਣ ਦੀ ਵੀ ਪੇਸ਼ਕਸ਼ ਕੀਤੀ ਹੈ।

ਹਾਈਕੋਰਟ ਬੈਂਚ ਕੋਲ ਇਹ ਅਰਜ਼ੀ ਦਾਇਰ ਕਰਦਿਆਂ ਉਨ੍ਹਾਂ ਇਹ ਵੀ ਸਪੱਸ਼ਟ ਲਿਖਿਆ ਹੈ ਕਿ ਉਕਤ ਸੂਚੀ ਵਿਚ ਸਾਲ 2007 ਦੌਰਾਨ ਦੇ ਪੰਜਾਬ ਸਰਕਾਰ ਵਿਚਲੇ ਕਈ ਮੌਜੂਦਾ ਤੇ ਕਈ ਸਾਬਕਾ ਮੰਤਰੀ (ਮੌਜੂਦਾ ਸੱਤਾਧਾਰੀ ਧਿਰ ਤੋਂ ਇਲਾਵਾ ਹੋਰਨਾਂ ਪਾਰਟੀਆਂ ਨਾਲ ਸਬੰਧਤ ਵੀ) ਸ਼ਾਮਲ ਹਨ। ਇਸ ਤੋਂ ਇਲਾਵਾ ਕਈ ਹੋਰਨਾਂ ਸ਼ਖ਼ਸੀਅਤਾਂ ਸਣੇ ਵੱਖ-ਵੱਖ ਪਾਰਟੀਆਂ ਦੇ ਕਈ ਤਤਕਾਲੀ ਵਿਧਾਇਕਾਂ ਦੇ ਨਾਂ ਵੀ ਸੂਚੀ ਵਿਚ ਦਰਜ ਹੋਣ ਦੀ ਗੱਲ ਕਹੀ ਗਈ ਹੈ। ਹਾਈਕੋਰਟ ਦੇ ਬੈਂਚ ਵੱਲੋਂ ਅਗਲੀ ਕਾਰਵਾਈ ਹਿਤ ਸੁਣਵਾਈ ਆਉਂਦੀ ਦੋ ਫਰਵਰੀ ਲਈ ਤੈਅ ਕਰ ਦਿੱਤੀ ਗਈ।

# ਡਰੱਗ ਕੇਸ 'ਚ ਮਜੀਠੀਆ ਨੂੰ ਬਚਾਉਣ ਲਈ ਸੌਦੇਬਾਜ਼ੀ?

*(ਸਫਾ ਇਕ ਦੀ ਬਾਕੀ)*

ਦੀ ਈ.ਡੀ. ਵੱਲੋਂ ਪੁੱਛ-ਪੜਤਾਲ ਕੀਤੇ ਜਾਣ ਤੇ ਅਗਲੇ ਮਹੀਨੇ ਅਦਾਲਤ ਵਿਚ ਚਲਾਨ ਪੇਸ਼ ਕੀਤੇ ਜਾਣ ਦੇ ਡਰੋਂ ਪ੍ਰੇਸ਼ਾਨ ਸਨ ਤੇ ਉਹ ਕੇਂਦਰ ਸਰਕਾਰ ਕੋਲ ਇਨ੍ਹਾਂ ਜਾਂਚ ਅਧਿਕਾਰੀਆਂ ਨੂੰ ਲਾਂਭੇ ਕਰਨ ਦੇ ਯਤਨਾਂ ਵਿਚ ਲੱਗੇ ਹੋਏ ਸਨ। ਇਨ੍ਹਾਂ ਬਦਲੀਆਂ ਨਾਲ ਭਾਜਪਾ ਤੇ ਅਕਾਲੀ ਦਲ ਦੇ ਨਸ਼ਾ ਵਿਰੋਧੀ ਲਹਿਰ ਉਸਾਰਨ ਦੇ ਦਾਅਵਿਆਂ 'ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ।

ਦਸੰਬਰ 2012 ਵਿਚ ਜਲੰਧਰ ਆਏ ਨਿਰੰਜਣ ਸਿੰਘ ਦਾ ਹੁਣ ਤੱਕ ਦਾ ਸੇਵਾ ਰਿਕਾਰਡ ਵਧੀਆ ਰਿਹਾ ਹੈ। ਉਨ੍ਹਾਂ 1998 ਵਿਚ ਕੇਂਦਰੀ ਰਾਜ ਮੰਤਰੀ ਕ੍ਰਿਸ਼ਨ ਕੁਮਾਰ ਨੂੰ ਹਵਾਲਾ ਕੇਸ ਵਿਚ ਗ੍ਰਿਫ਼ਤਾਰ ਕਰਨ ਤੋਂ ਇਲਾਵਾ ਪੰਜਾਬ ਦੇ ਕਈ ਨਾਮੀ ਗਾਇਕਾਂ, ਫ਼ਿਲਮਸਾਜ਼ਾਂ ਤੇ ਸਨਅਤੀ ਘਰਾਣਿਆਂ ਵਿਰੁੱਧ ਵੀ ਜਾਂਚ-ਪੜਤਾਲ ਅਰੰਭੀ ਹੋਈ ਸੀ। ਚੰਗੇ ਰਿਕਾਰਡ ਸਦਕਾ ਹੀ ਉਨ੍ਹਾਂ ਨੂੰ ਪਿਛਲੇ ਸਾਲ ਰਾਸ਼ਟਰਪਤੀ ਮੈਡਲ ਨਾਲ ਸਨਮਾਨਤ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਦਿਆਂ ਹੀ ਅਧਿਕਾਰੀਆਂ ਨੂੰ ਬਿਨਾਂ ਕਿਸੇ ਸਿਆਸੀ ਦਬਾਅ ਤੋਂ ਨਿਰਪੱਖ ਤੇ ਦਲੇਰੀ ਨਾਲ ਕੰਮ ਕਰਨ ਦਾ ਸੱਦਾ ਦਿੱਤਾ ਸੀ, ਪਰ ਹੁਣ ਇਨ੍ਹਾਂ ਅਧਿਕਾਰੀਆਂ ਦੀਆਂ ਬਦਲੀਆਂ ਇਸ ਦੇ ਉਲਟ ਕਹਾਣੀ ਕਹਿ ਰਹੀਆਂ ਹਨ।

ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਲਿਖ ਕੇ ਦੋਸ਼ ਲਾਇਆ ਹੈ ਕਿ ਈ.ਡੀ. ਦੇ ਅਧਿਕਾਰੀ ਦਾ ਤਬਾਦਲਾ ਕੇਂਦਰੀ ਕੈਬਨਿਟ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਭਰਾ ਮਜੀਠੀਆ ਨੂੰ ਬਚਾਉਣ ਲਈ ਸਿਆਸੀ ਸੌਦੇ ਤਹਿਤ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਾਜਪਾ ਨਾਲ ਸਿਆਸੀ ਸੌਦੇਬਾਜ਼ੀ ਤਹਿਤ ਅਧਿਕਾਰੀ ਦੀ ਬਦਲੀ ਕਰਵਾ ਕੇ ਸ. ਮਜੀਠੀਆ ਨੂੰ ਬਚਾਉਣ ਦਾ ਯਤਨ ਕੀਤਾ ਹੈ। ਇਸ ਦੇ ਇਵਜ਼ ਵਜੋਂ ਸ. ਬਾਦਲ ਭਾਜਪਾ ਨੂੰ ਉਪ ਮੁੱਖ ਮੰਤਰੀ ਦਾ ਅਹੁਦਾ ਵੀ ਬਖ਼ਸ਼ ਸਕਦੇ ਹਨ। ਸ. ਬਾਦਲ ਨੇ ਆਪਣੀ ਸਰਕਾਰ ਬਚਾਉਣ ਲਈ ਭਾਜਪਾ ਅੱਗੇ ਪੂਰੀ ਤਰ੍ਹਾਂ ਗੋਡੇ ਟੇਕ ਦਿੱਤੇ ਹਨ। ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਵੀ ਈ.ਡੀ. ਅਧਿਕਾਰੀ ਦੇ ਤਬਾਦਲੇ ਨੂੰ ਸਾਜ਼ਿਸ਼ ਦੱਸਦਿਆਂ ਦੋਸ਼ ਲਾਇਆ ਹੈ ਕਿ ਅਕਾਲੀ ਦਲ-ਭਾਜਪਾ ਗੱਠਜੋੜ ਮਜੀਠੀਆ ਨੂੰ ਬਚਾਉਣ ਲਈ ਹਰ ਹਰਬਾ ਵਰਤ ਰਿਹਾ ਹੈ।ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਅਧਿਕਾਰੀ ਦੇ ਤਬਾਦਲੇ ਨਾਲ ਉਨ੍ਹਾਂ ਦੀ ਸਰਕਾਰ ਦਾ ਕੁਝ ਵੀ ਲੈਣਾ-ਦੇਣਾ ਨਹੀਂ ਹੈ। ਈ.ਡੀ. ਅਧਿਕਾਰੀ ਦਾ ਤਬਾਦਲਾ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਤੇ ਪੰਜਾਬ ਸਰਕਾਰ ਨਾਲ ਇਸ ਬਾਰੇ ਕਦੇ ਵੀ ਕੋਈ ਵਿਚਾਰ-ਵਟਾਂਦਰਾ ਨਹੀਂ ਕੀਤਾ ਜਾਂਦਾ। ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਵੱਲੋਂ ਨਸ਼ਾ ਤਸਕਰੀ ਦੇ ਮਾਮਲੇ ਦੀ ਜਾਂਚ ਪੰਜਾਬ ਤੋਂ ਬਾਹਰ ਕਰਾਉਣ ਦੀ ਮੰਗ ਬਾਰੇ ਸ. ਬਾਦਲ ਨੇ ਕਿਹਾ ਕਿ ਇਸ ਬਾਰੇ ਵੀ ਕੇਂਦਰ ਸਰਕਾਰ ਨੇ ਫੈਸਲਾ ਕਰਨਾ ਹੈ ਕਿ ਜਾਂਚ ਕਿਥੇ ਹੋਣੀ ਚਾਹੀਦੀ ਹੈ।

## ਹੋਟਲ ਮਾਲਕ ਨੂੰ ਤਿੰਨ ਸਾਲ ਦੀ ਸਜ਼ਾ

**ਨਿਊਯਾਰਕ:** ਬੈਂਕ ਧੋਖਾਧੜੀ ਦੇ ਕੇਸ ਵਿਚ ਇਥੋਂ ਦੀ ਇਕ ਅਦਾਲਤ ਨੇ ਭਾਰਤੀ ਮੂਲ ਦੇ ਅਮਰੀਕੀ ਹੋਟਲ ਮਾਲਕ ਨੂੰ ਤਿੰਨ ਸਾਲ ਦੀ ਕੈਦ ਤੇ 28 ਲੱਖ ਡਾਲਰ ਦਾ ਭਾਰੀ ਹਰਜਾਨਾ ਕੀਤਾ ਹੈ। ਜ਼ਿਲ੍ਹਾ ਅਦਾਲਤ ਦੇ ਜੱਜ ਲਿਓਨ ਜੌਰਡਨ ਨੇ ਟੈਨੇਸੀ ਦੇ ਜੈਯੇਸ਼ ਦਹੀਆ ਭਾਈ ਪਟੇਲ (49) ਨੂੰ 42 ਮਹੀਨੇ ਦੀ ਸਜ਼ਾ ਸੁਣਾਈ ਹੈ। ਪਟੇਲ ਨੂੰ ਟੈਨੇਸੀ ਦੇ ਇਕ ਬੈਂਕ ਨੂੰ 28 ਲੱਖ ਡਾਲਰ ਹਰਜਾਨਾ ਦੇਣ ਲਈ ਕਿਹਾ ਗਿਆ ਹੈ। ਸਜ਼ਾ ਪੂਰੀ ਕਰਨ ਤੋਂ ਪੰਜ ਸਾਲ ਬਾਅਦ ਤੱਕ ਉਸ ਨੂੰ ਨਿਗਰਾਨੀ ਵਿਚ ਰੱਖਿਆ ਜਾਵੇਗਾ। ਪਟੇਲ ਨੂੰ ਪਿਛਲੇ ਸਾਲ ਬੈਂਕ ਧੋਖਾਧੜੀ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੇ ਹੋਟਣ ਖਰੀਦਣ ਤੇ ਮੁਰੰਮਤ ਲਈ ਕਰਜ਼ਾ ਲੈਣ ਵਾਸਤੇ ਬੈਂਕ ਨੂੰ ਜਾਅਲੀ ਟੈਕਸ ਰਿਟਰਨਾਂ ਦਿੱਤੀਆਂ।


# ਦਸਤਾਰ ਸਜਾ ਕੇ ਬਾਸਕਟਬਾਲ ਖੇਡਣ ਉਤੇ ਲਾਈ ਰੋਕ



**ਨਵੀਂ ਦਿੱਲੀ:** ਹੁਣ ਬਾਸਕਟਬਾਲ ਦੇ ਇੰਟਰਨੈਸ਼ਨਲ ਬਾਡੀ ਫੀਬਾ ਦੇ ਨਵੇਂ ਨਿਯਮ ਨੇ ਵਿਵਾਦ ਛੇੜ ਦਿੱਤਾ ਹੈ। ਫੀਬਾ ਮੁਤਾਬਕ ਭਾਰਤੀ ਸਿੱਖ ਖਿਡਾਰੀ ਦਸਤਾਰ ਸਜਾ ਕੇ ਮੈਚ ਨਹੀਂ ਖੇਡ ਸਕਦੇ ਹਨ। ਭਾਰਤੀ ਸੱਭਿਅਤਾ ਮੁਤਾਬਕ ਖੇਡਾਂ ਨੂੰ ਅਜੇ ਜ਼ਿਆਦਾ ਮਹੱਤਵ ਨਹੀਂ ਦਿੱਤਾ ਜਾਂਦਾ ਪਰ ਪਿੰਡਾਂ ਦੇ ਕਿਸੀ ਨੌਜਵਾਨ ਨੂੰ ਖੇਡ ਵਿਚ ਆਪਣਾ ਕਰੀਅਰ ਲੱਭਣਾ ਮਜ਼ਾਕ ਤੋਂ ਘੱਟ ਨਹੀਂ ਹੈ ਪਰ ਇਸ ਦਾ ਅਸਲੀ ਮਜ਼ਾਕ ਤਾਂ ਉਸ ਸਮੇਂ ਬਣਦਾ ਹੈ ਜਦੋਂ ਕੌਮਾਂਤਰੀ ਪੱਧਰ 'ਤੇ ਪਛਾਣ ਬਣਾਉਣ ਤੋਂ ਬਾਅਦ ਅਚਾਨਕ ਆਏ ਫਰਮਾਨ ਦੀ ਵਜ੍ਹਾ ਨਾਲ ਉਸ ਦਾ ਕਰੀਅਰ ਹੀ ਤਬਾਹ ਹੋ ਜਾਂਦਾ ਹੈ। ਬਾਸਕਟਬਾਲ ਦੀ ਕੌਮਾਂਤਰੀ ਸੰਸਥਾ ਦੇ ਨਵੇਂ ਬਣੇ ਕਾਨੂੰਨ ਨੇ ਸਿੱਖ ਖਿਡਾਰੀਆਂ ਨੂੰ ਧਰਮ ਸੰਕਟ ਵਿਚ ਪਾ ਦਿੱਤਾ ਹੈ। ਫੀਬਾ ਦੇ ਨਵੇਂ ਕਾਨੂੰਨ ਮੁਤਾਬਕ ਭਾਰਤੀ ਸਿੱਖ ਖਿਡਾਰੀ ਪਗੜੀ ਸਜਾ ਕੇ ਮੈਚ ਨਹੀਂ ਖੇਡ ਸਕਦੇ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਖਿਡਾਰੀ ਕੁਝ ਵੀ ਲਕੋ ਕੇ ਮੈਦਾਨ ਵਿਚ ਆ ਸਕਦੇ ਹਨ।

## ਗਾਬਾ ਦੀ ਡਾਇਰੀ 'ਚੋਂ ਕੱਟੇ ਗਏ ਨਾਂਵਾਂ ਦੀ ਵੀ ਜਾਂਚ ਕੀਤੀ ਜਾਵੇਗੀ

**ਜਲੰਧਰ:** ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਲਈ ਚੂਨੀ ਲਾਲ ਗਾਬਾ ਦੀ ਡਾਇਰੀ ਵਿਚੋਂ ਕੱਟੇ ਗਏ ਨਾਂ ਸਿਰਦਰਦੀ ਬਣ ਰਹੇ ਹਨ। ਈ.ਡੀ. ਦੇ ਸੀਨੀਅਰ ਅਧਿਕਾਰੀਆਂ ਨੇ ਇਸ ਮੁੱਦੇ ਨੂੰ ਉਠਾਇਆ ਹੈ ਕਿ ਗੁਰਾਇਆ ਦੇ ਕਾਰੋਬਾਰੀ ਚੂਨੀ ਲਾਲ ਗਾਬਾ ਦੇ ਕੋਲਡ ਸਟੋਰ 'ਚੋਂ ਮਿਲੀ ਡਾਇਰੀ ਵਿਚੋਂ ਕੱਟੇ ਗਏ ਨਾਵਾਂ ਨੂੰ ਜਾਂਚ ਦੇ ਘੇਰੇ 'ਚ ਕਿਉਂ ਨਹੀਂ ਲਿਆਂਦਾ ਗਿਆ, ਜਦੋਂਕਿ ਸਿੰਥੈਟਿਕ ਡਰੱਗ ਦੇ ਮਾਮਲੇ ਦੀ ਜਾਂਚ ਚੱਲਦਿਆਂ ਇਕ ਸਾਲ ਦਾ ਸਮਾਂ ਬੀਤ ਗਿਆ ਹੈ। ਉਦੋਂ ਤੋਂ ਹੀ ਈ.ਡੀ. ਕੋਲ ਇਹ ਡਾਇਰੀ ਪਈ ਹੋਈ ਹੈ। ਜ਼ਿਕਰਯੋਗ ਹੈ ਕਿ ਆਮਦਨ ਕਰ ਵਿਭਾਗ ਨੂੰ ਚੂਨੀ ਲਾਲ ਗਾਬਾ ਦੇ ਵਪਾਰਕ ਅਦਾਰਿਆਂ 'ਤੇ ਮਾਰੇ ਗਏ ਛਾਪਿਆਂ ਦੌਰਾਨ ਡਾਇਰੀ ਮਿਲੀ ਸੀ ਜਿਸ ਵਿਚ ਕਈ ਰਾਜਨੀਤਕ ਆਗੂਆਂ, ਪੁਲੀਸ ਅਫਸਰਾਂ, ਐਨ.ਆਰ.ਆਈਜ਼ ਤੇ ਹੋਰ ਅਸਰ ਰਸੂਖ ਵਾਲੇ ਲੋਕਾਂ ਦੇ ਨਾਂ ਸ਼ਾਮਲ ਸਨ। ਆਮਦਨ ਕਰ ਵਿਭਾਗ ਨੇ ਈ.ਡੀ. ਨੂੰ ਡਾਇਰੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਪਰ ਈ.ਡੀ. ਵੱਲੋਂ ਅਦਾਲਤ ਰਾਹੀਂ ਇਹ ਡਾਇਰੀ ਪ੍ਰਾਪਤ ਕਰ ਲਈ ਸੀ। ਇਸ ਡਾਇਰੀ ਵਿਚ ਜਿਹੜੇ ਲੀਡਰਾਂ ਦੇ ਨਾਂ ਸ਼ਾਮਲ ਸਨ, ਉਨ੍ਹਾਂ ਵਿਚ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ, ਐਨ.ਆਰ.ਆਈ. ਸਭਾ ਪੰਜਾਬ ਦੇ ਸਾਬਕਾ ਪ੍ਰਧਾਨ ਕਮਲਜੀਤ ਸਿੰਘ ਹੇਅਰ, ਚੌਧਰੀ ਸੰਤੋਖ ਸਿੰਘ ਤੇ ਹੋਰ ਨਾਂ ਸ਼ਾਮਲ ਸਨ।



*ਚੂਨੀ ਲਾਲ ਗਾਬਾ*

## ਜਥੇਦਾਰ ਨੰਦਗੜ੍ਹ ਨੂੰ ਹਟਾਉਣ ਦਾ ਵਿਰੋਧ

*(ਸਫਾ ਇਕ ਦੀ ਬਾਕੀ)*

ਫ਼ੈਸਲਾ ਕੀਤਾ ਹੈ। ਕਾਬਜ਼ ਧਿਰ ਵਲੋਂ ਪਹਿਲਾਂ ਵੀ ਇਸੇ ਢੰਗ ਨਾਲ ਕਈ ਜਥੇਦਾਰਾਂ ਨੂੰ ਅਹੁਦੇ ਤੋਂ ਫਾਰਗ ਕੀਤਾ ਜਾ ਚੁੱਕਾ ਹੈ। ਜਥੇਦਾਰ ਨੰਦਗੜ੍ਹ ਤੋਂ ਪਹਿਲਾਂ ਭਾਈ ਰਣਜੀਤ ਸਿੰਘ, ਗਿਆਨੀ ਪੂਰਨ ਸਿੰਘ ਤੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵੀ ਇਸ ਵਤੀਰੇ ਦਾ ਸ਼ਿਕਾਰ ਹੋ ਚੁੱਕੇ ਹਨ। ਉਨ੍ਹਾਂ ਨੂੰ ਵੀ ਅਕਾਲੀ ਦਲ ਦੀਆਂ ਨੀਤੀਆਂ ਨਾਲ ਸਹਿਮਤੀ ਨਾ ਪ੍ਰਗਟਾਉਣ 'ਤੇ ਇਸੇ ਤਰੀਕੇ ਨਾਲ ਅਹੁਦੇ ਤੋਂ ਫਾਰਗ ਕੀਤਾ ਗਿਆ ਸੀ। ਜਥੇਦਾਰ ਨੰਦਗੜ੍ਹ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾਉਣ ਦੇ ਵਿਰੋਧ ਵਿਚ ਪੰਥਕ ਤਾਲਮੇਲ ਸੰਗਠਨ ਦੇ ਝੰਡੇ ਹੇਠ ਸਿੱਖ ਜਥੇਬੰਦੀਆਂ ਨੇ ਮੀਟਿੰਗ ਕਰ ਕੇ ਜਥੇਦਾਰ ਨੂੰ ਹਟਾਉਣ ਦੇ ਫ਼ੈਸਲੇ ਨੂੰ ਮਾਨਤਾ ਨਾ ਦੇਣ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਅੰਤ੍ਰਿੰਗ ਕਮੇਟੀ ਦੇ ਇਸ ਫ਼ੈਸਲੇ ਦਾ ਵਿਰੋਧ ਕੀਤਾ ਹੈ।


ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਇਸ ਫ਼ੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਉਹ ਇਸ ਮਾਮਲੇ ਨੂੰ ਲੈ ਕੇ ਸੁਪਰੀਮ ਕੋਰਟ ਵਿਚ ਜਾਣਗੇ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਰ.ਐਸ.ਐਸ. ਨੂੰ ਖ਼ੁਸ਼ ਕਰ ਕੇ ਦਿੱਲੀ ਵਿਚ ਭਾਜਪਾ ਕੋਲੋਂ ਵੱਧ ਸੀਟਾਂ ਲੈਣ ਲਈ ਇਹ ਫ਼ੈਸਲਾ ਕੀਤਾ ਹੈ। ਪੰਥਕ ਤਾਲਮੇਲ ਦਲ ਦੇ ਮੁਖੀ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਇਸ ਫ਼ੈਸਲੇ ਦੀ ਨਿਖੇਧੀ ਕਰਦਿਆਂ ਇਸ ਨੂੰ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਫ਼ੈਸਲਾ ਕਰਾਰ ਦਿੱਤਾ ਹੈ। ਦਲ ਖ਼ਾਲਸਾ ਨੇ ਇਸ ਫੈਸਲੇ ਨੂੰ ਅਨੈਤਿਕ ਤੇ ਗ਼ੈਰ-ਸੰਵਿਧਾਨਕ ਕਰਾਰ ਦਿੱਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

## ਮਾਤਾ ਗੁਰਦੇਵ ਕੌਰ ਦਾ ਦੇਹਾਂਤ

**ਬੇਕਰਜ਼ਫੀਲਡ (ਬਿਊਰੋ):** ਸਮਾਜ ਸੇਵੀ ਸ. ਹਰਦਮ ਸਿੰਘ ਔਲਖ ਨੂੰ ਉਦੋਂ ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਗੁਰਦੇਵ ਕੌਰ (ਸੁਪਤਨੀ ਸ. ਜੱਗ ਸਿੰਘ ਔਲਖ) ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ 87 ਸਾਲ ਦੇ ਸਨ। ਉਨ੍ਹਾਂ ਆਪਣੀ ਜ਼ਿੰਦਗੀ ਦਾ ਵਧੇਰੇ ਸਮਾਂ ਆਪਣੇ ਜੱਦੀ ਪਿੰਡ ਔਲਖ (ਫਰੀਦਕੋਟ) ਵਿਖੇ ਸਾਦਾ ਜੀਵਨ ਬਤੀਤ ਕਰਦਿਆਂ ਬਿਤਾਇਆ। ਉਹ ਪਿਛਲੇ ਕਰੀਬ 15 ਸਾਲ ਤੋਂ ਬੇਕਰਜ਼ਫੀਲਡ 'ਚ ਆਪਣੇ ਬੱਚਿਆਂ ਕੋਲ ਰਹਿ ਰਹੇ ਸਨ।



ਮਾਤਾ ਗੁਰਦੇਵ ਕੌਰ ਦਾ ਅੰਤਿਮ ਸਸਕਾਰ ਐਤਵਾਰ, 25 ਜਨਵਰੀ ਨੂੰ ਸਵੇਰੇ 10 ਤੋਂ ਦੁਪਹਿਰ 12 ਵਜੇ ਦਰਮਿਆਨ ਗਰੀਨ ਲਾਅਨ ਫਿਊਨਰਲ ਹੋਮ (ਪੈਨਮਾ ਲੇਨ ਅਤੇ ਹਾਈਵੇਅ 99) ਬੇਕਰਜ਼ਫੀਲਡ ਵਿਖੇ ਹੋਵੇਗਾ। ਉਪਰੰਤ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ ਅੰਗਦ ਦਰਬਾਰ ਸਟਾਈਨ ਰੋਡ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਹਰਦਮ ਸਿੰਘ ਔਲਖ (ਫੋਨ: 661-496-2536) ਰਾਹੀਂ ਕੀਤਾ ਜਾ ਸਕਦਾ ਹੈ।

## ਮਾਤਾ ਗੁਰਦਿਆਲ ਕੌਰ ਸੁਰਗਵਾਸ

**ਸੈਨ ਹੋਜ਼ੇ (ਬਿਊਰੋ):** ਮਾਤਾ ਗੁਰਦਿਆਲ ਕੌਰ ਸੁਪਤਨੀ ਸਵਰਗੀ ਸੂਬੇਦਾਰ ਬਚਨ ਸਿੰਘ ਪਿਛਲੇ ਦਿਨੀਂ ਆਪਣੀ ਸੰਸਾਰਕ ਯਾਤਰਾ ਪੂਰੀ ਕਰਦਿਆਂ ਸਵਰਗ



ਸਿਧਾਰ ਗਏ। ਉਹ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਚੀਮਾ ਤੋਂ ਸਨ ਅਤੇ ਆਪਣੇ ਪਿਛੇ ਦੋ ਪੁੱਤਰ- ਧਨਵੰਤ ਸਿੰਘ ਧਾਲੀਵਾਲ ਅਤੇ ਮਨਜੀਤ ਸਿੰਘ ਛੱਡ ਗਏ ਹਨ।

ਮਾਤਾ ਗੁਰਦਿਆਲ ਕੌਰ ਦਾ ਸਸਕਾਰ ਆਉਂਦੀ 24 ਜਨਵਰੀ, ਸਨਿਚਰਵਾਰ ਨੂੰ ਚੈਪਲ ਆਫ ਚਾਈਮਜ਼ (32992 ਮਿਸ਼ਨ ਬੁਲੇਵਾਰਡ, ਹੇਵਰਡ) ਵਿਖੇ ਬਾਅਦ ਦੁਪਹਿਰ ਇਕ ਵਜੇ ਤੋਂ ਤਿੰਨ ਵਜੇ ਦਰਮਿਆਨ ਹੋਵੇਗਾ। ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਿੱਖ ਫਾਊਂਡੇਸ਼ਨ ਮਿਲਪੀਟਸ (1180 ਕੈਡੀਲੈਕ ਕੋਰਟ, ਮਿਲਪੀਟਸ) ਵਿਖੇ ਬਾਅਦ ਦੁਪਹਿਰ 3:30 ਤੋਂ ਸ਼ਾਮ 5 ਵਜੇ ਤੱਕ ਹੋਣਗੇ। ਪਰਿਵਾਰ ਨਾਲ ਸੰਪਰਕ ਫੋਨ: 408-712-1265 ਅਤੇ ਫੋਨ: 408-586-9854 ਰਾਹੀਂ ਕੀਤਾ ਜਾ ਸਕਦਾ ਹੈ।

## ਬਾਨ ਕੀ-ਮੂਨ ਵਲੋਂ ਜਨਰਲ ਸਿੰਘਾ ਦੀ ਪ੍ਰਸ਼ੰਸਾ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਮੁਖੀ ਬਾਨ ਕੀ-ਮੂਨ ਨੇ ਸੰਯੁਕਤ ਰਾਸ਼ਟਰ ਮਿਸ਼ਨ ਦੇ ਗੋਲਾਨ ਵਿਚ ਸੇਵਾ ਨਿਭਾਉਣ ਵਾਲੇ ਭਾਰਤ ਦੇ ਲੈਫਟੀਨੈਂਟ ਜਨਰਲ ਇਕਬਾਲ ਸਿੰਘ ਸਿੰਘਾ ਵਲੋਂ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ ਹੈ।



ਸ੍ਰੀ ਬਾਨ ਕੀ-ਮੂਨ ਨੇ ਜਨਰਲ ਸਿੰਘਾ ਦੀਆਂ ਸੇਵਾਵਾਂ ਦੀ ਪ੍ਰਸ਼ੰਸਾ ਕਰਦਿਆਂ ਪਿਛਲੇ ਸਾਲ ਅਲ-ਕਾਇਦਾ ਦੀ ਅਗਵਾਈ ਵਾਲੇ ਅਤਿਵਾਦੀ ਧੜਿਆਂ ਦੇ ਹਮਲੇ ਨੂੰ ਗੋਲਾਨ ਵਿਚ ਪਛਾੜਨ ਦਾ ਵਿਸ਼ੇਸ਼ ਤੌਰ ਉਤੇ ਜ਼ਿਕਰ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੇ ਸਮਰਪਣ ਭਾਵਨਾ ਨਾਲ ਫੌਜ ਦੀ ਅਗਵਾਈ ਕੀਤੀ। ਯਾਦ ਰਹੇ, ਜਨਰਲ ਇਕਬਾਲ ਸਿੰਘ ਸਿੰਘਾ ਸੰਯੁਕਤ ਰਾਸ਼ਟਰ ਸ਼ਾਂਤੀ ਮਿਸ਼ਨ ਦੇ ਮੁਖੀ ਦੇ ਅਹੁਦੇ ਤੋਂ 2 ਜਨਵਰੀ ਨੂੰ ਸੇਵਾਮੁਕਤ ਹੋਏ ਹਨ। ਸ੍ਰੀ ਬਾਨ ਕੀ-ਮੂਨ ਦੇ ਉਪ ਤਰਜਮਾਨ ਫਰਹਾਨ ਹੱਕ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ-ਮੂਨ, ਜਨਰਲ ਸਿੰਘਾ ਵਲੋਂ ਸ਼ਾਂਤੀ ਮਿਸ਼ਨ ਦੀ ਔਖੇ ਸਮੇਂ ਕੀਤੀ ਅਗਵਾਈ ਤੋਂ ਬਹੁਤ ਪ੍ਰਭਾਵਿਤ ਹੋਏ ਹਨ ਅਤੇ ਉਨ੍ਹਾਂ ਦੀ ਸੁਚੱਜੀ ਅਗਵਾਈ ਲਈ ਉਨ੍ਹਾਂ ਦੇ ਧੰਨਵਾਦੀ ਹਨ।

WEBSITE - DHOLRADIO.CO
DHOL RADIO
ਪਿੰਡ ਤੇ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)
Cell: (510)-677-9942
Shop: (510)-505-9605
www.princebarbershop.com





ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Golden State Realty
9912 Kapalua Ln., Elk Grove, CA 95624



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
Please Contact For
Commercial
or
Residential
Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California

# ਡੇਰਾ ਮੁਖੀ ਦੀ ਫਿਲਮ ਨੂੰ ਪ੍ਰਵਾਨਗੀ ਦੇਣ ਦਾ ਮਾਮਲਾ ਭਖਿਆ

**ਨਵੀਂ ਦਿੱਲੀ:** ਡੇਰਾ ਸਿਰਸਾ ਦੇ ਮੁਖੀ ਦੀ ਫਿਲਮ 'ਮੈਸੰਜਰ ਆਫ ਗੌਡ' ਨੂੰ ਫਿਲਮ ਸਰਟੀਫਿਕੇਸ਼ਨ ਐਪੇਲੇਟ ਟ੍ਰਿਬਿਊਨਲ (ਐਫ.ਸੀ.ਏ.ਟੀ.) ਵਲੋਂ ਪ੍ਰਵਾਨਗੀ ਮਿਲਣ ਦੇ ਮਾਮਲੇ 'ਤੇ ਕੇਂਦਰੀ ਫਿਲਮ ਪ੍ਰਮਾਣਨ ਬੋਰਡ (ਸੀ.ਬੀ.ਐਫ.ਸੀ.) ਦੀ ਮੁਖੀ ਲੀਲਾ ਸੈਮਸਨ ਸਮੇਤ 13 ਮੈਂਬਰਾਂ ਨੇ ਅਸਤੀਫਾ ਦੇ ਦਿੱਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਸੀ.ਬੀ.ਐਫ.ਸੀ. ਨੇ ਦੋ ਵਾਰ ਫਿਲਮ ਨੂੰ ਸੈਂਸਰ ਸਰਟੀਫਿਕੇਟ ਦੇਣ ਤੋਂ ਨਾਂਹ ਕਰ ਦਿੱਤੀ ਪਰ ਇਸ ਦੇ ਬਾਵਜੂਦ ਉਸ ਉਤੇ ਦਬਾਅ ਪਾਇਆ ਗਿਆ ਕਿ ਫਿਲਮ ਨੂੰ ਐਪੇਲੇਟ ਟ੍ਰਿਬਿਊਨਲ ਕੋਲ ਭੇਜਿਆ ਜਾਵੇ। ਟ੍ਰਿਬਿਊਨਲ ਆਮ ਤੌਰ 'ਤੇ ਆਪਣਾ ਫ਼ੈਸਲਾ ਲੈਣ ਵਿਚ ਦੋ ਹਫ਼ਤਿਆਂ ਦਾ ਸਮਾਂ ਲੈ ਲੈਂਦਾ ਹੈ ਪਰ 'ਐਮ.ਐਸ.ਜੀ.' ਦੇ ਮਾਮਲੇ ਵਿਚ ਸਭ ਕੁਝ ਹਫ਼ਤੇ ਦੇ ਅੰਦਰ ਵਾਪਰ ਗਿਆ।

ਮੰਨਿਆ ਜਾ ਰਿਹਾ ਹੈ ਕਿ ਡੇਰੇ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਹਮਾਇਤ ਕੀਤੀ ਸੀ ਤੇ ਹੁਣ ਭਾਜਪਾ ਨੇ ਫਿਲਮ ਪਾਸ ਕਰਵਾ ਕੇ ਡੇਰੇ ਦੀ ਜਵਾਬੀ ਮਦਦ ਕੀਤੀ ਹੈ। ਸੈਮਸਨ ਆਪ ਇਕ ਉਘੀ ਭਰਤ ਨਾਟਿਅਮ ਨਰਿਤਾਂਗਣਾ ਤੇ ਲੇਖਿਕਾ ਹੈ। ਉਸ ਦੇ ਸਮਰਥਨ ਵਿਚ ਈਰਾ ਭਾਸਕਰ ਨਾਮੀ ਇਕ ਹੋਰ ਹਸਤੀ ਨੇ ਸੀ.ਬੀ.ਐਫ.ਸੀ. ਦੀ ਮੈਂਬਰੀ ਤਿਆਗ ਦਿੱਤੀ ਹੈ।

## ਸੈਂਸਰ ਬੋਰਡ ਦੇ ਮੁਖੀ ਸਣੇ 13 ਮੈਂਬਰਾਂ ਵਲੋਂ ਅਸਤੀਫੇ


ਲੀਲਾ ਸੈਮਸਨ


ਈਰਾ ਭਾਸਕਰ

ਭਾਸਕਰ ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਸਿਨਮਾ ਸਟੱਡੀਜ਼ ਦੀ ਪ੍ਰੋਫੈਸਰ ਹੈ। ਉਸ ਦਾ ਕਹਿਣਾ ਹੈ ਕਿ ਸੈਮਸਨ ਵਾਂਗ ਉਹ ਵੀ ਸੀ.ਬੀ.ਐਫ.ਸੀ. ਦੇ ਕੰਮ-ਢੰਗ ਵਿਚ ਸੁਧਾਰ ਚਾਹੁੰਦੀ ਸੀ ਤੇ ਇਸ ਦਿਸ਼ਾ ਵਿਚ ਕੁਝ ਕਦਮ ਵੀ ਚੁੱਕੇ ਗਏ ਪਰ ਇਹ ਨਿਹਫਲ ਬਣਾ ਦਿੱਤੇ ਗਏ। ਸੈਮਸਨ ਨੇ ਆਪ ਵੀ ਕਿਹਾ ਹੈ ਕਿ ਉਹ ਬੋਰਡ ਦੇ ਕੰਮ ਵਿਚ ਦਖ਼ਲਅੰਦਾਜ਼ੀ, ਦਬਾਅ ਤੇ ਮੈਂਬਰਾਂ 'ਤੇ ਸੂਚਨਾ ਮੰਤਰਾਲੇ ਵਲੋਂ ਨਿਯੁਕਤ ਅਫਸਰਾਂ ਦੇ ਭ੍ਰਿਸ਼ਟਾਚਾਰ ਤੋਂ ਅੱਕ ਚੁੱਕੀ ਸੀ ਅਤੇ ਇਸੇ ਲਈ ਉਸ ਨੇ ਅਸਤੀਫਾ ਦਿੱਤਾ।




ਈਰਾ ਭਾਸਕਰ ਨੇ ਕਿਹਾ ਕਿ ਉਸ ਨੇ ਬੀਬੀ ਸੈਮਸਨ ਵਲੋਂ ਅਸਤੀਫਾ ਦਿੱਤੇ ਜਾਣ ਮਗਰੋਂ ਉਨ੍ਹਾਂ ਦੀ ਹਮਾਇਤ ਵਿਚ ਅਸਤੀਫਾ ਦਿੱਤਾ ਹੈ। ਪਹਿਲਾਂ ਵੀ ਇਕੱਠਿਆਂ ਅਸਤੀਫਾ ਦੇਣ ਬਾਰੇ ਵਿਚਾਰ ਹੋਇਆ ਸੀ ਪਰ ਉਨ੍ਹਾਂ ਵਲੋਂ ਮੰਤਰਾਲੇ ਨੂੰ ਸਹਾਇਤਾ ਕਰਨ ਦੀ ਕੋਸ਼ਿਸ਼ ਤਹਿਤ ਇਹ ਫੈਸਲਾ ਰੋਕ ਲਿਆ ਸੀ। ਲੀਲਾ ਸੈਮਸਨ ਨੇ ਫਿਲਮ ਟ੍ਰਿਬਿਊਨਲ ਵਲੋਂ ਫਿਲਮ ਨੂੰ ਮਨਜ਼ੂਰੀ ਦੇਣ ਤੋਂ ਬਾਅਦ ਅਸਤੀਫਾ ਦੇ ਦਿੱਤਾ ਸੀ। ਫਿਲਮ ਸੈਂਸਰ ਬੋਰਡ ਦੀ ਇਕ ਹੋਰ ਮੈਂਬਰ ਨੰਦਿਨੀ ਸਰਦੇਸਾਈ ਨੇ ਵੀ ਸੈਮਸਨ ਤੇ ਭਾਸਕਰ ਨੂੰ ਹਮਾਇਤ ਦਿੱਤੀ ਹੈ। ਉਸ ਨੇ ਕਿਹਾ, "ਅਸੀਂ ਸਿਨੇਮਾਟੋਗ੍ਰਾਫ ਐਕਟ ਤਹਿਤ ਸਖਤੀ ਦਿਖਾਈ। ਅਸੀਂ ਫਿਲਮ ਦੇਖ ਕੇ ਨਿਸ਼ਚਾ ਕੀਤਾ ਕਿ ਇਹ ਲੋਕਾਂ ਦੇ ਦੇਖਣ ਦੇ ਯੋਗ ਨਹੀਂ ਹੈ ਅਤੇ ਸਾਰਿਆਂ ਨੇ ਇਕੱਠਿਆਂ ਫੈਸਲਾ ਲਿਆ ਸੀ।"

ਸਾਰੇ ਦੋਸ਼ਾਂ ਨੂੰ ਖਾਰਜ ਕਰਦਿਆਂ ਸੂਚਨਾ ਤੇ ਪ੍ਰਸਾਰਨ ਮੰਤਰੀ ਰਾਜਿਆਵਰਧਨ ਸਿੰਘ ਰਾਠੌੜ ਨੇ ਕਿਹਾ ਕਿ ਸਰਕਾਰ ਨੇ ਹਮੇਸ਼ਾ ਫਿਲਮ ਸਰਟੀਫਿਕੇਸ਼ਨ ਤੋਂ ਦੂਰੀ ਬਣਾ ਕੇ ਰੱਖੀ ਹੈ ਤੇ ਸੈਮਸਨ ਕੋਲ ਦਖਲਅੰਦਾਜ਼ੀ ਦਾ ਕੋਈ ਸਬੂਤ ਹੈ ਤਾਂ ਉਹ ਪੇਸ਼ ਕਰਨ।

## ਸੈਂਸਰ ਬੋਰਡ ਦੇ ਕੰਮਕਾਜ ਵਿਚ ਕੋਈ ਦਖਲ ਨਹੀਂ ਦਿੱਤਾ: ਜੇਤਲੀ

**ਨਵੀਂ ਦਿੱਲੀ:** ਸੂਚਨਾ ਤੇ ਪ੍ਰਸਾਰਨ ਮੰਤਰੀ ਅਰੁਣ ਜੇਤਲੀ ਨੇ ਕਿਹਾ ਹੈ ਕਿ ਸਰਕਾਰ ਨੇ ਡੇਰਾ ਸਿਰਸਾ ਮੁਖੀ ਦੀ ਫਿਲਮ ਪਾਸ ਕਰਵਾਉਣ ਵਿਚ ਸੈਂਸਰ ਬੋਰਡ ਦੇ ਕੰਮਕਾਜ ਵਿਚ ਕੋਈ ਦਖ਼ਲ ਨਹੀਂ ਦਿੱਤਾ ਤੇ ਕਾਂਗਰਸ ਇਸ ਮੁੱਦੇ ਦਾ ਸਿਆਸੀਕਰਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਭ੍ਰਿਸ਼ਟਾਚਾਰ ਹੈ ਤਾਂ ਇਸ ਲਈ ਯੂਪੀਏ ਵਲੋਂ ਨਿਯੁਕਤ ਅਹੁਦੇਦਾਰਾਂ ਨੂੰ ਦੋਸ਼ ਦਿੱਤਾ ਜਾ ਰਿਹਾ ਹੈ। ਮੀਟਿੰਗਾਂ ਨਾ ਹੋਣ ਦਾ ਦੋਸ਼ ਚੇਅਰਪਰਸਨ 'ਤੇ ਲਾਉਂਦਿਆਂ ਸ੍ਰੀ ਜੇਤਲੀ ਨੇ ਕਿਹਾ ਕਿ ਸੈਂਸਰ ਬੋਰਡ ਦੀਆਂ ਮੀਟਿੰਗਾਂ ਮੰਤਰੀ ਜਾਂ ਸਕੱਤਰ ਨੇ ਨਹੀਂ ਲੈਣੀਆਂ ਹੁੰਦੀਆਂ ਸਗੋਂ ਇਹ ਤਾਂ ਚੇਅਰਪਰਸਨ ਦੀ ਜ਼ਿੰਮੇਵਾਰੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪਿਛਲੀ ਯੂਪੀਏ ਸਰਕਾਰ ਨੇ ਸੈਂਸਰ ਬੋਰਡ ਦਾ ਸਿਆਸੀਕਰਨ ਕੀਤਾ ਹੈ ਤੇ ਐਨਡੀਏ ਸਰਕਾਰ ਫਿਲਮ ਸਰਟੀਫਿਕੇਸ਼ਨ ਦੇ ਮਾਮਲੇ ਤੋਂ ਕੋਹਾਂ ਦੂਰ ਰਹਿੰਦੀ ਹੈ।

## ਸ਼ਰਧਾਲੂ ਨੇ ਡੇਰਾ ਮੁਖੀ 'ਤੇ ਲਾਏ ਕਤਲਾਂ ਦੇ ਦੋਸ਼

**ਚੰਡੀਗੜ੍ਹ:** ਡੇਰਾ ਸਿਰਸਾ ਦੇ ਇਕ ਸ਼ਰਧਾਲੂ ਨੇ ਦੋਸ਼ ਲਾਏ ਹਨ ਕਿ ਡੇਰੇ ਦੇ ਸ਼ਰਧਾਲੂਆਂ ਵਲੋਂ ਕੀਤੀਆਂ ਬਹੁਤੀਆਂ ਖ਼ੁਦਕੁਸ਼ੀਆਂ, ਅਸਲ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਤੇ ਉਸ ਦੇ ਸਹਾਇਕਾਂ ਵਲੋਂ ਗਹਿਰੀ ਸਾਜ਼ਿਸ਼ ਤਹਿਤ ਕੀਤੇ ਕਤਲ ਸਨ।

ਬਿਨੈਕਾਰ ਨੇ ਇਹ ਦੋਸ਼ ਵੀ ਲਾਏ ਹਨ ਕਿ ਡੇਰਾ ਮੁਖੀ ਅਦਾਲਤੀ ਸੁਣਵਾਈਆਂ ਸਮੇਂ ਆਪਣੇ ਲੱਖਾਂ ਸ਼ਰਧਾਲੂ ਇਕੱਠੇ ਕਰਕੇ ਸੀ.ਬੀ.ਆਈ., ਸਰਕਾਰ ਤੇ ਨਿਆਂ ਪਾਲਿਕਾ ਉਤੇ ਦਬਾਅ ਬਣਾਉਣ ਦਾ ਯਤਨ ਕਰ ਰਿਹਾ ਹੈ ਤਾਂ ਕਿ ਅਥਾਰਟੀ 'ਤੇ ਵੱਧ ਤੋਂ ਵੱਧ ਦਬਾਅ ਪਾਇਆ ਜਾ ਸਕੇ। ਉਹ ਅਜਿਹੇ ਸ਼ਰਧਾਲੂਆਂ ਨੂੰ 'ਮਹਾਨ ਸ਼ਹੀਦ' ਦਾ ਲਕਬ ਦਿੰਦਾ ਹੈ। ਸਿਰਸਾ ਵਾਸੀ ਪਟੀਸ਼ਨਰ ਰਾਮ ਕੁਮਾਰ ਬਿਸ਼ਨੋਈ ਦੀ ਅਰਜ਼ੀ 'ਤੇ ਹੁਣ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਹਰਿਆਣਾ ਸਰਕਾਰ ਤੇ ਡੇਰਾ ਮੁਖੀ ਨੂੰ ਨੋਟਿਸ ਜਾਰੀ ਕੀਤੇ ਹਨ।

# ਪੰਜਾਬ ਸਰਕਾਰ ਨੇ ਡੇਰਾ ਮੁਖੀ ਦੀ ਫਿਲਮ ਉਤੇ ਰੋਕ ਲਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਡੇਰਾ ਸਿਰਸਾ ਦੇ ਮੁਖੀ ਦੀ ਫਿਲਮ 'ਮੈਸੇਂਜਰ ਆਫ ਗੌਡ' ਦੇ ਪ੍ਰਦਰਸ਼ਨ ਉਪਰ ਰੋਕ ਲਾ ਦਿੱਤੀ ਹੈ। ਇਹ ਫਿਲਮ ਅਗਲੇ ਹੁਕਮਾਂ ਤੱਕ ਸੂਬੇ ਦੇ ਸਿਨੇਮਾਘਰਾਂ ਵਿਚ ਦਿਖਾਈ ਨਹੀਂ ਜਾ ਸਕੇਗੀ। ਮੁੱਖ ਮੰਤਰੀ ਦਫਤਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਾਜ ਸਰਕਾਰ ਵਲੋਂ ਇਹ ਫੈਸਲਾ ਸੂਬੇ ਵਿਚ ਕਾਨੂੰਨ ਵਿਵਸਥਾ ਦੀ ਹਾਲਤ ਵਿਗੜਨ ਦੇ ਡਰੋਂ ਸਾਵਧਾਨੀ ਵਜੋਂ ਤੇ ਕੇਂਦਰ ਸਰਕਾਰ ਵਲੋਂ ਦਿੱਤੀ ਚਿਤਾਵਨੀ ਦੇ ਮੱਦੇਨਜ਼ਰ ਲਿਆ ਗਿਆ ਹੈ। ਫਿਲਮ ਟ੍ਰਿਬਿਊਨਲ ਵਲੋਂ ਹਰੀ ਝੰਡੀ ਦੇਣ ਤੋਂ ਬਾਅਦ ਇਸ ਫਿਲਮ ਦੇ ਰਿਲੀਜ਼ ਹੋਣ ਦੀ ਮਿਤੀ ਮਿੱਥੀ ਜਾਣੀ ਬਾਕੀ ਸੀ। ਸੂਤਰਾਂ ਮੁਤਾਬਕ ਪੁਲਿਸ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤੀ ਰਿਪੋਰਟ ਵਿਚ ਕਿਹਾ ਹੈ ਕਿ ਇਹ ਫਿਲਮ ਰਿਲੀਜ਼ ਹੋਣ ਨਾਲ ਸੂਬੇ ਵਿਚ ਸਥਿਤੀ ਤਣਾਅ ਵਾਲੀ ਬਣ ਸਕਦੀ ਹੈ। ਪੁਲਿਸ ਰਿਪੋਰਟਾਂ ਦੇ ਅਧਿਐਨ ਤੋਂ ਬਾਅਦ ਮੁੱਖ ਮੰਤਰੀ ਨੇ ਇਸ ਫਿਲਮ ਦਾ ਪ੍ਰਦਰਸ਼ਨ ਰੋਕਣ ਨੂੰ ਹਰੀ ਝੰਡੀ ਦੇ ਦਿੱਤੀ।

ਇਸ ਫਿਲਮ ਕਾਰਨ ਪੰਜਾਬ ਦੇ ਸਿਨੇਮਾ



ਮਾਲਕ ਡਰੇ ਹੋਏ ਸਨ। ਮਲਟੀਪਲੈਕਸਾਂ ਦੇ ਮਾਲਕਾਂ ਨੇ ਫਿਲਮ ਦਿਖਾਉਣ ਤੋਂ ਨਾਂਹ ਕਰ ਦਿੱਤੀ ਸੀ। ਸਰਕਾਰ ਦੇ ਫੈਸਲੇ ਨੇ ਸਿਨੇਮਾ ਮਾਲਕਾਂ ਨੂੰ ਰਾਹਤ ਦਿੱਤੀ ਹੈ। ਇਸ ਫਿਲਮ ਕਾਰਨ ਸਥਿਤੀ ਲਗਾਤਾਰ ਤਣਾਅ ਵਾਲੀ ਬਣਦੀ ਜਾ ਰਹੀ ਸੀ। ਪੰਜਾਬ ਪੁਲਿਸ ਦੇ ਖ਼ੁਫ਼ੀਆ ਵਿੰਗ ਵਲੋਂ ਲਗਾਤਾਰ ਰਿਪੋਰਟਾਂ ਭੇਜੀਆਂ ਜਾ ਰਹੀਆਂ ਸਨ ਕਿ ਜੇਕਰ ਸਿਨੇਮਾਘਰਾਂ ਵਿਚ 'ਮੈਸੇਂਜਰ ਆਫ ਗੌਡ' ਦਾ ਪ੍ਰਦਰਸ਼ਨ ਹੁੰਦਾ ਹੈ ਤਾਂ ਹਾਲਾਤ ਖ਼ਰਾਬ ਹੋ ਸਕਦੇ ਹਨ। ਪੁਲਿਸ ਅਧਿਕਾਰੀਆਂ ਵਲੋਂ ਇਸ ਮੁੱਦੇ 'ਤੇ ਮੀਟਿੰਗ ਵੀ ਕੀਤੀ ਗਈ। ਮੀਟਿੰਗ ਦੌਰਾਨ ਫਿਲਮ ਦਾ ਪ੍ਰਦਰਸ਼ਨ ਰੋਕਣ ਦੀ ਸਿਫਾਰਸ਼ ਦਾ ਫੈਸਲਾ ਕੀਤਾ ਗਿਆ।

## ਅਮਨ ਕਾਨੂੰਨ ਦੇ ਮੱਦੇਨਜ਼ਰ ਕੀਤਾ ਫੈਸਲਾ: ਬਾਦਲ



**ਲੁਧਿਆਣਾ:** ਫਿਲਮ 'ਮੈਸੇਜਰ ਆਫ ਗੌਡ' ਉਪਰ ਲਾਈ ਪਾਬੰਦੀ ਬਾਰੇ ਕੇਂਦਰੀ ਮੰਤਰੀ ਅਰੁਣ ਜੇਤਲੀ ਵਲੋਂ ਦਿੱਤੇ ਬਿਆਨ ਉਤੇ ਟਿੱਪਣੀ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਇਸ ਫਿਲਮ ਉਤੇ ਪਾਬੰਦੀ ਲਾਉਣਾ ਸੂਬੇ ਲਈ ਜ਼ਰੂਰੀ ਸੀ ਕਿਉਂਕਿ ਕੇਂਦਰ ਦੀਆਂ ਸੁਰੱਖਿਆ ਏਜੰਸੀਆਂ ਨੇ ਸਿਫਾਰਿਸ਼ ਕੀਤੀ ਸੀ ਕਿ ਜੇਕਰ ਫਿਲਮ ਸੂਬੇ ਵਿਚ ਰਿਲੀਜ਼ ਹੁੰਦੀ ਹੈ ਤਾਂ ਉਸ ਤੋਂ ਬਾਅਦ ਸੂਬੇ ਵਿਚ ਮਾਹੌਲ ਤਣਾਅਪੂਰਣ ਹੋ ਸਕਦਾ ਹੈ। ਇਸ ਕਰਕੇ ਸੂਬੇ ਵਿਚ ਅਮਨ ਕਾਨੂੰਨ ਦੀ ਸਥਿੱਤੀ ਦੇ ਮੱਦੇਨਜ਼ਰ ਹੀ ਸੂਬਾ ਸਰਕਾਰ ਨੇ ਫਿਲਮ ਉਤੇ ਪਾਬੰਦੀ ਲਾਈ ਹੈ।

## ਹਰਿਆਣਾ ਦੇ ਸਿਨੇਮਾ ਮਾਲਕਾਂ ਨੂੰ ਚਿਤਾਵਨੀ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਾਜ ਭਰ ਦੇ ਸਿਨੇਮਾ ਮਾਲਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਡੇਰਾ ਸਿਰਸਾ ਮੁਖੀ ਦੇ ਜੀਵਨ 'ਤੇ ਬਣਾਈ ਫਿਲਮ ਆਪਣੇ ਸਿਨੇਮਾ ਘਰਾਂ ਵਿਚ ਨਾ ਵਿਖਾਉਣ, ਕਿਉਂਕਿ ਇਸ ਨਾਲ ਸਮਾਜ ਦੇ ਵੱਖ-ਵੱਖ ਵਰਗਾਂ ਵਿਚ ਨਫਰਤ ਫੈਲ ਰਹੀ ਹੈ। ਉਕਤ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਹਰਿਆਣਾ ਦੇ ਕਈ ਸ਼ਹਿਰਾਂ ਵਿਚ ਇਸ ਫਿਲਮ ਦਾਂ ਪ੍ਰੀਮੀਅਰ ਵਿਖਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਨਾਲ ਲੋਕਾਂ ਦੇ ਜਜ਼ਬਾਤ ਭੜਕ ਸਕਦੇ ਹਨ।



## ਜਗਦੀਸ਼ ਭੋਲੇ ਦੀ ਜਾਨ ਨੂੰ ਖਤਰਾ ਹੋਣ ਬਾਰੇ ਕੇਂਦਰ ਸਰਕਾਰ ਨੂੰ ਪੱਤਰ

**ਪਟਿਆਲਾ:** ਕਰੋੜਾਂ ਰੁਪਏ ਦੇ ਸਿੰਥੈਟਿਕ ਡਰੱਗਜ਼ ਦੇ ਦੋਸ਼ਾਂ ਅਧੀਨ ਨਾਭਾ ਜੇਲ੍ਹ ਵਿਚ ਬੰਦ ਸਾਬਕਾ ਕੌਮਾਂਤਰੀ ਪਹਿਲਵਾਨ ਤੇ ਸਾਬਕਾ ਡੀ. ਐਸ. ਪੀ. ਜਗਦੀਸ਼ ਭੋਲਾ ਨੇ ਆਪਣੀ ਜਾਨ ਨੂੰ ਖਤਰਾ ਮਹਿਸੂਸ ਕੀਤਾ ਹੈ। ਉਸ ਨੂੰ ਡਰ ਹੈ ਕਿ ਉਚੀ ਪਹੁੰਚ ਵਾਲੇ ਵਿਅਕਤੀਆਂ ਵਲੋਂ ਉਸ ਨੂੰ ਕਿਸੇ ਕੇਸ ਦੇ ਬਹਾਨੇ ਪੰਜਾਬ ਤੋਂ ਬਾਹਰ ਲਿਜਾ ਕੇ ਮਰਵਾਇਆ ਜਾ ਸਕਦਾ ਹੈ। ਇਸ ਨੂੰ ਅਤਿ ਗੰਭੀਰ ਮਾਮਲਾ ਦੱਸਦਿਆਂ, ਕੇਂਦਰ ਸਰਕਾਰ ਨੂੰ ਕਾਨੂੰਨੀ ਨੋਟਿਸ ਭੇਜ ਕੇ ਇਸ ਵਿਚ ਲੋੜੀਂਦਾ ਦਾਖਲ ਦੇਣ 'ਤੇ ਜ਼ੋਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਭੋਲਾ ਨੇ ਆਪਣੇ ਵਕੀਲ, ਐਡਵੋਕੇਟ ਸਤੀਸ਼ ਕਰਕਰਾ ਰਾਹੀਂ ਇਹ ਕਾਨੂੰਨੀ ਨੋਟਿਸ ਕੇਂਦਰੀ ਗ੍ਰਹਿ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਭਿਜਵਾਇਆ ਹੈ, ਜਿਸ ਦੀ ਕਾਪੀ ਪੰਜਾਬ ਦੇ ਡੀ.ਜੀ.ਪੀ. ਤੇ ਡੀ.ਜੀ.ਪੀ. (ਜੇਲ੍ਹਾਂ) ਸਮੇਤ ਗ੍ਰਹਿ ਵਿਭਾਗ ਪੰਜਾਬ ਦੇ ਪ੍ਰਮੁੱਖ ਸਕੱਤਰ ਤੇ ਪਟਿਆਲਾ ਦੇ ਐਸ.ਐਸ.ਪੀ ਨੂੰ ਵੀ ਭੇਜੀ ਗਈ ਹੈ। ਇਸ ਕਾਨੂੰਨੀ ਨੋਟਿਸ ਵਿਚ ਕੁਝ ਸਮਾਂ ਪਹਿਲਾਂ ਭੋਲਾ ਦੀ ਜੇਲ੍ਹ ਤਬਦੀਲੀ ਬਾਰੇ ਲਿਖੇ ਗਏ ਪੱਤਰ 'ਤੇ ਕੋਈ ਕਾਰਵਾਈ ਨਾ ਹੋਣ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਨੋਟਿਸ ਵਿਚ ਆਖਿਆ ਗਿਆ ਹੈ ਕਿ ਐਨ.ਡੀ.ਪੀ.ਐਸ. ਐਕਟ ਦੇ ਜਿਸ ਕੇਸ ਅਧੀਨ ਭੋਲਾ ਜੇਲ੍ਹ ਵਿਚ ਬੰਦ ਹੈ, ਦੀ ਜਾਂਚ ਦੌਰਾਨ ਕਈ ਅਹਿਮ ਵਿਅਕਤੀਆਂ ਦੇ ਵੀ ਨਾਂ ਜ਼ਾਹਰ ਹੋਏ ਹਨ, ਜੋ ਉਚੀ ਪਹੁੰਚ ਰੱਖਦੇ ਹੋਣ ਕਾਰਨ ਉਸ ਨੂੰ ਮਰਵਾ ਸਕਦੇ ਹਨ।

# ਬਾਦਲਾਂ ਵਲੋਂ ਸ਼ਰਾਬ ਕਾਰੋਬਾਰ 'ਤੇ ਕਬਜ਼ੇ ਲਈ ਚਾਰਾਜੋਈ

**ਚੰਡੀਗੜ੍ਹ:** ਪੰਜਾਬ ਵਿਚ ਸ਼ਰਾਬ ਤਿਆਰ ਕਰਨ ਵਾਲੀਆਂ ਤਿੰਨ ਮੁੱਖ ਫੈਕਟਰੀਆਂ ਕੋਈ ਦੋ ਹਫ਼ਤਿਆਂ ਤੋਂ ਸਰਕਾਰ ਦੇ ਅਣਐਲਾਨੇ ਹੁਕਮਾਂ ਤੇ ਦਬਾਅ ਹੇਠ ਬੰਦ ਪਈਆਂ ਹਨ। ਅਲਾਇਡ ਬਲੈਂਡਰ ਡਿਸਟਿਲਰਜ਼ ਜੋ ਦੇਸ਼ ਵਿਚ ਸ਼ਰਾਬ ਉਤਪਾਦਨ ਵਿਚ ਤੀਜੇ ਨੰਬਰ 'ਤੇ ਹੈ, ਦੇ ਡੇਰਾਬੱਸੀ ਤੇ ਪਟਿਆਲਾ ਵਿਖੇ ਪਲਾਂਟ ਛੇ ਜਨਵਰੀ ਤੋਂ ਬੰਦ ਹਨ, ਜਦੋਂਕਿ ਦੋ ਹੋਰ ਪ੍ਰਮੁੱਖ ਕਾਰਖ਼ਾਨੇ ਜਗਤਜੀਤ ਇੰਡਸਟ੍ਰੀਜ਼ ਤੇ ਖੇਤਾਨ ਡਿਸਟਿਲਰਜ਼ ਵਿਚ ਵੀ ਕੰਮ ਬੰਦ ਹੈ।

ਇਨ੍ਹਾਂ ਕੰਪਨੀਆਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਰ ਤੇ ਆਬਕਾਰੀ ਵਿਭਾਗ ਪੰਜਾਬ ਦੇ ਸੀਨੀਅਰ ਅਧਿਕਾਰੀਆਂ ਨੇ ਉਨ੍ਹਾਂ ਨੂੰ ਸ਼ਰਾਬ ਦੇ ਆਪਣੇ ਪ੍ਰਸਿੱਧ ਬਰਾਂਡ ਸਿੱਧੇ ਥੋਕ ਤੇ ਰਿਟੇਲਰਾਂ ਨੂੰ ਵੇਚਣ ਦੀ ਬਜਾਏ ਉਸ ਕੰਪਨੀ ਨੂੰ ਵੇਚਣ ਲਈ ਕਿਹਾ ਹੈ ਜੋ ਮਾਲਵਾ ਦੇ ਇਕ ਵਿਧਾਇਕ ਨੇ ਕਾਇਮ ਕੀਤੀ ਹੈ।

ਇਹ ਵਿਧਾਇਕ ਹਾਲ ਹੀ ਵਿਚ ਕਾਂਗਰਸ ਛੱਡ ਕੇ ਅਕਾਲੀ ਦਲ ਵਿਚ ਆਇਆ ਹੈ। ਭਾਵੇਂ ਕਰ ਤੇ ਆਬਕਾਰੀ ਕਮਿਸ਼ਨਰ ਪੰਜਾਬ ਅਨੁਰਾਗ ਵਰਮਾ ਨੇ ਇਸ ਤੋਂ ਇਨਕਾਰ ਕੀਤਾ ਹੈ ਕਿ ਉਨ੍ਹਾਂ ਦੇ ਵਿਭਾਗ ਨੇ ਸ਼ਰਾਬ ਦੇ ਕੁਝ ਬਰਾਂਡ ਵਿਕਣ 'ਤੇ ਰੋਕ ਲਾਈ ਹੈ ਪਰ ਦੋਵੇਂ ਕੰਪਨੀਆਂ ਦੇ ਅਧਿਕਾਰੀਆਂ ਨੇ ਦੋਸ਼ ਲਾਏ ਹਨ ਕਿ ਇਕ ਸਹਾਇਕ ਕਰ ਤੇ ਆਬਕਾਰੀ ਕਮਿਸ਼ਨਰ ਨੇ ਪਿਛਲੇ ਮਹੀਨੇ ਉਨ੍ਹਾਂ ਨੂੰ ਸੱਦ ਕੇ ਇਕ ਬੰਦੇ ਨੂੰ



ਮਿਲਣ ਲਈ ਕਿਹਾ ਸੀ, ਜੋ ਵਿਧਾਇਕ ਨੇ 'ਆਪਣੇ ਬੰਦੇ' ਵਜੋਂ ਤਾਇਨਾਤ ਕੀਤਾ ਹੈ। ਉਨ੍ਹਾਂ ਨੂੰ ਦੱਸਿਆ ਗਿਆ ਕਿ ਉਪਰਲੇ ਪੱਧਰ 'ਤੇ ਫੈਸਲਾ ਲਿਆ ਗਿਆ ਹੈ ਕਿ ਸਾਰੇ ਲੋਕਪ੍ਰਿਆ ਬਰਾਂਡ ਇਸ ਨਵੀਂ ਕੰਪਨੀ ਰਾਹੀਂ ਥੋਕ ਤੇ ਰਿਟੇਲਰਾਂ ਨੂੰ ਵੇਚੇ ਜਾਣਗੇ। ਕੰਪਨੀਆਂ ਵਲੋਂ ਇਨਕਾਰ ਕਰਨ 'ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨੇ ਇਨ੍ਹਾਂ ਦੀਆਂ ਪੰਜਾਬ ਵਿਚਲੀਆਂ ਸ਼ਰਾਬ ਬਣਾਉਣ ਵਾਲੀਆਂ ਫੈਕਟਰੀਆਂ ਵਿਚੋਂ ਸ਼ਰਾਬ ਦੇ ਡਿਸਪੈਚ 'ਤੇ ਰੋਕ ਲਾ ਦਿੱਤੀ। ਇਨ੍ਹਾਂ ਕੰਪਨੀਆਂ ਨੂੰ ਹੁਣ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਸਾਲ ਉਹ 45 ਕਰੋੜ ਰੁਪਿਆ ਐਕਸਾਈਜ਼ ਤੇ ਸੇਲਜ਼ ਟੈਕਸ ਪੰਜਾਬ ਸਰਕਾਰ ਕੋਲ ਭਰਦੇ ਹਨ।

ਉਕਤ ਸ਼ਰਾਬ ਦੇ ਕਾਰਖਾਨਿਆਂ ਦੇ ਪ੍ਰਬੰਧਕਾਂ ਵਲੋਂ ਸੂਬੇ ਦੇ ਕਰ ਤੇ ਆਬਕਾਰੀ ਕਮਿਸ਼ਨਰ ਨੂੰ ਪੱਤਰ ਲਿਖ ਕੇ ਉਨ੍ਹਾਂ ਦੀਆਂ ਫੈਕਟਰੀਆਂ ਵਿਚੋਂ ਤਿਆਰ ਕੀਤੀ ਜਾਣ ਵਾਲੀ ਸ਼ਰਾਬ ਬਾਹਰ ਭੇਜਣ 'ਤੇ ਲੱਗੀ ਅਣਐਲਾਨੀ ਪਾਬੰਦੀ ਦੇ ਕਾਰਨਾਂ ਬਾਰੇ ਵੀ ਲਿਖਤੀ ਤੌਰ 'ਤੇ ਵਿਭਾਗ ਤੋਂ ਪੁੱਛਿਆ ਗਿਆ ਹੈ ਪਰ ਸਰਕਾਰੀ ਪੱਧਰ 'ਤੇ ਇਸ ਦਾ ਕੋਈ ਜਵਾਬ ਨਹੀਂ ਮਿਲ ਰਿਹਾ। ਵਿਭਾਗੀ ਸੂਤਰਾਂ ਅਨੁਸਾਰ ਅਲਾਇਡ ਬਲੈਂਡਰ ਡਿਸਟਿਲਰਜ਼ ਵਲੋਂ 10 ਜਨਵਰੀ ਦਾ ਇਕ ਪੱਤਰ ਉਨ੍ਹਾਂ ਨੂੰ ਪ੍ਰਾਪਤ ਹੋਇਆ ਸੀ, ਜਿਸ ਰਾਹੀਂ ਕੰਪਨੀ ਵਲੋਂ ਦੱਸਿਆ ਗਿਆ ਸੀ ਕਿ ਉਨ੍ਹਾਂ ਨੂੰ ਛੇ ਜਨਵਰੀ 2015 ਨੂੰ ਆਬਕਾਰੀ ਇੰਸਪੈਕਟਰ ਐਚ.ਐਸ. ਰਾਵਤ ਰਾਹੀਂ ਪਟਿਆਲਾ ਤੇ ਲਖਵਿੰਦਰ ਸਿੰਘ ਇੰਸਪੈਕਟਰ ਰਾਹੀਂ ਡੇਰਾਬੱਸੀ ਵਿਖੇ ਸੁਨੇਹਾ ਮਿਲਿਆ ਸੀ ਕਿ ਉਨ੍ਹਾਂ ਦੀ ਸ਼ਰਾਬ ਸਬੰਧੀ ਉਪਰਲੇ ਅਧਿਕਾਰੀਆਂ ਤੋਂ ਮਿਲੇ ਹੁਕਮਾਂ ਕਾਰਨ ਸ਼ਰਾਬ ਦੇ ਪਲਾਂਟ ਤੋਂ ਬਾਹਰ ਜਾਣ 'ਤੇ ਰੋਕ ਲਗਾ ਦਿੱਤੀ ਗਈ ਹੈ ਪਰ ਇਸ ਦਾ ਕੋਈ ਕਾਰਨ ਲਿਖਤੀ ਤੌਰ 'ਤੇ ਨਹੀਂ ਦਿੱਤਾ ਗਿਆ।

ਪੱਤਰ ਵਿਚ ਇਹ ਵੀ ਦੱਸਿਆ ਗਿਆ ਕਿ ਕੰਪਨੀ ਵਲੋਂ ਸਮੁੱਚਾ ਕੰਮ ਕਾਜ ਕਾਨੂੰਨੀ ਢੰਗ ਨਾਲ ਕੀਤਾ ਜਾ ਰਿਹਾ ਹੈ ਤੇ ਸਾਲ 2013-14 ਦੌਰਾਨ 46 ਕਰੋੜ ਤੇ ਸਾਲ 2012-13 ਦੌਰਾਨ 37 ਤੇ ਸਾਲ 2011-12 ਦੌਰਾਨ 35 ਕਰੋੜ ਦਾ ਮਾਲੀਆ ਵੀ ਰਾਜ ਸਰਕਾਰ ਨੂੰ ਦਿੱਤਾ ਗਿਆ। ਕੰਪਨੀ ਕੋਲ 15 ਹਜ਼ਾਰ ਪੇਟੀਆਂ ਦਾ ਡਿਊਟੀ ਦੇ ਕੇ ਪ੍ਰਾਪਤ ਕੀਤਾ ਹੋਇਆ ਪਰਮਿਟ ਹੈ, ਜਦੋਂਕਿ ਕੰਪਨੀ ਵਲੋਂ 20 ਹਜ਼ਾਰ ਪੇਟੀਆਂ ਦਿੱਲੀ ਦੀ ਹੋਲ ਸੇਲ ਮਾਰਕੀਟ ਵਿਚ ਵੇਚਣ ਦਾ ਪਰਮਿਟ ਹੈ, ਜੋ ਇਨ੍ਹਾਂ ਦੋ ਪਲਾਂਟਾਂ ਤੋਂ ਹੀ ਸਪਲਾਈ ਕੀਤੀ ਜਾਂਦੀ ਹੈ ਪਰ ਸੂਤਰਾਂ ਅਨੁਸਾਰ ਰਾਜ ਸਰਕਾਰ ਵਲੋਂ ਉਕਤ ਕੰਪਨੀਆਂ ਦੇ ਅਣਐਲਾਨੇ ਬੰਦ ਕੀਤੇ ਗਏ ਕੰਮ ਬਾਰੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਜਾ ਰਿਹਾ।

# ਪੰਜਾਬ ਦੀ ਸਕੂਲੀ ਸਿੱਖਿਆ ਬਾਰੇ ਦਾਅਵੇ ਹਕੀਕਤ ਤੋਂ ਕੋਹਾਂ ਦੂਰ

**ਚੰਡੀਗੜ੍ਹ:** ਮੁੱਢਲੀ ਸਿੱਖਿਆ ਦੇ ਮਿਆਰ ਵਿਚ ਲਗਾਤਾਰ ਆ ਰਹੀ ਗਿਰਾਵਟ ਬਾਰੇ ਸਾਹਮਣੇ ਆਈ ਹਕੀਕਤ ਨੇ ਪੰਜਾਬ ਸਰਕਾਰ ਦੇ ਸਿੱਖਿਆ ਖੇਤਰ ਵਿਚ ਵਿਕਾਸ ਦੇ ਦਾਅਵਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਇਕ ਗੈਰ-ਸਰਕਾਰੀ ਸੰਸਥਾ 'ਐਨੂਅਲ ਸਟੇਟਸ ਆਫ ਐਜੂਕੇਸ਼ਨ ਰਿਪੋਰਟ' (ਅਸਰ) ਵਲੋਂ ਹਾਲ ਹੀ ਵਿਚ ਕੀਤੇ ਗਏ ਇਕ ਅਧਿਐਨ ਮੁਤਾਬਕ ਸੂਬੇ ਦੇ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਤੀਜੀ ਤੋਂ ਪੰਜਵੀਂ ਜਮਾਤ ਵਿਚ ਪੜ੍ਹਦੇ 30% ਬੱਚੇ ਪਹਿਲੀ ਜਮਾਤ ਦੀਆਂ ਕਿਤਾਬਾਂ ਦੇ ਅੱਖਰ ਵੀ ਪੜ੍ਹਨ ਦੇ ਸਮਰੱਥ ਨਹੀਂ ਹਨ। ਹੋਰ ਤਾਂ ਹੋਰ, ਇਨ੍ਹਾਂ ਜਮਾਤਾਂ ਦੇ 11.9% ਬੱਚਿਆਂ ਨੂੰ ਇਕ ਤੋਂ 9 ਤੱਕ ਦੇ ਅੰਕਾਂ ਦੀ ਵੀ ਸਹੀ ਪਛਾਣ ਨਹੀਂ ਹੈ। 20.1% ਬੱਚੇ ਪੰਜਾਬੀ ਦੇ ਅੱਖਰਾਂ ਦੇ ਸ਼ਬਦ-ਜੋੜ ਬਣਾਉਣ ਤੇ 39.8% ਬੱਚੇ ਜਮ੍ਹਾਂ-ਘਟਾਉ ਦੇ ਸਵਾਲ ਕੱਢਣ ਦੇ ਵੀ ਸਮਰੱਥ ਨਹੀਂ ਹਨ। ਇਸ ਅਧਿਐਨ ਅਨੁਸਾਰ ਮੁੱਢਲੀ ਸਿੱਖਿਆ ਦੇ ਮਿਆਰ ਵਿਚ ਸਭ ਤੋਂ ਵੱਧ ਨਿਘਾਰ ਪਿਛਲੇ ਚਾਰ ਸਾਲਾਂ ਦੌਰਾਨ ਆਇਆ ਹੈ।

ਸਿੱਖਿਆ ਦੇ ਮਿਆਰ ਵਿਚ ਨਿਘਾਰ ਆਉਣ ਦੇ ਕਾਰਨਾਂ ਉਤੇ ਉਂਗਲ ਰੱਖਦਿਆਂ ਅਧਿਐਨ ਵਿਚ ਦੱਸਿਆ ਗਿਆ ਹੈ ਕਿ ਪੰਜਾਬ ਸਿੱਖਿਆ ਉਤੇ ਖਰਚੇ ਵਿਚ ਕਟੌਤੀ ਕਰ ਰਿਹਾ ਹੈ। ਰਿਪੋਰਟ ਅਨੁਸਾਰ ਪ੍ਰਤੀ ਵਿਦਿਆਰਥੀ ਸਲਾਨਾ ਖਰਚੇ ਪੱਖੋਂ ਮੁਲਕ ਦੇ 27 ਰਾਜਾਂ ਵਿਚੋਂ ਪੰਜਾਬ 21ਵੇਂ ਸਥਾਨ 'ਤੇ ਹੈ ਜਦਕਿ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਕ੍ਰਮਵਾਰ ਤੀਜੇ ਤੇ ਅੱਠਵੇਂ ਸਥਾਨ 'ਤੇ ਹਨ। ਇਸ ਸੰਸਥਾ ਵਲੋਂ ਸਮੁੱਚੇ ਰਾਜਾਂ ਦੇ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਤੇ ਨਿੱਜੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੀ ਪੜ੍ਹਾਈ ਦੇ ਮਿਅਰ ਦਾ ਅਧਿਐਨ ਕੀਤਾ ਗਿਆ ਹੈ। 'ਅਸਰ' ਦਾ ਇਹ ਅਧਿਐਨ 6 ਤੋਂ 14 ਸਾਲ ਤੱਕ ਦੀ

### 30% ਬੱਚਿਆਂ ਤੋਂ ਪਹਿਲੀ ਦੀ ਕਿਤਾਬ ਨਾ ਪੜ੍ਹ ਹੋਈ



ਉਮਰ ਦੇ ਸਕੂਲੀ ਬੱਚਿਆਂ 'ਤੇ ਆਧਾਰਤ ਹੈ। ਪੰਜਾਬ ਬਾਰੇ ਪੇਸ਼ ਕੀਤੀ ਰਿਪੋਰਟ ਤੋਂ ਹੈਰਾਨੀਜਨਕ ਤੱਥ ਇਹ ਸਾਹਮਣੇ ਆਏ ਹਨ ਕਿ ਪਿਛਲੇ ਚਾਰ ਸਾਲਾਂ ਦੌਰਾਨ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਮਿਆਰ ਡਿੱਗਿਆ ਹੈ। ਰਾਜ ਦੇ ਦਿਹਾਤੀ ਸਕੂਲਾਂ ਦੇ ਕੀਤੇ ਇਸ ਵਿਸ਼ੇਸ਼ ਅਧਿਐਨ ਦੀ ਇਹ ਰਿਪੋਰਟ ਸਕੂਲਾਂ ਦਾ ਮਿਆਰ ਉਚਾ ਚੁੱਕਣ ਦੇ ਸਰਕਾਰੀ ਦਾਅਵਿਆਂ ਦੀ ਪੂਰੀ ਤਰ੍ਹਾਂ ਪੋਲ ਖੋਲ੍ਹਦੀ ਹੈ।

ਪੰਜਾਬ ਦੇ ਨਿੱਜੀ ਸਕੂਲ ਜਿਨ੍ਹਾਂ 'ਤੇ ਅਕਸਰ ਮੋਟੀਆਂ ਫੀਸਾਂ ਬਟੋਰਨ ਦੇ ਦੋਸ਼ ਲਗਦੇ ਹਨ, ਵਿਚ ਬੱਚਿਆਂ ਦੀ ਗਿਣਤੀ ਵਧ ਰਹੀ ਹੈ। ਰਿਪੋਰਟ ਮੁਤਾਬਕ ਸਾਲ 2010 ਵਿਚ ਸੂਬੇ ਦੇ ਨਿੱਜੀ ਸਕੂਲਾਂ ਵਿਚ 38.03% ਬੱਚੇ ਪੜ੍ਹਦੇ ਸਨ, 2011 ਵਿਚ 39.64, 2012 ਵਿਚ 46.73 ਅਤੇ 2014 ਤੱਕ ਇਹ ਗਿਣਤੀ ਵਧ ਕੇ 49.54% ਹੋ ਗਈ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਸਰਕਾਰੀ ਸਕੂਲ ਲੋਕਾਂ ਵਿਚ ਲਗਾਤਾਰ ਭਰੋਸੇਯੋਗਤਾ ਗੁਆਉਂਦੇ ਜਾ ਰਹੇ ਹਨ। ਸਾਲ 2010 ਵਿਚ ਕੀਤੇ ਅਧਿਐਨ ਮੁਤਾਬਕ ਸਰਕਾਰੀ ਸਕੂਲਾਂ ਵਿਚ ਜਿਹੜੇ ਬੱਚੇ ਅੱਖਰਾਂ ਦੀ ਪਛਾਣ ਵੀ ਨਹੀਂ ਕਰ ਸਕਦੇ ਸਨ, ਉਨ੍ਹਾਂ ਦੀ ਗਿਣਤੀ 12.3% ਸੀ ਤੇ 2014 ਤੱਕ ਇਹ ਗਿਣਤੀ ਘਟਣ ਦੀ ਥਾਂ ਵਧ ਕੇ 20.1% ਹੋ ਗਈ ਹੈ। ਇਸੇ ਤਰ੍ਹਾਂ ਪਹਿਲੀ ਤੋਂ ਦੂਜੀ ਜਮਾਤ ਦੇ ਬੱਚੇ ਜਿਹੜੇ ਇਕ ਤੋਂ 9 ਅੰਕ ਤੱਕ ਦੀ ਪਛਾਣ ਨਹੀਂ ਸੀ ਕਰ ਸਕਦੇ, ਤਿੰਨ ਸਾਲ ਪਹਿਲਾਂ (2011) ਉਨ੍ਹਾਂ ਦੀ ਗਿਣਤੀ 9% ਸੀ ਜੋ ਤਾਜ਼ਾ ਅਧਿਐਨ ਵਿਚ ਵਧ ਕੇ 11.9% ਹੋ ਗਈ ਹੈ। ਤੱਥਾਂ ਮੁਤਾਬਕ ਮਾਝੇ ਵਿਚ ਚੰਗੇ ਹਾਲਾਤ ਨਜ਼ਰ ਆ ਰਹੇ ਹਨ ਤੇ ਮਾਲਵੇ ਵਿਚ ਵਧੇਰੇ ਨਿਘਾਰ ਆਇਆ ਹੋਇਆ ਹੈ। ਰਾਜ ਦੇ ਸਕੂਲਾਂ ਵਿਚ ਪ੍ਰਾਇਮਰੀ ਕਲਾਸਾਂ ਦੇ ਬੱਚਿਆਂ ਦੀ ਹੀ ਮਾੜੀ ਹਾਲਤ ਨਹੀਂ ਹੈ ਸਗੋਂ ਅੱਠਵੀਂ ਜਮਾਤ ਦੇ ਬੱਚਿਆਂ ਦੀ ਹਾਲਤ ਵੀ ਤਰਸਯੋਗ ਹੈ।

ਮਿਸਾਲ ਦੇ ਤੌਰ 'ਤੇ ਸਰਕਾਰੀ ਸਕੂਲਾਂ ਵਿਚ ਅੱਠਵੀਂ ਜਮਾਤ ਵਿਚ ਪੜ੍ਹ ਰਹੇ 32.5% ਬੱਚੇ ਤਾਂ ਅੰਗਰੇਜੀ ਦੇ ਸ਼ਬਦਾਂ ਦੇ ਅਰਥ ਵੀ ਨਹੀਂ ਜਾਣਦੇ ਤੇ 22.1% ਬੱਚਿਆਂ ਨੂੰ ਵਾਕਾਂ ਦੇ ਅਰਥ ਹੀ ਪਤਾ ਨਹੀਂ। ਜੇਕਰ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ ਬੱਚਿਆਂ ਦੀ ਔਸਤ ਦੇਖੀ ਜਾਵੇ ਤਾਂ 40.6% ਬੱਚਿਆਂ ਨੂੰ ਸ਼ਬਦਾਂ ਦੇ ਅਰਥਾਂ ਬਾਰੇ ਕੋਈ ਗਿਆਨ ਨਹੀਂ ਤੇ 30.2% ਬੱਚਿਆਂ ਨੂੰ ਵਾਕਾਂ ਦੇ ਅਰਥਾਂ ਦੀ ਸਮਝ ਨਹੀਂ ਹੈ। ਸਕੂਲਾਂ ਵਿਚ 18.6% ਬੱਚੇ ਤੇ 14.5% ਅਧਿਆਪਕ ਅਕਸਰ ਗੈਰ ਹਾਜ਼ਰ ਰਹਿੰਦੇ ਹਨ। ਸਰਕਾਰੀ ਸਕੂਲਾਂ ਵਿਚ ਬੱਚਿਆਂ ਦੀਆਂ ਬੁਨਿਆਦੀ ਸਹੂਲਤਾਂ ਦਾ ਜ਼ਿਕਰ ਕਰਦਿਆਂ ਰਿਪੋਰਟ ਵਿਚ ਕਿਹਾ ਗਿਆ ਹੈ ਕਿ 8.3% ਸਕੂਲਾਂ ਵਿਚ ਪੀਣ ਵਾਲੇ ਪਾਣੀ ਦੀ ਸਹੂਲਤ ਨਹੀਂ ਹੈ, 10.7% ਸਕੂਲਾਂ ਵਿਚ ਸਹੂਲਤ ਹੈ ਤਾਂ ਪੀਣ ਵਾਲਾ ਪਾਣੀ ਉਪਲਬਧ ਨਹੀਂ ਹੈ।

### ਸਰਕਾਰੀ ਸਕੂਲ ਸਿਰਫ ਗਰੀਬ ਬੱਚਿਆਂ ਲਈ!

ਸਰਵੇਖਣ ਤੋਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਸਿਰਫ ਗਰੀਬ ਵਰਗ ਦੇ ਬੱਚੇ ਹੀ ਪੜ੍ਹਨ ਜਾਂਦੇ ਹਨ, ਜਦਕਿ ਸਾਧਨ ਸੰਪਨ ਪਰਿਵਾਰਾਂ ਦੇ ਬੱਚੇ ਗੈਰ-ਸਰਕਾਰੀ ਸਕੂਲਾਂ ਵਿਚ ਪੜ੍ਹ ਰਹੇ ਹਨ। ਰਿਪੋਰਟ ਅਨੁਸਾਰ 2011 ਵਿਚ ਸੂਬੇ ਦੇ ਪ੍ਰਾਈਵੇਟ ਸਕੂਲਾਂ ਵਿਚ 38.3% ਬੱਚੇ ਪੜ੍ਹਦੇ ਸਨ, ਪਰ 2014 ਵਿਚ ਇਹ ਗਿਣਤੀ ਵਧ ਕੇ 49.54% ਹੋ ਗਈ ਹੈ।

ਸੂਬੇ ਦੇ ਲੋਕਾਂ ਦਾ ਆਪਣੇ ਬੱਚਿਆਂ ਦੀ ਪੜ੍ਹਾਈ ਪੱਖੋਂ ਸਰਕਾਰੀ ਸਕੂਲਾਂ ਤੋਂ ਮੋਹ ਭੰਗ ਹੋਣ ਦਾ ਮੁੱਖ ਕਾਰਨ ਇਨ੍ਹਾਂ ਦੀ ਸਿੱਖਿਆ ਦੇ ਮਿਆਰ ਵਿਚ ਗਿਰਾਵਟ ਨੂੰ ਮੰਨਿਆ ਜਾ ਰਿਹਾ ਹੈ। ਪੜ੍ਹਾਈ ਤੋਂ ਇਲਾਵਾ ਸਰਕਾਰੀ ਸਕੂਲਾਂ ਵਿਚ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਬੱਚਿਆਂ ਲਈ ਪੀਣ ਵਾਲੇ ਪਾਣੀ, ਪਖਾਨਿਆਂ ਤੇ ਲਾਇਬ੍ਰੇਰੀ ਜਿਹੀਆਂ ਸਹੂਲਤਾਂ ਦੀ ਵੀ ਘਾਟ ਹੈ। ਸਰਕਾਰੀ ਸਕੂਲਾਂ ਵਿਚ ਲੋੜੀਂਦੇ ਅਧਿਆਪਕਾਂ ਦੀ ਵੀ ਘਾਟ ਲੰਮੇ ਸਮੇਂ ਤੋਂ ਚੱਲਦੀ ਆ ਰਹੀ ਹੈ। ਇਸ ਤੋਂ ਇਲਾਵਾ 14.5% ਅਧਿਆਪਕ ਅਕਸਰ ਸਕੂਲੋਂ ਗੈਰਹਾਜ਼ਰ ਰਹਿੰਦੇ ਹਨ, ਜਦੋਂਕਿ ਤਕਰੀਬਨ ਅੱਧੇ ਅਧਿਆਪਕ ਸਰਕਾਰ ਵਲੋਂ ਠੋਸੇ ਗਏ ਗੈਰ-ਅਧਿਆਪਨ ਕਾਰਜਾਂ ਵਿਚ ਲੱਗੇ ਰਹਿੰਦੇ ਹਨ।

# ਆਬੂਧਾਬੀ ਜੇਲ੍ਹ 'ਚ ਬੰਦ ਪੰਜਾਬੀ ਨੌਜਵਾਨ ਅਣਮਨੁੱਖੀ ਤਸ਼ੱਦਦ ਦਾ ਸ਼ਿਕਾਰ

**ਅੰਮ੍ਰਿਤਸਰ:** ਅਬੂਧਾਬੀ ਦੀ ਅਲਵਤਬਾ ਜੇਲ੍ਹ ਵਿਚ ਬੰਦ ਪੰਜਾਬ ਦੇ 20 ਨੌਜਵਾਨਾਂ 'ਤੇ ਅਣਮਨੁੱਖੀ ਤਸ਼ੱਦਦ ਕੀਤਾ ਜਾ ਰਿਹਾ ਹੈ। ਜੇਲ੍ਹ ਕਰਮਚਾਰੀ ਇਨ੍ਹਾਂ ਨੌਜਵਾਨਾਂ 'ਤੇ ਧਰਮ ਤਬਦੀਲ ਕਰਨ ਲਈ ਵੀ ਦਬਾਅ ਪਾਉਂਦੇ ਹਨ। ਹਾਲ ਹੀ ਵਿਚ ਇਸੇ ਜੇਲ੍ਹ ਤੋਂ ਰਿਹਾ ਹੋ ਕੇ ਆਏ ਕਰਨਾਟਕਾ ਵਾਸੀ ਸਦਾਨੰਦ ਗੋਬਿੰਦ ਨੇ ਜੇਲ੍ਹ ਵਿਚ ਬੰਦ ਅੰਮ੍ਰਿਤਸਰ ਦੇ ਇਕ ਨੌਜਵਾਨ ਦੇ ਮਾਪਿਆਂ ਨਾਲ ਮੁਲਾਕਾਤ ਕੀਤੀ ਤੇ ਇਹ ਸਾਰੀ ਦਾਸਤਾਨ ਦੱਸੀ। ਸਦਾਨੰਦ ਇਥੇ ਪਿੰਡ ਮੀਰਾਂਕੋਟ ਵਿਚ ਸੁਖਵੰਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਮਿਲਿਆ ਤੇ ਉਸ ਦੇ ਜੇਲ੍ਹ ਵਿਚ ਠੀਕ-ਠਾਕ ਹੋਣ ਬਾਰੇ ਜਾਣਕਾਰੀ ਦਿੱਤੀ।

ਸੁਖਵੰਤ ਸਿੰਘ ਨਵੰਬਰ 2011 ਤੋਂ ਅਬੂਧਾਬੀ ਦੀ ਜੇਲ੍ਹ ਵਿਚ ਬੰਦ ਹੈ। ਉਸ ਉਪਰ ਇਕ ਪਾਕਿਸਤਾਨੀ ਨਾਗਰਿਕ ਨੂੰ ਕਤਲ ਕਰਨ ਦਾ ਦੋਸ਼ ਹੈ। ਇਸ ਮਾਮਲੇ ਵਿਚ ਹੋਰ ਵੀ ਨੌਜਵਾਨ ਜੇਲ੍ਹ ਵਿਚ ਬੰਦ ਹਨ। ਸੁਖਵੰਤ ਸਿੰਘ ਦੇ ਭਰਾ ਭਗਵੰਤ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ ਸਮੇਤ ਤਿੰਨ ਹੋਰ ਨੌਜਵਾਨ ਅਮਨਦੀਪ ਸਿੰਘ ਤੇ ਧਰਮਿੰਦਰ ਸਿੰਘ ਬਠਿੰਡਾ ਤੋਂ ਅਤੇ ਜਸਵਿੰਦਰ ਸਿੰਘ ਹੁਸ਼ਿਆਰਪੁਰ ਤੋਂ ਇਸੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਸਨ। ਉਨ੍ਹਾਂ 'ਤੇ ਪਾਕਿਸਤਾਨੀ ਨਾਗਰਿਕ ਹੀਰੋ ਦੇ ਕਤਲ ਦਾ ਦੋਸ਼ ਲਾਇਆ ਗਿਆ ਸੀ। ਭਗਵੰਤ ਨੇ ਦੱਸਿਆ ਕਿ ਉਸ ਦੇ ਭਰਾ ਨੇ 29 ਨਵੰਬਰ 2011 ਨੂੰ ਅੰਮ੍ਰਿਤਸਰ ਆਉਣਾ ਸੀ ਪਰ ਉਸ ਨੂੰ 27 ਨਵੰਬਰ ਨੂੰ ਉਥੇ ਗ੍ਰਿਫਤਾਰ ਕਰ ਲਿਆ ਗਿਆ। ਉਸ ਸਣੇ 4 ਨੌਜਵਾਨਾਂ ਨੂੰ ਇਸ ਮਾਮਲੇ ਵਿਚ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਇਸ ਮਾਮਲੇ ਵਿਚ ਪੁਲਿਸ ਨੇ ਪਹਿਲਾਂ ਸੱਤ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਸੀ ਜਦਕਿ ਬਾਕੀ ਛੱਡ ਦਿੱਤੇ ਗਏ ਹਨ। ਸਦਾਨੰਦ ਨੇ ਦੱਸਿਆ ਕਿ ਉਹ ਤੇ ਸੁਖਵੰਤ ਇਕੋ ਜੇਲ੍ਹ ਵਿਚ ਸਨ ਤੇ ਇਸੇ ਜੇਲ੍ਹ ਵਿਚ ਕਰੀਬ 20 ਪੰਜਾਬੀ ਨੌਜਵਾਨ ਬੰਦ ਹਨ, ਜਿਨ੍ਹਾਂ ਨਾਲ ਜੇਲ੍ਹ ਵਿਚ ਅਣਮਨੁੱਖੀ ਤਸ਼ੱਦਦ ਕੀਤਾ ਜਾਂਦਾ ਹੈ। ਜੇਲ੍ਹ ਕਰਮਚਾਰੀ ਭਾਰਤੀ ਕੈਦੀਆਂ 'ਤੇ ਧਰਮ ਤਬਦੀਲ ਕਰਨ ਲਈ ਵੀ ਦਬਾਅ ਪਾਉਂਦੇ ਹਨ। ਪੀੜਤ ਪਰਿਵਾਰ ਨੇ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਉਹ ਇਸ ਮਾਮਲੇ ਨੂੰ ਕੌਮੀ ਪੱਧਰ 'ਤੇ ਉਠਾਏ ਤੇ ਜੇਲ੍ਹ ਵਿਚ ਬੰਦ ਪੰਜਾਬੀ ਨੌਜਵਾਨਾਂ ਨੂੰ ਰਿਹਾ ਕਰਵਾਇਆ ਜਾਵੇ।

## ਅਮਰੀਕੀ ਅਦਾਲਤ ਵਲੋਂ ਮੋਦੀ 'ਤੇ ਕੇਸ ਚਲਾਉਣ ਤੋਂ ਨਾਂਹ

**ਨਿਊ ਯਾਰਕ:** ਅਮਰੀਕਾ ਦੀ ਇਕ ਅਦਾਲਤ ਨੇ ਇਥੇ ਮਨੁੱਖੀ ਅਧਿਕਾਰਾਂ ਦੀ ਜਥੇਬੰਦੀ ਵੱਲੋਂ ਗੁਜਰਾਤ ਵਿਚ 2002 ਦੇ ਦੰਗਿਆਂ ਸਬੰਧੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਖ਼ਿਲਾਫ਼ ਦਾਇਰ ਕੇਸ ਖਾਰਜ ਕਰ ਦਿੱਤਾ ਹੈ।

ਅਦਾਲਤ ਨੇ ਇਸ ਬਾਰੇ ਓਬਾਮਾ ਪ੍ਰਸ਼ਾਸਨ ਦੇ ਇਸ ਸਟੈਂਡ ਦਾ ਹਵਾਲਾ ਦਿੱਤਾ ਕਿ ਵਿਦੇਸ਼ੀ ਸਰਕਾਰ ਦਾ ਮੌਜੂਦਾ ਮੁਖੀ ਹੋਣ ਦੇ ਨਾਤੇ ਉਨ੍ਹਾਂ (ਮੋਦੀ) ਨੂੰ ਅਦਾਲਤ ਵਿਚ ਪੇਸ਼ ਹੋਣ ਤੋਂ ਛੋਟ ਮਿਲੀ ਹੋਈ ਹੈ। ਨਿਊਯਾਰਕ ਦੇ ਸਦਰਨ ਡਿਸਟ੍ਰਿਕਟ ਦੀ ਜੱਜ ਐਨਾਲੀਜ਼ਾ ਟੌਰਿਜ਼ ਨੇ ਫ਼ੈਸਲੇ ਵਿਚ ਕਿਹਾ ਕਿ ਦਲੀਲਾਂ ਨੂੰ ਕੇਸ ਚਲਾਉਣ ਦਾ ਵਾਜਬ ਆਧਾਰ ਨਹੀਂ ਮੰਨਿਆ ਜਾ ਸਕਦਾ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)



# ਬਾਜਵਾ ਤੇ ਕੈਪਟਨ ਵਿਚਾਲੇ ਜੰਗ ਅੱਗੇ ਹਾਈਕਮਾਨ ਵੀ ਬੇਵੱਸ

## ਕੈਪਟਨ ਖੇਮਾ ਹੁਣ ਵਿਵਾਦ ਨੂੰ ਕਿਸੇ ਇਕ ਪਾਸੇ ਲਾਉਣ ਲਈ ਹੋਇਆ ਬਜ਼ਿੱਦ



**ਚੰਡੀਗੜ੍ਹ:** ਪੰਜਾਬ ਕਾਂਗਰਸ ਆਗੂਆਂ ਵਿਚ ਪ੍ਰਧਾਨਗੀ ਨੂੰ ਲੈ ਕੇ ਚੱਲ ਰਿਹਾ ਕਲੇਸ਼ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ ਤੇ ਹਾਈਕਮਾਨ ਹਾਲਾਤ ਬਾਰੇ ਸਭ ਕੁਝ ਜਾਣਦੇ ਹੋਏ ਵੀ ਕੁਝ ਕਰਨ ਤੋਂ ਅਸਮਰੱਥ ਨਜ਼ਰ ਆ ਰਹੀ ਹੈ। ਕੈਪਟਨ ਖੇਮਾ ਹੁਣ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਦੇ ਵਿਵਾਦ ਨੂੰ ਕਿਸੇ ਇਕ ਪਾਸੇ ਲਾਉਣ ਲਈ ਬਜ਼ਿੱਦ ਹੈ। ਅੰਮ੍ਰਿਤਸਰ ਦੇ ਸੰਸਦ ਮੈਂਬਰ ਤੇ ਕਾਂਗਰਸ ਦੇ ਲੋਕ ਸਭਾ ਵਿਚ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਧੜੇ ਵਲੋਂ ਤੈਅਸ਼ੁਦਾ ਨੀਤੀ ਅਧੀਨ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਅੱਖੋਂ-ਪਰੋਖੇ ਕਰਨ ਦਾ ਮਨ ਬਣਾ ਲਿਆ ਹੈ। ਦੋਵੇਂ ਆਗੂ ਹਾਈਕਮਾਨ ਨੂੰ ਆਪਣੇ ਦੁਖੜੇ ਦੱਸ ਚੁੱਕੇ ਹਨ ਪਰ ਪਾਰਟੀ ਕਿਸੇ ਵੀ ਧਿਰ ਨੂੰ ਨਾਰਾਜ਼ ਕਰਨ ਦੇ ਮੂਡ ਵਿਚ ਨਹੀਂ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੂੰ ਅੱਖੋਂ-ਪਰੋਖੇ ਕਰਕੇ ਅੰਮ੍ਰਿਤਸਰ ਵਿਖੇ 24 ਜਨਵਰੀ ਨੂੰ ਕੀਤੀ ਜਾ ਰਹੀ ਰੈਲੀ ਇਸੇ ਰਣਨੀਤੀ ਦੀ ਪਹਿਲੀ ਕੜੀ ਮੰਨੀ ਜਾ ਰਹੀ ਹੈ। ਸੂਤਰਾਂ ਅਨੁਸਾਰ ਇਸ ਧਿਰ ਵਲੋਂ 24 ਜਨਵਰੀ ਦੀ ਰੈਲੀ ਨੂੰ ਲਾਮਿਸਾਲ ਬਣਾਉਣ ਲਈ ਹਰੇਕ ਟਿਲ ਲਾਉਣ ਦੀ ਧਾਰ ਲਈ ਹੈ। ਇਸ ਤੋਂ ਬਾਅਦ ਵੀ ਆਨੇ-ਬਹਾਨੇ ਕੈਪਟਨ ਦੀ ਅਗਵਾਈ ਹੇਠ ਰਾਜ ਦੇ ਹੋਰਨਾਂ ਹਿੱਸਿਆਂ ਵਿਚ ਇਕੱਠ ਕਰਨ ਦੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ।

ਸੂਤਰਾਂ ਅਨੁਸਾਰ ਕੈਪਟਨ ਦੇ ਸਮਰਥਕਾਂ ਨੇ ਉਨ੍ਹਾਂ ਨੂੰ ਸ੍ਰੀ ਬਾਜਵਾ ਦਾ ਕਿਸੇ ਵੀ ਰੂਪ ਵਿਚ ਜ਼ਿਕਰ ਕੀਤੇ ਬਿਨਾਂ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਆਪਣੇ ਪੱਧਰ 'ਤੇ ਪ੍ਰੋਗਰਾਮਾਂ ਦੀ ਲੜੀ ਚਲਾਉਣ ਦੀ ਸਲਾਹ ਦਿੱਤੀ ਹੈ। ਤਕਰੀਬਨ ਸਾਰੇ ਸਮਰਥਕਾਂ ਨੇ 11 ਜਨਵਰੀ ਨੂੰ 'ਲੰਚ ਮੀਟਿੰਗ' ਦੌਰਾਨ ਉਨ੍ਹਾਂ ਨੂੰ ਰਾਜ ਵਿਚ ਸਰਗਰਮ ਹੋਣ ਲਈ ਪ੍ਰੇਰਿਆ ਹੈ। ਸੂਤਰਾਂ ਅਨੁਸਾਰ ਹਾਈ ਕਮਾਂਡ ਵਲੋਂ ਸ. ਬਾਜਵਾ ਦੇ ਮੁੱਦੇ ਉਪਰ ਪਿਛਲੇ ਲੰਮੇ ਸਮੇਂ ਤੋਂ ਸੁਣਵਾਈ ਨਾ ਕਰਨ ਕਾਰਨ ਇਸ ਧਿਰ ਵਲੋਂ ਸਿੱਧੀ ਲਕੀਰ ਖਿੱਚੀ ਜਾ ਰਹੀ ਹੈ।

ਇਸ ਤਰ੍ਹਾਂ ਕੈਪਟਨ ਧਿਰ ਨੇ ਆਪਣੇ ਪੱਧਰ 'ਤੇ ਹੀ ਪੰਜਾਬ ਵਿਚ ਪ੍ਰੋਗਰਾਮ ਚਲਾ ਕੇ ਸ. ਬਾਜਵਾ ਨੂੰ ਅਲੱਗ-ਥਲੱਗ ਕਰਨ ਦਾ ਨਵਾਂ ਰਾਹ ਲੱਭਿਆ ਹੈ। ਕੈਪਟਨ ਧੜਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੂੰ ਅੱਖੋਂ-ਪਰੋਖੇ ਕਰਕੇ ਪ੍ਰੋਗਰਾਮ ਉਲੀਕ ਕੇ ਜਿਥੇ ਹਾਈ ਕਮਾਂਡ ਨੂੰ ਵੀ ਰਾਜ ਵਿਚਲੀ ਆਪਣੀ ਹੋਂਦ ਦਿਖਾਉਣਾ ਚਾਹੁੰਦਾ ਹੈ, ਉਥੇ ਵਿਧਾਇਕ ਆਪੋ-ਆਪਣੇ ਹਲਕਿਆਂ ਦੇ ਵੋਟਰਾਂ ਦੀ ਲਾਮਬੰਦੀ ਕਰਨ ਦੇ ਯਤਨਾਂ ਵਿਚ ਵੀ ਹੈ। ਹੁਣ ਕੈਪਟਨ ਖੇਮੇ ਦੇ ਇਨ੍ਹਾਂ ਤਿੱਖੇ ਤੇਵਰਾਂ ਨੂੰ ਦੇਖਦਿਆਂ ਹਾਈ ਕਮਾਂਡ ਵਿਚ ਵੀ ਹਲਚਲ ਹੋਈ ਹੈ ਕਿਉਂਕਿ ਕੈਪਟਨ ਨੇ ਦਿੱਲੀ ਵਿਖੇ ਕਾਂਗਰਸ ਕਾਰਜਕਾਰਨੀ ਕਮੇਟੀ ਦੀ ਅਹਿਮ ਮੀਟਿੰਗ ਤੋਂ ਵੀ ਕਿਨਾਰਾ ਕਰਕੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਬੜਾ ਸਖ਼ਤ ਸੰਕੇਤ ਦੇ ਦਿੱਤਾ ਹੈ। ਦੂਸਰੇ ਪਾਸੇ ਸ. ਬਾਜਵਾ ਵਲੋਂ ਵੀ ਦਿੱਲੀ ਜਾ ਕੇ ਆਪਣੀ ਸਾਰੀ ਸਥਿਤੀ ਸਪੱਸ਼ਟ ਕਰਨ ਦੀ ਤਿਆਰੀ ਕਰ ਲਈ ਹੈ। ਸੂਤਰਾਂ ਅਨੁਸਾਰ ਹਾਈ ਕਮਾਂਡ ਪੰਜਾਬ ਕਾਂਗਰਸ ਦੇ ਕਲੇਸ਼ ਨੂੰ ਸਮੇਟਣ ਲਈ ਛੇਤੀ ਹੀ ਕੋਈ ਰਾਹ ਕੱਢ ਸਕਦੀ ਹੈ, ਜਿਸ ਨਾਲ ਕੈਪਟਨ ਤੇ ਸ. ਬਾਜਵਾ ਨੂੰ ਛੱਡ ਕੇ ਪ੍ਰਧਾਨ ਦੇ ਅਹੁਦੇ ਲਈ ਕਿਸੇ ਤੀਜੇ ਦਾ ਦਾਅ ਲੱਗ ਸਕਦਾ ਹੈ।

ਉਧਰ ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਦੀਆਂ ਹਦਾਇਤਾਂ 'ਤੇ ਹੀ ਅੰਮ੍ਰਿਤਸਰ ਵਿਖੇ ਡਰੱਗ ਦੇ ਮੁੱਦੇ ਉਪਰ ਕੈਪਟਨ ਦੀ ਅਗਵਾਈ ਹੇਠ ਰੈਲੀ ਹੋ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕੈਪਟਨ ਨੇ ਪਿਛਲੇ ਦਿਨੀਂ ਜਦੋਂ ਦਿੱਲੀ ਵਿਖੇ ਸੋਨੀਆ ਗਾਂਧੀ ਨਾਲ ਮੁਲਾਕਾਤ ਕੀਤੀ ਸੀ ਤਾਂ ਉਸ ਵੇਲੇ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਵਲੋਂ ਅੰਮ੍ਰਿਤਸਰ ਵਿਖੇ ਡਰੱਗ ਦੇ ਮੁੱਦੇ ਉਪਰ ਕੀਤੀ ਜਾਣ ਵਾਲੀ ਰੈਲੀ ਉਪਰ ਵੀ ਚਰਚਾ ਹੋਈ ਸੀ, ਜਿਸ ਦੌਰਾਨ ਸੋਨੀਆ ਗਾਂਧੀ ਨੇ ਕਿਹਾ ਸੀ ਕਿ ਸ੍ਰੀ ਸ਼ਾਹ ਦੇ ਮੁਕਾਬਲੇ ਰੈਲੀ ਕਰਨ ਦੀ ਸਮਰੱਥਾ ਸਿਰਫ ਕੈਪਟਨ ਹੀ ਰੱਖਦੇ ਹਨ। ਇਸ ਲਈ ਉਹ ਹਾਈ ਕਮਾਂਡ ਦੇ ਕਹੇ ਅਨੁਸਾਰ ਹੀ ਰੈਲੀ ਕਰ ਰਹੇ ਹਨ। ਸ੍ਰੀ ਜਾਖੜ ਅਨੁਸਾਰ ਹਾਈ ਕਮਾਨ ਪੰਜਾਬ ਦੇ ਹਰੇਕ ਲੀਡਰ ਦੀ ਸਮਰੱਥਾ ਤੇ ਕੱਦ ਤੋਂ ਜਾਣੂ ਹੈ।

## ਕਿਸੇ ਵੀ ਮੁੱਦੇ 'ਤੇ ਇਕਸੁਰ ਨਹੀਂ ਬਾਜਵਾ ਤੇ ਕੈਪਟਨ

ਪ੍ਰਤਾਪ ਸਿੰਘ ਬਾਜਵਾ ਵਲੋਂ ਪ੍ਰਧਾਨਗੀ ਦੀ ਦਾਅਵੇਦਾਰੀ ਜਤਾਏ ਜਾਣ ਤੋਂ ਲੈ ਕੇ ਹਾਈਕਮਾਨ ਵਲੋਂ ਮਾਰਚ 2013 ਦੌਰਾਨ ਪ੍ਰਧਾਨ ਥਾਪੇ ਜਾਣ ਸਮੇਤ ਹਰੇਕ ਮਾਮਲੇ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਬਾਜਵਾ ਦੀ ਸ਼ਰੇਆਮ ਵਿਰੋਧਤਾ ਕੀਤੀ ਹੈ।

ਨਸ਼ਿਆਂ ਦੇ ਮਾਮਲੇ ਵਿਚ ਸ. ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਕਾਂਗਰਸ ਵਲੋਂ ਬਿਕਰਮ ਸਿੰਘ ਮਜੀਠੀਆ ਤੇ ਨਸ਼ਾ ਤਸਕਰ ਜਗਦੀਸ਼ ਸਿੰਘ ਭੋਲਾ ਖਿਲਾਫ ਖੋਲਿਆ ਮੋਰਚਾ ਤੇ ਸੀ.ਬੀ.ਆਈ. ਜਾਂਚ ਦੀ ਮੰਗ ਦੇ ਇਲਾਵਾ ਪੰਜਾਬ ਕਾਂਗਰਸ ਦੇ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਸਮੇਤ ਅਕਾਲੀ ਭਾਜਪਾ ਗੱਠਜੋੜ ਸਰਕਾਰ ਨੂੰ ਘੇਰਨ ਲਈ ਬਾਜਵਾ ਵਲੋਂ ਕੀਤੀਆਂ ਗਈਆਂ ਵੱਖ-ਵੱਖ ਕੋਸ਼ਿਸ਼ਾਂ ਵਿਚ ਕਦੇ ਵੀ ਕੈਪਟਨ ਧੜੇ ਨੇ ਬਾਜਵਾ ਦੀ ਹਮਾਇਤ ਨਹੀਂ ਕੀਤੀ। ਕੈਪਟਨ ਵਲੋਂ ਅੰਮ੍ਰਿਤਸਰ ਵਿਚ ਭਾਜਪਾ ਵਿਰੁਧ ਕੀਤੀ ਜਾ ਰਹੀ ਲਲਕਾਰ ਰੈਲੀ ਬਾਰੇ ਬਾਜਵਾ ਸਮਰਥਕ ਇਹ ਦਾਅਵਾ ਕਰ ਰਹੇ ਹਨ ਕਿ ਹਾਈਕਮਾਨ ਨੇ ਲੋਕ ਸਭਾ ਵਿਚ ਵਿਰੋਧੀ ਧਿਰ ਦਾ ਉਪ ਨੇਤਾ ਬਣਾ ਕੇ ਕੈਪਟਨ ਨੂੰ ਵੱਡਾ ਮਾਣ ਦਿੱਤਾ ਸੀ ਪਰ ਕੈਪਟਨ ਨੇ ਸਰਦ ਰੁੱਤ ਦੇ ਇਜਲਾਸ ਦੌਰਾਨ ਇਕ ਦਿਨ ਵੀ ਸੰਸਦ ਵਿਚ ਹਾਜ਼ਰੀ ਨਹੀਂ ਭਰੀ ਤੇ ਨਾ ਹੀ ਉਹ ਬਤੌਰ ਵਿਧਾਇਕ ਪੰਜਾਬ ਵਿਧਾਨ ਸਭਾ ਵਿਚ ਹਾਜ਼ਰ ਹੁੰਦੇ ਰਹੇ ਹਨ।

## ਕੈਪਟਨ ਅੰਮ੍ਰਿਤਸਰ ਦੇ ਵੋਟਰਾਂ ਨਾਲ ਨਿਆਂ ਕਰੇ: ਬਾਜਵਾ

**ਨਵੀਂ ਦਿੱਲੀ:** ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਬਾਗੀ ਸੁਰ ਉਠਾ ਰਹੇ ਅੰਮ੍ਰਿਤਸਰ ਤੋਂ ਕਾਂਗਰਸੀ ਸੰਸਦ ਮੈਂਬਰ ਤੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਨੂੰ ਸੂਬੇ ਦੀ ਰਾਜਨੀਤੀ ਵਿਚ ਦਖਲ-ਅੰਦਾਜ਼ੀ ਬੰਦ ਕਰਕੇ, ਉਨ੍ਹਾਂ ਵੋਟਰਾਂ ਪ੍ਰਤੀ ਆਪਣਾ ਫਰਜ਼ ਨਿਭਾਉਣ ਨੂੰ ਕਿਹਾ ਜਿਨ੍ਹਾਂ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਜਿਤਾਇਆ ਹੈ। ਉਨ੍ਹਾਂ ਕਿਹਾ ਕਿ ਕੈਪਟਨ ਨੇ ਕਈ ਵਾਰ ਲਕਸ਼ਮਣ ਰੇਖਾ ਤੋਂ ਬਾਹਰ ਜਾ ਕੇ ਬਹੁਤ ਸਾਰੀਆਂ ਗੱਲਾਂ ਕੀਤੀਆਂ ਹਨ, ਜਿਨ੍ਹਾਂ ਦੇ ਜਵਾਬ ਉਹ ਵੀ ਦੇ ਸਕਦੇ ਸਨ, ਪਰ ਪਾਰਟੀ ਦਾ ਅਨੁਸ਼ਾਸਤ ਕਾਰਜਕਰਤਾ ਹੋਣ ਕਾਰਨ ਉਨ੍ਹਾਂ ਨੇ ਆਪਣੀਆਂ ਭਾਵਨਾਵਾਂ 'ਤੇ ਕਾਬੂ ਪਾਉਣ ਦਾ ਯਤਨ ਕੀਤਾ। ਸ. ਬਾਜਵਾ ਨੇ ਕਿਹਾ ਕਿ ਪਾਰਟੀ ਦੀ ਹਾਰ ਕਾਰਨ ਉਨ੍ਹਾਂ ਤੋਂ ਅਸਤੀਫ਼ਾ ਮੰਗ ਰਹੇ ਕੈਪਟਨ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕਾਂਗਰਸ ਲਗਾਤਾਰ ਦੋ ਵਾਰ ਕੈਪਟਨ ਦੀ ਅਗਵਾਈ ਵਿਚ ਵਿਧਾਨ ਸਭਾ ਚੋਣਾਂ ਹਾਰੀ ਹੈ।

## ਕਾਂਗਰਸ ਦੀ ਲਲਕਾਰ ਰੈਲੀ ਹੁਣ 24 ਨੂੰ

**ਅੰਮ੍ਰਿਤਸਰ:** ਕਾਂਗਰਸ ਵਲੋਂ ਨਸ਼ਿਆਂ ਖਿਲਾਫ ਕੀਤੀ ਜਾ ਰਹੀ ਲਲਕਾਰ ਰੈਲੀ ਹੁਣ 22 ਦੀ ਥਾਂ 24 ਜਨਵਰੀ ਨੂੰ ਹੋਵੇਗੀ। ਇਹ ਰੈਲੀ ਉਸੇ ਥਾਂ 'ਤੇ ਰਣਜੀਤ ਐਵੇਨਿਊ ਵਿਖੇ ਕੀਤੀ ਜਾ ਰਹੀ ਹੈ, ਜਿਥੇ ਇਸ ਤੋਂ ਪਹਿਲਾਂ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਆਮਦ 'ਤੇ 22 ਜਨਵਰੀ ਨੂੰ ਕਰਨ ਦਾ ਪ੍ਰੋਗਰਾਮ ਸੀ। ਇਸ ਦੀ ਜਾਣਕਾਰੀ ਕਾਂਗਰਸ ਦੇ ਹਲਕਾ ਉਤਰੀ ਦੇ ਇੰਚਾਰਜ ਕਰਮਜੀਤ ਸਿੰਘ ਰਿੰਟੂ ਦਿੱਤੀ। ਉਨ੍ਹਾਂ ਕਿਹਾ ਕਿ 24 ਜਨਵਰੀ ਦੀ ਨਸ਼ਾ ਵਿਰੋਧੀ ਰੈਲੀ ਦੀ ਗੂੰਜ ਪੰਜਾਬ ਹੀ ਨਹੀਂ ਬਲਕਿ ਦੇਸ਼ ਭਰ ਵਿਚ ਕਾਂਗਰਸ ਲਈ ਵੀ ਸੰਜੀਵਨੀ ਸਿੱਧ ਹੋਵੇਗੀ।

# ਕਾਂਗਰਸੀ ਵਿਧਾਇਕ ਅਰਵਿੰਦ ਖੰਨਾ ਵਲੋਂ ਅਸਤੀਫਾ



**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਤੇ ਵਿਧਾਨ ਸਭਾ ਹਲਕਾ ਧੂਰੀ ਦੇ ਕਾਂਗਰਸੀ ਵਿਧਾਇਕ ਅਰਵਿੰਦ ਖੰਨਾ ਨੇ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਦੱਸਣਯੋਗ ਹੈ ਕਿ ਸ੍ਰੀ ਖੰਨਾ ਨੇ ਪਹਿਲਾਂ ਵੀ ਅਸਤੀਫਾ ਦਿੱਤਾ ਸੀ ਪਰ ਉਸ ਵੇਲੇ ਕੈਪਟਨ ਨੇ ਅਸਤੀਫਾ ਵਾਪਸ ਲੈਣ ਲਈ ਮਨਾ ਲਿਆ ਸੀ। ਸ੍ਰੀ ਖੰਨਾ ਨੇ ਕਿਹਾ ਕਿ ਉਸ ਨੇ ਆਪਣੇ ਪਰਿਵਾਰ ਤੇ ਵਪਾਰ ਵੱਲ ਪੂਰਾ ਸਮਾਂ ਦੇਣ ਲਈ ਵਿਧਾਨ ਸਭਾ ਤੋਂ ਅਸਤੀਫ਼ਾ ਦੇਣ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰਨਾਂ ਕਰਕੇ ਉਹ ਸਰਗਰਮ ਸਿਆਸਤ ਤੋਂ ਵੀ ਦੂਰ ਰਹਿਣਾ ਚਾਹੁੰਦੇ ਹਨ। ਉਨ੍ਹਾਂ ਪਹਿਲਾਂ ਪਿਛਲੇ ਸਾਲ ਅਪਰੈਲ ਵਿਚ ਵੀ ਅਸਤੀਫਾ ਦਿੱਤਾ ਸੀ ਪਰ ਉਸ ਵੇਲੇ ਅਖੀਰਲੇ ਸਮੇਂ ਕੁਝ ਵਿਸ਼ੇਸ਼ ਕਾਰਨਾਂ ਕਰਕੇ ਉਨ੍ਹਾਂ ਨੂੰ ਇਸ ਫੈਸਲੇ ਤੋਂ ਪਿੱਛੇ ਹਟਣਾ ਪਿਆ ਸੀ। ਉਨ੍ਹਾਂ ਨੇ ਆਪਣੇ ਇਸ ਫੈਸਲੇ ਦੀ ਜਾਣਕਾਰੀ ਪਹਿਲਾਂ ਹੀ ਪਾਰਟੀ ਲੀਡਰਸ਼ਿਪ ਨੂੰ ਦੇ ਦਿੱਤੀ ਹੈ। ਦਰਅਸਲ ਜਦੋਂ ਪਿਛਲੇ ਵਰ੍ਹੇ ਸ੍ਰੀ ਖੰਨਾ ਨੇ ਅਸਤੀਫ਼ਾ ਦਿੱਤਾ ਸੀ ਤਾਂ ਅਚਨਚੇਤ ਪਾਰਟੀ ਵਲੋਂ ਕੈਪਟਨ ਨੂੰ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਚੋਣ ਲੜਾਉਣ ਕਾਰਨ ਉਨ੍ਹਾਂ ਨੂੰ ਨਿਜੀ ਸਾਂਝ ਕਾਰਨ ਇਹ ਫੈਸਲਾ ਵਾਪਸ ਲੈਣਾ ਪਿਆ ਸੀ।

ਸ੍ਰੀ ਖੰਨਾ ਆਪਣੇ ਵਪਾਰ ਦੇ ਰੁਝੇਵਿਆਂ ਕਾਰਨ ਅਕਸਰ ਵਿਦੇਸ਼ ਦੌਰੇ ਉਤੇ ਰਹਿੰਦੇ ਹਨ। ਸ੍ਰੀ ਖੰਨਾ ਵਲੋਂ ਅਸਤੀਫਾ ਦੇਣ ਕਾਰਨ ਵਿਧਾਨ ਸਭਾ ਵਿਚ ਕਾਂਗਰਸ ਦੇ ਵਿਧਾਇਕਾਂ ਦੀ ਗਿਣਤੀ 44 ਤੋਂ ਘਟ ਕੇ 43 ਰਹਿ ਗਈ ਹੈ ਜਦਕਿ ਅਕਾਲੀ ਦਲ ਦੇ ਵਿਧਾਨ ਸਭਾ ਵਿਚ 58 ਵਿਧਾਇਕ ਹਨ।

# ਮਨੁੱਖੀ ਅਧਿਕਾਰ ਕਮਿਸ਼ਨ ਵਲੋਂ ਪੰਜਾਬ ਸਰਕਾਰ ਨੂੰ ਹਰਜਾਨਾ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਕੇਂਦਰੀ ਜੇਲ੍ਹ ਜਲੰਧਰ ਵਿਚ ਕੈਦੀ ਦਵਿੰਦਰ ਸਿੰਘ ਉਰਫ ਰੋਮੀ ਦੀ ਗੈਰ ਕੁਦਰਤੀ ਮੌਤ ਲਈ ਸਰਕਾਰ ਨੂੰ ਦੋ ਲੱਖ ਰੁਪਏ ਦਾ ਹਰਜਾਨਾ ਭਰਨ ਲਈ ਕਿਹਾ ਹੈ। ਕਮਿਸ਼ਨ ਨੇ ਹਰਜਾਨੇ ਦੀ ਰਕਮ ਮ੍ਰਿਤਕ ਦੇ ਵਾਰਸਾਂ ਨੂੰ ਮੁਆਵਜ਼ੇ ਵਜੋਂ ਦੇਣ ਦੀ ਸਿਫਾਰਸ਼ ਕੀਤੀ ਹੈ।

ਜੇਲ੍ਹ ਦੇ ਸੁਪਰਡੈਂਟ ਨੇ ਕਮਿਸ਼ਨ ਨੂੰ ਭੇਜੇ ਜਵਾਬਨਾਮੇ ਵਿਚ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਸੀ ਕਿ ਹਿਰਾਸਤੀ ਮੌਤ ਲਈ ਜੇਲ੍ਹ ਅਧਿਕਾਰੀਆਂ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਹੈ। ਸਿਰਫ ਇਸ ਕਰਕੇ ਅਧਿਕਾਰੀਆਂ ਸਿਰ ਜ਼ਿੰਮੇਵਾਰੀ ਮੜ੍ਹਨਾ ਕਿ ਕੈਦੀ ਦੇ ਸਰੀਰ ਵਿਚੋਂ ਕੀੜੇ ਮਾਰ ਦਵਾਈ ਦੇ ਤੱਤ ਮਿਲੇ ਹਨ, ਗੈਰ-ਵਾਜਬ ਹੈ। ਉਸ ਨੇ ਕਿਹਾ ਸੀ ਕਿ ਜੇਲ੍ਹ ਵਿਚ ਬੰਦ ਕੈਦੀਆਂ ਨੂੰ ਜਬਰੀ ਜ਼ਹਿਰ ਦੇਣਾ ਨਾ-ਮੁਮਕਿਨ ਹੈ। ਦੂਜੇ ਪਾਸੇ ਕਮਿਸ਼ਨ ਨੇ ਡਿਊਟੀ ਮੈਜਿਸਟਰੇਟ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਹਰਜਾਨਾ ਕੀਤਾ ਹੈ। ਨਿਆਇਤ ਜਾਂਚ ਵਿਚ ਦਵਿੰਦਰ ਸਿੰਘ ਦੀ ਮੌਤ ਨੂੰ ਗੈਰ ਕੁਦਰਤੀ ਦੱਸਿਆ ਗਿਆ ਸੀ।

# ਸੈਲਾਨੀ ਨਾ ਖਿੱਚ ਸਕੀਆਂ ਜੰਗੀ ਯਾਦਗਾਰਾਂ



**ਚੰਡੀਗੜ੍ਹ:** ਪੰਜਾਬ ਵਿਚ ਕਰੋੜਾਂ ਦੀ ਲਾਗਤ ਨਾਲ ਉਸਾਰੀਆਂ ਜੰਗੀ ਤੇ ਸ਼ਹੀਦੀ ਯਾਦਗਾਰਾਂ ਸੈਲਾਨੀਆਂ ਦੀ ਆਮਦ ਨਾਮਾਤਰ ਰਹਿ ਜਾਣ ਕਾਰਨ 'ਸੁੰਨੇਪਣ' ਦੀਆਂ ਸ਼ਿਕਾਰ ਹੋ ਗਈਆਂ ਹਨ। ਭਾਵੇਂ ਚੱਪੜਚਿੜੀ ਦੀ ਸਰਹਿੰਦ ਫਤਿਹ ਯਾਦਗਾਰ ਹੋਵੇ, ਗੁਰਦਾਸਪੁਰ ਵਿਚਲੀ ਛੋਟਾ ਘੱਲੂਘਾਰਾ ਕਾਹਨੂੰਵਾਨ ਛੰਭ ਸ਼ਹੀਦੀ ਯਾਦਗਾਰ ਤੇ ਭਾਵੇਂ ਸੰਗਰੂਰ ਵਿਚਲੀ ਵੱਡਾ ਘੱਲੂਘਾਰਾ ਯਾਦਗਾਰ- ਇਹ ਯਾਦਗਾਰਾਂ ਇਸ ਵੇਲੇ ਲੋਕਾਂ ਦੀ ਬੇਹੱਦ ਘੱਟ ਆਮਦ ਨਾਲ ਜੂਝ ਰਹੀਆਂ ਹਨ। ਇਸ ਸਮੱਸਿਆ ਦੇ ਹੱਲ ਲਈ ਸੂਬਾ ਸਰਕਾਰ ਨੇ ਇਨ੍ਹਾਂ ਯਾਦਗਾਰਾਂ ਵਿਚ ਮਹੀਨੇਵਾਰ ਸੂਫੀ ਮੇਲੇ ਲਵਾਉਣ ਦੀ ਯੋਜਨਾ ਬਣਾਈ ਹੈ। ਮੇਲਿਆਂ ਵਿਚ ਸ਼ਾਪਿੰਗ ਸਟਾਲ ਵੀ ਲੱਗਿਆ ਕਰਨਗੇ ਤੇ ਹੁਨਰਮੰਦ ਕਲਾਕਾਰਾਂ ਦੇ ਟੈਲੰਟ ਸ਼ੋਅ ਵੀ ਹੋਇਆ ਕਰਨਗੇ।

ਜਾਣਕਾਰੀ ਮੁਤਾਬਕ ਵਿਰਾਸਤ-ਏ-ਖਾਲਸਾ ਅਨੰਦਪੁਰ ਸਾਹਿਬ ਵਿਖੇ ਰੋਜ਼ਾਨਾ ਤਕਰੀਬਨ ਸੱਤ ਤੋਂ ਅੱਠ ਹਜ਼ਾਰ ਲੋਕਾਂ ਦੀ ਆਮਦ ਹੁੰਦੀ ਹੈ ਪਰ ਸਰਕਾਰੀ ਦਾਅਵਿਆਂ ਅਨੁਸਾਰ ਚੱਪੜਚਿੜੀ ਦੀ ਸਰਹਿੰਦ ਫਤਿਹ ਸਬੰਧੀ ਯਾਦਗਾਰ ਵਿਚ ਇਸ ਵੇਲੇ ਮੁਸ਼ਕਿਲ ਨਾਲ ਹੀ ਰੋਜ਼ਾਨਾ 200 ਤੋਂ 400 ਸੈਲਾਨੀ ਆਉਂਦੇ ਹਨ ਪਰ ਜਦੋਂ ਇਹ ਯਾਦਗਾਰ ਲੋਕ ਅਰਪਿਤ ਕੀਤੀ ਗਈ ਸੀ ਤਾਂ ਉਸ ਵੇਲੇ ਸਰਕਾਰ ਨੂੰ ਇਸ ਯਾਦਗਾਰ ਵਿਚ ਰੋਜ਼ਾਨਾ ਚਾਰ ਤੋਂ ਪੰਜ ਹਜ਼ਾਰ ਸੈਲਾਨੀਆਂ ਦੀ ਆਮਦ ਦੀ ਆਸ ਸੀ। ਵਿਰਾਸਤ-ਏ-ਖਾਲਸਾ ਵਾਂਗ ਇਨ੍ਹਾਂ ਯਾਦਗਾਰਾਂ ਵਿਚ ਓਨੀਆਂ ਵਿਭਿੰਨਤਾਵਾਂ ਨਾ ਹੋਣ ਕਾਰਨ ਸੈਲਾਨੀਆਂ ਦੀ ਆਮਦ ਬਹੁਤ ਘੱਟ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਸਰਕਾਰ ਨੇ ਇਨ੍ਹਾਂ ਯਾਦਗਾਰਾਂ ਵਿਚ ਲੋਕਾਂ ਦੀ ਆਮਦ ਵਧਾਉਣ ਤੇ ਆਪਣੇ ਖਜ਼ਾਨੇ ਨੂੰ ਬਲ ਦੇਣ ਲਈ ਮਹੀਨੇਵਾਰ ਮੇਲੇ ਲਵਾਉਣ ਦਾ ਫੈਸਲਾ ਲਿਆ ਹੈ।

ਸ਼ੁਰੂਆਤ ਵਿਚ ਚੱਪੜਚਿੜੀ ਵਿਚ ਤਿੰਨ ਜਾਂ ਚਾਰ ਰੋਜ਼ਾ ਸੂਫੀ ਮੇਲਾ ਲੱਗੇਗਾ, ਜਿਸ ਵਿਚ ਹੋਰ ਮੇਲਿਆਂ ਵਾਂਗ ਵੱਖ-ਵੱਖ ਵਸਤਾਂ ਦੇ ਸਟਾਲ ਵੀ ਲੱਗਣਗੇ ਤੇ ਇਸ ਤੋਂ ਇਲਾਵਾ ਉਸ ਵੇਲੇ ਵਿਚ ਹੁਨਰਮੰਦ ਕਲਾਕਾਰਾਂ ਦੀ ਭਾਲ ਲਈ 'ਟੈਲੰਟ ਸ਼ੋਅ' ਵੀ ਕਰਵਾਏ ਜਾਣਗੇ ਤੇ ਉਥੋਂ ਹੁਨਰਮੰਦ ਕਲਾਕਾਰ ਭਾਲ ਕੇ ਹੋਰ ਯਾਦਗਾਰਾਂ ਵਿਚ ਵੀ ਅਜਿਹੇ ਮੇਲਿਆਂ ਦੌਰਾਨ ਉਨ੍ਹਾਂ ਕਲਾਕਾਰਾਂ ਨੂੰ ਲੋਕਾਂ ਦੇ ਰੂਬਰੂ ਕਰਵਾਇਆ ਜਾਵੇਗਾ।

ਇਸ ਬਾਰੇ ਪੰਜਾਬ ਸਭਿਆਚਾਰਕ ਮਾਮਲੇ ਵਿਭਾਗ ਦੇ ਡਾਇਰੈਕਟਰ ਐਨ.ਪੀ.ਐਸ. ਰੰਧਾਵਾ ਨੇ ਕਿਹਾ ਕਿ ਸੈਲਾਨੀਆਂ ਦੀ ਆਮਦ ਵਧਾਉਣ ਲਈ ਚੱਪੜਚਿੜੀ ਯਾਦਗਾਰ ਵਿਚ ਵਿਰਾਸਤ-ਏ-ਖਾਲਸਾ ਵਾਂਗ ਨਵੇਂ ਵਾਧੇ ਕਰਨ ਤੇ ਇਨ੍ਹਾਂ ਯਾਦਗਾਰਾਂ ਵਿਚ ਸੂਫੀ ਮੇਲੇ ਲਵਾਏ ਜਾਣ ਦੀ ਯੋਜਨਾ ਹੈ। ਮਾਰਚ ਮਹੀਨੇ ਤੋਂ ਇਨ੍ਹਾਂ ਮੇਲਿਆਂ ਦੀ ਸ਼ੁਰੂਆਤ ਹੋ ਸਕਦੀ ਹੈ।

# ਹਰਸਿਮਰਤ ਕੌਰ ਬਾਦਲ ਦੇ ਦਾਅਵਿਆਂ ਖਿਲਾਫ ਜਵਾਬ ਦਾਇਰ



**ਚੰਡੀਗੜ੍ਹ:** ਲੋਕ ਪ੍ਰਤੀਨਿਧਤਾ ਐਕਟ ਦੀ ਉਲੰਘਣਾ ਤੇ ਚੋਣ ਖਰਚਿਆਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਕੇਂਦਰੀ ਕੈਬਨਿਟ ਮੰਤਰੀ ਤੇ ਜਨਰਲ ਲੋਕ ਸਭਾ ਹਲਕਾ 11 ਬਠਿੰਡਾ ਤੋਂ ਐਮ.ਪੀ. ਬੀਬੀ ਹਰਸਿਮਰਤ ਕੌਰ ਬਾਦਲ ਦੇ ਵਕੀਲਾਂ ਵਲੋਂ ਉਨ੍ਹਾਂ ਖਿਲਾਫ਼ ਪਟੀਸ਼ਨ ਦੇ ਹੀ ਬੇਮਾਨੀ ਹੋਣ ਦੇ ਦਾਅਵਿਆਂ ਦੇ ਵਿਰੋਧ ਵਿਚ ਸ਼ਿਕਾਇਤਕਰਤਾ ਧਿਰ ਨੇ ਹਾਈਕੋਰਟ ਵਿਚ ਆਪਣਾ ਜਵਾਬ ਦਾਇਰ ਕੀਤਾ। ਪਟੀਸ਼ਨਰ ਧਿਰ ਕਾਂਗਰਸ ਦੀ ਵਿਦਿਆਰਥੀ ਜਥੇਬੰਦੀ ਐਨ.ਐਸ.ਯੂ.ਆਈ. ਦੇ ਕੌਮੀ ਸਕੱਤਰ ਨਵਜੋਤ ਸਿੰਘ ਦੇ ਵਕੀਲ ਤੇ ਪੰਜਾਬ ਕਾਂਗਰਸ ਦੇ ਕਾਨੂੰਨੀ ਬੁਲਾਰੇ ਐਡਵੋਕੇਟ ਸੁਰਜੀਤ ਸਿੰਘ ਸਵੈਚ ਨੇ ਬੈਂਚ ਕੋਲ ਦਾਅਵਾ ਕੀਤਾ ਕਿ ਵਿਰੋਧੀ ਧਿਰ ਵਲੋਂ ਉਨ੍ਹਾਂ ਦੀ ਪਟੀਸ਼ਨ ਨੂੰ ਬੇਮਾਨੀ ਕਹਿੰਦਿਆਂ ਰੱਦ ਕਰਨ ਦੀ ਮੰਗ ਜਾਇਜ਼ ਨਹੀਂ ਹੈ।

ਸ਼ਿਕਾਇਤਕਰਤਾ ਨੇ ਦਾਅਵਾ ਕੀਤਾ ਕਿ ਪਿਛਲੇ ਸਾਲ ਲੋਕ ਸਭਾ ਚੋਣਾਂ ਦਾ ਨਤੀਜਾ 16 ਮਈ 2014 ਨੂੰ ਐਲਾਨਿਆ ਗਿਆ ਸੀ ਤੇ ਉਨ੍ਹਾਂ ਵਲੋਂ ਇਹ ਪਟੀਸ਼ਨ 30 ਜੂਨ 2014 ਨੂੰ ਦਾਇਰ ਕਰ ਦਿੱਤੀ ਗਈ। ਜਸਟਿਸ ਮਹੇਸ਼ ਗਰੋਵਰ ਵਾਲੇ ਇਕਹਿਰੇ ਬੈਂਚ ਵਲੋਂ ਬਚਾਅ ਪੱਖ ਨੂੰ ਅਗਲੀ ਤਰੀਕ ਤੋਂ ਪਹਿਲਾਂ ਜਵਾਬੀ ਹਲਫਨਾਮਾ ਦਾਇਰ ਕਰਨ ਦੀ ਵੀ ਖੁੱਲ੍ਹ ਦਿੰਦਿਆਂ ਕੇਸ 10 ਫਰਵਰੀ 'ਤੇ ਪਾ ਦਿੱਤਾ।

# ਹਾਈ ਸਕਿਉਰਿਟੀ ਨੰਬਰ ਪਲੇਟਾਂ ਦਾ ਹੋਇਆ 'ਹਾਈ-ਫਾਈ' ਘਪਲਾ

**ਚੰਡੀਗੜ੍ਹ:** ਪੰਜਾਬ ਵਿਚ ਵਾਹਨਾਂ 'ਤੇ ਹਾਈ ਸਕਿਉਰਿਟੀ ਨੰਬਰ ਪਲੇਟਾਂ ਲਗਾਉਣ ਦੇ ਮਾਮਲੇ ਵਿਚ ਸੂਬੇ ਦੇ ਲੋਕਾਂ ਨਾਲ 40 ਕਰੋੜ ਰੁਪਏ ਦੀ ਠੱਗੀ ਵੱਜੀ ਹੈ। ਸੂਬੇ ਵਿਚ 13 ਲੱਖ 19 ਹਜ਼ਾਰ ਵਾਹਨਾਂ 'ਤੇ ਨੰਬਰ ਪਲੇਟਾਂ ਲਾਈਆਂ ਜਾ ਚੁਕੀਆਂ ਹਨ। ਇਹ ਨੰਬਰ ਪਲੇਟਾਂ ਸੁਪਰੀਮ ਕੋਰਟ ਵਲੋਂ ਨਿਰਧਾਰਤ ਸ਼ਰਤਾਂ 'ਤੇ ਖਰਾ ਨਹੀਂ ਉਤਰ ਰਹੀਆਂ ਜਿਸ ਕਾਰਨ ਇਨ੍ਹਾਂ ਨੰਬਰ ਪਲੇਟਾਂ ਦੀ ਹੁਣ ਕੋਈ ਵੁਕਤ ਨਹੀਂ।



ਪੰਜਾਬ ਭਰ ਵਿਚ ਇਹ ਹਾਈ-ਸਕਿਉਰਿਟੀ ਨੰਬਰ ਪਲੇਟਾਂ ਟਰਾਂਸਪੋਰਟ ਅਫਸਰਸ਼ਾਹੀ ਦੀ ਦੇਖ-ਰੇਖ ਹੇਠ ਬਿਨਾਂ 'ਸਨੈਪ ਲੌਕਾਂ' (ਵਿਸ਼ੇਸ਼ ਢੰਗ ਨਾਲ ਨੰਬਰ ਪਲੇਟ ਨੂੰ ਲੌਕ ਕਰਨ ਦੀ ਵਿਧੀ, ਜੋ ਰਾਜਧਾਨੀ ਚੰਡੀਗੜ੍ਹ ਤੇ ਹੋਰ ਸੂਬਿਆਂ ਵਿਚ ਵਰਤੀ ਜਾਂਦੀ ਹੈ) ਤੋਂ ਹੀ ਲੱਗਦੀਆਂ ਰਹੀਆਂ, ਪਰ ਚਾਰ ਸਾਲ ਟਰਾਂਸਪੋਰਟ ਮਹਿਕਮੇ ਨੇ ਇਨ੍ਹਾਂ ਪਲੇਟਾਂ ਦੀ ਚੈਕਿੰਗ ਕਰਨ ਦੀ ਜ਼ਹਿਮਤ ਨਹੀਂ ਉਠਾਈ। ਇਹੀ ਨਹੀਂ, ਇਨ੍ਹਾਂ ਸਕਿਉਰਿਟੀ ਪਲੇਟਾਂ 'ਤੇ ਦਰਜ ਕੁਝ ਅੰਕਾਂ ਦੇ ਕੋਡ ਦਾ ਵੀ ਕੋਈ ਵਜੂਦ ਹੀ ਨਹੀਂ, ਕਿਉਂਕਿ ਇਨ੍ਹਾਂ ਕੋਡਾਂ ਨੂੰ ਸਕੈਨ ਕਰਨ ਲਈ ਵਿਸ਼ੇਸ਼ ਸਾਫਟਵੇਅਰ ਵਾਲੀ ਇਕ ਵੀ ਮਸ਼ੀਨ ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਵਿਚ ਮੌਜੂਦ ਨਹੀਂ।

ਇਥੋਂ ਤੱਕ ਕਿ ਪੰਜਾਬ ਵਿਚ ਜਿਨ੍ਹਾਂ 13 ਲੱਖ 19 ਹਜ਼ਾਰ ਦੋ ਪਹੀਆ ਜਾਂ ਚਾਰ ਪਹੀਆ ਗੱਡੀਆਂ ਨੂੰ ਇਹ ਨੰਬਰ ਪਲੇਟਾਂ ਲਾਈਆਂ ਗਈਆਂ, ਉਨ੍ਹਾਂ ਵਾਹਨਾਂ ਦਾ ਕੋਈ ਰਿਕਾਰਡ ਪੰਜਾਬ ਦੇ ਟਰਾਂਸਪੋਰਟ ਮਹਿਕਮੇ ਕੋਲ ਮੌਜੂਦ ਨਹੀਂ ਹੈ। ਸਭ ਦੇ ਬਾਵਜੂਦ ਪੰਜਾਬ ਪੁਲਿਸ ਇਹ ਨੰਬਰ ਪਲੇਟਾਂ ਨਾ ਲਵਾਉਣ ਵਾਲੇ ਲੋਕਾਂ ਦੇ ਚਾਲਾਨ ਕੱਟਦੀ ਰਹੀ।

ਇਸ ਸਾਰੇ ਮਾਮਲੇ ਦੀ ਸ਼ਿਕਾਇਤ ਕੇਂਦਰੀ ਸੁਰੱਖਿਆ ਮੰਤਰਾਲੇ ਕੋਲ ਪੁੱਜ ਗਈ ਹੈ। ਪੰਜਾਬ ਵਿਚ ਚਾਰ ਸਾਲ ਪਹਿਲਾਂ ਇਕ ਪ੍ਰਾਈਵੇਟ ਕੰਪਨੀ ਨੂੰ ਸੂਬਾ ਸਰਕਾਰ ਨੇ ਦੋ ਸਾਲਾਂ ਵਿਚ 54 ਲੱਖ ਗੱਡੀਆਂ ਨੂੰ ਇਹ ਨੰਬਰ ਪਲੇਟਾਂ ਲਾਉਣ ਦਾ ਠੇਕਾ ਦਿੱਤਾ ਸੀ। ਇਸ ਕੰਪਨੀ ਨੇ ਜ਼ਿਲ੍ਹਾ ਟਰਾਂਸਪੋਰਟ ਅਫਸਰਸ਼ਾਹੀ ਦੀ ਦੇਖ-ਰੇਖ ਹੇਠ ਇਹ ਕੰਮ ਸ਼ੁਰੂ ਕਰ ਦਿੱਤਾ ਪਰ ਚਾਰ ਸਾਲਾਂ ਬਾਅਦ ਜਦੋਂ ਸੂਬੇ ਵਿਚ 13 ਲੱਖ 19 ਹਜ਼ਾਰ ਨੰਬਰ ਪਲੇਟਾਂ ਲੱਗ ਚੁੱਕੀਆਂ ਸਨ ਤਾਂ ਸਰਕਾਰ ਨੇ ਆਪਣੇ ਡੀ.ਟੀ.ਓਜ਼ ਤੋਂ ਇਨ੍ਹਾਂ ਨੰਬਰ ਪਲੇਟਾਂ ਦੀ ਜਾਂਚ ਕਰਵਾਈ, ਜਿਸ ਵਿਚ ਨਸ਼ਰ ਹੋਇਆ ਕਿ ਪੰਜਾਬ ਵਿਚ ਜਿਸ ਪ੍ਰਾਈਵੇਟ ਕੰਪਨੀ ਨੇ ਇਹ ਪਲੇਟਾਂ ਲਾਈਆਂ, ਉਹ ਕੰਪਨੀ ਪੰਜਾਬ ਤੋਂ ਇਨ੍ਹਾਂ ਨੰਬਰ ਪਲੇਟਾਂ ਲਈ 33% ਵਧੇਰੇ ਰਾਸ਼ੀ ਵਸੂਲ ਗਈ।

ਮਹਿਕਮੇ ਨੇ ਸਾਲ 2011 ਵਿਚ ਪ੍ਰਾਈਵੇਟ ਕੰਪਨੀ ਨੂੰ ਠੇਕਾ ਦੇਣ ਵੇਲੇ ਦੋ ਸਾਲਾਂ ਵਿਚ 54 ਲੱਖ ਗੱਡੀਆਂ ਨੂੰ ਇਹ ਨੰਬਰ ਪਲੇਟਾਂ ਲਾਉਣ ਲਈ ਕਿਹਾ ਸੀ ਪਰ ਚਾਰ ਸਾਲ ਬੀਤ ਜਾਣ 'ਤੇ ਵੀ ਕੰਪਨੀ ਨੇ ਸਿਰਫ 13 ਲੱਖ ਪਲੇਟਾਂ ਹੀ ਲਾਈਆਂ। ਉਪਰੋਕਤ ਸਮੂਹ ਜਾਣਕਾਰੀਆਂ ਸਾਂਝੀਆਂ ਕਰਦਿਆਂ ਪੰਜਾਬ ਰਾਜ ਸੜਕ ਸੁਰੱਖਿਆ ਕੌਂਸਲ ਦੇ ਉਪ ਚੇਅਰਮੈਨ ਡਾ. ਕਮਲਜੀਤ ਸੋਈ ਨੇ ਦੱਸਿਆ ਕਿ ਜਿਸ ਕੰਪਨੀ ਨੂੰ ਪੰਜਾਬ ਟਰਾਂਸਪੋਰਟ ਵਿਭਾਗ ਨੇ ਇਹ ਨੰਬਰ ਪਲੇਟਾਂ ਲਾਉਣ ਦਾ ਕੰਮ ਸੌਂਪਿਆ, ਉਸ ਦਾ ਠੇਕਾ ਦੇਸ਼ ਦੇ ਤਿੰਨ ਸੂਬਿਆਂ- ਬਿਹਾਰ, ਝਾਰਖੰਡ ਤੇ ਯੂ.ਪੀ. ਦੀਆਂ ਸੂਬਾ ਸਰਕਾਰਾਂ ਵਲੋਂ ਰੱਦ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਕਿਹਾ ਕਿ ਹਾਈ ਸਕਿਉਰਿਟੀ ਨੰਬਰ ਪਲੇਟਾਂ ਲਾਉਣ ਬਾਰੇ ਹੁਕਮ ਸੁਪਰੀਮ ਕੋਰਟ ਨੇ ਸਮੂਹ ਸੂਬਿਆਂ ਨੂੰ ਜਾਰੀ ਕੀਤੇ ਸਨ। ਡਾ. ਸੋਈ ਅਨੁਸਾਰ ਪੰਜਾਬ ਵਿਚ ਕੰਪਨੀ ਰਿਬਿਟ ਮਸ਼ੀਨ ਦੀ ਮਦਦ ਨਾਲ ਨੰਬਰ ਪਲੇਟਾਂ ਲਾਉਂਦੀ ਰਹੀ ਤੇ ਰਿਬਿਟ ਮਸ਼ੀਨ ਦੀ ਮਦਦ ਨਾਲ ਕੋਈ ਵੀ ਮੋਟਰ ਮਕੈਨਿਕ ਪੰਜਾਬ ਵਿਚ ਲੱਗੀ ਨੰਬਰ ਪਲੇਟ ਬਦਲ ਸਕਦਾ ਹੈ। ਡਾ. ਸੋਈ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਪਰੋਕਤ ਪ੍ਰਾਈਵੇਟ ਕੰਪਨੀ ਦਾ ਪੰਜਾਬ ਵਿਚ ਪਿਆ ਸਾਜ਼ੋ ਸਾਮਾਨ ਜ਼ਬਤ ਕੀਤਾ ਜਾਵੇ ਤੇ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰਵਾਈ ਜਾਵੇ। ਉਨ੍ਹਾਂ ਇਹ ਦੋਸ਼ ਵੀ ਲਾਏ ਕਿ ਪੰਜਾਬ ਸਰਕਾਰ ਨੇ ਨੰਬਰ ਪਲੇਟਾਂ ਲਗਾਉਣ ਲਈ ਇਕਰਾਰ ਵੀ ਵੱਧ ਕੀਮਤ 'ਤੇ ਕੀਤਾ ਸੀ ਜਿਸ ਕਾਰਨ ਪੰਜਾਬ ਦੇ ਲੋਕਾਂ ਦੀਆਂ ਜੇਬਾਂ ਵਿਚੋਂ ਵਧੇਰੇ ਪੈਸੇ ਨਿਕਲੇ।

ਸਬੰਧਤ ਕੰਪਨੀ ਨੇ ਮਹਾਰਾਸ਼ਟਰ ਵਿਚ ਪਲੇਟਾਂ ਲਾਉਣ ਲਈ 33% ਘੱਟ ਰੇਟ ਭਰਿਆ ਸੀ ਤੇ ਪੰਜਾਬ ਨਾਲੋਂ ਚੰਡੀਗੜ੍ਹ ਵਿਚ ਵੀ ਘੱਟ ਰੇਟ 'ਤੇ ਨੰਬਰ ਪਲੇਟਾਂ ਲਗਾਈਆਂ ਜਾਂਦੀਆਂ ਹਨ। ਉਨ੍ਹਾਂ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਜਾਂ ਤਾਂ ਸਰਕਾਰ ਆਪਣੇ ਖ਼ਰਚੇ 'ਤੇ ਨਵੇਂ ਸਿਰਿਓਂ ਸੁਪਰੀਮ ਕੋਰਟ ਦੀਆਂ ਸ਼ਰਤਾਂ ਮੁਤਾਬਕ ਨੰਬਰ ਪਲੇਟਾਂ ਲਗਾਏ ਜਾਂ ਸਬੰਧਤ ਕਪਨੀ ਨੂੰ ਆਪਣੇ ਖ਼ਰਚੇ 'ਤੇ ਹੀ ਨੰਬਰ ਪਲੇਟਾਂ ਲਗਾਉਣ ਲਈ ਕਹੇ। ਉਨ੍ਹਾਂ ਦਸਿਆ ਕਿ ਬਿਹਾਰ, ਉਤਰ ਪ੍ਰਦੇਸ਼ ਤੇ ਝਾਰਖੰਡ ਵਿਚ ਲੋਕਾਂ ਨਾਲ ਇਸੇ ਤਰ੍ਹਾਂ ਦੀ ਹੇਰਾ-ਫੇਰੀ ਕੀਤੀ ਗਈ ਹੈ, ਆਸਾਮ ਤੇ ਮੱਧ ਪ੍ਰਦੇਸ਼ ਵਿਚ ਵੀ ਅਜਿਹਾ ਹੋ ਰਿਹਾ ਹੈ।


**SUPER TRAVEL**

847-676-9090, 773-465-5566

*E-mail: supertravel2003@yahoo.com*

*Lowest Fares With Excellent Service*



*AMERICAN AIR, CONTINENTAL AIR*

*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250

*To Advertise with Punjab Times Call: 847-359-0746*

Punjabi RADIO USA
Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

*"Ask us about the...*

**AARP® Auto Insurance Program from The Hartford."**



SATWANT SINGH

Call today for your FREE, no-obligation quote:

**+1-408-771-2438**

SATWANT SINGH: 2774 ABORN ROAD,
SAN JOSE, CA 95121
satwant@satwantins.com
www.satwantins.com
CA License# 0H11256

***NOW AVAILABLE IN YOUR AREA!***

**Find out more about the Special Benefits of The Hartford's Program for AARP members and our Competitive Rates! You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through. *-Satwant Singh!***

AARP® | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

*107792 2nd Rev*

ਪੰਜਾਬ ਟਾਈਮਜ਼

ਸਨਿਚਰਵਾਰ, 24 ਜਨਵਰੀ 2015

# ਫੌਜਾਂ ਜਿੱਤ ਕੇ ਅੰਤ ਨੂੰ...

ਸਜ਼ਾ ਭੁਗਤ ਚੁਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਘੋਲ ਮਘਾਉਣ ਵਾਲਾ ਗੁਰਬਖਸ਼ ਸਿੰਘ ਖਾਲਸਾ ਇਕ ਵਾਰ ਫਿਰ ਬਿਨਾਂ ਟੀਚਾ ਪੂਰਾ ਹੋਇਆਂ ਘਰ ਪਰਤ ਗਿਆ ਹੈ। ਐਤਕੀਂ 63 ਦਿਨਾਂ ਦੀ ਲੰਮੀ ਭੁੱਖ ਹੜਤਾਲ ਤੋਂ ਬਾਅਦ ਅਜਿਹਾ ਵਾਪਰਿਆ ਹੈ। ਪਿਛਲੀ ਵਾਰ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਭਰੋਸੇ ਤੋਂ ਬਾਅਦ ਉਸ ਨੇ ਆਪਣੀ ਭੁੱਖ ਹੜਤਾਲ ਖਤਮ ਕੀਤੀ ਸੀ ਪਰ ਬਾਅਦ ਵਿਚ ਵਾਅਦੇ ਮੁਤਾਬਕ ਨਾ ਤਾਂ ਸਬੰਧਤ ਕੈਦੀਆਂ ਦੀ ਰਿਹਾਈ ਹੋਈ ਅਤੇ ਨਾ ਹੀ ਇਸ ਸਬੰਧ ਵਿਚ ਪੱਕੇ ਪੈਰੀਂ ਕੋਈ ਹੋਰ ਚਾਰਾਜੋਈ ਸਾਹਮਣੇ ਆਈ। ਇਸੇ ਕਰ ਕੇ ਹੀ ਗੁਰਬਖਸ਼ ਸਿੰਘ ਨੇ ਇਕ ਵਾਰ ਫਿਰ ਭੁੱਲ ਹੜਤਾਲ ਅਰੰਭ ਕੀਤੀ ਸੀ। ਐਤਕੀਂ ਉਸ ਨੇ ਪਿਛਲੇ ਸਾਲ 14 ਨਵੰਬਰ ਨੂੰ ਅੰਬਾਲਾ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਲਖਨੌਰ ਸਾਹਿਬ ਤੋਂ ਆਪਣਾ ਘੋਲ ਅਰੰਭਿਆ ਸੀ। ਵਿਰੋਧੀ ਤਾਕਤਾਂ ਨੇ ਉਸ ਦੇ ਇਸ ਘੋਲ ਨੂੰ ਸਾਬੋਤਾਜ ਕਰਨ ਲਈ ਇਕ ਵਾਰ ਫਿਰ, ਮੁੱਢ ਤੋਂ ਹੀ ਯਤਨ ਸ਼ੁਰੂ ਕਰ ਦਿੱਤੇ ਸਨ। ਪਹਿਲਾਂ ਤਾਂ ਘੋਲ ਸ਼ੁਰੂ ਕਰਨ ਲਈ ਪੰਜਾਬ ਵਿਚ ਉਸ ਨੂੰ ਜਗ੍ਹਾ ਹੀ ਨਾ ਦਿੱਤੀ ਗਈ। ਹਰ ਗੁਰਦੁਆਰੇ ਦੇ ਪ੍ਰਬੰਧਕਾਂ ਉਤੇ ਪੰਜਾਬ ਸਰਕਾਰ ਦਾ ਇੰਨਾ ਜ਼ਿਆਦਾ ਦਬਾਅ ਸੀ ਕਿ ਉਸ ਨੂੰ ਇਹ ਘੋਲ ਗੁਆਂਢੀ ਸੂਬੇ ਹਰਿਆਣਾ ਦੇ ਸ਼ਹਿਰ ਅੰਬਾਲਾ ਤੋਂ ਸ਼ੁਰੂ ਕਰਨਾ ਪਿਆ। ਕੁਝ ਵਿਸ਼ਲੇਸ਼ਕਾਂ ਨੇ ਤਾਂ ਉਦੋਂ ਹੀ ਇਸ ਫੈਸਲੇ ਨੂੰ ਗੁਰਬਖਸ਼ ਸਿੰਘ ਦੇ ਘੋਲ ਦੀ ਅੱਧੀ ਹਾਰ ਕਰਾਰ ਦੇ ਦਿੱਤਾ ਸੀ। ਉਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚਕਾਰ ਚੱਲ ਰਹੇ ਸਿਆਸੀ ਟਕਰਾਅ ਕਾਰਨ ਗੁਰਬਖਸ਼ ਸਿੰਘ ਦੇ ਘੋਲ ਨੂੰ ਉਨ੍ਹਾਂ ਧਿਰਾਂ ਵਲੋਂ ਵੀ ਹਮਾਇਤ ਮਿਲਣੀ ਸ਼ੁਰੂ ਹੋ ਗਈ ਜਿਨ੍ਹਾਂ ਤੋਂ ਇਮਦਾਦ ਲਈ ਕਦੀ ਕਿਸੇ ਨੇ ਸੋਚਿਆ ਵੀ ਨਹੀਂ ਸੀ। ਘੋਲ ਦੇਖਦਿਆਂ-ਦੇਖਦਿਆਂ ਭਖ ਪਿਆ। ਭਾਜਪਾ ਦੇ ਕੁਝ ਲੀਡਰ ਤਾਂ ਉਸ ਨੂੰ ਖੁਦ ਥਾਪੜਾ ਦੇ ਕੇ ਆਏ। ਦਰਅਸਲ ਘੋਲ ਦੇ ਲੀਹੋਂ ਲਹਿਣ ਦੀ ਕਹਾਣੀ ਇਥੋਂ ਹੀ ਸ਼ੁਰੂ ਹੋਈ ਅਤੇ ਘੋਲ ਚਲਾ ਰਹੇ ਪ੍ਰਬੰਧਕਾਂ ਨੂੰ ਇਹ ਸੂਹ ਤੱਕ ਨਾ ਲੱਗੀ ਕਿ ਇਹ ਇਮਦਾਦ ਘੋਲ ਨੂੰ ਤਿੱਖਾ ਕਰਨ ਲਈ ਨਹੀਂ, ਸਗੋਂ ਪੇਤਲਾ ਪਾਉਣ ਲਈ ਸੀ। ਉਸ ਵਕਤ ਕੁਝ ਲੀਡਰਾਂ ਨੇ ਭਾਜਪਾ ਦੀ ਇਸ ਇਮਦਾਦ ਉਤੇ ਸਵਾਲੀਆ ਨਿਸ਼ਾਨ ਜ਼ਰੂਰ ਲਾਏ ਸਨ ਅਤੇ ਸੋਘੇ ਰਹਿਣ ਦੀ ਤਾਕੀਦ ਵੀ ਕੀਤੀ ਸੀ ਪਰ ਘੋਲ ਦੀ ਚੜ੍ਹਤ ਦੇ ਦਿਨਾਂ ਦੌਰਾਨ ਇਸ ਨੁਕਤਾਚੀਨੀ ਨੂੰ ਬਹੁਤਾ ਗੌਲਿਆ ਨਹੀਂ ਗਿਆ ਅਤੇ ਘੋਲ ਨੂੰ ਢਾਹ ਲਾਉਣ ਲਈ ਘਾਤ ਲਾ ਕੇ ਬੈਠੀਆਂ ਧਿਰਾਂ ਨੇ ਬੜੇ ਸੂਖਮ ਢੰਗ ਨਾਲ ਘੋਲ ਨੂੰ ਸੰਨ੍ਹ ਮਾਰ ਲਈ।

ਬਹੁਤ ਵੱਡੇ ਪੱਧਰ ਉਤੇ ਇਸ ਤਰ੍ਹਾਂ ਦਾ ਭਾਣਾ ਪਹਿਲਾਂ ਵੀ ਵਾਪਰਿਆ ਸੀ। ਸਮਾਜਸੇਵੀ ਅੰਨਾ ਹਜ਼ਾਰੇ ਨੇ ਜਦੋਂ ਭ੍ਰਿਸ਼ਟਾਚਾਰ ਖਿਲਾਫ ਲਾਮਬੰਦੀ ਕੀਤੀ ਸੀ ਤਾਂ ਉਸ ਨੂੰ ਬੇਮਿਸਾਲ ਹੁੰਗਾਰਾ ਮਿਲਿਆ ਸੀ। ਪੰਜਾਬ ਦੇ ਕੁਝ ਸਿੱਖ ਵਿਦਵਾਨਾਂ ਨੇ ਉਦੋਂ ਕਿਹਾ ਸੀ ਕਿ ਸਿੱਖਾਂ ਜਾਂ ਪੰਜਾਬ ਨੂੰ ਕੋਈ ਅਜਿਹਾ ਅੰਨਾ ਹਜ਼ਾਰੇ ਕਿਉਂ ਨਹੀਂ ਮਿਲਦਾ ਜਿਹੜਾ ਬੈਠਾ-ਬੈਠਾ ਹੀ ਸਰਕਾਰ ਨੂੰ ਇਉਂ ਧੁਰ ਅੰਦਰ ਤੱਕ ਹਿਲਾ ਕੇ ਰੱਖ ਦੇਵੇ! ਬਾਅਦ ਵਿਚ ਪਤਾ ਲੱਗਿਆ ਕਿ ਅੰਨਾ ਹਜ਼ਾਰੇ ਦੇ ਇਸ ਘੋਲ ਨੂੰ ਚੋਟੀ ਤੱਕ ਪਹੁੰਚਾਉਣ ਲਈ ਆਰ.ਐਸ.ਐਸ. ਨੇ ਪੂਰਾ ਟਿੱਲ ਲਾਇਆ ਸੀ। ਕੇਂਦਰ ਵਿਚ ਉਸ ਵਕਤ ਕਾਂਗਰਸ ਦੀ ਅਗਵਾਈ ਵਾਲੀ ਮਨਮੋਹਨ ਸਿੰਘ ਸਰਕਾਰ ਸੀ ਅਤੇ ਆਰ.ਐਸ.ਐਸ. ਚਾਹੁੰਦੀ ਸੀ ਕਿ ਕਿਸੇ ਨਾ ਕਿਸੇ ਤਰੀਕੇ ਇਸ ਸਰਕਾਰ ਦੀਆਂ ਜੜ੍ਹਾਂ ਵਿਚ ਦਾਤੀ ਫੇਰੀ ਜਾਵੇ। ਜਦੋਂ ਉਸ ਦਾ ਸੋਚਿਆ ਮਕਸਦ ਪੂਰਾ ਹੋ ਗਿਆ ਤਾਂ ਇਸ ਨੇ ਹੱਥ ਪਿਛਾਂਹ ਖਿੱਚ ਲਏ। ਫਿਰ ਜਦੋਂ ਦੂਜੀ ਵਾਰ ਅੰਨਾ ਹਜ਼ਾਰੇ ਨੇ ਘੋਲ ਮਘਾਇਆ ਤਾਂ ਉਸ ਨੂੰ ਉਹ ਲਾਮਿਸਾਲ ਹੁੰਗਾਰਾ ਕਿਤੇ ਨਜ਼ਰ ਨਹੀਂ ਆਇਆ। ਨਤੀਜਾ ਇਹ ਨਿਕਲਿਆ ਕਿ ਇਕ-ਇਕ ਕਰ ਕੇ ਅੰਨਾ ਹਜ਼ਾਰੇ ਦੇ ਸਾਥੀ ਵੀ ਉਸ ਦਾ ਸਾਥ ਛੱਡਣ ਲੱਗ ਪਏ ਅਤੇ ਆਖਰਕਾਰ ਉਸ ਦਾ ਅੰਦੋਲਨ ਫੇਲ੍ਹ ਹੋ ਗਿਆ।

ਇਸ ਨੁਕਤੇ ਤੋਂ ਗੁਰਬਖਸ਼ ਸਿੰਘ ਅਤੇ ਅੰਨਾ ਹਜ਼ਾਰੇ ਦੇ ਘੋਲਾਂ ਨੂੰ ਮੇਲ ਕੇ ਦੇਖਣਾ ਜਾਇਜ਼ ਤਾਂ ਨਹੀਂ ਹੈ ਪਰ ਦੋਹਾਂ ਘੋਲਾਂ ਦੌਰਾਨ ਜੋ ਭੂਮਿਕਾ ਘੋਲ ਦੇ ਵਿਰੋਧੀਆਂ ਤੇ ਹਮਾਇਤੀਆਂ ਨੇ ਨਿਭਾਈ, ਉਹ ਥੋੜ੍ਹੇ-ਬਹੁਤੇ ਫਰਕ ਨਾਲ ਇਕੋ ਜਿਹੀ ਪ੍ਰਤੀਤ ਹੁੰਦੀ ਹੈ। ਸਭ ਤੋਂ ਪਹਿਲਾ ਨੁਕਤਾ ਤਾਂ ਇਹੀ ਹੈ ਕਿ ਅਜਿਹੇ ਘੋਲ ਨੂੰ ਲੀਹੋਂ ਲਾਹੁਣ ਲਈ ਸਰਕਾਰ ਤੇ ਸਟੇਟ ਦਾ ਪੂਰਾ ਟਿੱਲ ਲੱਗਿਆ ਹੁੰਦਾ ਹੈ, ਇਸ ਬਾਰੇ ਤਾਂ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ। ਇਸੇ ਕਰ ਕੇ ਹੀ ਸਾਰੀ ਜ਼ਿੰਮੇਵਾਰੀ ਘੋਲ ਚਲਾਉਣ ਵਾਲੇ ਪ੍ਰਬੰਧਕਾਂ ਦੇ ਮੋਢਿਆਂ ਉਤੇ ਆਣ ਪੈਂਦੀ ਹੈ ਕਿ ਸੰਘਰਸ਼ ਨੂੰ ਲਗਾਤਾਰ ਆ ਰਹੀਆਂ ਔਖੀਆਂ ਘੜੀਆਂ ਵਿਚੋਂ ਕੱਢ ਕੇ ਅੱਗੇ ਕਿਸ ਤਰ੍ਹਾਂ ਲੈ ਕੇ ਜਾਣਾ ਹੈ। ਰੱਤੀ ਭਰ ਕੋਤਾਹੀ ਵੀ ਘੋਲ ਨੂੰ ਦਿਸ਼ਾ ਤੋਂ ਪਾਸੇ ਲਿਜਾਣ ਦਾ ਕਾਰਨ ਬਣ ਸਕਦੀ ਹੈ। ਇਨ੍ਹਾਂ ਘੋਲਾਂ ਨਾਲ ਇਹੀ ਭਾਣਾ ਵਾਪਰਿਆ। ਪ੍ਰਬੰਧਕਾਂ ਦੀ ਘੌਲ ਕਾਰਨ ਘੋਲ ਦੀ ਦਿਸ਼ਾ ਹੀ ਬਦਲ ਗਈ ਅਤੇ ਸਟੇਟ ਤੇ ਸਰਕਾਰ ਨੂੰ ਭੁੱਖ ਹੜਤਾਲ ਉਤੇ ਬੈਠੇ ਜਿਊੜੇ ਦਾ ਹਠ ਭੰਨਣ ਲਈ ਬਹੁਤਾ ਤਰੱਦਦ ਹੀ ਨਹੀਂ ਕਰਨਾ ਪਿਆ। ਹੁਣ ਵੱਖ-ਵੱਖ ਧਿਰਾਂ ਇਕ-ਦੂਜੀ ਉਤੇ ਦੋਸ਼ ਮੜ੍ਹ ਰਹੀਆਂ ਹਨ। ਅਸਲ ਵਿਚ ਅਜਿਹੇ ਘੋਲਾਂ ਦਾ ਮੁੱਖ ਹਥਿਆਰ ਹਠ ਹੀ ਹੁੰਦਾ ਹੈ ਅਤੇ ਤੱਥਾਂ ਨਾਲ ਲੈਸ ਹੋ ਕੇ ਵਿਰੋਧੀ ਨੂੰ ਹਰ ਮੋਰਚੇ ਉਤੇ ਚਿਤ ਕਰਨਾ ਹੁੰਦਾ ਹੈ। ਇਹ ਤਦ ਹੀ ਸੰਭਵ ਹੁੰਦਾ ਹੈ ਜੇ ਘੋਲ-ਵਿਰੋਧੀ ਤਾਕਤਾਂ ਨਾਲੋਂ ਵੱਧ ਸੁਚੇਤ ਹੋ ਕੇ ਆਪਣੇ ਘੋਲ ਨੂੰ ਅਗਾਂਹ ਲਿਜਾਇਆ ਜਾਵੇ। ਘੋਲ-ਵਿਰੋਧੀ ਤਾਕਤਾਂ ਦੀ ਹਰ ਚਾਲ ਉਤੇ ਤਿੱਖੀ ਨਜ਼ਰ ਰੱਖਣੀ ਲਾਜ਼ਮੀ ਹੁੰਦੀ ਹੈ। ਗੁਰਬਖਸ਼ ਸਿੰਘ ਦੇ ਘੋਲ ਦੇ ਪ੍ਰਬੰਧਕ ਆਪਣੇ ਕਦਮ ਤਾਂ ਫੂਕ-ਫੂਕ ਕੇ ਧਰਨ ਦਾ ਹੀਲਾ-ਵਸੀਲਾ ਤਾਂ ਕਰਦੇ ਰਹੇ ਪਰ ਵਿਰੋਧੀਆਂ ਦੀ ਚਾਲਾਂ ਨੂੰ ਮਾਤ ਦੇਣ ਵਿਚ ਨਾਕਾਮ ਰਹੇ। ਸਿੱਟੇ ਵਜੋਂ ਦੋ ਮਹੀਨਿਆਂ ਦਾ ਘੋਲ, ਚੰਦ ਘੰਟਿਆਂ ਵਿਚ ਹੀ ਸਮੇਟਿਆ ਗਿਆ ਅਤੇ ਗੁਰਬਖਸ਼ ਸਿੰਘ ਕੋਲ ਆਪਣੇ ਪਿੰਡ ਪਰਤਣ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਬਚਿਆ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਉਡਣ ਜੋਗਾ ਆਕਾਸ਼!*

ਵਿਚ ਦਿੱਲੀ ਦੇ ਐਸੀ ਘੁੰਮਕਾਰ ਪੈ ਗਈ, ਲਹਿਰ ਮੋਦੀ ਦੀ ਹੋ ਗਈ ਕਾਫੂਰ ਮਿੱਤਰੋ।
ਬਣੀ ਬਣਤ ਐਸੀ 'ਆਪ' ਵਾਲਿਆਂ ਦੀ, ਲੱਗੀ ਡਗੇ 'ਤੇ ਚੋਟ ਜ਼ਰੂਰ ਮਿੱਤਰੋ।
ਦੇਸ਼ ਭਰ 'ਚ ਚਲਾਈ ਜੋ ਚੰਮ ਵਾਲੀ, ਵਿਚ ਦਿੱਲੀ ਦੇ ਟੁੱਟੂ ਗਰੂਰ ਮਿੱਤਰੋ।
ਲੋਕ ਆਖਦੇ ਮੋਦੀ ਨਹੀਂ ਜਾਣ ਦੇਣਾ, ਚੜ੍ਹਿਆ ਲੋਕਾਂ ਨੂੰ ਐਸਾ ਫਤੂਰ ਮਿੱਤਰੋ।
ਸ਼ਾਲਾ ਚੜ੍ਹੇ ਸੂਰਜ ਫਿਰ 'ਆਪ' ਵਾਲਾ, ਕਰੇ ਕੁਝ ਕੁ ਠੀਕ ਕਾਰਿੰਦਿਆਂ ਨੂੰ।
ਉਡਣ ਜੋਗਾ ਆਕਾਸ਼ ਤਾਂ ਮਿਲ ਜਾਵੇ, ਧਰਤੀ ਉਤੇ ਵਿਲਕਦੇ ਪਰਿੰਦਿਆਂ ਨੂੰ।

# ਨਿਆਂ ਪ੍ਰਬੰਧ ਦਾ ਅਨਿਆਂ

***ਖਾਸ ਮਾਮਲਿਆਂ ਵਿਚ ਨਿਆਂ ਪ੍ਰਬੰਧ ਦੇ ਇਹ ਫੈਸਲੇ ਇਸ ਕਰ ਕੇ ਵੀ ਗੰਭੀਰ ਹਨ ਕਿਉਂਕਿ ਦਲਿਤਾਂ, ਆਦਿਵਾਸੀਆਂ, ਧਾਰਮਿਕ ਘੱਟ-ਗਿਣਤੀਆਂ ਅਤੇ ਕੌਮੀਅਤਾਂ ਨੂੰ ਇਸ ਰਾਜ ਪ੍ਰਬੰਧ ਹੇਠ ਧੱਕੇ ਤੇ ਬੇਕਿਰਕ ਵਿਤਕਰੇ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਹਾਸ਼ੀਆਗ੍ਰਸਤ ਹਿੱਸਿਆਂ ਦੇ ਸੰਘਰਸ਼ਾਂ ਦੇ ਲੰਮੇ ਇਤਿਹਾਸ ਉਪਰ ਸਰਸਰੀ ਝਾਤ ਹੀ ਉਨ੍ਹਾਂ ਦੀ ਸਮਾਜੀ ਨਿਆਂ ਅਤੇ ਮੁਢਲੇ ਸੰਵਿਧਾਨਕ ਹੱਕਾਂ ਲਈ 'ਇੰਤਹਾਪਸੰਦ' ਜਦੋਜਹਿਦਾਂ ਦੀ ਵਾਜਬੀਅਤ ਦਰਸਾ ਦਿੰਦੀ ਹੈ।***

ਤੇਰਾਂ ਜਨਵਰੀ ਨੂੰ ਬਿਹਾਰ ਦੀ ਜਹਾਨਾਬਾਦ ਜ਼ਿਲ੍ਹਾ ਅਦਾਲਤ ਨੇ ਸ਼ੰਕਰ ਬਿੱਘਾ ਕਤਲੇਆਮ ਦੇ ਦੋਸ਼ੀਆਂ ਨੂੰ ਇਹ ਕਹਿ ਕੇ ਬਰੀ ਕਰ ਦਿੱਤਾ ਕਿ ਉਨ੍ਹਾਂ ਦੇ ਦੋਸ਼ੀ ਹੋਣ ਦੇ ਠੋਸ ਸਬੂਤ ਨਹੀਂ ਹਨ। ਜਦੋਂ ਮੁਲਕ ਦੀ ਨਿਆਂ ਪ੍ਰਣਾਲੀ ਇਕ ਪਿੱਛੋਂ ਦੂਜੇ ਕਤਲੇਆਮ ਦੇ ਕੇਸਾਂ ਵਿਚ ਦੋਸ਼ੀਆਂ ਨੂੰ ਬਰੀ ਕਰਦੀ ਜਾ ਰਹੀ ਹੈ, ਗੱਲ ਗੱਲ ਉਤੇ 'ਕਾਨੂੰਨ ਦੇ ਰਾਜ' ਦੀਆਂ ਨਸੀਹਤਾਂ ਦੇਣ ਵਾਲੀ ਮੁੱਖਧਾਰਾ ਸਿਆਸਤ ਦੇ ਸਮੁੱਚੇ ਕੋੜਮੇ ਦੀ ਜ਼ਬਾਨ ਅਜਿਹੇ ਫੈਸਲਿਆਂ ਬਾਰੇ ਬੰਦ ਹੈ। ਮੀਡੀਆ ਲਈ ਵੀ ਇਹ ਕੋਈ ਖਾਸ ਮੁੱਦਾ ਨਹੀਂ ਹੈ। ਫਿਰ ਸਵਾਲ ਹੈ ਕਿ ਮਜ਼ਲੂਮ ਨਿਆਂ ਦੀ ਉਮੀਦ ਕਿਸ ਤੋਂ ਕਰਨ ਅਤੇ

**ਬੂਟਾ ਸਿੰਘ**
**ਫੋਨ: 91-94634-74342**

ਆਪਣੀ ਹੱਕ-ਜਤਾਈ ਲਈ 'ਮੁੱਖਧਾਰਾ' ਉਪਰ ਭਰੋਸਾ ਕਿਉਂ ਕਰਨ? ਸਵਾਲ ਤਾਂ ਇਹ ਵੀ ਹੈ ਕਿ 26 ਜਨਵਰੀ ਨੂੰ 'ਗਣਤੰਤਰ ਦਿਵਸ' ਉਪਰ ਗਣਤੰਤਰ ਦੇ ਜੋ ਜਸ਼ਨ ਮਨਾਏ ਜਾਣਗੇ, ਇਨ੍ਹਾਂ ਅਦਾਲਤੀ ਫੈਸਲਿਆਂ ਅਤੇ ਸਾਢੇ ਛੇ ਦਹਾਕਿਆਂ ਦੀ ਬੇਇਨਸਾਫ਼ੀ ਦੇ ਮੱਦੇਨਜ਼ਰ ਉਹ ਕਿਨ੍ਹਾਂ 'ਗਣਾਂ' ਦਾ ਤੰਤਰ ਹੈ?

25 ਜਨਵਰੀ 1999 ਨੂੰ ਜਗੀਰੂ ਰਣਬੀਰ ਸੈਨਾ ਨੇ ਸ਼ੰਕਰ ਬਿੱਘਾ ਦੀ ਦਲਿਤ ਬਸਤੀ ਉਪਰ ਹਮਲਾ ਕਰ ਕੇ ਔਰਤਾਂ ਤੇ ਬੱਚਿਆਂ ਸਮੇਤ 23 ਦਲਿਤਾਂ ਦੇ ਸੱਥਰ ਵਿਛਾ ਦਿੱਤੇ ਸਨ। ਇਸ ਬਾਰੇ ਉਪਰੋਕਤ ਫੈਸਲਾ, ਨਿਆਂ ਨਾਲ ਕੋਝੇ ਮਜ਼ਾਕ ਦੀ ਕੋਈ ਪਹਿਲੀ ਮਿਸਾਲ ਨਹੀਂ ਹੈ। ਬਿਹਾਰ ਵਿਚ ਰਣਬੀਰ ਸੈਨਾ ਵਲੋਂ ਕੀਤੇ ਪੰਜ ਚਰਚਿਤ ਕਤਲੇਆਮਾਂ ਦੇ ਦੋਸ਼ੀ, ਅਦਾਲਤਾਂ ਨੇ ਬਰੀ ਕੀਤੇ ਹਨ। 11 ਅਕਤੂਬਰ 2013 ਨੂੰ ਪਟਨਾ ਹਾਈ ਕੋਰਟ ਵਲੋਂ ਲਕਸ਼ਮਣਪੁਰ ਬਾਥੇ ਕਾਂਡ ਦੇ 26 ਦੋਸ਼ੀਆਂ ਨੂੰ 16 ਸਾਲ ਚੱਲੇ ਮੁਕੱਦਮੇ ਤੋਂ ਪਿੱਛੋਂ 'ਸ਼ੱਕ ਦੀ ਗੁੰਜਾਇਸ਼' ਦਾ ਲਾਹਾ ਦੇ ਕੇ ਬਰੀ ਕਰ ਦਿੱਤਾ ਗਿਆ। ਤਤਕਾਲੀ ਰਾਸ਼ਟਰਪਤੀ ਕੇ.ਆਰ. ਨਰਾਇਣਨ ਦੇ ਲਫਜ਼ਾਂ ਵਿਚ 'ਕੌਮੀ ਸ਼ਰਮਸਾਰੀ' ਵਾਲੀ ਇਸ ਕਤਲੋਗ਼ਾਰਤ ਵਿਚ ਪਹਿਲੀ ਦਸੰਬਰ 1997 ਦੀ ਰਾਤ ਨੂੰ ਰਣਬੀਰ ਸੈਨਾ ਨੇ 27 ਔਰਤਾਂ (8 ਗਰਭਵਤੀ ਔਰਤਾਂ) ਅਤੇ 16 ਬੱਚਿਆਂ ਸਮੇਤ 58 ਦਲਿਤਾਂ ਨੂੰ ਕਤਲ ਕੀਤਾ ਸੀ। ਅਜੇ ਪੰਦਰਾਂ ਦਿਨ ਪਹਿਲਾਂ ਹੀ ਸੀ.ਬੀ.ਆਈ. ਵਲੋਂ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਵਿਰੁਧ ਸੋਹਰਾਬੂਦੀਨ ਫਰਜ਼ੀ ਪੁਲਿਸ ਮੁਕਾਬਲੇ ਵਿਚ ਤਿੰਨ ਬੇਕਸੂਰਾਂ ਨੂੰ ਕਤਲ ਕਰਵਾਉਣ ਦੇ ਦੋਸ਼ ਵਾਪਸ ਲੈ ਕੇ ਨਿਆਂ ਦੀ ਉਮੀਦ 'ਤੇ ਪਾਣੀ ਫੇਰਨ ਦੇ ਸਿਲਸਿਲੇ ਵਿਚ ਇਕ ਮਿਸਾਲ ਹੋਰ ਜੋੜੀ ਗਈ ਹੈ। ਹਾਲ ਹੀ ਵਿਚ 15 ਜਨਵਰੀ ਨੂੰ ਜੰਮੂ-ਕਸ਼ਮੀਰ ਹਾਈ ਕੋਰਟ ਵਲੋਂ ਹਿੰਦੁਸਤਾਨੀ ਫੌਜ ਦੀ ਨਜ਼ਰਸਾਨੀ ਪਟੀਸ਼ਨ ਦੇ ਆਧਾਰ 'ਤੇ ਕੁਨਨ-ਪੌਸ਼ਪੁਰਾ ਸਮੂਹਿਕ ਜਬਰ-ਜਨਾਹ ਅਤੇ ਜ਼ੁਲਮ ਕਾਂਡ ਵਿਚ (ਪੀੜਤ ਧਿਰ ਦਾ ਪੱਖ ਸੁਣੇ ਬਗ਼ੈਰ ਹੀ) ਇਸ ਮਾਮਲੇ ਦੀ ਹੋਰ ਪੜਤਾਲ ਕਰਨ ਉਪਰ ਰੋਕ ਲਗਾਉਣਾ ਵੀ ਇਸੇ ਤਰ੍ਹਾਂ ਦਾ ਅਦਾਲਤੀ ਫੈਸਲਾ ਹੈ ਜੋ ਹਰ ਹੀਲੇ ਸਥਾਪਤੀ ਦੀਆਂ ਤਾਕਤਾਂ ਦੀ ਮੁਜਰਮਾਨਾ ਭੂਮਿਕਾ 'ਤੇ ਪਰਦਾ ਪਾਉਣ ਦੇ ਇਰਾਦੇ ਨਾਲ ਕੀਤਾ ਗਿਆ ਹੈ।

ਜੁਰਮਾਂ ਦੀ ਛਾਣ-ਬੀਣ ਕਰਨ ਵਾਲੀਆਂ ਏਜੰਸੀਆਂ ਦੀ ਆਵਾਮ ਵਿਰੋਧੀ ਕਾਰਗੁਜ਼ਾਰੀ ਤਾਂ ਸਵਾਲਾਂ ਦੇ ਘੇਰੇ ਵਿਚ ਹੈ ਹੀ ਪਰ ਸਵਾਲ ਤਾਂ ਇਹ ਹੈ ਕਿ ਨਿਆਂ ਦੀਆਂ ਮੂਰਤੀਆਂ ਦਾ ਰਵੱਈਆ ਵੀ ਰਾਜਤੰਤਰ ਤੋਂ ਵੱਖਰਾ ਨਹੀਂ। ਇੰਨੇ ਵੱਡੇ ਕਤਲੇਆਮਾਂ ਦੇ ਮੁਜਰਮਾਂ ਨੂੰ ਬਰੀ ਕਰਨ ਦੇ ਇਨ੍ਹਾਂ ਫੈਸਲਿਆਂ ਦੇ ਤਰਕ ਨਿਰੋਲ ਤਕਨੀਕੀ ਹਨ। ਇਨ੍ਹਾਂ ਵਿਚ ਸਮਾਜੀ ਹਾਲਾਤ ਅਤੇ ਨਿਆਂ ਦੇ ਤਕਾਜ਼ੇ ਪ੍ਰਤੀ ਸੰਵੇਦਨਹੀਣਤਾ ਨਾਦਾਰਦ ਹੈ।

ਇਨ੍ਹਾਂ ਖਾਸ ਮਾਮਲਿਆਂ ਵਿਚ ਨਿਆਂ ਪ੍ਰਬੰਧ ਦੇ ਇਹ ਫੈਸਲੇ ਇਸ ਕਰ ਕੇ ਵੀ ਗੰਭੀਰ ਹਨ ਕਿਉਂਕਿ ਦਲਿਤਾਂ, ਆਦਿਵਾਸੀਆਂ, ਧਾਰਮਿਕ ਘੱਟ-ਗਿਣਤੀਆਂ ਅਤੇ ਕੌਮੀਅਤਾਂ ਨੂੰ ਇਸ ਰਾਜ ਪ੍ਰਬੰਧ ਹੇਠ ਧੱਕੇ ਤੇ ਬੇਕਿਰਕ ਵਿਤਕਰੇ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਹਾਸ਼ੀਆਗ੍ਰਸਤ ਹਿੱਸਿਆਂ ਦੇ ਸੰਘਰਸ਼ਾਂ ਦੇ ਲੰਮੇ ਇਤਿਹਾਸ ਉਪਰ ਸਰਸਰੀ ਝਾਤ ਹੀ ਉਨ੍ਹਾਂ ਦੀ ਸਮਾਜੀ ਨਿਆਂ ਅਤੇ ਮੁਢਲੇ ਸੰਵਿਧਾਨਕ ਹੱਕਾਂ ਲਈ 'ਇੰਤਹਾਪਸੰਦ' ਜਦੋਜਹਿਦਾਂ ਦੀ ਵਾਜਬੀਅਤ ਦਰਸਾ ਦਿੰਦੀ ਹੈ ਜਿਸ ਨੂੰ ਭੰਡਣਾ ਅਖਾਉਤੀ ਮੁੱਖਧਾਰਾ ਸਿਆਸਤ ਨੇ ਸਦਾਬਹਾਰ ਕਾਰਜ ਬਣਾ ਰੱਖਿਆ ਹੈ; ਜਦਕਿ ਇਹੀ ਮੁੱਖਧਾਰਾ ਇਸ ਢਾਂਚੇ ਵਲੋਂ ਦੱਬੇ-ਕੁਚਲੇ ਆਵਾਮ ਉਪਰ ਨਿੱਤ ਢਾਹੀ ਜਾ ਰਹੀ ਬੇਕਿਰਕ ਹਿੰਸਾ ਦੀ ਕਦੇ ਗੱਲ ਨਹੀਂ ਕਰਦੀ। ਬਿਹਾਰ ਅੰਦਰ ਦਲਿਤਾਂ ਦੇ ਕਤਲੇਆਮ ਦੇ ਪਿਛੋਕੜ ਵਿਚ ਉਨ੍ਹਾਂ ਦੀ ਸਮਾਜੀ ਨਿਆਂ ਲਈ ਹੱਕ-ਜਤਾਈ ਨੂੰ ਕੁਚਲਣ ਦੀ ਡਾਢਿਆਂ ਦੀ ਸੀਨਾਜ਼ੋਰੀ ਉਹ ਮੂੰਹਜ਼ੋਰ ਹਕੀਕਤ ਹੈ ਜਿਸ ਬਾਰੇ ਨਿਆਂ ਪ੍ਰਬੰਧ ਦੀਆਂ ਕੁਰਸੀਆਂ 'ਤੇ ਬੈਠੇ ਜੱਜ ਵੀ ਅਕਸਰ ਅੱਖਾਂ ਮੀਟ ਲੈਂਦੇ ਹਨ ਅਤੇ ਮਹਿਜ਼ ਤਕਨੀਕੀ ਪੱਖ ਤੋਂ ਫੈਸਲੇ ਸੁਣਾਉਂਦੇ ਹਨ।

ਜਦੋਂ 1947 ਦੀ ਸੱਤਾ ਬਦਲੀ ਤੋਂ ਤਿੰਨ ਦਹਾਕੇ ਬਾਅਦ ਵੀ ਨਵਾਂ ਨਿਜ਼ਾਮ ਸਮਾਜ ਦੇ ਸਭ ਤੋਂ ਵੱਧ ਦੱਬੇ-ਕੁਚਲੇ ਹਿੱਸਿਆਂ ਦੀ ਜ਼ਿੰਦਗੀ ਦੀਆਂ ਮੁੱਢਲੀਆਂ ਇਨਸਾਨੀ ਲੋੜਾਂ ਦੀ ਪੂਰਤੀ ਕਰਨ 'ਚ ਪੂਰੀ ਤਰ੍ਹਾਂ ਨਾਕਾਮ ਤੇ ਨਖਿੱਧ ਸਾਬਤ ਹੋਇਆ ਤਾਂ ਦਲਿਤਾਂ ਤੇ ਆਦਿਵਾਸੀਆਂ ਨੇ ਸਮਾਜੀ ਨਿਆਂ ਲਈ ਪੁਰਅਮਨ ਜਥੇਬੰਦ ਹੋਣ ਦਾ ਜਮਹੂਰੀ ਰਾਹ ਅਖਤਿਆਰ ਕੀਤਾ। ਉਹ ਨਕਸਲਬਾੜੀ ਸਿਆਸਤ ਦੇ ਪ੍ਰਭਾਵ ਹੇਠ ਅਤੇ ਨਕਸਲੀ ਇਨਕਲਾਬੀਆਂ ਦੇ ਸਦੀਵੀ ਜਗੀਰੂ ਧੌਂਸ ਨੂੰ ਵੰਗਾਰਨ ਦੇ ਅਣਥੱਕ ਯਤਨਾਂ ਨਾਲ ਪੈਦਾ ਹੋਏ ਸਵੈ-ਵਿਸ਼ਵਾਸ ਦੀ ਬਦੌਲਤ ਜਥੇਬੰਦ ਹੋਏ। ਇਸੇ ਦੀ ਕੜੀ ਵਜੋਂ ਮੱਧ ਬਿਹਾਰ ਘੱਟੋ-ਘੱਟ ਕਾਨੂੰਨੀ ਮਜ਼ਦੂਰੀ, ਜਾਤਪਾਤੀ ਦਾਬੇ ਅਤੇ ਵਗਾਰ ਤੋਂ ਮੁਕਤ ਸਵੈ-ਮਾਣ ਵਾਲੀ ਜ਼ਿੰਦਗੀ ਅਤੇ ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕਰ ਕੇ ਬੇਜ਼ਮੀਨਿਆਂ ਨੂੰ ਜ਼ਮੀਨ ਦੇਣ ਦੀਆਂ ਆਮ ਕਾਨੂੰਨੀ ਮੰਗਾਂ ਉਪਰ ਵਿਆਪਕ ਘੋਲਾਂ ਦਾ ਅਖਾੜਾ ਬਣਿਆ। ਦੱਬੇ-ਕੁਚਲਿਆਂ ਦੀ ਹੱਕ-ਜਤਾਈ ਕੁਚਲਣ ਲਈ ਉਚ ਜਾਤੀ ਜਗੀਰਦਾਰਾਂ ਨੇ ਹਾਕਮ ਜਮਾਤੀ ਸਿਆਸਤ ਅਤੇ ਰਾਜ-ਮਸ਼ੀਨਰੀ ਦੀ ਪੁਸ਼ਤ-ਪਨਾਹੀ ਤੇ ਹੱਲਾਸ਼ੇਰੀ ਨਾਲ ਪ੍ਰਾਈਵੇਟ ਹਥਿਆਰਬੰਦ ਸੈਨਾਵਾਂ ਬਣਾ ਲਈਆਂ। ਇਹ ਧੌਂਸਬਾਜ਼ ਜਗੀਰੂ ਤਾਕਤਾਂ ਦੇ ਜੁਰਮਾਂ ਨੂੰ ਸੁਰੱਖਿਆ ਛੱਤਰੀ ਦੇਣ ਵਾਲੀ ਰਾਜਤੰਤਰੀ ਹਿੰਸਾ ਸੀ ਜਿਸ ਨੇ ਪੁਰਅਮਨ ਸੰਘਰਸ਼ਾਂ ਨੂੰ ਹਥਿਆਰਬੰਦ ਸਵੈ-ਰੱਖਿਆ ਦੇ ਰਾਹ ਤੋਰਿਆ। ਸਿੱਟੇ ਵਜੋਂ ਇਕ ਪਾਸੇ ਦੱਬੇ-ਕੁਚਲਿਆਂ ਦੀ ਵਾਜਬ ਜਮਹੂਰੀ ਹੱਕ-ਜਤਾਈ ਤੇ ਸਵੈ-ਰਾਖੀ; ਤੇ ਦੂਜੇ ਪਾਸੇ ਉਚ ਜਾਤੀ ਜਰਵਾਣਿਆਂ ਦੀ ਯਥਾਸਥਿਤੀ ਨੂੰ ਬਰਕਰਾਰ ਰੱਖਣ ਦੀ ਨਿਹਾਇਤ ਪਿਛਾਖੜੀ ਮਨਸ਼ਾ ਨਾਲ ਗੈਰ-ਕਾਨੂੰਨੀ ਹਥਿਆਰਬੰਦ ਗਰੋਹ ਬਣਾਉਣ ਦੀ ਮੁਜਰਮ ਬਿਰਤੀ ਸਾਹਮਣੇ ਆਈ। ਇਸ ਜ਼ੋਰ-ਅਜ਼ਮਾਈ ਦੌਰਾਨ ਧੌਂਸਬਾਜ਼ ਜਗੀਰੂ ਤਾਕਤਾਂ ਅਤੇ ਰਾਜਤੰਤਰ ਦੇ ਨਾਪਾਕ ਗੱਠਜੋੜ ਵਲੋਂ ਮਿਲ ਕੇ ਬਣਾਈਆਂ ਡੇਢ ਦਰਜਨ ਜਗੀਰੂ ਸੈਨਾਵਾਂ ਆਵਾਮ ਦੀ ਤਾਕਤ ਅੱਗੇ ਇਕ-ਇਕ ਕਰ ਕੇ ਦਮ ਤੋੜਦੀਆਂ ਗਈਆਂ। ਇਨ੍ਹਾਂ ਸੈਨਾਵਾਂ ਨੇ 1977 ਤੋਂ ਲੈ ਕੇ 2001 ਦਰਮਿਆਨ ਬਿਹਾਰ ਵਿਚ 80 ਤੋਂ ਉਪਰ ਕਤਲੇਆਮ ਅੰਜਾਮ ਦਿੱਤੇ। ਇਕੱਲੀ ਰਣਬੀਰ ਸੈਨਾ ਨੇ ਛੇ ਸਾਲਾਂ ਦੇ ਅਰਸੇ ਵਿਚ 27 ਕਤਲੇਆਮ ਕਰ ਕੇ 400 ਦੇ ਕਰੀਬ ਦਲਿਤ ਕਤਲ ਕੀਤੇ। ਮਨੋਰਥ ਸਪਸ਼ਟ ਸੀ- ਉਨ੍ਹਾਂ ਦੀ ਜਥੇਬੰਦ ਤਾਕਤ ਤੇ ਸਵੈ-ਵਿਸ਼ਵਾਸ ਨੂੰ ਤੋੜਨਾ ਅਤੇ ਜਗੀਰੂ ਤਾਕਤਾਂ ਦੀ ਧੌਂਸ ਮੁੜ ਸਥਾਪਤ ਕਰਨਾ। ਇਕ ਵੀ ਕਾਂਡ ਅਜਿਹਾ ਨਹੀਂ ਸੀ ਜੋ ਪੁਲਿਸ ਅਧਿਕਾਰੀਆਂ ਦੀ ਮਿਲੀਭੁਗਤ ਤੋਂ ਬਗੈਰ ਹੋਇਆ ਹੋਵੇ।

*ਜੁਰਮਾਂ ਦੀ ਛਾਣ-ਬੀਣ ਕਰਨ ਵਾਲੀਆਂ ਏਜੰਸੀਆਂ ਦੀ ਅਵਾਮ ਵਿਰੋਧੀ ਕਾਰਗੁਜ਼ਾਰੀ ਤਾਂ ਸਵਾਲਾਂ ਦੇ ਘੇਰੇ ਵਿਚ ਹੈ ਹੀ, ਪਰ ਸਵਾਲ ਤਾਂ ਇਹ ਹੈ ਕਿ ਨਿਆਂ ਦੀਆਂ ਮੂਰਤੀਆਂ ਦਾ ਰਵੱਈਆ ਵੀ ਰਾਜਤੰਤਰ ਤੋਂ ਵੱਖਰਾ ਨਹੀਂ। ਇੰਨੇ ਵੱਡੇ ਕਤਲੇਆਮਾਂ ਦੇ ਮੁਜਰਮਾਂ ਨੂੰ ਬਰੀ ਕਰਨ ਦੇ ਇਨ੍ਹਾਂ ਫ਼ੈਸਲਿਆਂ ਦੇ ਤਰਕ ਨਿਰੋਲ ਤਕਨੀਕੀ ਹਨ।*

ਲਾਲੂ ਯਾਦਵ ਹਕੂਮਤ ਵਲੋਂ ਲਕਸ਼ਮਣਪੁਰ ਕਤਲੇਆਮ ਤੋਂ ਬਾਅਦ ਬਣਾਏ ਜਸਟਿਸ ਅਮੀਰ ਦਾਸ ਕਮਿਸ਼ਨ ਵਲੋਂ ਸ਼ੁਰੂ ਕੀਤੀ ਮੁਢਲੀ ਜਾਂਚ ਨੇ ਭਾਜਪਾ ਅਤੇ ਕਾਂਗਰਸ ਸਮੇਤ ਤਕਰੀਬਨ ਸਾਰੀਆਂ ਹੀ ਹਾਕਮ ਜਮਾਤੀ ਪਾਰਟੀਆਂ ਦੇ ਇਨ੍ਹਾਂ ਜਗੀਰੂ ਸੈਨਾਵਾਂ ਦੇ ਆਗੂਆਂ ਨਾਲ ਸਬੰਧਾਂ ਬਾਰੇ ਸਾਫ ਇਸ਼ਾਰਾ ਕੀਤਾ ਸੀ। ਨਿਤੀਸ਼ ਕੁਮਾਰ ਹਕੂਮਤ ਨੇ ਸੱਤਾਨਸ਼ੀਨ ਹੁੰਦੇ ਸਾਰ ਪਹਿਲਾ ਕੰਮ ਇਸ ਕਮਿਸ਼ਨ ਨੂੰ ਤੋੜਨ ਦਾ ਕੀਤਾ। ਅਖੌਤੀ 'ਮੁੱਖਧਾਰਾ' ਸਿਆਸਤਦਾਨਾਂ ਦੇ ਮੁਜਰਮਾਨਾ ਚਿਹਰੇ ਬੇਨਕਾਬ ਕਰਨ ਵਾਲੀ ਇਹ ਰਿਪੋਰਟ ਕਦੇ ਵੀ ਨਸ਼ਰ ਨਹੀਂ ਕੀਤੀ ਗਈ। 2013 ਵਿਚ ਗੱਲਬਾਤ ਦੌਰਾਨ ਜਸਟਿਸ ਅਮੀਰ ਦਾਸ ਨੇ ਕਿਹਾ ਕਿ ਲਕਸ਼ਮਣਪੁਰ ਬਾਥੇ ਵਿਚ "ਰਣਬੀਰ ਸੈਨਾ ਦੇ ਕਾਤਲ ਬਾਹਰਲੇ ਨਹੀਂ ਸਨ। ਉਹ ਲਕਸ਼ਮਣਪੁਰ ਦੇ ਹੀ ਸਨ। ਸਾਰੇ ਭੋਂਇਪਤੀ ਸਨ; ਹੁਣ ਉਹ ਐਮ.ਐਲ.ਏ. ਹਨ।" ਇਹ ਸੱਚ ਜੱਜਾਂ ਨੂੰ ਕਿਉਂ ਨਜ਼ਰ ਨਹੀਂ ਆਉਂਦਾ? ਦੂਜੇ ਪਾਸੇ ਹਿੰਸਾ ਦੀ ਸਿਆਸਤ, ਇੰਤਹਾਪਸੰਦੀ, ਦਹਿਸ਼ਤਪਸੰਦੀ ਉਪਰ ਕਾਬੂ ਪਾਉਣ ਦੇ ਨਾਂ ਹੇਠ ਜੋ ਟਾਡਾ, ਪੋਟਾ, ਯੂ.ਏ.ਪੀ.ਏ. ਵਰਗੇ ਕਾਨੂੰਨ ਬਣਾਏ ਜਾਂਦੇ ਰਹੇ ਹਨ, ਉਹ ਕਤਲੇਆਮ ਕਰਨ ਵਾਲੀਆਂ ਗੈਰ-ਕਾਨੂੰਨੀ ਜਗੀਰੂ ਸੈਨਾਵਾਂ ਦੇ ਸਰਗਣਿਆਂ ਅਤੇ ਇਨ੍ਹਾਂ ਦੀ ਪੁਸ਼ਤ-ਪਨਾਹੀ ਕਰਨ ਵਾਲੇ ਸਿਆਸਤਦਾਨਾਂ ਦੇ ਖਿਲਾਫ ਕਦੇ ਵੀ ਲਾਗੂ ਨਹੀਂ ਕੀਤੇ ਗਏ। ਨਾ ਅਜਿਹੇ ਗਰੋਹਾਂ ਨੂੰ ਕਦੇ ਗੈਰ-ਕਾਨੂੰਨੀ ਕਰਾਰ ਦਿੱਤਾ ਜਾਂਦਾ ਹੈ, ਨਾ ਇਨ੍ਹਾਂ ਦੀ ਜਾਂਚ ਲਈ ਕਦੇ ਵਿਸ਼ੇਸ਼ ਜਾਂਚ ਟੀਮਾਂ ਬਣਾਈਆਂ ਜਾਂਦੀਆਂ ਹਨ। ਮਹਿਜ਼ ਸ਼ੱਕ ਦੇ ਆਧਾਰ 'ਤੇ ਗਰੀਬ ਆਦਿਵਾਸੀ ਤੇ ਦਲਿਤ ਮਰਦ-ਔਰਤਾਂ, ਮੁਸਲਮਾਨਾਂ, ਜਮਹੂਰੀ/ਮਨੁੱਖੀ ਅਧਿਕਾਰ ਕਾਰਕੁਨਾਂ, ਕਲਾਕਾਰਾਂ, ਲੇਖਕਾਂ/ਪੱਤਰਕਾਰਾਂ ਨੂੰ ਇਨ੍ਹਾਂ ਵਿਸ਼ੇਸ਼ ਕਾਨੂੰਨਾਂ ਤਹਿਤ ਗ੍ਰਿਫਤਾਰ ਕਰ ਕੇ ਕਈ-ਕਈ ਸਾਲ ਜੇਲ੍ਹਾਂ ਵਿਚ ਸਾੜਨ ਦੇ ਮਾਮਲਿਆਂ ਨੂੰ ਦੇਖ ਕੇ ਅਣਡਿੱਠ ਕਰਨ ਵਾਲੇ ਜੱਜ ਅਤੇ ਅਦਾਲਤਾਂ ਇਹ ਸਵਾਲ ਕਦੇ ਨਹੀਂ ਉਠਾਉਂਦੇ ਕਿ ਸਥਾਪਤੀ ਦੇ ਗੈਰ-ਕਾਨੂੰਨੀ ਹਥਿਆਰਬੰਦ ਗਰੋਹ ਅਤੇ ਇਨ੍ਹਾਂ ਦੀ ਪੁਸ਼ਤ-ਪਨਾਹੀ ਕਰਨ ਵਾਲੇ ਸਿਆਸਤਦਾਨ ਤੇ ਨੌਕਰਸ਼ਾਹ ਪੁਲਿਸ ਦੀ ਰਾਡਾਰ ਤੇ ਇਨ੍ਹਾਂ ਕਾਨੂੰਨਾਂ ਦੀ ਜ਼ੱਦ ਤੋਂ ਬਾਹਰ ਕਿਉਂ ਹਨ? ਪੁਲਿਸ ਤੇ ਹੋਰ ਤਫਤੀਸ਼ੀ ਏਜੰਸੀਆਂ ਮਹਿਜ਼ ਦੱਬੇ-ਕੁਚਲਿਆਂ ਦੇ ਮਾਮਲਿਆਂ ਵਿਚ 'ਠੋਸ ਸਬੂਤ' ਜੁਟਾਉਣ ਵਿਚ ਜੇ ਹਮੇਸ਼ਾ ਅਸਮਰੱਥ ਰਹਿੰਦੀਆਂ ਹਨ ਤਾਂ ਕੀ ਇਸ ਦਾ ਕਾਰਨ ਉਨ੍ਹਾਂ ਦੀ ਪੱਖਪਾਤੀ ਭੂਮਿਕਾ ਨਹੀਂ ਹੈ?

ਲਕਸ਼ਮਣਪੁਰ ਬਾਥੇ ਵਾਲੇ ਕਤਲੇਆਮ ਦੇ 26, ਬਥਾਣੀਟੋਲਾ ਕਤਲੇਆਮ ਦੇ 23 ਅਤੇ ਸ਼ੰਕਰ ਬਿੱਘਾ ਕਤਲੇਆਮ ਦੇ 24 ਦੋਸ਼ੀਆਂ ਨੂੰ ਬਰੀ ਕਰਨ ਵਾਲੇ ਇਕ ਵੀ ਜੱਜ ਨੇ ਇਹ ਸਵਾਲ ਨਹੀਂ ਉਠਾਇਆ ਕਿ ਜਿਨ੍ਹਾਂ ਬੰਦਿਆਂ ਖਿਲਾਫ ਪੁਲਿਸ ਤਫਤੀਸ਼ ਤੋਂ ਬਾਅਦ ਮੁਕੱਦਮੇ ਦਰਜ ਕੀਤੇ ਗਏ, ਜੇ ਕਤਲੇਆਮ ਉਨ੍ਹਾਂ ਨੇ ਨਹੀਂ ਕੀਤੇ, ਫਿਰ ਕਾਤਲ ਕੌਣ ਸਨ? ਜੋ ਮੁੱਖਧਾਰਾ ਮੀਡੀਆ ਤੇ ਸਿਆਸਤਦਾਨ ਬੋਕੋ ਹਰਮ, ਤਾਲਿਬਾਨ, ਆਈ.ਐਸ. ਆਈ.ਐਸ. ਵਗੈਰਾ ਵਲੋਂ ਪੇਸ਼ਾਵਰ, ਪੈਰਿਸ ਜਾਂ ਨਾਈਜੀਰੀਆ ਵਿਚ ਬੇਕਸੂਰ ਲੋਕਾਂ ਨੂੰ ਕਤਲ ਕਰਨ ਦੀਆਂ ਦਹਿਸ਼ਤਗਰਦ ਵਾਰਦਾਤਾਂ ਦੀ ਨਿਖੇਧੀ ਕਰਨ ਲਈ ਹਮੇਸ਼ਾ ਪੱਬਾਂ ਭਾਰ ਰਹਿੰਦੇ ਹਨ, ਉਹ ਆਪਣੇ ਮੁਲਕ ਅੰਦਰ ਦਲਿਤਾਂ, ਆਦਿਵਾਸੀਆਂ ਜਾਂ ਮੁਸਲਮਾਨਾਂ ਦੀ ਕਤਲੋਗ਼ਾਰਤ ਲਈ ਜ਼ਿੰਮੇਵਾਰ 'ਮੁੱਖਧਾਰਾ' ਦੇ ਦਹਿਸ਼ਤਗਰਦ ਗਰੋਹਾਂ ਨੂੰ ਅਦਾਲਤਾਂ ਵਲੋਂ ਸਾਫ ਬਰੀ ਕਰ ਦਿੱਤੇ ਜਾਣ ਬਾਰੇ ਇਉਂ ਖ਼ਾਮੋਸ਼ ਹਨ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ! ਇਸੇ ਵਿਚੋਂ ਦੱਬੇ-ਕੁਚਲਿਆਂ ਦੀਆਂ 'ਇੰਤਹਾਪਸੰਦ' ਤਹਿਰੀਕਾਂ ਪੈਦਾ ਹੁੰਦੀਆਂ ਹਨ।

# ਸ਼ਾਰਲੀ ਐਬਦੋ! ਜ਼ਰਾ ਧੁੱਪ ਛੱਡ ਕੇ ਖੜ੍ਹੋ...

**ਸੁਆਲ-ਸੰਵਾਦ**

**ਦਲਜੀਤ ਅਮੀ**
ਫੋਨ: 91-97811-21873

'ਸ਼ਾਰਲੀ ਐਬਦੋ' ਦੇ ਦਫਤਰ ਉਤੇ ਹਮਲੇ ਨਾਲ ਖਿਆਲਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਸੁਆਲ ਮੁੜ ਉਭਰਿਆ ਹੈ ਪਰ 'ਮੈਂ ਸ਼ਾਰਲੀ ਹਾਂ' ਜਾਂ 'ਮੈਂ ਵੀ ਸ਼ਾਰਲੀ ਹਾਂ' ਦੇ ਬੋਲੇ ਖ਼ੌਫ਼ਜ਼ਦਾ ਕਰਨ ਵਾਲੇ ਹਨ। ਬੰਦੂਕਾਂ ਦੀ ਬੇਕਿਰਕੀ ਅਤੇ 'ਮੈਂ ਸ਼ਾਰਲੀ ਹਾਂ' ਦੇ ਬੋਲਿਆਂ ਵਿਚਕਾਰ ਖਿੱਚੀ ਜਾ ਰਹੀ ਲਕੀਰ 'ਖਿਆਲਾਂ ਦੀ ਆਜ਼ਾਦੀ' ਉਤੇ ਸ਼ਰਤਾਂ ਲਗਾ ਰਹੀ ਹੈ। ਦੋਵੇਂ ਧਿਰਾਂ ਦੀ ਵੰਨ-ਸਵੰਨਤਾ ਅਤੇ ਰਮਜ਼ੀ ਸੁਰਾਂ ਕੰਨੀਆਂ ਤੱਕ ਮਹਿਦੂਦ ਹੋ ਗਈਆਂ ਹਨ। ਪਹਿਲਾਂ ਹੀ ਕੰਨੀਆਂ ਤੱਕ ਮਹਿਦੂਦ ਆਵਾਜ਼ਾਂ ਦੁਆਲੇ ਸ਼ਿਕੰਜਾ ਕੱਸੇ ਜਾਣ ਲਈ ਮਾਹੌਲ ਤੇ ਮਨੋਵੇਗ ਤਿਆਰ ਹੋ ਗਿਆ ਹੈ। ਇਸ ਉਘੜਵੀ ਪਾਲਾਬੰਦੀ ਦੇ ਦੋਹੀਂ ਪਾਸੀਂ ਖਿਆਲਾਂ ਦੀ ਆਜ਼ਾਦੀ ਦੀਆਂ ਦਲੀਲਾਂ ਪੇਤਲੀਆਂ ਜਾਪਦੀਆਂ ਹਨ। ਸਾਮਰਾਜਵਾਦ ਖੁੱਲ੍ਹੀ ਮੰਡੀ ਅਤੇ ਇਸਲਾਮ ਦੇ ਖ਼ੌਫ਼ ਉਤੇ ਸਵਾਰ ਹੋ ਕੇ ਜੰਗੀ ਅਤੇ ਪ੍ਰਚਾਰ ਮੁਹਿੰਮਾਂ ਵਿਚ ਲੱਗਾ ਹੋਇਆ ਹੈ। ਜੁਆਬ ਵਿਚ ਘੱਟ-ਗਿਣਤੀਆਂ ਦੀ ਬੇਵਿਸਾਹੀ, ਜੰਗੀ ਮੁਹਿੰਮਾਂ ਦੀ ਮਾਰ ਹੇਠ ਆਏ ਮੁਲਕਾਂ ਵਿਚ ਪਸਰ ਰਹੀ ਖਾਨਾਜੰਗੀ, ਸ਼ੱਕ ਦੇ ਘੇਰੇ 'ਚ ਆਏ ਪਰਵਾਸੀ ਅਤੇ ਸਫ਼ਰਯਾਫ਼ਤਾ ਆਬਾਦੀ ਦੇ ਮਸਲੇ ਹਨ ਜਿਨ੍ਹਾਂ 'ਚੋਂ ਕੱਟੜਵਾਦ ਮੂੰਹਜ਼ੋਰ ਹੋ ਰਿਹਾ ਹੈ।

ਉੱਤਰੀ ਅਮਰੀਕੀ, ਯੂਰਪੀ ਅਤੇ ਆਸਟਰੇਲੀਆਈ ਮੁਲਕਾਂ ਨੇ ਸਾਮਰਾਜਵਾਦ ਦੀਆਂ ਨਵੀਆਂ ਸਭਿਅਤਾ ਮੁਹਿੰਮਾਂ ਦਾ ਬਾਨ੍ਹਣੂ ਇਸਲਾਮ ਦੁਆਲੇ ਬੰਨ੍ਹਿਆ ਹੈ। ਕਮਿਊਨਿਸਟ ਮੁਲਕਾਂ ਖਿਲਾਫ ਲੜਾਈ ਵਿਚ ਇਹੋ ਇਸਲਾਮੀ ਜਹਾਦੀ ਇਨ੍ਹਾਂ ਦੇ ਸਾਥੀ ਸਨ ਪਰ ਹੁਣ ਆਹਮੋ-ਸਾਹਮਣੇ ਹਨ। ਇਹ ਪਾਲਾਬੰਦੀ ਇੰਨੀ ਵੀ ਸਾਫ ਨਹੀਂ ਹੈ। ਹੁਣ ਵੀ ਇਰਾਨ ਅਤੇ ਸੀਰੀਆ ਵਰਗੇ ਮੁਲਕਾਂ ਵਿਚ ਜਹਾਦੀ ਜਥੇਬੰਦੀਆਂ ਨੂੰ ਅਮਰੀਕੀ ਧੜੇ ਦੀ ਹਮਾਇਤ ਹੈ। ਅਫ਼ਗ਼ਾਨਿਸਤਾਨ ਵਿਚ ਚੰਗੇ ਤੇ ਮਾੜੇ ਤਾਲਿਬਾਨ ਵਿਚ ਨਿਖੇੜਾ ਕਰਨ ਦੀ ਮਸ਼ਕ ਚੱਲ ਰਹੀ ਹੈ। ਇਸੇ ਦੌਰਾਨ ਅਮਰੀਕੀ, ਯੂਰਪੀ ਅਤੇ ਆਸਟਰੇਲੀਆਈ ਮੁਲਕਾਂ ਵਿਚ ਗੋਰਿਆਂ ਦਾ ਰਵਾਇਤੀ ਨਸਲਵਾਦ 'ਇਸਲਾਮੀ ਖਤਰੇ' ਖਿਲਾਫ ਲਾਮਬੰਦ ਹੋਇਆ ਹੈ। ਜਮਹੂਰੀਅਤ ਅਤੇ ਖੁੱਲ੍ਹ-ਨਜ਼ਰੀ ਦੇ ਨਾਮ 'ਤੇ ਬਹੁਤ ਸਾਰੀਆਂ ਜਥੇਬੰਦੀਆਂ ਸਰਗਰਮ ਹੋਈਆਂ ਹਨ। ਇਹ ਜਥੇਬੰਦੀਆਂ ਲੋਕ-ਰਾਏ ਤੋਂ ਲੈ ਕੇ ਸਰਕਾਰੀ ਨੀਤੀਆਂ ਉਤੇ ਅਸਰਅੰਦਾਜ਼ ਹੋਈਆਂ ਹਨ। ਨੀਤੀਆਂ ਵਜੋਂ ਆਵਾਸੀ ਨੇਮਾਂ ਵਿਚ ਤਬਦੀਲੀਆਂ ਹੋਈਆਂ ਹਨ ਅਤੇ ਵਿਹਾਰ ਵਿਚ 'ਤਲਾਸ਼ੀਆਂ ਤੇ ਨਮੋਸ਼ੀਆਂ' ਦਾ ਰੁਝਾਨ ਵਧਿਆ ਹੈ।

ਇਸ ਦੌਰ ਵਿਚ ਰੱਬ ਤੇ ਪੈਗੰਬਰ ਦੀਆਂ ਧਾਰਨਾਵਾਂ ਲਾਮਬੰਦੀ ਦਾ ਸਬੱਬ ਬਣੀਆਂ ਹਨ। ਇਨ੍ਹਾਂ ਦੀ ਵਿਆਖਿਆ ਰਾਹੀਂ ਸਿਆਸਤ ਨੂੰ ਅੱਗੇ ਵਧਾਉਣ ਦਾ ਉਪਰਾਲਾ ਹੋਇਆ ਹੈ। ਸਾਮਰਾਜੀ ਮੁਲਕਾਂ ਨੇ ਹਰ ਧਰਮ ਦੀਆਂ ਇਬਾਦਤਗਾਹਾਂ ਨੂੰ ਸਰਪ੍ਰਸਤੀ ਦਿੱਤੀ ਹੈ। ਇੱਕ ਪਾਸੇ ਸਰਕਾਰਾਂ ਸਮਾਜ ਕਲਿਆਣ ਦੇ ਖੇਤਰ 'ਚੋਂ ਹੱਥ ਖਿੱਚ ਰਹੀਆਂ ਹਨ; ਦੂਜੇ ਪਾਸੇ 'ਪਛਾਣ' ਤੇ 'ਸ਼ਰਧਾ' ਦੇ ਨਾਂ ਉਤੇ ਇਬਾਦਤਗਾਹਾਂ ਨੂੰ ਹਰ ਤਰ੍ਹਾਂ ਦੀਆਂ ਛੋਟਾਂ ਤੇ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਵਿਹਾਰ ਵਿਚ ਸ਼ਹਿਰੀਆਂ ਨੂੰ ਸੀਲ ਖਪਤਕਾਰ ਬਣਾਉਣ ਦੇ ਆਹਰ ਵਿਚ ਲੱਗੀਆਂ ਸਰਕਾਰਾਂ ਅਜਿਹੇ ਮੌਕਿਆਂ ਉਤੇ ਆਪਣੇ ਸ਼ਹਿਰੀਆਂ ਤੋਂ ਵਿਗਿਆਨਕ ਸੋਚ ਦੀ ਤਵੱਕੋ ਕਰਦੀਆਂ ਹਨ। ਸ਼ਾਰਲੀ ਐਬਦੋ ਜਿਹੇ ਹਾਦਸਿਆਂ ਦੀ ਮਾਰ, ਜਾਨੀ-ਮਾਲੀ ਨੁਕਸਾਨ ਤੋਂ ਕਿਤੇ ਜ਼ਿਆਦਾ ਨੀਤੀਆਂ ਉਤੇ ਪੈਣੀ ਹੈ। ਸ਼ਨਾਖ਼ਤ, ਤਲਾਸ਼ੀਆਂ ਅਤੇ ਨਮੋਸ਼ੀਆਂ ਦੀ ਕਵਾਇਦ ਵਜੋਂ ਕੈਮਰਿਆਂ ਅਤੇ ਸੁਰੱਖਿਆ ਕਰਮੀਆਂ ਦੀ ਜ਼ਿੰਦਗੀ ਵਿਚ ਦਖ਼ਲਅੰਦਾਜ਼ੀ ਵਧਣੀ ਹੈ। ਸੁਰੱਖਿਆ ਦੇ ਨਾਮ ਉਤੇ ਕੀਤੀਆਂ ਜਾਣ ਵਾਲੀਆਂ ਇਨ੍ਹਾਂ ਪੇਸ਼ਬੰਦੀਆਂ ਨੂੰ ਲਾਗੂ ਕਰਨ ਵੇਲੇ ਸੰਵਾਦ ਦੇ ਘੇਰੇ ਵਿਚੋਂ ਬਾਹਰ ਰੱਖਿਆ ਜਾਂਦਾ ਹੈ। ਜਿਵੇਂ ਸਰਕਾਰਾਂ ਸੁਰੱਖਿਆ ਦੇ ਨਾਮ ਉਤੇ ਦਲੀਲ ਤੋਂ ਬਚਣ ਦਾ ਉਪਰਾਲਾ ਕਰਦੀਆਂ ਹਨ; ਉਵੇਂ ਧਰਮ, ਕੁਫ਼ਰ ਦੇ ਖ਼ੌਫ਼ ਨਾਲ ਦਲੀਲ ਤੋਂ ਪਾਸਾ ਵੱਟ ਜਾਂਦਾ ਹੈ।

ਖਿਆਲਾਂ ਦੀ ਆਜ਼ਾਦੀ ਦੇ ਹਵਾਲੇ ਨਾਲ ਰੱਬ ਅਤੇ ਧਰਮ ਨਾਲ ਇਤਿਹਾਸ ਵਿਚ ਲਗਾਤਾਰ ਚੱਲਦੇ ਆਏ ਸੰਵਾਦ ਨੂੰ ਸਮਝਣਾ ਜ਼ਰੂਰੀ ਹੈ। ਹਕੂਮਤ ਅਤੇ ਇਬਾਦਤਗਾਹਾਂ ਦੀ ਨੇੜਤਾ ਸਦਾ ਰਹੀ ਹੈ ਅਤੇ ਇਹ ਇੱਕ-ਦੂਜੇ ਦੇ ਸਹਾਰੇ ਵਧੀਆਂ-ਫੁੱਲੀਆਂ ਹਨ। ਇੱਕ-ਦੂਜੇ ਉਤੇ ਕੁਝ ਬੰਦਿਸ਼ਾਂ ਵੀ ਲਗਾਉਂਦੀਆਂ ਰਹੀਆਂ ਹਨ। ਹਰ ਤਰ੍ਹਾਂ ਦੀਆਂ ਪਾਬੰਦੀਆਂ ਅਤੇ ਸਖਤੀਆਂ ਦੇ ਬਾਵਜੂਦ ਮਨੁੱਖ ਲਈ ਕੁਝ ਸੁਆਲ ਹਮੇਸ਼ਾ ਅਹਿਮ ਰਹੇ ਹਨ। ਅੰਤਰ-ਮੁਖੀ ਸੁਆਲ ਰਿਹਾ ਹੈ ਕਿ ਮੈਂ ਕੌਣ ਹਾਂ? ਬਾਹਰ-ਮੁਖੀ ਸੁਆਲ ਰਿਹਾ ਹੈ ਕਿ ਮੈਂ ਕਿਸ ਕਾਇਨਾਤ ਦਾ ਹਿੱਸਾ ਹਾਂ? ਪੇਚੀਦਾ ਸੁਆਲ ਇਹ ਹੈ ਕਿ ਕਾਇਨਾਤ ਦੀ ਸਿਰਜਣਾ ਕਿਵੇਂ ਹੋਈ ਹੈ? ਇਨ੍ਹਾਂ ਸੁਆਲਾਂ ਵਿਚੋਂ ਸਿਰਜਣਹਾਰ ਦੇ ਰੂਪ ਬਣਦੇ-ਬਦਲਦੇ ਰਹੇ ਹਨ। ਸਿਰਜਣਹਾਰ ਅਤੇ ਹੁਕਮਰਾਨ ਦੇ ਸਰਬ-ਸ਼ਕਤੀਮਾਨ ਹੋਣ ਦੇ ਦਾਅਵੇ ਕਦੇ ਵੀ ਸੁਆਲਾਂ ਦੇ ਘੇਰੇ ਤੋਂ ਬਾਹਰ ਨਹੀਂ ਰਹੇ।

ਸਾਰੀ ਦੁਨੀਆਂ ਨੂੰ ਗੁਲਾਮ ਬਣਾਉਣ ਤੁਰੇ ਸਿਕੰਦਰ ਨੂੰ ਡੀਓਜੀਨ 'ਧੁੱਧ ਛੱਡ ਕੇ ਖੜ੍ਹੋਣ' ਦਾ ਬੋਲਾ ਮਾਰਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ 'ਕਾਣਾ' ਕਹਿਣ ਦੀ ਸ਼ਰਤ ਲਗਾ ਕੇ ਪਹੁੰਚੇ ਮੀਰ ਨੂੰ ਲੋਕਧਾਰਾ ਪ੍ਰਵਾਨ ਕਰਦੀ ਹੈ। ਗਲੀਲੀਓ ਬਾਈਬਲ ਵਿਚ ਦਰਜ ਚਪਟੀ ਧਰਤੀ ਦੇ ਗੋਲ ਹੋਣ ਦੀ ਦਾਅਵੇਦਾਰੀ ਦਾ ਮੁੱਢ ਬੰਨ੍ਹ ਦਿੰਦਾ ਹੈ। ਮਨਸੂਰ 'ਅਨਲ ਹੱਕ' ਦਾ ਨਾਅਰਾ ਬੁਲੰਦ ਕਰਦਾ ਹੈ। ਗਲੀਲੀਓ ਦੀ ਮੌਤ ਲਈ ਸਦੀਆਂ ਬਾਅਦ ਮੁਆਫੀ ਮੰਗਣੀ ਪੈ ਜਾਂਦੀ ਹੈ। ਸ਼ਰਮਿੰਦਗੀ ਸਦਾ ਦੀ ਸਹੇੜੀ ਗਈ ਹੈ। ਮਨਸੂਰ ਸੂਲੀ ਚੜ੍ਹ ਜਾਂਦਾ ਹੈ ਪਰ ਉਹ ਸੂਲੀ ਹਾਲੇ ਤੱਕ ਮੋਮਨਾਂ ਨੂੰ ਸੂਲ ਪਾਉਂਦੀ ਹੈ। ਆਖਰ ਜ਼ਿਆ-ਉਲ ਹੱਕ ਦੇ ਰਾਜ ਵਿਚ ਫ਼ੈਜ਼ ਅਹਿਮਦ ਫ਼ੈਜ਼ ਦੀ ਨਜ਼ਮ ਗੂੰਜਦੀ ਹੈ, "ਉਠੇਗਾ ਅਨਲ ਹੱਕ ਕਾ ਨਾਅਰਾ ਜੋ ਮੈਂ ਵੀ ਹੂੰ ਔਰ ਤੁਮ ਵੀ ਹੋ।" ਇਸਲਾਮ ਦੇ ਨਾਮ ਉਤੇ ਬਣਾਏ ਮੁਲਕ 'ਚ ਇਸ ਬੋਲੇ ਨਾਲ ਫ਼ੌਜੀ ਤਾਨਾਸ਼ਾਹੀ ਦਾ ਤਖਤ ਹਿੱਲਦਾ ਹੈ। ਨਾਜ਼ ਖ਼ਿਆਲਵੀ ਦੀ ਕੱਵਾਲੀ 'ਤੁਮ ਏਕ ਗੋਰਖ ਧੰਦਾ ਹੋ' ਨੂੰ ਨੁਸਰਤ ਫ਼ਤਿਹ ਅਲੀ ਗਾਉਂਦਾ ਹੈ ਤਾਂ ਸਭ ਤਰ੍ਹਾਂ ਦੇ ਮੋਮਨ-ਕਾਫ਼ਰ ਸਲਾਹੁੰਦੇ ਹਨ। ਗ਼ਾਲਿਬ ਮੈਅਖ਼ਾਨਿਆਂ ਵਿਚੋਂ ਧਰਤੀ ਘੁੰਮਾਉਂਦਾ ਹੈ ਅਤੇ ਕਾਜ਼ੀਆਂ ਨੂੰ ਤਜਰਬਾ ਕਰਨ ਦੀ ਸਲਾਹ ਦਿੰਦਾ ਹੈ। ਅਜਿਹੀਆਂ ਹੋਰ ਵੀ ਮਿਸਾਲਾਂ ਹਨ।


'ਸ਼ਾਰਲੀ ਐਬਦੋ' ਦੀ ਸੰਕੀਰਨਤਾ ਖਿਲਾਫ ਵਿਖਾਵੇ ਦੀ ਝਲਕ।

ਬੰਦੇ ਨੇ ਸਿਰਜਣਹਾਰ ਦੀ ਬੰਦਗੀ ਕੀਤੀ ਹੈ, ਉਸ ਉਤੇ ਸੁਆਲ ਵੀ ਕੀਤੇ ਹਨ, ਲਾਹਣਤਾਂ ਵੀ ਪਾਈਆਂ, ਉਹਦਾ ਸ਼ਰੀਕ ਹੋਣ ਦੇ ਦਾਅਵੇ ਤੇ ਰਕੀਬ ਹੋਣ ਦੇ ਵਾਅਦੇ ਵੀ ਕੀਤੇ ਹਨ। ਬੰਦੇ ਦੀ 'ਰੱਬ ਤੋਂ ਲੈ ਕੇ ਕੁਦਰਤ ਤੱਕ' ਸਿਰਜਣਹਾਰ ਨਾਲ ਹਰ ਰੂਪ ਵਿਚ ਆਪਣੀ ਬੇ-ਅਕਲੀ ਅਤੇ ਸੋਝੀ ਦੀ ਹਰ ਗੱਲ ਹੋਈ ਹੈ। ਇਸੇ ਸਦੀਵੀ ਮਸ਼ਕ ਵਿਚੋਂ ਫਲਸਫ਼ਾ ਅਤੇ ਵਿਗਿਆਨ ਅੱਗੇ ਤੁਰਦੇ ਆਏ ਹਨ। ਹਰ ਨਵੇਂ ਧਰਮ ਦੀ ਹੋਂਦ ਪੁਰਾਣੇ ਧਰਮਾਂ ਦੀਆਂ ਬਣਾਈਆਂ ਧਾਰਨਾਵਾਂ ਉਤੇ ਸੁਆਲ ਕਰ ਕੇ ਪ੍ਰਵਾਨ ਚੜ੍ਹੀ ਹੈ। ਪਿਛਲੇ ਨਾਲੋਂ ਬਿਹਤਰ ਹੋਣ ਦੀ ਦਾਅਵੇਦਾਰੀ ਸਹਿਜ ਜਾਪਦੀ ਹੈ ਪਰ ਅੰਤਿਮ ਜਾਂ ਮੁਕੰਮਲ ਹੋਣ ਦੀ ਦਾਅਵੇਦਾਰੀ ਨੂੰ ਮਲਕੀਅਤ ਅਤੇ ਸ਼ਰਧਾ ਦੇ ਉਸਾਰੇ ਬਿਨਾਂ ਸਮਝਣਾ ਔਖਾ ਹੈ। ਸਿਰਜਣਹਾਰ ਨਾਲ ਬੰਦੇ ਦਾ ਸੰਵਾਦ ਸਦੀਵੀ ਹੈ। ਇਹ ਮਨੁੱਖ ਦੀ ਬਿਹਤਰ ਸੱਚ ਦੀ ਭਾਲ ਹੈ। ਕੱਲ੍ਹ ਦੇ ਗਿਆਨ ਨਾਲ ਅੱਜ ਦੇ ਸੁਆਲ ਸਾਹਮਣੇ ਆਏ ਹਨ। ਇਨ੍ਹਾਂ ਸੁਆਲਾਂ ਵਿਚ ਭਲ੍ਹਕ ਲਈ ਬਿਹਤਰ ਸਮਝ ਉਸਰਨੀ ਹੈ। ਹਰ ਧਰਮ ਆਪਣੇ ਪੀਰ, ਪੈਗੰਬਰ ਜਾਂ ਗ੍ਰੰਥ ਤੱਕ ਦੇ ਸੰਵਾਦ ਨੂੰ ਵਿਗਿਆਨ ਸੋਚ ਅਤੇ ਉਸ ਤੋਂ ਬਾਅਦ ਦੇ ਸੰਵਾਦ ਨੂੰ ਕੁਫਰ ਜਾਂ ਹਉਮੈ ਦੇ ਘੇਰੇ ਵਿਚ ਰੱਖਣ ਦਾ ਉਪਰਾਲਾ ਕਰਦਾ ਹੈ। ਰਹਿਤਾਂ, ਬੰਦਿਸ਼ਾਂ ਅਤੇ ਮਰਿਆਦਾ ਦੇ ਘੇਰਿਆਂ ਦੇ ਬਾਵਜੂਦ ਹਰ ਧਰਮ ਵਿਚ ਸੁਆਲ ਕਰਨ ਵਾਲੇ ਫਿਕਰੇ ਹਨ ਜੋ 'ਮੋਮਨ ਜਾਂ ਕਾਫ਼ਰ' ਅਤੇ 'ਗੁਰਮੁੱਖ ਜਾਂ ਮਨਮੁੱਖ' ਹੋਣ ਦੇ ਨਖੇੜੇ ਨੂੰ ਲਗਾਤਾਰ ਧੁੰਦਲਾ ਕਰਦੇ ਹਨ। 'ਖਿਆਲਾਂ ਦੀ ਆਜ਼ਾਦੀ' ਇਸੇ ਧੁੰਦਲਕੇ ਨੂੰ ਮੁਖਾਤਬ ਹੁੰਦੀ ਹੈ ਅਤੇ ਕੱਟੜਤਾ ਇਸ ਨੂੰ ਘਾਤਕ ਕਰਾਰ ਦਿੰਦੀ ਹੈ।

ਮਾਰੂ ਹਥਿਆਰਾਂ ਵਾਲੇ ਜਹਾਦੀ ਅਤੇ ਧੜਵੈਲ ਜੰਗੀ ਮੁਹਿੰਮਾਂ ਵਿਚ ਲੱਗੀਆਂ ਸਰਕਾਰਾਂ 'ਖਿਆਲਾਂ ਦੀ ਆਜ਼ਾਦੀ' ਦੀ ਧਾਰਨਾ ਨੂੰ ਰੱਦ ਕਰਨ ਦੀ ਸਾਂਝੀ ਮਸ਼ਕ ਜਾਪਦੀ ਹੈ। ਸਰਕਾਰਾਂ ਸੁਰੱਖਿਆ ਦੇ ਨਾਮ ਉਤੇ ਸ਼ਹਿਰੀ ਨੂੰ ਸੀਲ ਹਿੰਦਸੇ ਤੱਕ ਮਹਿਦੂਦ ਕਰਨ ਲੱਗੀਆਂ ਹੋਈਆਂ ਹਨ। ਧਰਮ ਦੇ ਨੁਮਾਇੰਦਿਆਂ ਦੀਆਂ ਮੀਡੀਆ ਵਿਚ 'ਖਿਆਲਾਂ ਦੀ ਆਜ਼ਾਦੀ' ਨੂੰ ਕੁਫ਼ਰ ਕਰਾਰ ਦਿੰਦੀਆਂ ਆਵਾਜ਼ਾਂ ਆ ਰਹੀਆਂ ਹਨ। ਸੁਆਲ ਕੁਫ਼ਰ ਕਰਾਰ ਦਿੱਤੇ ਜਾਣ ਤੱਕ ਮਹਿਦੂਦ ਨਹੀਂ ਹੈ। ਕਾਫ਼ਰ ਨੂੰ ਹਰ ਹੀਲੇ ਸਿੱਧੇ ਰਾਹ ਪਾਉਣ ਲਈ ਜਹਾਦੀਆਂ ਦੀਆਂ ਧਾੜਾਂ ਨੂੰ ਬੇਮੁਹਾਰ ਕਰ ਦਿੱਤਾ ਜਾਂਦਾ ਹੈ। ਇਸ ਜਹਾਨ ਵਿਚ ਥੁੜਾਂ ਦਾ ਸ਼ਿਕਾਰ ਬੰਦੇ ਨੂੰ ਜੰਨਤ, ਹੂਰਾਂ ਅਤੇ ਤਹੂਰ ਖਿੱਚ ਪਾਉਂਦੇ ਹਨ। ਸਰਕਾਰ ਦੇ ਪੱਧਰ ਉਤੇ ਜੋ ਸਾਮਰਾਜੀ ਧਿਰਾਂ ਦੀ ਹਾਂ ਵਿਚ ਹਾਂ ਨਹੀਂ ਮਿਲਾਉਂਦੇ, ਉਨ੍ਹਾਂ ਲਈ ਹਰ ਤਰ੍ਹਾਂ ਦੀਆਂ ਦਲੀਲਾਂ ਦਿੱਤੀਆਂ ਜਾਂਦੀਆਂ ਹਨ। ਖ਼ੁਫ਼ੀਆ ਕਾਰਵਾਈਆਂ, ਫੌਜੀ ਹਮਲਿਆਂ, ਡਰੋਨ ਹਮਲਿਆਂ, ਲੜਾਕੂਆਂ ਨੂੰ ਹਵਾਈ ਇਮਦਾਦ, ਲੜਾਕੂਆਂ ਨੂੰ ਅਸਲਾ ਤੇ ਸਿਖਲਾਈ, ਮਨੁੱਖੀ ਇਮਦਾਦ ਅਤੇ ਵਪਾਰ ਸਮਝੌਤੇ ਉਤੇ ਸਹੀ ਪਾਉਣਾ ਜਾਂ ਇਨ੍ਹਾਂ ਨੂੰ ਰੱਦ ਕਰਨਾ ਦੂਜੀਆਂ ਸਰਕਾਰਾਂ ਨੂੰ ਆਪਣੀਆਂ ਸ਼ਰਤਾਂ ਉਤੇ ਲਿਆਉਣ ਦੀਆਂ ਵੱਖ-ਵੱਖ ਮਸ਼ਕਾਂ ਹਨ। ਇਨ੍ਹਾਂ ਦੇ ਖਤਰਿਆਂ, ਖ਼ਦਸ਼ਿਆਂ ਅਤੇ ਸੁਰੱਖਿਆ ਦੇ ਨਾਮ ਉਤੇ ਜਮਹੂਰੀਅਤ ਕਹਾਉਂਦੇ ਮੁਲਕਾਂ ਵਿਚ ਹੁੰਦੇ ਸਭ ਸੁਆਲ ਨਜ਼ਰਅੰਦਾਜ਼ ਹੋ ਜਾਂਦੇ ਹਨ। ਇਸੇ ਤਰ੍ਹਾਂ 'ਧਰਮ ਨੂੰ ਖਤਰੇ' ਦੇ ਨਾਮ ਉਤੇ ਵੰਨ-ਸਵੰਨਤਾ ਰੱਦ ਕਰ ਦਿੱਤੀ ਜਾਂਦੀ ਹੈ। ਧਰਮ ਦੇ ਘੇਰੇ ਵਿਚ ਆਉਂਦੇ ਹਰ ਜੀਅ ਉਤੇ 'ਰਹਿਤ' ਲਾਗੂ ਕਰਨ ਦੀ ਮਸ਼ਕ ਕੀਤੀ ਜਾਂਦੀ ਹੈ। ਅਸਲ ਵਿਚ ਹਕੂਮਤ ਅਤੇ ਧਰਮ ਦਾ ਕੰਮ ਕਰਨ ਦਾ ਤਰੀਕਾ ਇੱਕੋ ਹੈ। ਅੰਦਰਲੇ ਹਰ ਸੁਆਲ ਅਤੇ ਵੰਨ-ਸਵੰਨਤਾ ਨੂੰ ਸੀਲ ਕਰ ਕੇ ਇੱਕ-ਰੂਪ ਕਰ ਦਿਓ ਅਤੇ ਬਾਹਰਲੇ ਹਰ ਸੁਆਲ ਉਤੇ ਹਮਲਾ ਕਰੋ।

ਇਨ੍ਹਾਂ ਹਾਲਾਤ ਵਿਚ ਹਕੂਮਤ ਆਪਣੀ ਬੇਮੁਹਾਰੇਪਣ ਉਤੇ ਕੀਤੇ ਹਰ ਸੁਆਲ ਨੂੰ 'ਦੇਸ਼ ਧਰੋਹ' ਜਾਂ 'ਅਤਿਵਾਦ' ਦੇ ਖਾਤੇ ਪਾਉਣ ਵਿਚ ਮਸਰੂਫ ਹੈ। ਧਰਮ ਆਪਣੇ ਉਤੇ ਹੋਏ ਹਰ ਸੁਆਲ ਨੂੰ 'ਖ਼ਤਰੇ' ਜਾਂ 'ਕੁਫ਼ਰ' ਦੇ ਘੇਰੇ ਵਿਚ ਲਿਆਉਣ ਲਈ ਸਰਗਰਮ ਹੈ। ਧਰਮ ਦਾ ਵਿਹਾਰ ਹਕੂਮਤ ਨਾਲ ਮਿਲਦਾ ਹੈ। ਕਈ ਖਿੱਤਿਆਂ ਵਿਚ ਧਾਰਮਿਕ ਬਹੁ-ਗਿਣਤੀਆਂ ਦੇ ਨੁਮਾਇੰਦਿਆਂ ਦੇ ਫ਼ਤਵੇ ਲਾਗੂ ਹੁੰਦੇ ਹਨ ਅਤੇ ਚੁਣੀਆਂ ਸਰਕਾਰਾਂ ਇਨ੍ਹਾਂ ਫ਼ਤਵਿਆਂ ਨੂੰ ਕਾਨੂੰਨੀ ਜਾਮੇ ਪਹਿਨਾਉਂਦੀਆਂ ਹਨ; ਤੇ ਸੁਆਲ 'ਅਮਨ-ਕਾਨੂੰਨ' ਨੂੰ ਕਾਇਮ ਰੱਖਣ ਦਾ ਬਣਾਇਆ ਜਾਂਦਾ ਹੈ।

ਆਲਮੀ ਪੱਧਰ ਉਤੇ 'ਖਿਆਲਾਂ ਦੀ ਆਜ਼ਾਦੀ' ਦੇ ਸੁਆਲ ਉਤੇ ਚਰਚਾ ਹੋ ਰਹੀ ਹੈ ਪਰ ਇਸ ਚਰਚਾ ਦਾ ਨਿਤਾਰਾ ਮੁਕਾਮੀ ਹਵਾਲਿਆਂ ਨਾਲ ਹੋਣਾ ਹੈ। ਆਲਮੀ ਪੱਧਰ ਉਤੇ ਮੌਕੇ ਮੁਤਾਬਕ ਜ਼ਾਹਰ ਕੀਤੀ ਗਈ ਹਮਦਰਦੀ ਜਾਂ ਨਿੰਦਾ ਦਾ ਬਿਆਨ ਆਪਣੀ ਅਹਿਮੀਅਤ ਰੱਖਦਾ ਹੈ ਪਰ ਅਸਲ ਸੁਆਲ ਇਸ ਹਮਦਰਦੀ ਜਾਂ ਨਿੰਦਾ ਨਾਲ ਜੁੜੀ ਮੁਕਾਮੀ ਕਾਰਗੁਜ਼ਾਰੀ ਦਾ ਹੈ। ਭਾਰਤ ਜਾਂ ਪੰਜਾਬ ਵਿਚ 'ਖਿਆਲਾਂ ਦੀ ਆਜ਼ਾਦੀ' ਦੇ ਸੁਆਲ ਇੱਥੇ ਛਪੀਆਂ ਕਿਤਾਬਾਂ, ਬਣੀਆਂ ਫਿਲਮਾਂ, ਗਾਏ ਗੀਤਾਂ ਅਤੇ ਕੀਤੇ ਸੁਆਲਾਂ ਨਾਲ ਹੋਣੇ ਹਨ।

'ਅਨਲ ਹੱਕ' ਦਾ ਨਾਅਰਾ ਅਤੇ 'ਧੁੱਪ ਛੱਡ ਕੇ ਖੜ੍ਹੋਣ' ਦਾ ਬੋਲਾ ਮਨੁੱਖੀ ਹੋਂਦ ਦੇ ਸਦੀਵੀ ਸੁਆਲ ਹਨ ਜੋ ਹਰ ਵੇਲੇ ਹਰ ਬੋਲੀ ਅਤੇ ਖਿੱਤੇ ਵਿਚ ਪੁੱਛੇ ਜਾਣੇ ਹਨ। ਇਨ੍ਹਾਂ ਨੂੰ ਪੁੱਛੇ ਜਾਣ ਦੀ ਪ੍ਰਵਾਨਗੀ ਮਨੁੱਖ ਨੇ ਕਿਸੇ ਤੋਂ ਨਹੀਂ ਲੈਣੀ। ਧਰਮ ਅਤੇ ਹਕੂਮਤ ਮਨੁੱਖੀ ਹੋਂਦ ਉਤੇ ਅਸਰਅੰਦਾਜ਼ ਹਨ ਤਾਂ ਇਨ੍ਹਾਂ ਨਾਲ ਹਰ ਤਰ੍ਹਾਂ ਦਾ ਸੰਵਾਦ ਹੋਣਾ ਹੈ। ਪੜਚੋਲ, ਕਟਾਕਸ਼ ਅਤੇ ਸੁਆਲ ਹੋਣੇ ਹਨ। ਸ਼ਰਧਾ, ਸਤਿਕਾਰ, ਅਨਾਦਰ, ਕੁਫ਼ਰ ਅਤੇ ਦੇਸ਼ ਧਰੋਹ ਨਾਲ ਜੁੜੇ ਸੁਆਲ ਹੀ 'ਖਿਆਲਾਂ ਦੀ ਆਜ਼ਾਦੀ' ਦੇ ਸੁਆਲ ਹਨ। ਜਦੋਂ ਸਰਕਾਰਾਂ ਧਾਰਮਿਕ ਭਾਵਨਾਵਾਂ ਦੇ ਹਵਾਲੇ ਨਾਲ ਪਾਬੰਦੀਆਂ ਜਾਂ ਛੋਟਾਂ ਤੈਅ ਕਰਦੀਆਂ ਹਨ ਅਤੇ ਧਰਮ ਦੇ ਨੁਮਾਇੰਦੇ ਸਰਕਾਰਾਂ ਤੋਂ ਪਾਬੰਦੀਆਂ ਜਾਂ ਖੁੱਲ੍ਹਾਂ ਦੀ ਮੰਗ ਕਰਦੀਆਂ ਹਨ ਤਾਂ ਇਹ ਸੁਆਲ ਹੋਰ ਵੀ ਅਹਿਮ ਹੋ ਜਾਂਦੇ ਹਨ।

# 'ਸ਼ਾਰਲੀ ਐਬਦੋ' ਦੀ ਪਹੁੰਚ ਦਾ ਸਵਾਲ

**ਅਮਰਜੀਤ ਸਿੰਘ**

ਪੈਰਿਸ ਕਾਂਡ ਤੋਂ ਬਾਅਦ ਪੈਰਿਸ ਸਮੇਤ ਸਮੁੱਚਾ ਫਰਾਂਸ ਝਟਕੇ ਦੀ ਅਵਸਥਾ ਵਿਚੋਂ ਲੰਘਿਆ ਹੈ। ਮੱਧ ਪੂਰਬ ਦੇ ਲੋਕਾਂ ਵਾਂਗ ਫਰਾਂਸ ਨਿਵਾਸੀ ਅਜਿਹੇ ਝਟਕਿਆਂ ਦੇ ਆਦੀ ਨਹੀਂ। 'ਸ਼ਾਰਲੀ ਐਬਦੋ' ਦੇ ਸਟਾਫ਼ ਅਤੇ ਬੰਦੂਕਧਾਰੀਆਂ (ਜਿਨ੍ਹਾਂ ਬਾਰੇ ਇਸਲਾਮੀ ਅਤਿਵਾਦੀ ਹੋਣ ਦਾ ਫਤਵਾ ਦਿੱਤਾ ਗਿਆ) ਦੇ ਮਾਰੇ ਜਾਣ ਨਾਲ ਮਾਮਲਾ ਖਤਮ ਨਹੀਂ ਹੋਇਆ, ਸਗੋਂ ਹਾਲਾਤ ਦੀ ਪੇਚੀਦਗੀ ਤੇ ਹੋਰ ਵਿਸਫੋਟਕ ਪੱਖ ਸਾਹਮਣੇ ਆਏ ਹਨ।

ਕਾਂਡ ਤੋਂ ਬਾਅਦ ਚਾਰੇ ਪਾਸੇ ਖਾਸ ਕਰ ਫਰਾਂਸ, ਅਮਰੀਕਾ, ਬਰਤਾਨੀਆ ਵਿਚ ਮੀਡੀਆ ਦੀ ਪ੍ਰਗਟਾਵੇ ਦੀ ਆਜ਼ਾਦੀ ਦਾ ਰੌਲਾ ਬਹੁਤ ਪਿਆ ਹੈ। ਠੀਕ ਹੈ ਕਿ ਪ੍ਰਗਟਾਵੇ ਦੀ ਆਜ਼ਾਦੀ ਹੋਣੀ ਚਾਹੀਦੀ ਹੈ; ਇਹ ਵੀ ਸਹੀ ਹੈ ਕਿ ਇਸ ਮਾਮਲੇ ਵਿਚ ਪ੍ਰੈਸ ਦੀ ਭੂਮਿਕਾ ਬਹੁਤ ਅਹਿਮ ਹੈ। ਉਂਜ, ਇਸ ਅਹਿਮ ਭੂਮਿਕਾ ਵਿਚ ਸ਼ੁਮਾਰ ਹੈ ਸਮਾਜ ਨੂੰ ਸਹੀ ਸੇਧ ਦੇਣ ਦੇ ਯਤਨ ਕਰਨੇ, ਜਮਹੂਰੀ ਕਦਰਾਂ-ਕੀਮਤਾਂ ਪ੍ਰਫੁਲਿਤ ਕਰਨਾ, ਕਿਸੇ ਫ਼ਿਰਕੇ ਦੀ ਆਸਥਾ ਦਾ ਮਜ਼ਾਕ ਨਾ ਉਡਾਉਣਾ, ਬਹਿਸ ਦਾ ਮਿਆਰ ਰੱਖਣਾ, ਕਾਰਪੋਰੇਟਸ਼ਾਹੀ ਤੇ ਕੱਟੜਤਾ ਦੀ ਸੇਵਾ ਵਿਚ ਨਾ ਭੁਗਤ ਕੇ ਆਮ ਨਾਗਰਿਕਾਂ ਦੇ ਹੱਕਾਂ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਦੀ ਗੱਲ ਕਰਨੀ; ਪਰ ਪ੍ਰੈਸ ਦੀ ਆਜ਼ਾਦੀ ਦਾ ਇਹ ਹੋ-ਹੱਲਾ ਸਿਰਫ ਦਿਖਾਵਾ ਹੈ। ਸੱਚਾਈ ਇਹ ਹੈ ਕਿ ਪੱਛਮੀ ਪ੍ਰੈਸ ਭਾਰੂ ਰੂਪ ਵਿਚ ਕਾਰਪੋਰੇਟਸ਼ਾਹੀ ਦੀ ਸੇਵਾ ਕਰ ਰਹੀ ਹੈ। ਪ੍ਰੈਸ ਦੇ ਇਕ ਹਿੱਸੇ ਵਿਚ ਇਸਲਾਮ ਦਾ ਮਜ਼ਾਕ ਉਡਾਉਣਾ ਫੈਸ਼ਨ ਬਣ ਚੁੱਕਾ ਹੈ।


ਇਜ਼ਰਾਈਲ ਵਲੋਂ ਫਲਸਤੀਨ ਵਿਚ ਪੰਜ ਸੌ ਤੋਂ ਵੱਧ ਬੱਚਿਆਂ ਨੂੰ ਮਾਰਨ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਇਜ਼ਰਾਈਲ ਤਾਂ ਇਹ ਸਭ ਕੁਝ ਆਪਣੀ ਰੱਖਿਆ ਲਈ ਕਰ ਰਿਹਾ ਹੈ। ਹੁਣ 'ਸ਼ਾਰਲੀ ਐਬਦੋ' ਉਪਰ ਹਮਲੇ ਬਾਰੇ ਵੀ ਮੀਡੀਆ ਦੀ ਭੂਮਿਕਾ ਇਕਪਾਸੜ ਰਹੀ ਹੈ। ਨਸਲਵਾਦੀ ਅਤੇ ਇਸਲਾਮ ਵਿਰੋਧੀ ਵਿਚਾਰਾਂ ਨੂੰ ਜ਼ਿਆਦਾ ਥਾਂ ਦਿੱਤੀ ਗਈ ਹੈ। ਮੀਡੀਆ ਦੀ ਆਜ਼ਾਦੀ ਨੂੰ ਲੈ ਕੇ ਪੱਛਮੀ ਜਗਤ, ਖਾਸ ਕਰ ਅਮਰੀਕੀ ਸਰਕਾਰ ਦੀ ਭੂਮਿਕਾ ਕੀ ਹੈ, ਕਿਤੇ ਕੋਈ ਚਰਚਾ ਨਹੀਂ!

ਅਲ-ਜਜ਼ੀਰਾ ਵਲੋਂ ਨਸ਼ਰ ਸਰਵੇਖਣ ਵਿਚ ਤੱਥਾਂ ਸਹਿਤ ਦੱਸਿਆ ਗਿਆ ਕਿ ਇਰਾਕ ਜੰਗ ਤੇ ਸੰਕਟ ਦੌਰਾਨ ਜਿੰਨੇ ਪੱਤਰਕਾਰ ਮਾਰੇ ਗਏ, ਉਤਨੇ ਦੋ ਦਰਜਨ ਤੋਂ ਵਧੇਰੇ ਖੇਤਰੀ ਜੰਗਾਂ ਵਿਚ ਵੀ ਨਹੀਂ ਮਾਰੇ ਗਏ। ਇਨ੍ਹਾਂ ਵਿਚੋਂ ਬਹੁਤੇ ਪੱਤਰਕਾਰ ਅਮਰੀਕੀ ਫੌਜ ਨੇ ਮਾਰੇ ਪਰ ਅਮਰੀਕਾ ਵਲੋਂ ਇਨ੍ਹਾਂ ਅੰਕੜਿਆਂ 'ਤੇ ਵਿਚਾਰ ਕਰਨ ਦੀ ਥਾਂ ਉਲਟਾ ਅਲ-ਜਜ਼ੀਰਾ ਦੇ ਉਪ-ਹੈਡਕੁਆਰਟਰ 'ਤੇ ਹਮਲਾ ਕੀਤਾ ਗਿਆ। ਇਤਿਹਾਸ ਦੇ ਜਾਣੂ ਜਾਣਦੇ ਹਨ ਕਿ ਅਮਰੀਕੀ ਪੱਤਰਕਾਰ- ਐਨੀਮੇਟਰ, ਕਾਰਟੂਨਿਸਟ ਚਾਰਲਸ ਹਰਮਨ ਅਤੇ ਫਰੈਂਕ ਤੇਰੁਗੀ ਨੂੰ 1973 ਵਿਚ ਕਤਲ ਕਰਵਾ ਦਿੱਤਾ ਗਿਆ; ਫਲਸਤੀਨੀ ਕਾਰਟੂਨਿਸਟ ਨਾਜੀ ਅਲ-ਅਲੀ ਨੂੰ 1987 ਵਿਚ ਦੱਖਣੀ ਲੰਡਨ ਵਿਚ ਗੰਨਮੈਨ ਵਲੋਂ ਗੋਲੀਆਂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਕੁਝ ਦਿਨਾਂ ਬਾਅਦ ਉਹਦੀ ਮੌਤ ਹੋ ਗਈ। ਕਾਰਟੂਨ ਇਤਿਹਾਸ ਵਿਚ ਨਾਜੀ ਅਲ-ਅਲੀ ਵਲੋਂ ਧਰਮ ਨਿਰਪੱਖ ਅਤੇ ਸਭਿਅਕ ਮਾਡਲ ਪੇਸ਼ ਕੀਤਾ ਗਿਆ ਪਰ ਮੀਡੀਆ ਦੀ ਪ੍ਰਗਟਾਵੇ ਦੀ ਆਜ਼ਾਦੀ ਦੇ ਅਲੰਬਰਦਾਰਾਂ ਵਲੋਂ 'ਇਕ ਚੁੱਪ ਸੌ ਸੁੱਖ' ਉਤੇ ਅਮਲ ਕੀਤਾ ਗਿਆ।

'ਸ਼ਾਰਲੀ ਐਬਦੋ' ਚਾਹੇ ਸਾਰੇ ਧਰਮਾਂ ਦੇ ਭੰਡ-ਚਿੱਤਰ (ਕੈਰੀਕੇਚਰ) ਉਲੀਕਦਾ ਸੀ ਪਰ ਲੰਮਾ ਇਤਿਹਾਸ ਮੁਸਲਿਮ ਨੂੰ ਨਿਸ਼ਾਨਾ ਬਣਾਉਣ ਦਾ ਰਿਹਾ ਹੈ। ਹਜ਼ਰਤ ਮੁਹੰਮਦ ਦਾ ਭੱਦਾ ਕਾਰਟੂਨ ਬਣਾ ਕੇ, ਪੌਣੇ ਦੋ ਸੌ ਕਰੋੜ ਮੁਸਲਿਮ ਆਬਾਦੀ ਨੂੰ ਧਾਰਮਿਕ ਤੌਰ 'ਤੇ ਆਹਤ ਕਰਨਾ ਪ੍ਰਗਟਾਵੇ ਦੀ ਆਜ਼ਾਦੀ ਦਾ ਹਿੱਸਾ ਨਹੀਂ ਹੈ। ਧਰਮ ਹਰ ਸ਼ਖਸ ਦਾ ਨਿੱਜੀ ਮਾਮਲਾ ਹੈ। ਜ਼ਰੂਰਤ ਹਰ ਕਿਸਮ ਦੀ ਧਾਰਮਿਕ ਕੱਟੜਤਾ ਅਤੇ ਕੁਰੀਤੀਆਂ ਦੇ ਉਪਰ ਚੋਟ ਕਰਨ ਦੀ ਹੈ। ਇਸ ਤੋਂ ਬਿਨਾਂ ਸਿਆਸੀ, ਸਮਾਜਕ, ਸਭਿਆਚਾਰਕ ਤੌਰ 'ਤੇ ਅਜਿਹਾ ਬਹੁਤ ਕੁਝ ਮੌਜੂਦ ਹੈ ਜਿਸ 'ਤੇ ਕਾਰਟੂਨੀ ਵਿਅੰਗ ਤੇ ਸੰਜੀਦਾ ਬਹਿਸ ਦੀ ਬੇਹੱਦ ਜ਼ਰੂਰਤ ਹੈ। ਇਥੋਂ ਤੱਕ ਕਿ ਧਾਰਮਿਕ ਸਿਧਾਂਤ ਵੀ ਜੇ ਲੋਕਾਂ ਨੂੰ ਜ਼ਰੂਰਤ ਲੱਗੇ ਤਾਂ ਬਹਿਸ ਅਧੀਨ ਆ ਸਕਦੇ ਹਨ।

ਪੈਰਿਸ ਦੇ ਘਟਨਾਕ੍ਰਮ ਦਾ ਲੰਮਾ ਇਤਿਹਾਸ ਹੈ ਜੋ ਫਰਾਂਸ ਵਲੋਂ ਆਪਣੇ ਜੋਟੀਦਾਰਾਂ ਨਾਲ ਮਿਲ ਕੇ ਵੀਅਤਨਾਮ (ਜਿਥੇ ਫਰਾਂਸ ਵਲੋਂ 20 ਲੱਖ ਤੋਂ ਉਪਰ ਵੀਅਤਨਾਮੀ ਮਾਰੇ ਗਏ) ਤੋਂ ਅਲਜੀਰੀਆ ਅੰਦਰ ਕੀਤੇ ਕਤਲੇਆਮ ਰਾਹੀਂ ਹੁੰਦਾ ਹੋਇਆ, ਇਰਾਕ, ਲੀਬੀਆ ਤੋਂ ਸੀਰੀਆ ਤੱਕ ਪਹੁੰਚਿਆ ਹੈ। ਅੱਜ ਇਸਲਾਮਿਕ ਸਟੇਟ ਦੇ ਰੂਪ ਵਿਚ ਖੜ੍ਹਾ ਕੱਟੜਵਾਦੀ ਦੈਂਤ ਫਰਾਂਸ, ਅਮਰੀਕਾ ਤੇ ਇਨ੍ਹਾਂ ਦੇ ਜੋਟੀਦਾਰਾਂ ਦੀ ਹੀ ਦੇਣ ਹੈ। ਸੀਰੀਆ ਦੇ ਰਾਸ਼ਟਰਪਤੀ ਨੂੰ ਗਿਰਾਉਣ ਲਈ ਅਜਿਹੀ ਸ਼ਕਤੀਆਂ ਨੂੰ ਬੇਸ਼ੁਮਾਰ ਹਥਿਆਰ ਤੇ ਧਨ ਇਨ੍ਹਾਂ ਹੀ ਮੁਹੱਈਆਂ ਕਰਵਾਇਆ। ਇਸੇ ਦਾ ਸਿੱਟਾ ਹੈ ਕਿ ਖ਼ੂਨ-ਖਰਾਬਾ ਹੋ ਰਿਹਾ ਹੈ। ਲੱਖਾਂ ਲੋਕ ਉਜੜ ਗਏ ਹਨ।


ਚਾਰਲਸ ਹਰਮਨ


ਫਰੈਂਕ ਤੇਰੁਗੀ


ਨਾਜੀ ਅਲ-ਅਲੀ

ਪਿਛਲੇ ਤਿੰਨ ਦਹਾਕਿਆਂ ਤੋਂ ਪੈਟਰੋ ਡਾਲਰ ਅਤੇ ਕੁਝ ਹੋਰ ਕਾਰਨਾਂ ਕਰ ਕੇ ਖੇਡੀ ਜਾ ਰਹੀ ਇਸ ਖੇਡ ਨੇ ਸਮੁੱਚੇ ਮੱਧ ਪੂਰਬ ਨੂੰ ਸੰਕੀਰਨ ਲੀਹਾਂ 'ਤੇ ਬਹੁਤ ਗਹਿਰੀ ਤਰ੍ਹਾਂ ਵੰਡ ਦਿੱਤਾ ਹੈ ਜਿਸ ਵਿਚ ਆਪਣੇ ਜੋਟੀਦਾਰਾਂ ਸਮੇਤ ਫਰਾਂਸ ਵੀ ਸ਼ੁਮਾਰ ਹੈ। ਇਸੇ ਦਾ ਸਿੱਟਾ ਪੈਰਿਸ 'ਚ ਵਾਪਰਿਆ ਕਤਲੇਆਮ ਹੈ। ਦਹਿਸ਼ਤਗਰਦੀ ਨਿੰਦਣਯੋਗ ਹੈ ਪਰ ਪੈਰਿਸ-ਘਟਨਾਕ੍ਰਮ ਦੇ ਪਿਛੋਕੜ ਵਿਚ ਦਹਾਕਿਆਂ ਤੋਂ ਮੱਧ ਪੂਰਬ ਅਤੇ ਹੋਰ ਥਾਈਂ ਦਹਿ-ਲੱਖਾਂ ਲੋਕਾਂ ਦੇ ਕਤਲੇਆਮ ਪਏ ਹਨ। ਇਸ ਤੋਂ ਬਾਅਦ ਵੀ ਕੋਈ ਹਾਂ ਪੱਖੀ ਹੁੰਗਾਰਾ ਭਰਨ ਅਤੇ ਅਜਿਹਾ ਹੋਣ ਦੇ ਕਾਰਨਾਂ ਦੀ ਗਹਿਰਾਈ ਵਿਚ ਜਾਣ ਪ੍ਰਤੀ ਕੋਈ ਸੰਜਦਿਗੀ ਨਹੀਂ ਦਿਖੀ; ਸਗੋਂ ਫਰਾਂਸ ਸਰਕਾਰ ਨੇ 'ਸਾਨੂੰ ਡਰਾਇਆ ਨਹੀਂ ਜਾ ਸਕਦਾ' ਵਾਲੀ ਸੁਰ ਰਾਹੀਂ ਲੋਕਾਂ 'ਚ ਨਸਲਪ੍ਰਸਤ ਅਤੇ ਧਾਰਮਿਕ ਕੱਟੜਤਾ ਨੂੰ ਹੋਰ ਵਧਾਉਣ ਦਾ ਹੀ ਕੰਮ ਕੀਤਾ ਹੈ। 'ਸ਼ਾਰਲੀ ਐਬਦੋ' ਘਟਨਕ੍ਰਮ ਇਸ ਸਮੁੱਚ ਦਾ ਹਿੱਸਾ ਹੈ। ਅਸਲ 'ਚ 'ਸ਼ਾਰਲੀ ਐਬਦੋ' ਰਸਾਲੇ ਦੀ ਨੀਤੀ ਨਸਲਪ੍ਰਸਤ ਹੋਣ ਦੇ ਨਾਲ-ਨਾਲ ਪੱਛਮੀ ਕਦਰਾਂ-ਕੀਮਤਾਂ ਨਾਲ ਓਤ-ਪੋਤ ਵੀ ਹੈ। 'ਸ਼ਾਰਲੀ ਐਬਦੋ' ਦੇ ਸਟਾਫ ਅਤੇ ਬੰਦੂਕਧਾਰੀਆਂ ਦੇ ਮਾਰੇ ਜਾਣ ਤੋਂ ਬਾਅਦ ਸਵਾਲ ਪਹਿਲਾਂ ਨਾਲੋਂ ਵੀ ਅਹਿਮ ਹੋ ਗਏ ਹਨ।

# ਸਾਹਿਬਜ਼ਾਦਾ ਅਜੀਤ ਸਿੰਘ ਤੇ ਪਾਲਕ ਪੁੱਤਰ ਅਜੀਤ ਸਿੰਘ

**ਸੰਪਾਦਕ ਦੀ ਡਾਕ**

***ਪੰਜਾਬ ਟਾਈਮਜ਼ ਦੇ 20 ਦਸੰਬਰ ਦੇ ਅੰਕ ਵਿਚ ਸੁਰਜੀਤ ਸਿੰਘ ਪੰਛੀ ਦੇ ਲੇਖ 'ਅਨੰਦਪੁਰ ਸਾਹਿਬ ਤੋਂ ਸਰਹਿੰਦ ਤੱਕ' ਛਪਿਆ ਸੀ। ਕੁਝ ਵਿਦਵਾਨਾਂ ਦੀ ਦਲੀਲ ਹੈ ਕਿ ਸ. ਪੰਛੀ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਮਾਤਾ ਸੁੰਦਰੀ ਦੇ ਪਾਲਕ ਪੁੱਤਰ ਅਜੀਤ ਸਿੰਘ ਵਿਚਾਲੇ ਮੁਬਾਲਗਾ ਲੱਗਾ ਹੈ। ਸ. ਪੰਛੀ ਨੇ ਆਪਣੀ ਗੱਲ ਦੀ ਪੁਸ਼ਟੀ ਲਈ ਕੁਝ ਸਿੱਖ ਇਤਿਹਾਸਕਾਰਾਂ ਦੀਆਂ ਲਿਖਤਾਂ ਦਾ ਹਵਾਲਾ ਦਿੱਤਾ ਹੈ ਜੋ ਦਲੀਲ ਉਪਰ ਖਰੀਆਂ ਨਹੀਂ ਉਤਰਦੀਆਂ। ਪ੍ਰੋ. ਜਗਿੰਦਰ ਸਿੰਘ ਰਮਦੇਵ ਅਤੇ ਮਹਿੰਦਰ ਸਿੰਘ ਘੱਗ ਦੇ ਪ੍ਰਤੀਕਰਮ ਸਾਨੂੰ ਕਾਫੀ ਦੇਰ ਨਾਲ ਪਹੁੰਚੇ ਹਨ ਪ੍ਰੰਤੂ ਸਾਰੇ ਵਿਚਾਰਾਂ ਨੂੰ ਬਰਾਬਰ ਦੀ ਥਾਂ ਦੇਣ ਦੀ ਪੰਜਾਬ ਟਾਈਮਜ਼ ਦੀ ਨੀਤੀ ਕਰਕੇ ਇਹ ਵਿਚਾਰ ਇਥੇ ਛਾਪੇ ਜਾ ਰਹੇ ਹਨ। -ਸੰਪਾਦਕ***

ਪੰਜਾਬ ਟਾਈਮਜ਼ ਦੇ 20 ਦਸੰਬਰ ਦੇ ਅੰਕ ਵਿਚ ਸੁਰਜੀਤ ਸਿੰਘ ਪੰਛੀ ਦੇ ਲੇਖ 'ਅਨੰਦਪੁਰ ਸਾਹਿਬ ਤੋਂ ਸਰਹਿੰਦ ਤੱਕ' ਵਿਚ ਕੁਝ ਗੰਭੀਰ ਉਕਾਈਆਂ ਹਨ। ਜਿਸ ਅਜੀਤ ਸਿੰਘ ਦਾ ਇਸ ਲੇਖ ਵਿਚ ਜ਼ਿਕਰ ਹੈ, ਉਹ ਸਾਹਿਬਜ਼ਾਦਾ ਅਜੀਤ ਸਿੰਘ ਨਹੀਂ ਸਗੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਉਪਰੰਤ ਮਾਤਾ ਸੁੰਦਰੀ ਵਲੋਂ ਗੋਦ ਲਿਆ ਗਿਆ ਅਜੀਤ ਸਿੰਘ ਨਾਂ ਦਾ ਇਕ ਸ਼ਖਸ ਹੈ ਜਿਸ ਨੂੰ ਬਾਦ ਵਿਚ ਮਾਤਾ ਸੁੰਦਰੀ ਜੀ ਨੇ ਉਸ ਦੀਆਂ ਕਰਤੂਤਾਂ ਕਾਰਨ ਫਾਰਖਤੀ ਦੇ ਦਿਤੀ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਸਨ। ਸਭ ਤੋਂ ਵਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ (ਜਿਸ ਬਾਰੇ ਕਿ ਲੇਖਕ ਨੇ ਇਸ ਲੇਖ ਵਿਚ ਟਪਲਾ ਖਾਧਾ ਹੈ) ਨੇ ਗੁਰੂ ਕੇ ਮਹਿਲ ਮਾਤਾ ਸੁੰਦਰੀ ਜੀ ਦੀ ਕੁਖੋਂ ਜਨਮ ਲਿਆ। ਛੋਟੇ ਤਿੰਨਾਂ ਸਾਹਿਬਜ਼ਾਦਿਆਂ-ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਨੇ ਗੁਰੂ ਕੇ ਦੂਜੇ ਮਹਿਲ ਮਾਤਾ ਜੀਤੋ ਜੀ ਦੀ ਕੁਖੋਂ ਜਨਮ ਲਿਆ। ਸਭ ਤੋਂ ਛੋਟੇ ਸਾਹਿਬਜ਼ਾਦੇ ਬਾਬਾ ਫਤਿਹ ਸਿੰਘ ਅਜੇ ਦੋ ਸਾਲਾਂ ਦੇ ਹੀ ਸਨ ਕਿ ਮਾਤਾ ਜੀਤੋ ਜੀ ਕਿਲਾ ਲੋਹਗੜ੍ਹ ਲਾਗੇ ਅਗਮਪੁਰਾ ਵਿਚ ਅਕਾਲ ਚਲਾਣਾ ਕਰ ਗਏ। ਛੋਟੇ ਦੋਹਾਂ ਸਾਹਿਬਜ਼ਾਦਿਆਂ ਦੀ ਸਾਂਭ-ਸੰਭਾਲ ਉਨ੍ਹਾਂ ਦੀ ਦਾਦੀ ਮਾਤਾ ਗੁਜਰੀ ਨੇ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਦੇ ਪਲੇਠੇ ਪੁਤ ਬਾਬਾ ਅਜੀਤ ਸਿੰਘ ਮਾਤਾ ਸੁੰਦਰੀ ਜੀ ਦੀ ਕੁਖੋਂ 26 ਜਨਵਰੀ 1687 ਈ. ਨੂੰ ਪਾਉਂਟਾ ਸਾਹਿਬ ਵਿਚ ਪੈਦਾ ਹੋਏ। 1688 ਭੰਗਾਣੀ ਦੀ ਜਿਤ ਤੋਂ ਪਿਛੋਂ ਗੁਰੂ ਜੀ ਮੁੜ ਅਨੰਦਪੁਰ ਸਾਹਿਬ ਆ ਗਏ ਸਨ। ਬਾਬਾ ਅਜੀਤ ਸਿੰਘ ਦੀ ਉਮਰ ਉਸ ਸਮੇਂ ਕੇਵਲ ਇਕ ਸਾਲ ਸੀ। 30 ਮਾਰਚ 1699 ਨੂੰ ਖਾਲਸੇ ਦੇ ਜਨਮ ਪਿਛੋਂ ਬਾਬਾ ਅਜੀਤ ਸਿੰਘ ਪਹਾੜੀ ਰਾਜਿਆਂ ਨਾਲ ਹੋਏ ਹਰ ਛੋਟੇ ਵੱਡੇ ਸੰਘਰਸ਼ ਵਿਚ ਹਿੱਸਾ ਲੈਂਦੇ ਰਹੇ। 12 ਸਾਲ ਦੀ ਉਮਰ ਵਿਚ ਸੌ ਸਿੰਘਾਂ ਦੀ ਅਗਵਾਈ ਕਰਕੇ ਨੂੰਹ ਪਿੰਡ ਦੇ ਰੰਗੜਾਂ ਤੋਂ ਪੋਠੋਹਾਰ ਤੋਂ ਆਉਂਦੀ ਸੰਗਤ ਦਾ ਲੁਟਿਆ ਮਾਲ ਵਾਪਸ ਕਰਵਾਇਆ। 6 ਦਸੰਬਰ 1705 ਈ. ਵਿਚ ਜਦੋਂ ਗੁਰੂ ਜੀ ਨੇ ਅਨੰਦਪੁਰ ਛਡਿਆ ਤਾਂ ਆਪ ਨੇ ਪਿਛੇ ਰਹਿ ਕੇ ਫੌਜੀ ਦਸਤਿਆਂ ਦੀ ਅਗਵਾਈ ਕੀਤੀ ਤੇ "ਸ਼ਾਹੀ ਟਿਬੇ" ਤੇ ਭਾਈ ਉਦੈ ਸਿੰਘ ਦੇ ਪੁਜਣ ਤਕ ਪੂਰਾ ਮੁਕਾਬਲਾ ਕੀਤਾ।

**ਅਜੀਤ ਸਿੰਘ ਪਾਲਕ ਪੁਤਰ:** ਇਹ ਅਜੀਤ ਸਿੰਘ ਮਾਤਾ ਸੁੰਦਰੀ ਦਾ ਪਾਲਕ ਪੁਤਰ ਸੀ ਜਿਸ ਬਾਰੇ 'ਮਹਾਨ ਕੋਸ਼' ਵਿਚ ਭਾਈ ਕਾਹਨ ਸਿੰਘ ਨਾਭਾ ਪੰਨਾ 48 ਉਤੇ ਲਿਖਦੇ ਹਨ, "ਇਕ ਸੁਨਿਆਰੇ ਦਾ ਪੁਤਰ, ਜਿਸ ਨੂੰ ਮਾਤਾ ਸੁੰਦਰੀ ਜੀ ਨੇ ਸ੍ਰੀ ਅਜੀਤ ਸਿੰਘ ਜਿਹੀ ਸ਼ਕਲ ਦਾ ਵੇਖ ਕੇ ਪੁਤਰ ਬਣਾਇਆ।"

ਅਸਲ ਵਿਚ ਮਾਤਾ ਸੁੰਦਰੀ ਜੀ ਆਪਣੇ ਇਕਲੌਤੇ ਪੁਤਰ ਬਾਬਾ ਅਜੀਤ ਸਿੰਘ ਦੀ ਸ਼ਹਾਦਤ ਪਿਛੋਂ ਬੜੇ ਦੁਖੀ ਰਹਿੰਦੇ ਸਨ। ਇਸ ਦੁਖ ਨੂੰ ਭੁਲਾਉਣ ਲਈ ਆਪ ਨੇ ਇਸ ਬੱਚੇ ਨੂੰ ਗੋਦ ਲੈ ਲਿਆ ਅਤੇ ਇਸ ਦਾ ਨਾਂ ਵੀ ਅਜੀਤ ਸਿੰਘ ਰਖਿਆ। ਇਸ ਦੇ ਮਾਪਿਆਂ ਦਾ ਕੁਝ ਪਤਾ ਨਹੀਂ ਪਰ ਇਹ ਸਪਸ਼ਟ ਹੈ ਕਿ ਮਾਤਾ ਜੀ ਨੇ ਇਸ ਨੂੰ ਇਕ ਸੁਨਿਆਰੇ ਤੋਂ ਗੋਦ ਲਿਆ। ਮਾਤਾ ਸੁੰਦਰੀ ਜੀ ਨੇ ਇਸ ਨੂੰ ਬੜੇ ਚਾਵਾਂ-ਮਲ੍ਹਾਰਾਂ ਨਾਲ ਪਾਲਿਆ। ਇਥੋਂ ਤਕ ਕਿ ਇਸ ਦਾ ਵਿਆਹ ਵੀ ਇਕ ਚੰਗੇ ਘਰਾਣੇ ਦੀ ਲੜਕੀ 'ਤਾਰਾ ਬਾਈ' ਨਾਲ ਕੀਤਾ। ਇਸ ਵਿਚੋਂ ਇਕ ਲੜਕੇ ਦਾ ਜਨਮ ਵੀ ਹੋਇਆ ਤੇ ਇਸ ਦਾ ਨਾਂ ਹਠੀ ਸਿੰਘ ਰਖਿਆ।

ਪਰ ਮਾਤਾ ਜੀ ਦੇ ਕਰਮਾਂ ਵਿਚ ਪੁਤਰ ਦਾ ਸੁਖ ਨਹੀਂ ਸੀ। ਜਿਉਂ-ਜਿਉਂ ਅਜੀਤ ਸਿੰਘ ਵਡਾ ਹੁੰਦਾ ਗਿਆ, ਮਾਤਾ ਜੀ ਦੀ ਜ਼ਿੰਦਗੀ ਵਧੇਰੇ ਦੁਖੀ ਹੁੰਦੀ ਗਈ। ਇਹ ਬੜਾ ਗੁਸੈਲਾ, ਘੁਮੰਡੀ ਅਤੇ ਆਕੜ ਖਾਂ ਹੋ ਨਿਬੜਿਆ। ਇਹ ਇਨਸਾਨ ਆਪਣੀ ਜ਼ਿੰਦਗੀ ਝੂਠੀ ਸ਼ਾਨੋ-ਸ਼ੌਕਤ ਨਾਲ ਬਿਤਾਉਣ ਲੱਗਾ। ਦਿਨੋ ਦਿਨ ਇਸ ਦਾ ਹੰਕਾਰ ਵਧਦਾ ਗਿਆ ਅਤੇ ਇਹ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗਾ।

ਮੁਸਲਮਾਨ ਵੀ ਇਸ ਨੂੰ ਬਹੁਤ ਘ੍ਰਿਣਾ ਕਰਨ ਲਗੇ। ਇਕ ਵਾਰ ਬਾਦਸ਼ਾਹ ਵਾਂਗ ਹੀ ਆਪਣੇ ਸਵਾਰਾਂ ਸਮੇਤ ਜਾਮਾ ਮਸਜਿਦ ਕੋਲੋਂ ਲੰਘ ਰਿਹਾ ਸੀ। ਮੌਲਵੀਆਂ ਨੂੰ ਇਹ ਚੰਗਾ ਨਾ ਲੱਗਾ ਤੇ ਉਨ੍ਹਾਂ ਨੇ ਬਾਦਸ਼ਾਹ ਦੇ ਖੂਬ ਕੰਨ ਭਰੇ ਤੇ ਬਾਦਸ਼ਾਹ ਕੋਲੋਂ ਇਹ ਹੁਕਮ ਜਾਰੀ ਕਰਵਾ ਦਿਤਾ, "ਅਜੀਤ ਸਿੰਘ ਜਾਂ ਤਾਂ ਸਿੱਖੀ ਨੂੰ ਤਿਲਾਂਜਲੀ ਦੇਵੇ ਜਾਂ ਇਸ ਨੂੰ ਕੈਦ ਕਰ ਲਿਆ ਜਾਵੇ।" ਇਸ ਡਰਪੋਕ ਨੇ ਆਪਣੀ ਜਾਨ ਬਚਾਉਣ ਲਈ ਆਪਣੇ ਕੇਸ ਕਤਲ ਕਰਵਾ ਕੇ, ਇਕ ਥਾਲੀ ਸੋਨੇ ਦੀਆਂ ਕੁਝ ਅਸ਼ਰਫੀਆਂ ਸਮੇਤ ਬਾਦਸ਼ਾਹ ਨੂੰ ਪੇਸ਼ ਕਰਕੇ ਆਪਣੀ ਜਾਨ ਬਚਾਈ। ਜਦੋਂ ਮਾਤਾ ਜੀ ਨੂੰ ਇਹ ਦੁਖਦਾਈ ਖਬਰ ਪੁਜੀ ਤਾਂ ਉਨ੍ਹਾਂ ਹੁਕਮ ਦਿਤਾ ਕਿ ਅਜੀਤ ਸਿੰਘ ਹੁਣ ਮੇਰੇ ਮੱਥੇ ਨਾ ਲਗੇ ਅਤੇ ਇਸ ਹੁਕਮ ਦੀ ਪਾਲਣਾ ਮਾਤਾ ਜੀ ਨੇ ਅੰਤਮ ਸਵਾਸਾਂ ਤਕ ਕੀਤੀ। ਅਜੀਤ ਸਿੰਘ ਬਾਰੇ ਮੁਗਲ ਹਕੂਮਤ ਦੇ ਰੋਜ਼ਨਾਮਿਆਂ 'ਚ (ਭਾਵ ਅਹਕਾਮੇ-ਆਲਮਗੀਰੀ, ਅਖਬਰਾਤੇ-ਦਰਬਾਰੇ ਮੁਲ੍ਹਾ, ਇਬਰਤ-ਨਾਮਾ, ਖਾਫੀ ਖਾਂ ਦੀ ਡਾਇਰੀ ਆਦਿ) ਸਭ ਤੋਂ ਪਹਿਲਾਂ 30 ਅਕਤੂਬਰ 1708 ਵਿਚ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣੇ 'ਤੇ, ਬਹਾਦਰ ਸ਼ਾਹ ਨੇ 'ਮਾਤਮੀ ਪੁਸ਼ਾਕ' ਗੁਰੂ ਜੀ ਦੇ ਪੁੱਤਰ ਅਜੀਤ ਸਿੰਘ ਨੂੰ ਦੇਣ ਦਾ ਹੁਕਮ ਦਿਤਾ।

11 ਨਵੰਬਰ 1708 ਨੂੰ ਅਜੀਤ ਸਿੰਘ ਮਾਤਾ ਸੁੰਦਰੀ ਦਾ ਪਾਲਕ ਪੁਤਰ ਬਾਦਸ਼ਾਹ ਦੇ ਦਰਬਾਰ ਵਿਚ ਹਾਜਰ ਹੋਇਆ ਜਿਸ ਨੂੰ ਇਕ ਸ਼ਾਹੀ ਖਿਲਅਤ ਬਖਸ਼ੀ ਗਈ।

26 ਸਤੰਬਰ 1710 ਨੂੰ ਬੰਦਾ ਬਹਾਦਰ ਹਥੋਂ ਨਵਾਬ ਵਜ਼ੀਰ ਖਾਂ ਦੀ ਮੌਤ ਤੇ ਸਰਹਿੰਦ ਦੀ ਫਤਿਹ ਪਿਛੋਂ, ਬਹਾਦਰ ਸ਼ਾਹ ਨੇ ਸਢੌਰੇ ਤੇ ਲੋਹਗੜ੍ਹ 'ਤੇ ਹਮਲਾ ਕਰਨ ਸਮੇਂ ਅਜੀਤ ਸਿੰਘ ਨੂੰ ਆਪਣੇ ਦਰਬਾਰ ਵਿਚ ਹਾਜਰ ਹੋਣ ਲਈ ਰਾਜਾ ਚਤਰਸ਼ਾਲ ਬੁੰਦੇਲਾ ਰਾਹੀਂ ਦਿਲੀਓਂ ਬੁਲਾ ਭੇਜਿਆ। ਦਰਬਾਰ ਵਿਚ ਹਾਜਰ ਹੋਣ 'ਤੇ ਅਜੀਤ ਸਿੰਘ ਨੂੰ ਕੁਝ ਮੁਹਰਾਂ, ਇਕ ਤਲਵਾਰ, ਇਕ ਢਾਲ ਤੇ ਇਕ ਖਿਲਅਤ ਪੇਸ਼ ਕੀਤੀ ਗਈ। ਅਜੀਤ ਸਿੰਘ ਨੇ ਬਾਦਸ਼ਾਹ ਵਲੋਂ ਬਖਸ਼ੇ ਆਸਰੇ ਨੂੰ ਕਬੂਲ ਕੀਤਾ। ਬੰਦੇ ਬਹਾਦਰ ਤੇ ਸ਼ਾਹੀ ਹਮਲਾ ਹੋਣ ਸਮੇਂ ਅਜੀਤ ਸਿੰਘ ਮੁਗਲ ਕੈਂਪ ਵਿਚ ਹਾਜਰ ਸੀ।

27 ਦਸੰਬਰ 1710 ਨੂੰ ਲੋਹਗੜ੍ਹ ਦੀ ਫਤਿਹ ਪਿਛੋਂ ਅਜੀਤ ਸਿੰਘ ਨੂੰ ਤਾਲਬ ਖਾਂ ਬਹਾਦਰ ਦੀ ਨਿਗਰਾਣੀ ਵਿਚ ਰਖਿਆ ਗਿਆ। ਪਹਿਲੀ ਜੂਨ 1711 ਨੂੰ ਅਜੀਤ ਸਿੰਘ ਨੇ ਸਰਬਖ਼ਾਂ ਕੋਤਵਾਲ ਰਾਹੀਂ ਬਾਦਸ਼ਾਹ ਨੂੰ ਮਿਲਣ ਲਈ ਬੇਨਤੀ ਕੀਤੀ ਅਤੇ ਹਮੀਦ-ਉਦ-ਦੀਨ ਖਾਂ ਬਹਾਦਰ ਰਾਹੀਂ ਅਜੀਤ ਸਿੰਘ ਨੇ ਪੰਜ ਮੁਹਰਾਂ ਦਾ ਨਜ਼ਰਾਨਾ ਬਾਦਸ਼ਾਹ ਨੂੰ ਪੇਸ਼ ਕੀਤਾ। ਬਾਦਸ਼ਾਹ ਨੇ ਅਜੀਤ ਸਿੰਘ ਨੂੰ ਕੁਝ ਸੁਗਾਤਾਂ ਭੇਂਟ ਕੀਤੀਆਂ ਤੇ ਖਾਨ ਬਹਾਦਰ ਨੂੰ ਅਜੀਤ ਸਿੰਘ ਦੀ ਪੂਰੀ ਦੇਖਭਾਲ ਦਾ ਹੁਕਮ ਦਿਤਾ।

30 ਦਸੰਬਰ 1711 ਨੂੰ ਅਜੀਤ ਸਿੰਘ ਮੁੜ ਬਾਦਸ਼ਾਹ ਦੇ ਦਰਬਾਰ ਵਿਚ 11 ਅਸ਼ਰਫੀਆਂ ਦਾ ਨਜ਼ਰਾਨਾ ਲੈ ਕੇ ਪੇਸ਼ ਹੋਇਆ। ਬਾਦਸ਼ਾਹ ਨੇ ਮਹਾਬਤ ਖਾਂ ਬਹਾਦਰ ਨੂੰ ਹੁਕਮ ਦਿਤਾ ਕਿ ਅਜੀਤ ਸਿੰਘ ਦੀ ਪੂਰੀ ਰਾਖੀ ਕੀਤੀ ਜਾਵੇ। ਇਹ ਜਿਥੇ ਚਾਹੇ ਰਹਿ ਸਕਦਾ ਹੈ। 'ਗੁਰੂ ਕਾ ਚੱਕ' ਅੰਮ੍ਰਿਤਸਰ ਇਸ ਦੇ ਨਾਂ 'ਤੇ ਪਟਾ ਲਿਖ ਦਿਤਾ। ਅਜੀਤ ਸਿੰਘ ਕੁਝ ਸਮੇਂ ਲਈ ਆਪਣੇ ਸਵਾਰਾਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਚਲਾ ਗਿਆ।

7 ਅਗਸਤ 1716 ਨੂੰ ਬੰਦਾ ਬਹਾਦਰ ਦੀ ਸ਼ਹੀਦੀ ਪਿਛੋਂ ਅਜੀਤ ਸਿੰਘ ਆਪਣੇ ਕੁਝ ਸਾਥੀਆਂ ਸਮੇਤ ਫਰੁਖਸ਼ਿਅਰ ਦੇ ਦਰਬਾਰ ਵਿਚ ਹਾਜਰ ਹੋਇਆ। ਫਰੁਖਸ਼ਿਅਰ ਨੇ ਅਜੀਤ ਸਿੰਘ ਨੂੰ ਸ਼ੁਕਰਾਨੇ ਵਜੋਂ ਇਕ ਪਗੜੀ ਦੇ ਕੇ ਇਸ ਦਾ ਮਾਣ ਵਧਾਇਆ।

ਇਸ ਸਭ ਤੋਂ ਸਪਸ਼ਟ ਹੈ ਕਿ ਅਜੀਤ ਸਿੰਘ ਬਾਬਾ ਬੰਦਾ ਬਹਾਦਰ ਦੀ ਸੱਤ ਸਾਲ ਦੀ ਲੜਾਈ ਦੌਰਾਨ ਮੁਗਲਾਂ ਨਾਲ ਘਿਉ-ਖਿਚੜੀ ਬਣਿਆ ਰਿਹਾ ਅਤੇ ਮੁਗਲ ਹਕੂਮਤ ਦਾ ਮੁਹਰਾ ਬਣ ਕੇ ਸਿੱਖ ਹਿਤਾਂ ਵਿਰੁਧ ਕੰਮ ਕਰਦਾ ਰਿਹਾ। ਹਕੂਮਤ ਦੇ ਇਸ਼ਾਰੇ 'ਤੇ ਸਿੱਖਾਂ ਅਤੇ ਬੰਦਾ ਬਹਾਦਰ ਵਿਚਕਾਰ ਪਾੜ ਪਾਉਣ ਵਿਚ ਕੁਝ ਹੱਦ ਤਕ ਸਫਲ ਵੀ ਹੋਇਆ। ਪਰ ਇਹ ਸਭ ਕੁਝ ਕਰਨ ਦੇ ਬਾਵਜੂਦ ਇਹ ਲਾਲਚੀ ਆਪਣੀ ਸਕੀਮ ਵਿਚ ਸਫਲ ਨਾ ਹੋ ਸਕਿਆ।

ਇਕ ਵਾਰ ਇਹ ਸਾਥੀਆਂ ਸਮੇਤ ਸ਼ਿਕਾਰ ਖੇਡਣ ਜਾ ਰਿਹਾ ਸੀ, ਘੁਮੰਡ ਤੇ ਕ੍ਰੋਧ ਵਿਚ ਆ ਕੇ ਇਕ ਬੇਨਵੇ ਮੁਸਲਮਾਨ ਨੂੰ ਕਤਲ ਕਰਕੇ ਖੂਹ ਵਿਚ ਸੁਟ ਦਿਤਾ। ਇਹ ਬੇਨਵੇ ਫਕੀਰ ਸ਼ੌਰਾ ਦੇ ਬੜੇ ਪੱਕੇ ਹੁੰਦੇ ਹਨ। ਇਨ੍ਹਾਂ ਦੀ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਤਕ ਪਹੁੰਚ ਸੀ। ਬਾਦਸ਼ਾਹ ਨੇ ਅਜੀਤ ਸਿੰਘ ਦੀ ਗ੍ਰਿਫਤਾਰੀ ਦਾ ਹੁਕਮ ਜਾਰੀ ਕਰ ਦਿਤਾ। 18 ਜਨਵਰੀ 1725 ਨੂੰ ਬਾਦਸ਼ਾਹ ਦੇ ਹੁਕਮ ਅਨੁਸਾਰ ਅਜੀਤ ਸਿੰਘ ਨੂੰ ਹਾਥੀ ਦੇ ਪੈਰਾਂ ਨਾਲ ਬੰਨ੍ਹ ਕੇ ਦਿੱਲੀ ਦੀਆਂ ਗਲੀਆਂ ਵਿਚ ਘਸੀਟ-ਘਸੀਟ ਕੇ ਮਾਰਿਆ ਗਿਆ। ਇਹਦਾ ਸਸਕਾਰ ਸਬਜ਼ੀ ਮੰਡੀ ਦੇ ਇਲਾਕੇ ਵਿਚ ਕੀਤਾ ਗਿਆ ਤੇ ਉਥੇ ਇਸ ਦੀ ਯਾਦ ਵਿਚ ਇਕ ਛੋਟਾ ਜਿਹਾ ਗੁਰਦੁਆਰਾ ਉਸਰਿਆ ਹੋਇਆ ਹੈ।

ਮਾਤਾ ਸੁੰਦਰੀ ਜੀ ਅਜੀਤ ਸਿੰਘ ਦੀ ਪਤਨੀ ਤਾਰਾ ਬਾਈ ਤੇ ਉਸ ਦੇ ਪੁਤ ਹਠੀ ਸਿੰਘ ਨੂੰ ਲੈ ਕੇ ਮਥਰਾ ਚਲੇ ਗਏ। ਮਾਤਾ ਸੁੰਦਰੀ ਜੀ ਨੂੰ ਆਪਣੇ ਪਾਲਕ ਪੋਤੇ ਹਠੀ ਸਿੰਘ ਵਲੋਂ ਵੀ ਸੁਖ ਦਾ ਸਾਹ ਨਾ ਮਿਲਿਆ। ਇਹ ਵੀ ਆਪਣੇ ਪਿਉ ਵਾਂਗ ਘੁਮੰਡੀ, ਹੰਕਾਰੀ ਤੇ ਧੋਖੇਬਾਜ ਸਾਬਤ ਹੋਇਆ। ਆਪਣੀ ਗੁਰਿਆਈ ਸਥਾਪਤ ਕਰਨ ਲਈ ਕਈ ਢੰਗ ਵਰਤੇ। ਆਪਣੇ ਪ੍ਰਚਾਰ ਲਈ ਉਸ ਗੁਰੂ ਗ੍ਰੰਥ ਸਾਹਿਬ ਵਿਚੋਂ 'ਨਾਨਕ' ਪਦ ਆਪਣੇ ਨਾਂ ਨਾਲ ਲਿਖਣਾ ਅਰੰਭ ਕਰ ਦਿਤਾ। ਜਦੋਂ ਮਾਤਾ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਇਸ ਤੋਂ ਵੀ ਕਿਨਾਰਾ-ਕਸ਼ੀ ਕਰ ਲਈ। ਮਾਤਾ ਜੀ ਦਿੱਲੀ ਦੀਆਂ ਸੰਗਤਾਂ ਦੇ ਬੁਲਾਵੇ 'ਤੇ ਮੁੜ ਦਿੱਲੀ ਆ ਗਏ। ਉਹ ਗੁਰੂ ਜੀ ਦੇ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਲਗਭਗ 40 ਸਾਲ ਜੀਵੇ ਤੇ ਸੰਨ 1747 ਵਿਚ 80 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦੀ ਯਾਦ ਵਿਚ ਜਿਥੇ ਆਪ ਰਹਿੰਦੇ ਸਨ, ਮਾਤਾ ਸੁੰਦਰੀ ਜੀ ਨਾਂ ਦਾ ਗੁਰਦੁਆਰਾ ਕਾਇਮ ਹੈ।

1757 ਵਿਚ ਅਹਿਮਦ ਸ਼ਾਹ ਦੁਰਾਨੀ ਦੇ ਮਥਰਾ ਲੁਟਣ ਤੋਂ ਬਾਅਦ ਹਠੀ ਸਿੰਘ ਆਪਣੇ ਨਾਨਕੇ ਪਿੰਡ ਬੁਰਹਾਨਪੁਰ ਜਿਲਾ ਨਿਮਾਰ ਚਲਾ ਗਿਆ ਅਤੇ ਉਥੇ ਹੀ 1783 ਵਿਚ ਬੇ-ਉਲਾਦ ਮਰ ਗਿਆ।

**-ਪ੍ਰੋ. ਜਗਿੰਦਰ ਸਿੰਘ ਰਮਦੇਵ**
**ਫੋਨ: 847-543-7565**

# ਗੁਰ ਇਤਿਹਾਸ ਨਾਲ ਛੇੜ-ਛਾੜ ਕਿਉਂ?

ਪੰਜਾਬ ਟਾਈਮਜ਼ ਦੇ 20 ਦਸੰਬਰ 2014 ਦੇ ਅੰਕ ਵਿਚ ਸੁਰਜੀਤ ਸਿੰਘ ਪੰਛੀ ਦਾ ਲਿਖਿਆ ਲੇਖ 'ਅਨੰਦਪੁਰ ਸਾਹਿਬ ਤੋਂ ਸਰਹਿੰਦ ਤੱਕ' ਪੜ੍ਹਿਆ। ਪਿਛਲੇ ਸਾਲ ਵੀ ਥੋੜੇ ਜਿਹੇ ਸ਼ਬਦੀ ਰੱਦੋਬਦਲ ਨਾਲ ਇਹ ਲੇਖ ਛਪ ਚੁਕਾ ਹੈ। ਇਸ ਲੇਖ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਵਿਆਹ ਬੁਰਹਾਨਪੁਰ ਤੋਂ ਆਏ ਸੇਵਾ ਸਿੰਘ ਦੀ ਪੁੱਤਰੀ ਤਾਰਾ ਬਾਈ ਨਾਲ ਮਾਘ ਸੁਦੀ ਏਕਮ 1761 (1704 ਈਸਵੀ) ਨੂੰ ਹੋ ਚੁਕਾ ਸੀ। ਅਨੰਦਪੁਰ ਦਾ ਕਿਲਾ ਛੱਡਣ ਸਮੇਂ ਤਾਰਾ ਬਾਈ ਗਰਭਵਤੀ ਸੀ ਅਤੇ ਸੰਮਤ 1762 ਪੋਹ ਸੁਦੀ ਪੰਚਮੀ (1705 ਈਸਵੀ) ਦੇ ਦਿਨ ਆਗਰਾ ਵਿਖੇ ਸ਼ਰਧਾ ਸਿੰਘ ਬੇਟਾ ਮੋਹਕਮ ਦਾਸ ਗੁਲਾਟੀ ਅਰੋੜਾ ਦੇ ਗ੍ਰਹਿ ਵਿਖੇ ਤਾਰਾ ਬਾਈ ਸਾਹਿਬਜ਼ਾਦਾ ਅਜੀਤ ਸਿੰਘ ਦੇ ਬੇਟੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੋਤਰੇ ਹਠੀ ਸਿੰਘ ਨੂੰ ਜਨਮ ਦਿੰਦੀ ਹੈ।

ਸੁਰਜੀਤ ਸਿੰਘ ਪੰਛੀ ਨੇ ਜਿਨ੍ਹਾਂ ਸਰੋਤਾਂ ਦੀ ਵਰਤੋਂ ਇਸ ਲੇਖ ਵਿਚ ਕੀਤੀ ਹੈ, ਮੈਂ ਸਿਰਫ ਉਨ੍ਹਾਂ ਸਰੋਤਾਂ ਨੂੰ ਕਸਵੱਟੀ 'ਤੇ ਪਰਖਣ ਦੀ ਕੋਸ਼ਿਸ਼ ਕਰਾਂਗਾ। ਜਦ ਤੋਂ ਸਿੱਖ ਕੌਮ ਹੋਂਦ ਵਿਚ ਆਈ ਹੈ, ਇਸ ਦੇ ਇਤਿਹਾਸ ਨਾਲ ਛੇੜਛਾੜ ਕਰਨ ਵਾਲੇ ਵੀ ਸਮੇਂ ਸਮੇਂ ਪ੍ਰਗਟ ਹੁੰਦੇ ਰਹੇ ਹਨ।

ਸ. ਪੰਛੀ ਦਾ ਲੇਖ ਗੁਰਬਿਲਾਸ ਪਾਤਸ਼ਾਹੀ 10 ਦੇ ਲੇਖਕ ਭਾਈ ਕੁਇਰ ਸਿੰਘ (ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ) 'ਤੇ ਆਧਾਰਤ ਹੈ। ਉਨ੍ਹਾਂ ਆਪਣੇ ਵਿਚਾਰਾਂ ਦੀ ਪੁਖਤਗੀ ਲਈ ਕੌਮ ਦੇ ਉਚ ਕੋਟੀ ਦੇ ਵਿਦਵਾਨ ਸ਼ਹੀਦ ਭਾਈ ਮਨੀ ਸਿੰਘ ਦਾ ਨਾਮ ਵੀ ਵਰਤਿਆ ਹੈ।

ਕੁਇਰ ਸਿੰਘ ਕੌਣ ਸੀ: ਅੰਮ੍ਰਿਤਸਰ ਸ਼ਹਿਰ ਦਾ ਰਹਿਣ ਵਾਲਾ ਬਿਸ਼ਨ ਦਾਸ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਪਾਨ ਕਰਕੇ ਸਿੰਘ ਸਜਿਆ। ਉਸ ਨੇ 'ਗੁਰ ਬਿਲਾਸ ਪਾਤਸ਼ਾਹੀ 10' ਲਿਖ ਕੇ ਗੁਰ ਇਤਿਹਾਸ ਨੂੰ ਗੰਧਲਾ ਕਰਨ ਦਾ ਯਤਨ ਕੀਤਾ ਹੈ। ਉਹ ਲਿਖਦਾ ਹੈ ਕਿ ਉਸ ਨੇ ਇਹ ਪੁਸਤਕ ਭਾਈ ਮਨੀ

ਸਿੰਘ ਤੋਂ ਪੂਛ ਪੂਛ ਕੇ ਲਿਖੀ।
ਮਨੀ ਸਿੰਘ ਤਬ ਬਾਤ ਬਖਾਨੀ।
ਸੁਨੋ ਸਿੰਘ ਜਿਉ ਸੁਨੀ ਸਕਾਨੀ।
ਏਕ ਦੱਖਣਾ ਕੋ ਜੇ ਸਾਹਾ (ਸ਼ਾਹ)।
ਗੁਰੂ ਸੀਸ ਨਿਵਾਯੋ ਤਾਹਾ। (110)

ਤਬ ਗੁਰ ਕੋ ਤਿਹ ਬਚਨ ਸੁਨਾਏ।
ਮੈਂ ਕਮਨਿਆ ਦਾਸੀ ਸੁਤ ਲਾਏ
ਤਬ ਪ੍ਰਸੰਨਤਾ ਸਤਗੁਰ ਧਾਰੀ।
ਕੀਨੋ ਵਿਆਹ ਉਛਾਹ ਅਪਾਰਿ। (113)


ਭਾਈ ਮਨੀ ਸਿੰਘ 1737 ਵਿਚ ਸ਼ਹੀਦ ਹੁੰਦੇ ਹਨ ਅਤੇ ਗੁਰਬਿਲਾਸ ਛਪਦਾ ਹੈ 1751 ਵਿਚ, ਸ਼ਹਾਦਤ ਤੋਂ 14 ਸਾਲ ਬਾਅਦ। ਕੁਇਰ ਸਿੰਘ ਦੀ ਕਹੀ ਗੱਲ ਸ਼ੰਕਾ ਦੇ ਘੇਰੇ ਵਿਚ ਆ ਜਾਂਦੀ ਹੈ।

ਇਸ ਤੋਂ ਅੱਗੇ ਸੁਰਜੀਤ ਸਿੰਘ ਪੰਛੀ 'ਭਟ ਵਹੀ ਪੂਰਬੀ ਦਖਣੀ' ਦਾ ਹਵਾਲਾ ਦਿੰਦੇ ਹਨ, "ਅਜੀਤ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ...ਦਾ ਵਿਆਹ ਤਾਰਾ ਬਾਈ ਬੇਟੀ ਸੇਵਾ ਸਿੰਘ ਸੇ ਸਾਲ ਸਤਰਾ ਸੈ ਇਕਾਹਠ (1704 ਈਸਵੀ) ਮਾਘ ਸੁਦੀ ਏਕਮ ਦੇ ਦਿਵਸ ਅਨੰਦਗੜ ਮੇਂ ਹੂਆ।"

ਉਹ ਵਿਆਹ ਦੇ ਪੁਖਤਾ ਸਬੂਤ ਵਜੋਂ ਗੁਰੂ ਕੀਆਂ ਸਾਖੀਆਂ ਲੇਖਕ ਭਾਈ ਸਰੂਪ ਸਿੰਘ ਕੌਸ਼ਿਸ਼ (ਸੰਪਾਦਕ ਪਿਆਰਾ ਸਿੰਘ ਪਦਮ) ਦਾ ਸਹਾਰਾ ਲੈਂਦੇ ਹਨ। 'ਗੁਰਬਿਲਾਸ ਪਾਤਸ਼ਾਹੀ 10' ਦੀਆਂ ਕੁਝ ਹੋਰ ਸਤਰਾਂ ਨਾਲ ਸ. ਪੰਛੀ ਲਿਖਦੇ ਹਨ ਕਿ ਗੁਰੂ ਜੀ ਨੇ ਤਾਰਾ ਬਾਈ ਨੂੰ ਫਿਰ ਮਿਲਣ ਦਾ ਭਰੋਸਾ ਦਿਤਾ, ਤਾਂ ਉਹ ਮਾਤਾ ਸੁੰਦਰੀ, ਮਾਤਾ ਸਾਹਿਬ ਦੇਵਾਂ ਅਤੇ ਆਪਣੇ ਮਾਤਾ-ਪਿਤਾ ਨਾਲ ਪਹਿਲੇ ਵਹੀਰ ਨਾਲ ਜਾਣ ਸਮੇਂ ਗਰਭਵਤੀ ਸੀ।

ਬਹੁਤ ਪ੍ਰਸਨ ਨਾਰ ਤਬ ਭਈ।
ਪਿਤਾ ਸੰਗ ਦਖਨ ਕੋ ਗਈ।
ਉਦਰੇ ਗਰਭ ਪਾਲਤੀ ਜਾਵੈ।
ਸਤਗੁਰ ਗਿਆਨ ਦਿਯੋ ਭਲ ਭਾਵੈ। (129)

ਹੁਣ 'ਬੰਸਾਵਲੀ ਨਾਮਾ' ਲੇਖਕ ਭਾਈ ਕੇਸਰ ਸਿੰਘ ਛਿੱਬਰ (ਸੰਪਾਦਕ ਪਿਆਰਾ ਸਿੰਘ ਪਦਮ)



*ਇਕ ਚਿੱਤਰਕਾਰ ਵਲੋਂ ਸਾਹਿਬਜ਼ਾਦਾ ਅਜੀਤ ਸਿੰਘ ਦੀ ਚਿੱਤਰੀ ਗਈ ਤਸਵੀਰ*

ਦਾ ਹਵਾਲਾ ਦੇ ਕੇ ਸ. ਪੰਛੀ ਨੇ ਵਿਆਹ ਨੂੰ ਪੱਕਿਆਂ ਕਰਨ ਦਾ ਯਤਨ ਕਰਦਿਆਂ ਸ਼ਾਇਦ ਇਨ੍ਹਾਂ ਸਤਰਾਂ ਨੂੰ ਚੰਗੀ ਤਰ੍ਹਾਂ ਨਹੀਂ ਪੜ੍ਹਿਆ,

ਨਾਲ ਸਾਹਿਬ ਜੀਤ ਸਿੰਘ ਦਾ
ਕੁਆਰਾ ਸੀ ਡੋਲਾ।
ਨਾਲ ਕਰ ਦਿਤਾ
ਬਨਾਰਸੀ ਦਾਸ ਘਰ ਦਾ ਗੋਲਾ।

ਕੁਆਰਾ ਡੋਲਾ ਅਤੇ ਗਰਭਵਤੀ ਹੋਣਾ ਕੋਈ ਤੁਕ ਨਹੀਂ ਬਣਦੀ। ਕਵਰੇਪਨ ਵਿਚ ਗਰਭਵਤੀ ਹੋਣ ਨਾਲ ਜਗਤ ਦੀ ਥੂਹ ਥੂਹ ਪੱਲੇ ਪੈਂਦੀ ਹੈ। ਫੈਸਲਾ ਪਾਠਕਾਂ 'ਤੇ ਹੈ। ਕੀ ਸਮਾਜ ਕੁਆਰਾ ਡੋਲਾ ਅਤੇ ਗਰਭਵਤੀ ਨੂੰ ਪਰਵਾਨ ਕਰਦਾ ਹੈ? ਹਠੀ ਸਿੰਘ ਦੇ ਜਨਮ ਦੀ ਗੱਲ ਕਰਨ ਲੱਗਿਆਂ ਗਣਤ ਨੂੰ ਧਿਆਨ ਵਿਚ ਰੱਖਣਾ ਪਵੇਗਾ। ਸ. ਪੰਛੀ ਹਠੀ ਸਿੰਘ ਦੇ ਜਨਮ ਬਾਰੇ ਲਿਖਦੇ ਹਨ, ਭਟ ਵਹੀ ਪੂਰਬੀ ਦਖਣੀ, ਖਾਤਾ ਹਜਾਵਤ ਆਬਿਆਨੋਂ ਕਾ ਪੁਤਰ ਹਠੀ ਸਿੰਘ ਦੇ ਜਨਮ ਦੀ ਗਵਾਹੀ ਅਤੇ ਵੇਰਵਾ ਇਸ ਤਰ੍ਹਾਂ ਦਿੰਦੀ ਹੈ, "ਹਠੀ ਸਿੰਘ ਬੇਟਾ ਅਜੀਤ ਸਿੰਘ ਕਾ ਪੋਤਾ ਗੁਰੂ ਗੋਬਿੰਦ ਸਿੰਘ ਜੀ...ਪਰਗਨਾ ਕਹਿਲੂਰ, ਸੰਮਤ ਸਤਰਾ ਸੈ ਬਾਸਠ (1705 ਈਸਵੀ) ਪੋਖ ਮਾਸੇ ਸੁਦੀ ਪੰਚਮੀ ਦਿਹੁੰ ਆਗਰਾ ਨਗਰੀ ਪਰਗਨਾ ਮਥਰਾ ਭਾਈ ਸ਼ਰਧਾ ਸਿੰਘ ਬੇਟਾ ਮੋਹਕਮ ਦਾਸ ਗੁਲਾਟੀ ਅਰੋੜਾ ਕੇ ਗ੍ਰਿਹ ਹੂਆ।"

ਹੁਣ ਦੇਖਣਾ ਹੈ ਕਿ ਇਹ ਗੱਲ ਗਣਤ 'ਤੇ ਪੂਰੀ ਉਤਰਦੀ ਹੈ। ਪੰਛੀ ਜੀ ਅਨੁਸਾਰ 19 ਅਤੇ 20 ਦਸੰਬਰ 1704 ਈਸਵੀ ਦੀ ਰਾਤ ਨੂੰ ਕਿਲਾ ਛੱਡਿਆ ਗਿਆ। ਕਿਲਾ ਛੱਡਣ ਸਮੇਂ ਤਾਰਾ ਬਾਈ ਗਰਭਵਤੀ ਸੀ। ਉਸ ਜ਼ਮਾਨੇ ਵਿਚ ਬੱਚੇ ਦੀ ਪਹਿਲੀ ਹਰਕਤ ਨਾਲ ਗਰਭ ਮੰਨਿਆ ਜਾਂਦਾ ਸੀ। ਬੱਚੇ ਦੀ ਪਹਿਲੀ ਹਰਕਤ ਗਰਭ ਧਾਰਨ ਤੋਂ 98 ਦਿਨ ਤੋਂ ਪਹਿਲਾਂ ਸੰਭਵ ਨਹੀਂ, ਜਣੇਪਾ ਕਿਰਿਆ ਪੂਰੀ ਹੁੰਦੀ ਹੈ ਤਕਰੀਬਨ 280 ਦਿਨਾਂ ਵਿਚ। ਸੋ 280 ਮਨਫੀ 98 ਦਿਨ। ਬਚਦੇ ਹਨ 192 ਦਿਨ। ਇਸ ਹਿਸਾਬ ਹਠੀ ਸਿੰਘ ਦਾ ਜਨਮ ਜੂਨ ਦੇ ਆਖਰੀ ਜਾਂ ਜੁਲਾਈ ਦੇ ਪਹਿਲੇ ਹਫਤੇ 1705 ਈਸਵੀ ਨੂੰ ਹੋਣਾ ਚਾਹੀਦਾ ਸੀ ਪਰ ਹੁੰਦਾ ਹੈ, ਤਕਰੀਬਨ 5 ਮਹੀਨੇ 20 ਦਿਨ ਬਾਅਦ ਕਿਉਂਕਿ ਪੋਖ ਸੁਦੀ ਪੰਚਮੀ ਸੰਮਤ 1762 (20 ਦਸੰਬਰ 1705 ਈਸਵੀ ਨੂੰ) ਆਉਂਦੀ ਹੈ। ਇਹ ਤਾਰੀਖਾਂ ਮੈਂ ਕੈਲੰਡਰ ਵਿਦਵਾਨ ਸਰਬਜੀਤ ਸਿੰਘ ਸੈਕਰਾਮੈਂਟੋ ਨਾਲ ਵੀ ਮਿਲਾ ਲਈਆਂ ਹਨ।

ਸੁਰਜੀਤ ਸਿੰਘ ਪੰਛੀ ਦੇ ਲੇਖ ਅਨੁਸਾਰ ਹਠੀ ਸਿੰਘ ਦਾ ਜਨਮ ਪੋਖ ਸੁਦੀ ਪੰਚਮੀ ਸੰਮਤ 1762 (20 ਦਸੰਬਰ 1705 ਈਸਵੀ) ਬਣਦਾ ਹੈ। 20 ਦਸੰਬਰ 1705 ਤੋਂ 9 ਮਹੀਨੇ ਪਿਛੇ ਨੂੰ ਗਿਣੀਏ ਤਾਂ ਗਰਭ ਧਾਰਨ ਦੀ ਤਾਰੀਖ 20 ਮਾਰਚ 1705 ਈਸਵੀ ਦੇ ਇਰਦ-ਗਿਰਦ ਆਉਂਦੀ ਹੈ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹਾਦਤ ਹੁੰਦੀ ਹੈ 22 ਦਸੰਬਰ 1704 ਈਸਵੀ ਨੂੰ ਅਤੇ ਗਰਭ ਧਾਰਨ ਹੁੰਦਾ ਹੈ 20 ਮਾਰਚ 1705 ਨੂੰ, ਸ਼ਹਾਦਤ ਤੋਂ ਤਕਰੀਬਨ ਤਿੰਨ ਮਹੀਨੇ ਬਾਅਦ। ਗੱਲ ਜੱਚਦੀ ਨਹੀਂ। ਸਾਫ ਹੈ ਕਿ ਹਠੀ ਸਿੰਘ ਸਾਹਿਬਜ਼ਾਦਾ ਅਜੀਤ ਸਿੰਘ ਦਾ ਬੇਟਾ ਨਹੀਂ ਸੀ।

ਫੇਰ ਹਠੀ ਸਿੰਘ ਕਿਸ ਦਾ ਬੇਟਾ ਸੀ? ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹਾਦਤ ਤੋਂ ਬਾਅਦ ਮਾਤਾ ਸੁੰਦਰੀ ਜੀ ਇਕ ਸੁਨਾਰਾਂ ਦਾ ਬੱਚਾ ਅਪਨਾ ਲੈਂਦੀ ਹੈ ਜੋ ਸ਼ਕਲ ਸੂਰਤ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਮਿਲਦਾ-ਜੁਲਦਾ ਸੀ। ਮਾਤਾ ਸੁੰਦਰੀ ਜੀ ਨੇ ਉਸ ਦਾ ਨਾਮ ਵੀ ਅਜੀਤ ਸਿੰਘ ਹੀ ਰਖਿਆ (ਇਤਿਹਾਸ ਵਿਚ ਉਹ ਅਜੀਤ ਸਿੰਘ ਪਾਲਤਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ)। ਗੁਰੂ ਜੀ ਦੀ ਵਿਰਾਸਤ 'ਤੇ ਕਾਬਜ਼ ਹੋਣ ਦੀ ਭਾਵਨਾ ਨਾਲ ਤਾਰਾ ਬਾਈ ਦੇ ਮਾਪਿਆਂ ਜਾਂ ਅਜੀਤ ਸਿੰਘ ਪਾਲਤਾ ਦੇ ਮਾਪਿਆਂ ਦੀ ਮਿਲੀਭੁਗਤ ਨਾਲ ਉਸ ਦਾ ਵਿਆਹ ਭਟ ਵਹੀਆਂ ਵਿਚ 1704 ਈਸਵੀ ਸੰਮਤ 1761 ਦਾ ਲਿਖਵਾਇਆ ਗਿਆ। ਇਹੋ ਜਿਹੀ ਹੇਰਾ-ਫੇਰੀ ਉਦੋਂ ਵੀ ਸੰਭਵ ਸੀ ਅਤੇ ਅੱਜ ਵੀ ਹੈ।

ਲੇਖਕਾਂ ਨੂੰ ਬੇਨਤੀ ਹੈ ਕਿ ਉਹ ਗੁਰੂ ਇਤਿਹਾਸ ਬਾਰੇ ਕੁਝ ਲਿਖਣ ਤੋਂ ਪਹਿਲਾਂ ਆਪਣੀ ਲਿਖਤ ਦਾ ਇਕ ਇਕ ਅਖਰ ਤੋਲ ਲਿਆ ਕਰਨ ਤਾਂ ਕਿ ਕੋਈ ਨਵੀਂ ਦੁਬਿਧਾ ਨਾ ਖੜੀ ਹੋਵੇ।

**-ਮੁਹਿੰਦਰ ਸਿੰਘ ਘੱਗ**
**ਫੋਨ: 530-695-1318**

# ਕੁਰਸੀ ਦਾ ਨਿੱਘ ਮਾਣਨ ਲਈ ਕਿਰਨ ਬੇਦੀ ਵੀ ਪਿੱਛੇ ਨਹੀਂ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਕਮਾਲ ਦੀ ਗੱਲ ਇਹ ਹੈ ਕਿ ਪੈਰਾ ਮਿਲਟਰੀ ਵਾਲਿਆਂ ਨੂੰ ਕੰਪਿਊਟਰ ਟਰੇਨਿੰਗ ਦੇ ਕੇ ਉਨ੍ਹਾਂ ਦੀ ਭਲਾਈ ਦੇ ਓਹਲੇ ਹੇਠ ਕੁਝ 'ਮਾੜਾ-ਮੋਟਾ' ਗਲਤ ਕਰਨ ਦੀ ਕਹਾਣੀ ਉਸੇ ਵੇਦਾਂਤਾ ਕਾਰਪੋਰੇਸ਼ਨ ਤੱਕ ਜਾਂਦੀ ਹੈ। ਕਿਰਨ ਬੇਦੀ ਉਸੇ ਵੇਦਾਂਤਾ ਕਾਰਪੋਰੇਸ਼ਨ ਦੇ ਫੰਡਾਂ ਨਾਲ ਇਹ ਕੰਮ ਕਰਦੀ ਰਹੀ, ਜਿਸ ਦੇ ਖਿਲਾਫ ਅੰਨਾ ਟੀਮ ਵਾਲੇ ਉਸ ਦੇ ਸਾਥੀ ਇਹ ਕਹਿੰਦੇ ਸਨ ਕਿ ਉਹ ਭਾਰਤ ਦੀ ਦੌਲਤ ਨੂੰ ਹੂੰਝਾ ਮਾਰੀ ਜਾ ਰਹੀ ਹੈ ਤੇ ਚਿਦੰਬਰਮ ਉਸ ਦੀ ਮਦਦ ਕਰਦਾ ਹੈ। ਇਸ ਤਰ੍ਹਾਂ ਉਹ ਅੰਨਾ ਟੀਮ ਵਾਲੇ ਆਪਣੇ ਸਾਥੀਆਂ ਨੂੰ ਵੀ ਹਨੇਰੇ ਵਿਚ ਰੱਖ ਕੇ ਇੱਕ ਬਹੁ-ਕੌਮੀ ਕਾਰਪੋਰੇਸ਼ਨ ਨਾਲ ਸਾਂਝ ਦਾ ਤਾਣਾ ਤਣ ਕੇ ਚੱਲਦੀ ਰਹੀ ਸੀ। ਉਸ ਕਾਰਪੋਰੇਸ਼ਨ ਨਾਲ ਕਿਰਨ ਬੇਦੀ ਦੀ ਸਾਂਝ ਦੀ ਸੀਮਾ ਕਿੱਥੋਂ ਕੁ ਤੱਕ ਜਾਂਦੀ ਹੈ, ਇਸ ਦਾ ਕੋਈ ਠੋਕਵਾਂ ਸਪੱਸ਼ਟੀਕਰਨ ਅੱਜ ਤੱਕ ਕਦੀ ਨਹੀਂ ਮਿਲ ਸਕਿਆ।***

ਵਗਦੀ ਗੰਗਾ ਵਿਚ ਹੱਥ ਧੋਣ ਲਈ ਭਾਵੇਂ ਹਰ ਕੋਈ ਤਿਆਰ ਕਿਹਾ ਜਾਂਦਾ ਹੈ ਪਰ ਜਿਹੜੇ ਕੁਝ ਲੋਕਾਂ ਬਾਰੇ ਇਹ ਪ੍ਰਭਾਵ ਸੀ ਕਿ ਉਹ ਇਹੋ ਜਿਹੇ ਨਹੀਂ ਹੋਣਗੇ, ਕਿਰਨ ਬੇਦੀ ਨੂੰ ਉਨ੍ਹਾਂ ਵਿਚ ਸ਼ਾਮਲ ਕੀਤਾ ਜਾ ਸਕਦਾ ਸੀ। ਉਸ ਦਾ ਇਹ ਪ੍ਰਭਾਵ ਬਹੁਤ ਸਾਰੇ ਲੋਕਾਂ ਦੇ ਮਨ ਵਿਚ ਲੰਮਾ ਸਮਾਂ ਰਿਹਾ ਅਤੇ ਬਹੁਤ ਸਾਰੇ ਲੋਕਾਂ ਦੇ ਮਨ ਵਿਚ ਅਜੇ ਤੱਕ ਵੀ ਹੈ ਪਰ ਉਸ ਬਾਰੇ ਇਸ ਤਰ੍ਹਾਂ ਸੋਚਣ ਵਾਲਿਆਂ ਦੀ ਗਿਣਤੀ ਹੁਣ ਪਹਿਲਾਂ ਜਿੰਨੀ ਸ਼ਾਇਦ ਨਹੀਂ ਹੋਵੇਗੀ। ਬੀਤੇ ਹਫਤੇ ਉਸ ਨੇ ਕੇਂਦਰ ਦਾ ਰਾਜ ਚਲਾਉਂਦੀ ਤੇ ਦਿੱਲੀ ਦਾ ਰਾਜ ਕਰਨਾ ਚਾਹੁੰਦੀ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਹੈ, ਇਸ ਪਿੱਛੋਂ ਇਹ ਗਿਣਤੀ ਘਟ ਸਕਦੀ ਹੈ। ਆਮ ਕਹਾਵਤ ਹੈ ਕਿ ਜਿਸ ਕਿਸੇ ਨੂੰ ਆਪਣੇ ਨਾਨਕੇ ਤੇ ਦਾਦਕੇ ਭੁੱਲ ਗਏ ਹੋਣ, ਉਹ ਚੋਣ ਵਿਚ ਖੜਾ ਹੋ ਜਾਵੇ, ਉਸ ਦੇ ਵਿਰੋਧ ਵਾਲੇ ਆਪਣੇ ਆਪ ਉਸ ਦਾ ਸਾਰਾ ਵੇਰਵਾ ਲੱਭ ਲਿਆਉਣਗੇ। ਹੁਣ ਕਈ ਲੋਕ ਇਹ ਕੰਮ ਕਰਨਗੇ।

ਕਈ ਲੋਕਾਂ ਦਾ ਖਿਆਲ ਹੈ ਕਿ ਕਿਰਨ ਬੇਦੀ ਨੂੰ ਭਾਜਪਾ ਨੇ ਆਪਣੀ ਲੋੜ ਵਾਸਤੇ ਅੱਗੇ ਲਾਇਆ ਹੈ, ਤੇ ਇਹ ਇੱਕ ਹਕੀਕਤ ਹੈ। ਪਿਛਲੇ ਹਫਤਿਆਂ ਦੌਰਾਨ ਭਾਜਪਾ ਦੇ ਚੋਣ-ਮੁਹਿੰਮਾਂ ਦੇ ਮੋਹਰੀ ਨਰਿੰਦਰ ਮੋਦੀ ਦਾ ਪਾਣੀ ਉਤਰ ਰਿਹਾ ਮਹਿਸੂਸ ਕੀਤਾ ਜਾਣ ਲੱਗ ਪਿਆ ਹੈ। ਪਾਰਲੀਮੈਂਟ ਚੋਣ ਤੋਂ ਬਾਅਦ ਜਿੰਨੇ ਵੀ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਹੋਈਆਂ, ਹਰ ਥਾਂ ਭਾਜਪਾ ਦੀ ਵੋਟ ਫੀਸਦੀ ਘਟਦੀ ਗਈ ਹੈ। ਸਰਕਾਰਾਂ ਭਾਵੇਂ ਮਹਾਰਾਸ਼ਟਰ, ਹਰਿਆਣਾ ਤੇ ਝਾਰਖੰਡ ਵਿਚ ਬਣ ਗਈਆਂ ਪਰ ਉਥੇ ਵੀ ਵੋਟਾਂ ਘਟ ਗਈਆਂ ਸਨ। ਦਿੱਲੀ ਦੀ ਚੋਣ ਕਰਾਉਣ ਤੋਂ ਇਸੇ ਲਈ ਭਾਜਪਾ ਆਗੂ ਝਿਜਕ ਰਹੇ ਸਨ, ਪਰ ਲੰਮਾ ਸਮਾਂ ਟਾਲ ਵੀ ਨਹੀਂ ਸੀ ਸਕਦੇ ਤੇ ਇਹ ਵੀ ਵੇਖ ਲਿਆ ਸੀ ਕਿ ਜਿੰਨਾ ਹੋਰ ਟਾਲਣ ਦਾ ਯਤਨ ਕਰਨਗੇ, ਵੋਟਾਂ ਦੀ ਫੀਸਦੀ ਘਟੀ ਜਾਣੀ ਹੈ। ਨਵੰਬਰ ਵਿਚ ਆਏ ਸਰਵੇਖਣਾਂ ਵਿਚ ਆਮ ਆਦਮੀ ਪਾਰਟੀ (ਆਪ) ਨੂੰ ਦਿੱਲੀ ਵਿਚ 18 ਸੀਟਾਂ ਮਿਲਦੀਆਂ ਦਿਖਾਈਆਂ ਗਈਆਂ ਸਨ ਤੇ ਭਾਜਪਾ ਨੂੰ ਮੋਦੀ ਲਹਿਰ ਦੇ ਸਹਾਰੇ 48 ਸੀਟਾਂ ਸਾਰੇ ਸਰਵੇਖਣ ਦੇ ਰਹੇ ਸਨ ਪਰ ਜਨਵਰੀ ਦੇ ਪਹਿਲੇ ਹਫਤੇ ਦੇ ਸਰਵੇਖਣਾਂ ਵਿਚ ਆਮ ਆਦਮੀ ਪਾਰਟੀ ਵਲੋਂ 28 ਸੀਟਾਂ ਜਿੱਤਣ ਦੇ ਅੰਦਾਜ਼ੇ ਲੱਗਣ ਲੱਗ ਪਏ ਤੇ ਭਾਜਪਾ ਦੀਆਂ ਸੀਟਾਂ 34 ਉਤੇ ਸੁੰਗੜ ਰਹੀਆਂ ਹਨ।

ਇਹ ਅੰਕੜੇ ਭਾਜਪਾ ਦੇ ਆਗੂਆਂ ਦੀ ਨੀਂਦ ਉਡਾ ਰਹੇ ਹਨ ਅਤੇ ਉਹ ਅੱਕੀਂ-ਪਲਾਹੀਂ ਹੱਥ ਮਾਰਦੇ ਦਿਸਦੇ ਹਨ। ਭਾਰਤੀ ਪੁਲਿਸ ਸੇਵਾ ਦੀ ਪਹਿਲੀ ਮਹਿਲਾ ਅਫਸਰ ਕਿਰਨ ਬੇਦੀ ਹੋਵੇ ਜਾਂ 'ਆਪ' ਵਲੋਂ ਚੋਣ ਲੜ ਚੁੱਕੀ ਸ਼ਾਜ਼ੀਆ ਇਲਮੀ ਦੀ ਗੱਲ ਕਰੀਏ- ਦੋਵਾਂ ਨੂੰ ਭਾਜਪਾ ਨੇ ਇਸੇ ਘਾਬਰ ਵਿਚ ਲਿਆ ਹੈ। ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਜਦੋਂ ਗੁਜਰਾਤ ਗਏ ਅਰਵਿੰਦ ਕੇਜਰੀਵਾਲ ਉਤੇ ਹਮਲਾ ਕੀਤਾ ਗਿਆ ਤਾਂ ਭਾਜਪਾ ਦੇ ਦਿੱਲੀ ਕੇਂਦਰੀ ਦਫਤਰ ਉਤੇ ਮੁਜ਼ਾਹਰਾ ਤੇ ਤੋੜ-ਭੰਨ ਜਿਸ ਆਪ-ਮੁਹਾਰੀ ਭੀੜ ਨੇ ਕੀਤੀ ਸੀ, ਉਸ ਦੀ ਅਗਵਾਈ 'ਆਪ' ਦੀ ਆਗੂ ਇਹੋ ਸ਼ਾਜ਼ੀਆ ਇਲਮੀ ਕਰ ਰਹੀ ਸੀ। ਉਦੋਂ ਇਲਮੀ ਅਤੇ ਭਾਜਪਾ- ਦੋਵੇਂ ਇੱਕ-ਦੂਸਰੇ ਨੂੰ ਭੰਡਦੀਆਂ ਸਨ, ਹੁਣ ਇਲਮ ਹੋ ਗਿਆ ਤਾਂ ਕੇਜਰੀਵਾਲ ਨੂੰ ਰੋਕਣ ਲਈ ਇੱਕ-ਦੂਸਰੇ ਦੀ ਬਾਂਹ ਫੜਨੀ ਪਈ ਹੈ। ਕਿਰਨ ਬੇਦੀ ਇਹ ਕਹਿੰਦੀ ਹੈ ਕਿ ਇਲਮੀ ਨੂੰ ਵੀ ਉਹੋ ਲਿਆਈ ਹੈ ਪਰ ਆਪਣੀ ਕਹਾਣੀ ਉਸ ਦੀ ਇਹ ਹੈ ਕਿ ਨਰਿੰਦਰ ਮੋਦੀ ਦੇ ਜਿੱਤਣ ਤੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਵਿਚਾਲੇ ਦੇ ਹਫਤੇ ਦੌਰਾਨ ਉਸ ਨੇ ਪਹਿਲੀ ਵਾਰ ਕਿਹਾ ਸੀ ਕਿ ਉਹ ਮੋਦੀ ਦੀ ਅਗਵਾਈ ਵਿਚ ਕੰਮ ਕਰਨਾ ਚਾਹੁੰਦੀ ਹੈ, ਪਹਿਲਾਂ ਕਦੇ ਨਹੀਂ ਸੀ ਕਿਹਾ। ਇਸ ਤੋਂ ਉਸ ਦੀ ਸੱਤਾ ਦੀ ਭੁੱਖ ਝਲਕੀ ਸੀ। ਅੰਨਾ ਦੇ ਅੰਦੋਲਨ ਵੇਲੇ ਵੀ ਕਿਰਨ ਬੇਦੀ ਸਿਰਫ ਕਾਂਗਰਸ ਦੇ ਖਿਲਾਫ ਸੀ, ਵਿਰੋਧ ਦੀ ਮੁੱਖ ਧਿਰ ਭਾਜਪਾ ਦੀ ਗੱਲ ਆਉਂਦੀ ਤਾਂ ਬਾਕੀ ਲੋਕ ਲੜਦੇ ਸਨ, ਕਿਰਨ ਬੇਦੀ ਪਾਸੇ ਹਟ ਜਾਂਦੀ ਸੀ। ਇੱਕ ਵਾਰੀ ਮਨਮੋਹਨ ਸਿੰਘ ਤੇ ਸੋਨੀਆ ਗਾਂਧੀ ਦੇ ਘਰਾਂ ਅੱਗੇ ਧਰਨੇ ਲਾਉਣ ਦੇ ਨਾਲ ਮੁੱਖ ਵਿਰੋਧੀ ਧਿਰ ਭਾਜਪਾ ਦੇ ਦਫਤਰ ਅੱਗੇ ਧਰਨਾ ਲਾਉਣ ਦਾ ਫੈਸਲਾ ਹੋਇਆ ਤਾਂ ਕਿਰਨ ਇਹ ਕਹਿ ਕੇ ਪਾਸੇ ਹੋ ਗਈ ਕਿ ਦੂਸਰੇ ਦੋਵੇਂ ਥਾਂ ਠੀਕ ਪਰ ਭਾਜਪਾ ਦੇ ਖਿਲਾਫ ਧਰਨੇ ਵਿਚ ਉਹ ਨਹੀਂ ਜਾ ਸਕਦੀ। ਸਾਫ ਹੈ ਕਿ ਭਾਜਪਾ ਨਾਲ ਭਵਿੱਖ ਦੀ ਸਾਂਝ ਜੋਗੀ ਸੋਚ ਉਦੋਂ ਵੀ ਉਸ ਦੇ ਸਿਰ ਵਿਚ ਸੀ।

ਅਸੀਂ ਇਹ ਗੱਲ ਚੇਤੇ ਕਰਵਾਉਣੀ ਚਾਹਾਂਗੇ ਕਿ ਜਦੋਂ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਭ੍ਰਿਸ਼ਟਾਚਾਰ ਵਿਰੁਧ ਮੋਰਚਾ ਲੱਗਾ ਸੀ, ਅਸੀਂ ਕਿਹਾ ਸੀ ਕਿ ਮੋਰਚੇ ਵਿਚ ਕੁਝ ਲੋਕ ਸਾਫ ਦਿਲ ਵਾਲੇ ਨਹੀਂ। ਸਵਾਮੀ ਅਗਨੀਵੇਸ਼ ਮੋਰਚੇ ਦੀ ਸਟੇਜ ਤੋਂ ਪਿੱਛੇ ਓਹਲੇ ਖੜੋ ਕੇ ਜਦੋਂ ਕੇਂਦਰੀ ਮੰਤਰੀਆਂ ਨਾਲ ਮੋਰਚਾ ਸਾਬੋਤਾਜ ਕਰਨ ਦੀ ਸਲਾਹ ਕਰਨ ਦੇ ਫੋਨ ਕਰਦਾ ਫੜਿਆ ਗਿਆ, ਉਦੋਂ ਪਹਿਲੀ ਵਾਰੀ ਲੋਕਾਂ ਨੂੰ ਸਮਝ ਲੱਗੀ ਸੀ ਕਿ ਅੰਦਰੋਂ ਢਾਹ ਲਾਉਣ ਵਾਲੇ ਬੰਦੇ ਵੀ ਇਸ ਲਹਿਰ ਵਿਚ ਆ ਵੜੇ ਹਨ। ਕਿਰਨ ਬੇਦੀ ਬਾਰੇ ਕੋਈ ਉਦੋਂ ਵੀ ਕਿੰਤੂ ਸੁਣਨ ਨੂੰ ਤਿਆਰ ਨਹੀਂ ਸੀ। ਫਿਰ ਉਸ ਬਾਰੇ ਕਈ ਵਿਵਾਦ ਨਿਕਲ ਆਏ, ਜਿਨ੍ਹਾਂ ਦੀ ਚਰਚਾ ਹੁਣ ਦਿੱਲੀ ਦੀਆਂ ਚੋਣਾਂ ਵਿਚ ਸੁਣੀ ਜਾ ਸਕਦੀ ਹੈ।

ਜਿੱਥੋਂ ਤੱਕ ਕਿਰਨ ਬੇਦੀ ਦਾ ਸਬੰਧ ਹੈ, ਰਾਜਸੀ ਰਾਹ ਉਤੇ ਜਿਹੜਾ ਸਾਫ ਪੱਲਾ ਲੈ ਕੇ ਆਉਣ ਦਾ ਉਹ ਦਾਅਵਾ ਕਰਦੀ ਹੈ, ਉਸ ਦਾ ਕੱਚ-ਸੱਚ ਲੋਕਾਂ ਤੱਕ ਚਲਾ ਜਾਣਾ ਚਾਹੀਦਾ ਹੈ। ਉਸ ਦੀ ਪੁਲਿਸ ਦੀ ਨੌਕਰੀ ਵੇਲੇ ਕਈ ਵਿਵਾਦ ਉਭਰੇ, ਪਰ ਉਨ੍ਹਾਂ ਵਿਚ ਇਹ ਬੀਬੀ ਕਿਸੇ ਗੱਲ ਤੋਂ ਗਲਤ ਨਹੀਂ ਸੀ ਜਾਪਦੀ। ਮਾੜਾ ਪ੍ਰਭਾਵ ਉਸ ਦੀ ਸਮਾਜ ਸੇਵਾ ਵੇਲੇ ਕੁਝ ਗੱਲਾਂ ਨਾਲ ਪਿਆ। ਇਸ ਦਾ ਭਾਵ ਇਹ ਨਹੀਂ ਲਿਆ ਜਾਣਾ ਚਾਹੀਦਾ ਕਿ ਭ੍ਰਿਸ਼ਟਾਚਾਰ ਵਿਰੁਧ ਝੰਡਾ ਉਠਾ ਕੇ ਉਸ ਦਾ ਰਾਜਸੀ ਆਗੂਆਂ ਖਿਲਾਫ ਬੋਲਣਾ ਮਾੜੇ ਪ੍ਰਭਾਵ ਦਾ ਕਾਰਨ ਬਣ ਗਿਆ, ਸਗੋਂ ਸੱਚੀ ਗੱਲ ਇਹ ਹੈ ਕਿ ਭ੍ਰਿਸ਼ਟਾਚਾਰ ਵਿਰੁਧ ਝੰਡਾ ਚੁੱਕਣ ਦੌਰਾਨ ਹੀ ਇਹ ਆਪ ਵੀ ਭ੍ਰਿਸ਼ਟਾਚਾਰ ਦੇ ਸਪੱਸ਼ਟ ਦੋਸ਼ਾਂ ਦੀ ਲਪੇਟ ਵਿਚ ਆ ਗਈ। ਇਨ੍ਹਾਂ ਦੋਸ਼ਾਂ ਬਾਰੇ ਜਦੋਂ ਕਦੇ ਉਸ ਨੇ ਸਫਾਈ ਵੀ ਦਿੱਤੀ ਤਾਂ ਉਹ ਏਨੀ ਊਣੀ-ਪੌਣੀ ਸਫਾਈ ਸੀ ਕਿ ਮੰਨੀ ਨਹੀਂ ਸੀ ਜਾ ਸਕਦੀ।



ਕਿਰਨ ਬੇਦੀ

ਮਿਸਾਲ ਵਜੋਂ ਇੱਕ ਮੁੱਦਾ ਇਹ ਉਠਿਆ ਕਿ ਉਹ ਕਈ ਥਾਂ ਸੈਮੀਨਾਰਾਂ ਲਈ ਜਾਂਦੀ ਸੀ ਤਾਂ ਕਿਰਾਏ ਵਸੂਲਣ ਦੇ ਮਾਮਲੇ ਵਿਚ ਈਮਾਨਦਾਰ ਨਹੀਂ ਸੀ। ਉਸ ਨੇ ਇੱਕੋ ਸ਼ਹਿਰ ਨਾਲ ਜੋੜ ਕੇ ਕੁਝ ਸੈਮੀਨਾਰ ਨੇੜਲੀਆਂ ਤਰੀਕਾਂ ਦੇ ਰੱਖ ਲਏ ਤੇ ਹਰ ਸੈਮੀਨਾਰ ਦੇ ਪ੍ਰਬੰਧਕਾਂ ਕੋਲੋਂ ਦਿੱਲੀ ਤੋਂ ਸਿੱਧੀ ਉਥੇ ਜਾਣ ਅਤੇ ਮੁੜਨ ਦੀ ਹਵਾਈ ਟਿਕਟ ਦੇ ਪੈਸੇ ਵਸੂਲ ਲਏ। ਬਾਅਦ ਵਿਚ ਇਹ ਗੱਲ ਖੁੱਲ੍ਹ ਗਈ ਕਿ ਉਹ ਇੱਕੋ ਵਾਰ ਗਈ ਤੇ ਇੱਕ ਰਿਸ਼ਤੇਦਾਰ ਦੇ ਘਰ ਰਹਿ ਕੇ ਸਾਰੇ ਸੈਮੀਨਾਰ ਇਕੱਠੇ ਭੁਗਤਾ ਕੇ ਆਈ ਸੀ। ਇੱਕ ਵਾਰੀ ਹਵਾਈ ਸਫਰ ਕਰ ਕੇ ਤਿੰਨ-ਚਾਰ ਵਾਰ ਕਿਰਾਇਆ ਤਾਂ ਵਸੂਲਿਆ ਹੀ, ਨਾਲ ਇਹ ਵੀ ਹੈਰਾਨੀ ਜਨਕ ਤੱਥ ਬਾਹਰ ਆ ਗਿਆ ਕਿ ਬੀਬੀ ਨੇ ਜਹਾਜ ਦੀ ਇਕਾਨਮੀ ਕਲਾਸ ਦਾ ਸਫਰ ਕੀਤਾ ਸੀ, ਪਰ ਕਿਰਾਇਆ ਅੱਗੋਂ ਬਿਜਨਸ ਕਲਾਸ ਦਾ ਵਸੂਲਿਆ ਸੀ, ਜਿਹੜਾ ਇਕਾਨਮੀ ਕਲਾਸ ਤੋਂ ਤਿੰਨ ਗੁਣਾ ਵੀ ਹੋ ਸਕਦਾ ਹੈ। ਜਦੋਂ ਦੋਸ਼ ਲਾਏ ਗਏ ਤਾਂ ਬੀਬੀ ਨੇ ਪੱਲਾ ਛੁਡਾਉਣ ਲਈ ਪਹਿਲਾਂ ਇਹ ਕਿਹਾ ਕਿ ਇਹ ਭੁੱਲ ਟਰੈਵਲ ਏਜੰਟ ਤੋਂ ਹੋ ਗਈ ਹੋਵੇਗੀ, ਪਰ ਬੀਬੀ ਦੀ ਸਮਾਜ ਸੇਵੀ ਸੰਸਥਾ ਦਾ ਅਹੁਦੇਦਾਰ ਉਹ ਟਰੈਵਲ ਏਜੰਟ ਸੱਚੀ ਗੱਲ ਵੀ ਦੱਸ ਗਿਆ ਤੇ ਅਸਤੀਫਾ ਵੀ ਦੇ ਗਿਆ। ਫਿਰ ਬੀਬੀ ਇਹ ਕਹਿੰਦੀ ਰਹੀ ਕਿ ਜਿੰਨੇ ਪੈਸੇ ਵੱਧ ਲਏ, ਉਹ ਮੈਂ ਆਪਣੇ ਵਾਸਤੇ ਨਹੀਂ ਲਏ, ਮੇਰੀ ਸਮਾਜ ਸੇਵੀ ਸੰਸਥਾ ਦੇ ਕੰਮ ਵਿਚ ਖਰਚ ਹੋਏ ਹਨ।

ਹੁਣ ਲਵੋ ਦੂਸਰੇ ਮਾਮਲੇ ਨੂੰ। ਬੀਬੀ ਉਤੇ ਦੋਸ਼ ਲੱਗ ਗਿਆ ਕਿ ਉਸ ਨੇ ਪੈਰਾ-ਮਿਲਟਰੀ ਫੋਰਸ ਵਾਲਿਆਂ ਦੀ ਭਲਾਈ ਕਰਨ ਲਈ ਇੱਕ ਕੰਪਿਊਟਰ ਟਰੇਨਿੰਗ ਪ੍ਰੋਗਰਾਮ ਚਲਾਇਆ ਤੇ ਇੱਕ ਬਹੁ-ਕੌਮੀ ਕਾਰਪੋਰੇਸ਼ਨ ਨੇ ਉਸ ਦੇ ਇਸ ਕਾਰਜ ਲਈ ਸਹਾਇਤਾ ਦਿੱਤੀ ਸੀ ਪਰ ਇਸ ਦੌਰਾਨ ਭ੍ਰਿਸ਼ਟਾਚਾਰ ਹੋਇਆ ਸੀ। ਉਸ ਨੇ ਕਿਹਾ ਸੀ ਕਿ ਏਦਾਂ ਦਾ ਕੰਮ ਕਰਨ ਲਈ ਉਹ ਕੰਪਿਊਟਰ ਵੀ ਆਪ ਦੇਵੇਗੀ, ਜ਼ਮੀਨ ਤੇ ਇਮਾਰਤ ਦਾ ਪ੍ਰਬੰਧ ਵੀ ਕਰੇਗੀ ਅਤੇ ਟਰੇਨਿੰਗ ਮੁਫਤ ਦਿੱਤੀ ਜਾਵੇਗੀ ਪਰ ਉਸ ਨੇ ਜ਼ਮੀਨ ਤੇ ਇਮਾਰਤ ਉਨ੍ਹਾਂ ਪੈਰਾ-ਮਿਲਟਰੀ ਫੋਰਸਾਂ; ਬੀ ਐਸ ਐਫ, ਸੀ ਆਰ ਪੀ ਐਫ ਆਦਿ ਤੋਂ ਲੈ ਲਈ ਤੇ ਖਰਚਾ ਕਾਗਜ਼ਾਂ ਵਿਚ ਭਰ ਕੇ ਪੈਸਾ ਕੱਢੀ ਜਾਂਦੀ ਰਹੀ। ਨਾਲ ਦੀ ਨਾਲ ਜਿਨ੍ਹਾਂ ਲੋਕਾਂ ਨੂੰ ਉਸ ਨੇ ਟਰੇਨਿੰਗ ਦਿੱਤੀ, ਉਨ੍ਹਾਂ ਤੋਂ ਫੀਸ ਵੀ ਵਸੂਲ ਕੀਤੀ ਗਈ। ਇਸ ਤਰ੍ਹਾਂ ਸਾਰਾ ਕੁਝ ਭ੍ਰਿਸ਼ਟਾਚਾਰ ਦਾ ਕਿੱਸਾ ਬਣ ਗਿਆ। ਬੀਬੀ ਵਲੋਂ ਦਿੱਤੇ ਗਏ ਸਾਰੇ ਸਪਸ਼ਟੀਕਰਨ ਕਿਸੇ ਦੀ ਤਸੱਲੀ ਕਰਵਾਉਣ ਵਾਲੇ ਨਹੀਂ।

ਇਸ ਵਿਚ ਭ੍ਰਿਸ਼ਟਾਚਾਰ ਥੋੜ੍ਹਾ ਜਾਂ ਬਹੁਤਾ ਜਿੰਨਾ ਵੀ ਹੋਇਆ ਹੋਵੇ, ਸ਼ਾਇਦ ਇਹ ਸਮਝ ਕੇ ਲਾਂਭੇ ਰੱਖ ਦੇਈਏ ਕਿ 'ਭਾਰਤ ਦੇਸ਼ ਵਿਚ ਸਭ ਚੱਲਦਾ ਹੈ' ਪਰ ਅਗਲੀ ਗੱਲ ਜ਼ਿਆਦਾ ਦੁਖੀ ਕਰਨ ਵਾਲੀ ਹੈ।

ਭਾਰਤ ਦੇ ਦੋ ਰਾਜਾਂ- ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਵਿਚ ਜੰਗਲਾਂ ਵਿਚੋਂ ਜ਼ਮੀਨ ਖੁਰਚ ਕੇ ਕੁਦਰਤੀ ਧਾਤਾਂ ਕੱਢਣ ਅਤੇ ਭਾਰਤ ਦੀ ਦੌਲਤ ਵਿਦੇਸ਼ਾਂ ਵਿਚ ਪੁਚਾ ਕੇ ਕਰੋੜਾਂ ਨਹੀਂ, ਅਰਬਾਂ ਨਹੀਂ, ਖਰਬਾਂ ਰੁਪਏ ਕਮਾਉਣ ਵਾਲੀ ਜਿਸ ਬਹੁ-ਕੌਮੀ ਕਾਰਪੋਰੇਸ਼ਨ ਦਾ ਰੌਲਾ ਪੈਂਦਾ ਹੈ, ਉਹ ਵੇਦਾਂਤਾ ਕਾਰਪੋਰੇਸ਼ਨ ਹੈ। ਆਮ ਆਦਮੀ ਪਾਰਟੀ ਵਾਲੇ ਉਸ ਕਾਰਪੋਰੇਸ਼ਨ ਦਾ ਰੌਲਾ ਪਾਉਂਦੇ ਰਹੇ ਕਿ ਉਹ ਭਾਰਤੀ ਲੀਡਰਾਂ ਨੂੰ ਭ੍ਰਿਸ਼ਟ ਕਰ ਕੇ ਭਾਰਤ ਦੀ ਦੌਲਤ ਲੁੱਟੀ ਜਾਂਦੀ ਹੈ। ਉਸ ਕਾਰਪੋਰੇਸ਼ਨ ਦੇ ਜਿਹੜੇ ਦਸਤਾਵੇਜ਼ ਇੰਟਰਨੈਟ ਉਤੇ ਹਨ, ਉਨ੍ਹਾਂ ਵਿਚੋਂ ਇੱਕ ਇਹ ਵੀ ਹੈ ਕਿ ਪੀ. ਚਿਦੰਬਰਮ ਨਾਂ ਦਾ ਬੰਦਾ ਉਸ ਕਾਰਪੋਰੇਸ਼ਨ ਦੇ ਡਾਇਰੈਕਟਰਾਂ ਦੇ ਬੋਰਡ ਦਾ ਮੈਂਬਰ ਹੁੰਦਾ ਸੀ। ਮਈ 2004 ਵਿਚ ਬੋਰਡ ਦੀ ਮੀਟਿੰਗ ਵਿਚ ਮਤਾ ਪਾਸ ਕਰ ਕੇ ਉਸੇ ਪੀ. ਚਿਦੰਬਰਮ ਨੂੰ ਭਾਰਤ ਦਾ ਖਜ਼ਾਨਾ ਮੰਤਰੀ ਬਣ ਜਾਣ ਦੀ ਵਧਾਈ ਦੇਣ ਦੇ ਨਾਲ ਉਸ ਵਲੋਂ ਖਾਲੀ ਕੀਤੀ ਥਾਂ ਉਤੇ ਇੱਕ ਹੋਰ ਬੰਦੇ ਦੀ ਨਿਯੁਕਤੀ ਕੀਤੀ ਗਈ ਸੀ। ਅੰਨਾ ਦੀ ਟੀਮ ਬਹੁਤ ਵਾਰੀ ਚਿਦੰਬਰਮ ਉਤੇ ਇਹ ਹਮਲਾ ਕਰਦੀ ਰਹੀ ਕਿ ਉਹ ਉਸ ਕਾਰਪੋਰੇਸ਼ਨ ਦਾ ਬੰਦਾ ਹੈ, ਜਿਹੜੀ ਭਾਰਤ ਦੀ ਦੌਲਤ ਨੂੰ ਲੁੱਟੀ ਜਾਂਦੀ ਹੈ ਤੇ ਭਾਰਤ ਸਰਕਾਰ ਦੇ ਖਜ਼ਾਨਾ ਮੰਤਰੀ ਵਜੋਂ ਚਿਦੰਬਰਮ ਈਮਾਨਦਾਰ ਨਹੀਂ ਹੋ ਸਕਦਾ।

ਕਮਾਲ ਦੀ ਗੱਲ ਇਹ ਹੈ ਕਿ ਪੈਰਾ ਮਿਲਟਰੀ ਵਾਲਿਆਂ ਨੂੰ ਕੰਪਿਊਟਰ ਟਰੇਨਿੰਗ ਦੇ ਕੇ ਉਨ੍ਹਾਂ ਦੀ ਭਲਾਈ ਦੇ ਓਹਲੇ ਹੇਠ ਕੁਝ 'ਮਾੜਾ-ਮੋਟਾ' ਗਲਤ ਕਰਨ ਦੀ ਕਹਾਣੀ ਉਸੇ ਵੇਦਾਂਤਾ ਕਾਰਪੋਰੇਸ਼ਨ ਤੱਕ ਜਾਂਦੀ ਹੈ। ਕਿਰਨ ਬੇਦੀ ਉਸੇ ਵੇਦਾਂਤਾ ਕਾਰਪੋਰੇਸ਼ਨ ਦੇ ਫੰਡਾਂ ਨਾਲ ਇਹ ਕੰਮ ਕਰਦੀ ਰਹੀ, ਜਿਸ ਦੇ ਖਿਲਾਫ ਅੰਨਾ ਟੀਮ ਵਾਲੇ ਉਸ ਦੇ ਸਾਥੀ ਇਹ ਕਹਿੰਦੇ ਸਨ ਕਿ ਉਹ ਭਾਰਤ ਦੀ ਦੌਲਤ ਨੂੰ ਹੂੰਝਾ ਮਾਰੀ ਜਾ ਰਹੀ ਹੈ ਤੇ ਚਿਦੰਬਰਮ ਉਸ ਦੀ ਮਦਦ ਕਰਦਾ ਹੈ। ਇਸ ਤਰ੍ਹਾਂ ਉਹ ਅੰਨਾ ਟੀਮ ਵਾਲੇ ਆਪਣੇ ਸਾਥੀਆਂ ਨੂੰ ਵੀ ਹਨੇਰੇ ਵਿਚ ਰੱਖ ਕੇ ਇੱਕ ਬਹੁ-ਕੌਮੀ ਕਾਰਪੋਰੇਸ਼ਨ ਨਾਲ ਸਾਂਝ ਦਾ ਤਾਣਾ ਤਣ ਕੇ ਚੱਲਦੀ ਰਹੀ ਸੀ। ਉਸ ਕਾਰਪੋਰੇਸ਼ਨ ਨਾਲ ਕਿਰਨ ਬੇਦੀ ਦੀ ਸਾਂਝ ਦੀ ਸੀਮਾ ਕਿੱਥੋਂ ਕੁ ਤੱਕ ਜਾਂਦੀ ਹੈ, ਇਸ ਦਾ ਕੋਈ ਠੋਕਵਾਂ ਸਪੱਸ਼ਟੀਕਰਨ ਅੱਜ ਤੱਕ ਕਦੀ ਨਹੀਂ ਮਿਲ ਸਕਿਆ। ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਬੜਾ ਛੋਟਾ ਜਿਹਾ ਅੰਗ, ਇੱਕ ਆਮ ਨਾਗਰਿਕ ਹੋਣ ਦੇ ਨਾਤੇ ਅਸੀਂ ਇਹ ਕਹਿਣ ਦਾ ਹੱਕ ਰੱਖਦੇ ਹਾਂ ਕਿ ਕਿਰਨ ਬੇਦੀ ਚੋਣ ਲੜੇ, ਜਿੱਤਦੀ ਹੈ ਤਾਂ ਜਿੱਤ ਵੀ ਜਾਵੇ, ਦਿੱਲੀ ਦੀ ਮੁੱਖ ਮੰਤਰੀ ਵੀ ਬਣ ਸਕਦੀ ਹੈ ਤਾਂ ਬਣਦੀ ਫਿਰੇ ਪਰ ਇਨ੍ਹਾਂ ਗੱਲਾਂ ਬਾਰੇ ਸਥਿਤੀ ਸਾਫ ਕਰਨ ਜੋਗਾ ਥੋੜ੍ਹਾ ਜਿਹਾ ਸਮਾਂ ਜ਼ਰੂਰ ਕੱਢ ਲਵੇ। ਭਾਰਤ ਦੀ ਰਵਾਇਤ ਹੈ ਕਿ ਪੱਕੇ ਚੋਰਾਂ ਨੂੰ ਲੋਕ ਸਿਰਫ ਚੋਰ ਕਹਿੰਦੇ ਹਨ ਪਰ ਜਦੋਂ ਕਦੇ ਕਿਸੇ ਸਾਧ ਬਾਰੇ ਏਦਾਂ ਦੀ ਗੱਲ ਸੁਣਨ ਤਾਂ ਉਨ੍ਹਾਂ ਦੇ ਮੂੰਹੋਂ ਨਿਕਲ ਜਾਂਦਾ ਹੈ, 'ਇਹ ਵੀ!' ਜੇ ਲੋਕਾਂ ਦੇ ਮੂੰਹੋਂ ਸਿਰਫ 'ਇਹ' ਨਿਕਲਦਾ ਹੁੰਦਾ ਤਾਂ ਹੋਰ ਗੱਲ ਸੀ, ਪਰ 'ਇਹ' ਦੇ ਨਾਲ 'ਵੀ' ਲਾਉਣ ਵੇਲੇ ਜਿੰਨੀ ਠੇਸ ਇਹ ਗੱਲ ਕਹਿਣ ਵਾਲੇ ਬੰਦੇ ਦੇ ਮਨ ਨੂੰ ਲੱਗਦੀ ਹੈ, ਉਸ ਠੇਸ ਦਾ ਅਹਿਸਾਸ ਹਰ ਕਿਸੇ ਨੂੰ ਨਹੀਂ ਹੋ ਸਕਦਾ, ਕਿਰਨ ਬੇਦੀ ਨੂੰ ਤਾਂ ਹੋਣਾ ਹੀ ਨਹੀਂ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available

Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

# ਬਾਦਲ ਦੇ ਐਨ.ਆਰ.ਆਈ. ਸੰਗਤ ਦਰਸ਼ਨ ਹੋਏ ਫਲਾਪ

**ਜਲੰਧਰ:** ਪੰਜਾਬ ਸਰਕਾਰ ਵਲੋਂ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਿਲਾਂ ਸੁਣਨ ਲਈ ਕਰਵਾਏ ਐਨ.ਆਰ.ਆਈ. ਸੰਗਤ ਦਰਸ਼ਨ ਫਲਾਪ ਸਿੱਧ ਹੋਏ। ਇਸ ਵਿਚ ਉਮੀਦ ਨਾਲੋਂ ਕਿਤੇ ਘੱਟ ਸ਼ਿਕਾਇਤਾਂ ਆਈਆਂ। ਜਲੰਧਰ ਵਿਚ ਸੰਗਤ ਦਰਸ਼ਨ ਦੌਰਾਨ ਤਕਰੀਬਨ 700 ਸ਼ਿਕਾਇਤਾਂ ਆਉਣ ਦੀ ਉਮੀਦ ਸੀ ਪਰ ਅੱਡੀ-ਚੋਟੀ ਦਾ ਜ਼ੋਰ ਲਾਉਣ ਦੇ ਬਾਵਜੂਦ ਵੀ ਸ਼ਿਕਾਇਤਾਂ ਦਾ ਅੰਕੜਾ 234 ਨੂੰ ਪਾਰ ਨਹੀਂ ਕਰ ਸਕਿਆ। ਇਸੇ ਤਰ੍ਹਾਂ ਲੁਧਿਆਣਾ ਸੰਮੇਲਨ ਦੌਰਾਨ ਸਿਰਫ਼ 174 ਪਰਵਾਸੀ ਪੰਜਾਬੀ ਹੀ ਆਪਣੀਆਂ ਸ਼ਿਕਾਇਤਾਂ ਲੈ ਕੇ ਆਏ ਜਦੋਂਕਿ ਹਾਲ ਵਿਚ ਪੰਜ ਸੌ ਤੋਂ ਵੱਧ ਲੋਕਾਂ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਬਹੁਤੀਆਂ ਕੁਰਸੀਆਂ ਖਾਲੀ ਸਨ। ਬਹੁਤੇ ਲੋਕਾਂ ਦਾ ਕਹਿਣਾ ਸੀ ਕਿ ਸੰਗਤ ਦਰਸ਼ਨਾਂ ਦੌਰਾਨ ਖਾਨਾਪੂਰਤੀ ਹੀ ਕੀਤੀ ਜਾਂਦੀ ਹੈ, ਬਾਅਦ ਵਿਚ ਅਫਸਰਾਂ ਵਲੋਂ ਉਨ੍ਹਾਂ ਦੀ ਸੁਣਵਾਈ ਨਹੀਂ ਕੀਤੀ ਜਾਂਦੀ। ਬਹੁਤੇ ਪਰਵਾਸੀ ਸਮਾਗਮ ਅੱਧ-ਵਿਚਾਲੇ ਛੱਡ ਕੇ ਚਲੇ ਗਏ। ਜਲੰਧਰ ਦੇ ਸਭ ਤੋਂ ਵੱਧ 122 ਐਨ.ਆਰ.ਆਈ. ਸ਼ਿਕਾਇਤਾਂ ਲੈ ਕੇ ਪੁੱਜੇ। ਸਮਾਗਮ ਵਿਚ ਐਨ.ਆਰ.ਆਈ. ਘੱਟ ਤੇ ਪੁਲਿਸ ਤੇ ਪ੍ਰਸ਼ਾਸਨਿਕ ਮੁਲਾਜ਼ਮ ਵੱਧ ਦਿਖਾਈ ਦਿੱਤੇ।

ਸੰਗਤ ਦਰਸ਼ਨ ਦੌਰਾਨ ਜ਼ਿਆਦਾਤਰ ਸ਼ਿਕਾਇਤਾਂ ਸਿਵਲ ਤੇ ਪੁਲਿਸ ਅਧਿਕਾਰੀਆਂ ਵਿਰੁਧ ਹੀ ਸਨ। ਪਰਵਾਸੀ ਪੰਜਾਬੀਆਂ ਨੇ ਆਪਣੇ ਦੁੱਖੜੇ ਮੁੱਖ ਮੰਤਰੀ ਅੱਗੇ ਫਰੋਲਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰੀ ਦਫਤਰਾਂ ਵਿਚ ਸੁਣਵਾਈ ਨਹੀਂ ਹੁੰਦੀ। ਕਈ ਪਰਵਾਸੀ ਪੰਜਾਬੀਆਂ ਨੇ ਕਿਹਾ ਕਿ ਜਦੋਂ ਉਹ ਥਾਣਿਆਂ ਤੱਕ ਜਾਂ ਪੁਲਿਸ ਦੇ ਉਚ ਅਧਿਕਾਰੀਆਂ ਕੋਲ ਜਾਂਦੇ ਹਨ ਤਾਂ ਉਨ੍ਹਾਂ ਨੂੰ ਬੇਇੱਜ਼ਤ ਕੀਤਾ ਜਾਂਦਾ ਹੈ। ਇਕ ਸਵਾਲ ਦਾ ਜਵਾਬ ਦਿੰਦਿਆਂ ਸ. ਬਾਦਲ ਨੇ ਇਸ ਗੱਲ ਨੂੰ ਵੀ ਸਵੀਕਾਰਿਆ ਕਿ ਜੇਕਰ ਅਫਸਰਾਂ ਨੇ ਨੇਕ ਨੀਅਤ ਨਾਲ ਕੰਮ ਕੀਤਾ ਹੁੰਦਾ ਤਾਂ ਏਨੀਆਂ ਸ਼ਿਕਾਇਤਾਂ ਨਹੀਂ ਸੀ ਆਉਣੀਆਂ। ਸ. ਬਾਦਲ ਨੇ ਅਫਸਰਾਂ ਨੂੰ ਨਸੀਹਤ ਦਿੱਤੀ ਕਿ ਉਹ ਆਪਣਾ ਕੰਮ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਕਰਨ।

ਐਨ.ਆਰ.ਆਈ. ਸੰਗਤ ਦਰਸ਼ਨ ਵਿਚ ਵੀਲ੍ਹ ਚੇਅਰ 'ਤੇ ਆਏ ਇਕ ਬਜ਼ੁਰਗ ਪਰਵਾਸੀ ਪੰਜਾਬੀ ਸੁਰਜੀਤ ਰਾਏ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਕਿਵੇਂ ਉਸ ਦੇ ਸਾਕ-ਸਬੰਧੀਆਂ ਨੇ 80 ਕਨਾਲ ਜ਼ਮੀਨ ਦੱਬ ਲਈ ਹੈ। ਪੁਲਿਸ ਅਫਸਰਾਂ ਨੂੰ ਜਦੋਂ ਇਸ ਬਾਰੇ ਸ਼ਿਕਾਇਤਾਂ ਕਰਦੇ ਹਨ ਤਾਂ ਉਹ ਅੱਗੋਂ ਜ਼ਮੀਨ ਖਾਲੀ ਕਰਵਾਉਣ ਦਾ ਕੋਈ ਦਮ ਨਹੀਂ ਭਰਦੇ।

ਉਨ੍ਹਾਂ ਨੇ ਪੁਲਿਸ ਦੇ ਵੱਡੇ-ਵੱਡੇ ਅਧਿਕਾਰੀਆਂ ਕੋਲ ਸ਼ਿਕਾਇਤਾਂ ਕੀਤੀਆਂ ਸਨ ਪਰ ਕਿਸੇ ਨੇ ਵੀ ਉਨ੍ਹਾਂ ਦੀ ਗੱਲ ਨਾ ਸੁਣੀ। ਅਮਰੀਕਾ ਤੋਂ ਆਏ ਨਕੋਦਰ ਦੇ ਮਦਨ ਲਾਲ ਸ਼ਰਮਾ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਉਸ ਦੀ ਪਤਨੀ ਰਾਜ ਰਾਣੀ ਉਨ੍ਹਾਂ (ਪ੍ਰਕਾਸ਼ ਸਿੰਘ ਬਾਦਲ) ਦੀ ਧੀ ਨਾਲ ਪੜ੍ਹਦੀ ਰਹੀ ਹੈ। ਉਸ ਦੀ ਪਤਨੀ ਨੇ ਮਿੱਟੀ ਦਾ ਤੇਲ ਬਲੈਕ ਵੇਚਣ ਵਾਲਿਆਂ ਨੂੰ ਜਦੋਂ ਫੜਾਇਆ ਸੀ ਤਾਂ ਉਸ ਦੀ ਪਤਨੀ ਨੂੰ ਦੋਸ਼ੀ ਧਿਰ ਨੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਸੀ ਤੇ ਅਜੇ ਤੱਕ ਵੀ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਇਟਲੀ ਤੋਂ ਆਈ ਬਲਜਿੰਦਰ ਕੌਰ, ਜੋ ਕਿ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਹੈ, ਨੇ ਮੁੱਖ ਮੰਤਰੀ ਕੋਲ ਇਹ ਸ਼ਿਕਾਇਤ ਕੀਤੀ ਕਿ ਉਸ ਦੇ ਭਰਾ ਨੂੰ ਮੋਬਾਈਲ ਫੋਨ ਦੇ ਛੋਟੇ ਜਿਹੇ ਝਗੜੇ ਨੂੰ ਲੈ ਕੇ 19 ਦਸੰਬਰ 2014 ਨੂੰ ਕਤਲ ਕਰ ਦਿੱਤਾ ਗਿਆ ਸੀ ਪਰ ਪੰਜਾਬ ਦੇ ਕਿਸੇ ਵੀ ਸਿਵਲ ਤੇ ਪੁਲਿਸ ਅਫਸਰ ਨੇ ਉਨ੍ਹਾਂ ਦੀ ਸੁਣਵਾਈ ਨਹੀਂ ਕੀਤੀ।

## ਉਮੀਦ ਨਾਲੋਂ ਕਿਤੇ ਘੱਟ ਸ਼ਿਕਾਇਤਾਂ ਲੈ ਕੇ ਪੁੱਜੇ ਪਰਵਾਸੀ



## ਉਲਾਂਭੇ ਹੀ ਦਿੰਦੇ ਰਹੇ ਬਾਦਲ...

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਐਨ.ਆਰ.ਆਈ. ਸੰਗਤ ਦਰਸ਼ਨ ਦੌਰਾਨ ਸ਼ਿਕਾਇਤਾਂ ਸੁਣਨ ਦੀ ਥਾਂ ਪੰਜਾਬ ਵਿਚ ਨਿਵੇਸ਼ ਨਾ ਕਰਨ ਦੇ ਉਲਾਂਭੇ ਦਿੰਦੇ ਰਹੇ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਵੱਸਦੇ ਪਰਵਾਸੀ ਪੰਜਾਬ ਵਿਚ ਕਿਸੇ ਤਰ੍ਹਾਂ ਦਾ ਪੂੰਜੀ ਨਿਵੇਸ਼ ਨਹੀਂ ਕਰ ਰਹੇ। ਪਰਵਾਸੀ ਪੰਜਾਬੀਆਂ ਦੀ ਚੌਥੀ ਪੀੜ੍ਹੀ ਪੰਜਾਬ ਆਉਣਾ ਹੀ ਨਹੀਂ ਚਾਹੁੰਦੀ। ਉਹ ਜੇਕਰ ਇਥੇ ਆਉਂਦੇ ਵੀ ਹਨ ਤਾਂ ਆਪਣੇ ਨਿੱਜੀ ਕੰਮਾਂ ਲਈ ਆਉਂਦੇ ਹਨ ਨਾ ਕਿ ਸੂਬੇ ਵਿਚ ਕਿਸੇ ਤਰ੍ਹਾਂ ਦਾ ਪੂੰਜੀ ਨਿਵੇਸ਼ ਕਰਨ।

ਦੋਆਬੇ ਤੇ ਮਾਝੇ ਦੇ ਪਰਵਾਸੀ ਪੰਜਾਬੀਆਂ ਲਈ ਰੱਖੇ ਇਸ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਨੇ ਮੰਨਿਆ ਕਿ ਪਰਵਾਸੀ ਪੰਜਾਬੀ ਨਾ ਤਾਂ ਵਿਅਕਤੀਗਤ ਤੌਰ 'ਤੇ ਇਥੇ ਕੋਈ ਨਿਵੇਸ਼ ਕਰ ਰਹੇ ਹਨ ਤੇ ਨਾ ਹੀ ਉਨ੍ਹਾਂ ਦਾ ਕੋਈ ਵਪਾਰਕ ਗਰੁਪ ਇਥੇ ਸਨਅਤਾਂ ਲਾਉਣ ਵਿਚ ਰੁਚੀ ਦਿਖਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸੱਤ ਸਾਲਾਂ ਤੋਂ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪਰਵਾਸੀ ਪੰਜਾਬੀਆਂ ਨੂੰ ਸੂਬੇ ਵਿਚ ਪੂੰਜੀ ਨਿਵੇਸ਼ ਕਰਨ ਲਈ ਪ੍ਰੇਰਿਤ ਕਰਨ ਵਿਚ ਲੱਗੇ ਹੋਏ ਸਨ ਪਰ ਕਿਸੇ ਵੀ ਪਰਵਾਸੀ ਪੰਜਾਬੀ ਨੇ ਸੂਬੇ ਵਿਚ ਕਿਸੇ ਤਰ੍ਹਾਂ ਦੀ ਕੋਈ ਸਨਅਤ ਲਾਉਣ ਲਈ ਪਹਿਲਕਦਮੀ ਨਹੀਂ ਕੀਤੀ। ਪੰਜਾਬ ਸਰਕਾਰ ਵਲੋਂ 2008-09 ਵਿਚ ਕਰਵਾਏ ਪਰਵਾਸੀ ਪੰਜਾਬੀ ਸੰਮੇਲਨ ਦੌਰਾਨ ਉਪ ਮੁੱਖ ਮੰਤਰੀ ਨੇ ਉਚੇਚੇ ਤੌਰ 'ਤੇ ਤਿਆਰ ਕੀਤੀ ਪ੍ਰੈਜ਼ੈਂਟੇਸ਼ਨ ਦਿਖਾਈ ਸੀ ਕਿ ਪੰਜਾਬ ਵਿਚ ਪੂੰਜੀ ਨਿਵੇਸ਼ ਕਰਨ ਨਾਲ ਪਰਵਾਸੀ ਪੰਜਾਬੀਆਂ ਨੂੰ ਕੀ ਫਾਇਦਾ ਹੋਵੇਗਾ ਤੇ ਉਨ੍ਹਾਂ ਦੇ ਕੰਮ ਕਿਵੇਂ ਸਿੰਗਲ-ਵਿੰਡੋ ਸਿਸਟਮ ਰਾਹੀਂ ਇਕੋ ਥਾਂ 'ਤੇ ਹੋ ਜਾਣਗੇ। ਪਰਵਾਸੀ ਪੰਜਾਬੀਆਂ ਵਲੋਂ ਪੂੰਜੀ ਨਿਵੇਸ਼ ਦੀ ਹਾਮੀ ਨਾ ਭਰਨ ਕਾਰਨ ਹੀ ਸੂਬਾ ਸਰਕਾਰ ਨੇ ਅਜਿਹੇ ਸੰਮੇਲਨ ਨਾ ਕਰਾਉਣ ਦਾ ਫੈਸਲਾ ਕੀਤਾ ਸੀ। ਮੁੱਖ ਮੰਤਰੀ ਨੇ ਪਰਵਾਸੀ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਉਹ ਸੂਬੇ ਵਿਚ ਵਿਸ਼ਵ ਪੱਧਰ ਦੇ ਸਕੂਲ ਖੋਲ੍ਹਣ ਤੇ ਉਨ੍ਹਾਂ ਵਿਚ ਆਪਣੇ ਬੱਚਿਆਂ ਨੂੰ ਪੜ੍ਹਾਉਣ ਤਾਂ ਜੋ ਪਰਵਾਸੀਆਂ ਦੇ ਬੱਚੇ ਆਪਣੇ ਸੱਭਿਆਚਾਰ ਨਾਲ ਜੁੜ ਸਕਣ।

# ਵਿਦੇਸ਼ੀਂ ਲੁਕੇ ਭਗੌੜਿਆਂ ਬਾਰੇ ਪੁਲਿਸ ਨੇ ਵੱਟੀ ਘੇਸ

**ਜਲੰਧਰ:** ਪੰਜਾਬ ਵਿਚ ਵਾਰਦਾਤਾਂ ਕਰ ਕੇ ਵਿਦੇਸ਼ਾਂ ਵਿਚ ਲੁਕੇ ਭਗੌੜਿਆਂ ਨੂੰ ਫੜਨ ਦਾ ਮਾਮਲਾ ਪੁਲਿਸ ਲਈ ਅਜੇ ਵੀ ਵੱਡੀ ਚੁਣੌਤੀ ਬਣਿਆ ਹੋਇਆ ਹੈ। ਪੁਲਿਸ ਦੇ ਰਿਕਾਰਡ ਅਨੁਸਾਰ ਤਿੰਨ ਦਹਾਕਿਆਂ ਤੋਂ ਕਈ ਅਪਰਾਧੀ ਭਗੌੜੇ ਚਲੇ ਆ ਰਹੇ ਹਨ ਜਿਨ੍ਹਾਂ ਨੂੰ ਫੜਨ ਲਈ ਪੰਜਾਬ ਪੁਲਿਸ ਕੋਲ ਨਾ ਤਾਂ ਲੋੜੀਂਦੇ ਫੰਡ ਹਨ ਤੇ ਨਾ ਹੀ ਇਸ ਬਾਰੇ ਪੁਲਿਸ 'ਤੇ ਕਿਸੇ ਤਰ੍ਹਾਂ ਦਾ ਦਬਾਅ ਪੈ ਰਿਹਾ ਹੈ। ਭਗੌੜਿਆਂ ਦੀ ਸੂਚੀ ਨੂੰ ਦੁਬਾਰਾ ਵਿਚਾਰਨ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬੀਤੇ ਦਿਨੀਂ ਐਲਾਨ ਕਰ ਚੁੱਕੇ ਹਨ। ਪੰਜਾਬ ਪੁਲਿਸ ਵਲੋਂ ਤਾਜ਼ਾ ਤਿਆਰ ਕੀਤੀ ਗਈ ਸੂਚੀ ਅਨੁਸਾਰ ਅਪਰਾਧਕ ਮਾਮਲਿਆਂ ਦੇ ਕੁੱਲ 743 ਭਗੌੜੇ ਅਜਿਹੇ ਹਨ ਜੋ ਕੈਨੇਡਾ, ਅਮਰੀਕਾ, ਇੰਗਲੈਂਡ, ਜਰਮਨੀ, ਇਟਲੀ, ਨਿਊਜ਼ੀਲੈਂਡ, ਥਾਈਲੈਂਡ, ਦੁਬਈ ਤੇ ਗ੍ਰੀਸ ਆਦਿ ਮੁਲਕਾਂ ਵਿਚ ਜਾ ਬੈਠੇ ਹਨ। ਪਿਛਲੇ ਸਾਲ ਇਸ ਸੂਚੀ ਵਿਚ ਵਿਦੇਸ਼ੀ ਭਗੌੜਿਆਂ ਦੀ ਗਿਣਤੀ 843 ਸੀ ਪਰ ਇਸ ਵਰ੍ਹੇ ਇਸ ਨੂੰ ਦੁਬਾਰਾ ਤਿਆਰ ਕੀਤਾ ਗਿਆ ਹੈ ਤੇ ਇਸ ਵਿਚੋਂ 89 ਵਿਅਕਤੀਆਂ ਦੇ ਨਾਂ ਹਟਾ ਦਿੱਤੇ ਗਏ ਹਨ। ਜੋ ਨਾਂ ਹਟਾਏ ਗਏ ਹਨ ਇਨ੍ਹਾਂ ਵਿਚੋਂ ਬਹੁਤਿਆਂ ਦੀ ਮੌਤ ਹੋ ਚੁੱਕੀ ਹੈ।

ਜਾਣਕਾਰੀ ਮੁਤਾਬਕ ਅਪਰਾਧਕ ਮਾਮਲਿਆਂ ਵਿਚ ਸਭ ਤੋਂ ਵੱਧ ਐਨ.ਆਰ.ਆਈ. ਭਗੌੜੇ ਦੁਆਬਾ ਖੇਤਰ ਦੇ ਹਨ। ਦੁਆਬੇ ਨਾਲ ਸਬੰਧਤ ਵੱਖ-ਵੱਖ ਮਾਮਲਿਆਂ ਵਿਚ ਪੁਲਿਸ ਨੂੰ 310 ਐਨ.ਆਰ.ਆਈ. ਭਗੌੜੇ ਲੋੜੀਂਦੇ ਹਨ। ਇਨ੍ਹਾਂ 'ਚੋਂ 274 ਤਾਂ ਸਿਰਫ ਜਲੰਧਰ ਕਮਿਸ਼ਨਰੇਟ ਪੁਲਿਸ ਨੂੰ ਚਾਹੀਦੇ ਹਨ ਜਿਸ ਵਿਚੋਂ 197 ਦਿਹਾਤੀ ਪੁਲਿਸ ਅਤੇ 77 ਸ਼ਹਿਰੀ ਪੁਲਿਸ ਨੂੰ ਲੋੜੀਂਦੇ ਹਨ। ਇਸੇ ਤਰ੍ਹਾਂ ਕਪੂਰਥਲਾ ਪੁਲਿਸ ਨੂੰ 13, ਹੁਸ਼ਿਆਰਪੁਰ ਪੁਲਿਸ ਨੂੰ 15 ਤੇ ਨਵਾਂ ਸ਼ਹਿਰ ਪੁਲਿਸ ਨੂੰ ਅੱਠ ਐਨ.ਆਰ.ਆਈ. ਭਗੌੜਿਆਂ ਦੀ ਭਾਲ ਹੈ। ਦੁਆਬੇ ਤੋਂ ਇਲਾਵਾ ਮੋਗਾ ਪੁਲਿਸ ਨੂੰ 123, ਲੁਧਿਆਣਾ ਪੁਲਿਸ ਨੂੰ 53, ਫਰੀਦਕੋਟ ਪੁਲਿਸ ਨੂੰ 25, ਖੰਨਾ ਪੁਲਿਸ ਨੂੰ 23, ਅੰਮ੍ਰਿਤਸਰ ਪੁਲਿਸ ਨੂੰ 22 ਤੇ ਬਠਿੰਡਾ ਪੁਲਿਸ ਨੂੰ ਅਜਿਹੇ 19 ਅਪਰਾਧੀਆਂ ਦੀ ਭਾਲ ਹੈ ਜੋ ਵਾਰਦਾਤਾਂ ਨੂੰ ਅੰਜ਼ਾਮ ਦੇ ਕੇ ਵਿਦੇਸ਼ਾਂ ਵਿਚ ਜਾ ਬੈਠੇ ਹਨ।

ਜ਼ਿਕਰਯੋਗ ਹੈ ਕਿ ਪਠਾਨਕੋਟ, ਪਟਿਆਲਾ ਤੇ ਫਾਜ਼ਿਲਕਾ ਜ਼ਿਲ੍ਹਿਆਂ ਵਿਚ ਅਜਿਹਾ ਇਕ ਵੀ ਮਾਮਲਾ ਨਹੀਂ ਹੈ ਜਿਥੇ ਕੋਈ ਐਨ.ਆਰ.ਆਈ. ਭਗੌੜਾ ਕਰਾਰ ਦਿੱਤਾ ਗਿਆ ਹੋਵੇ। ਸੂਬੇ ਭਰ ਦੇ ਜ਼ਿਲ੍ਹਿਆਂ ਵਿਚ ਇਨ੍ਹਾਂ ਐਨ.ਆਰ.ਆਈ. ਭਗੌੜਿਆਂ ਖਿਲਾਫ ਧੋਖਾਧੜੀ ਦੇ 170, ਜਾਅਲੀ ਵਿਆਹ ਕਰਵਾ ਕੇ ਧੋਖਾ ਦੇਣ ਦੇ 164 ਮਾਮਲੇ ਤੇ 139 ਹੋਰ ਗੰਭੀਰ ਮਾਮਲੇ ਹਨ ਜੋ ਕਤਲ ਤੇ ਇਰਾਦਾ ਕਤਲ ਤਹਿਤ ਦਰਜ ਕੀਤੇ ਗਏ ਹਨ। ਬੀਤੇ ਦਿਨੀਂ ਜਲੰਧਰ ਵਿਚ ਹੋਏ ਐਨ.ਆਰ.ਆਈ. ਸੰਗਤ ਦਰਸ਼ਨ ਵਿਚ ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅੱਗੇ ਇਹ ਮਾਮਲਾ ਚੁੱਕਿਆ ਗਿਆ ਤਾਂ ਉਨ੍ਹਾਂ ਕਿਹਾ ਸੀ ਕਿ ਭਗੌੜਿਆਂ ਦੇ ਮਾਮਲਿਆਂ ਦੀ ਦੁਬਾਰਾ ਨਜ਼ਰਸਾਨੀ ਕੀਤੀ ਜਾਵੇਗੀ ਤੇ ਜੇਕਰ ਕਿਸੇ ਐਨ.ਆਰ.ਆਈ. ਖਿਲਾਫ ਜਾਅਲੀ ਕੇਸ ਦਰਜ ਕੀਤਾ ਗਿਆ ਹੈ ਤਾਂ ਉਸ ਦੀ ਵੀ ਜਾਂਚ ਕੀਤੀ ਜਾਵੇਗੀ।

### ਭਗੌੜੇ ਪਰਵਾਸੀਆਂ ਬਾਰੇ ਮੁੜ ਹੋਵੇਗਾ ਵਿਚਾਰ: ਬਾਦਲ

**ਜਲੰਧਰ:** ਮਾਝਾ ਤੇ ਦੁਆਬਾ ਖੇਤਰ ਦੇ ਪਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਸੁਣਨ ਲਈ ਇਥੇ ਕਰਵਾਏ ਗਏ ਪਰਵਾਸੀ ਪੰਜਾਬੀ ਸੰਗਤ ਦਰਸ਼ਨ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਭਗੌੜਾ ਕਰਾਰ ਦਿੱਤੇ 754 ਪਰਵਾਸੀ ਭਾਰਤੀਆਂ ਦੇ ਮਾਮਲਿਆਂ ਬਾਰੇ ਮੁੜ ਵਿਚਾਰ ਕੀਤੀ ਜਾਵੇ। ਮੁੱਖ ਮੰਤਰੀ ਨੇ ਸਮਾਗਮ ਵਿਚ ਹਾਜ਼ਰ ਪੰਜਾਬ ਦੇ ਗ੍ਰਹਿ ਸਕੱਤਰ ਜਗਪਾਲ ਸਿੰਘ ਸੰਧੂ ਨੂੰ ਹੁਕਮ ਦਿੱਤਾ ਕਿ ਸਾਰੇ ਕੇਸਾਂ ਬਾਰੇ ਰੀਵਿਊ ਕੀਤਾ ਜਾਵੇ ਤੇ ਮਾਮੂਲੀ ਮਾਮਲਿਆਂ ਵਿਚ ਭਗੌੜਾ ਕਰਾਰ ਦਿੱਤੇ ਪਰਵਾਸੀ ਪੰਜਾਬੀਆਂ ਨੂੰ ਰਾਹਤ ਦਿਵਾਈ ਜਾਵੇ।

ਮੁੱਖ ਮੰਤਰੀ ਨੇ ਪਰਵਾਸੀ ਪੰਜਾਬੀ ਸੰਮੇਲਨ ਦੀ ਥਾਂ ਸੰਗਤ ਦਰਸ਼ਨ ਆਰੰਭ ਕਰਨ ਨੂੰ ਵਧੇਰੇ ਕਾਰਗਰ ਦੱਸਿਆ ਤੇ ਕਿਹਾ ਕਿ ਇਨ੍ਹਾਂ ਸਮਾਗਮਾਂ ਵਿਚ ਲੋਕਾਂ ਨਾਲ ਸਿੱਧਾ ਰਾਬਤਾ ਬਣਦਾ ਹੈ ਤੇ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਮੌਕੇ 'ਤੇ ਹੱਲ ਕਰਨ ਲਈ ਸਾਰਥਕ ਕਦਮ ਵੀ ਚੁੱਕੇ ਜਾਂਦੇ ਹਨ। ਸ. ਬਾਦਲ ਨੇ ਦੱਸਿਆ ਕਿ ਪਰਵਾਸੀ ਪੰਜਾਬੀ ਸੰਗਤ ਦਰਸ਼ਨ ਦੌਰਾਨ ਮੁੱਖ ਰੂਪ ਵਿਚ ਜਾਇਦਾਦਾਂ ਦੇ ਝਗੜੇ ਤੇ ਵਿਆਹ-ਸ਼ਾਦੀਆਂ ਦੇ ਮਾਮਲੇ ਵਧੇਰੇ ਆਉਂਦੇ ਹਨ। ਉਨ੍ਹਾਂ ਕਿਹਾ ਕਿ ਜਾਇਦਾਦਾਂ ਦੇ ਝਗੜੇ ਆਮ ਕਰਕੇ ਕਿਸੇ ਬਾਹਰਲੇ ਨਾਲ ਨਹੀਂ, ਸਗੋਂ ਪਰਿਵਾਰਾਂ ਦੇ ਆਪਸ ਵਿਚ ਜ਼ਿਆਦਾ ਹਨ। ਪੁਲਿਸ ਜਾਂ ਅਫਸਰਸ਼ਾਹੀ ਵਲੋਂ ਪਰਵਾਸੀ ਪੰਜਾਬੀਆਂ ਦੇ ਮਾਮਲਿਆਂ ਵਿਚ ਦਖ਼ਲ ਜਾਂ ਜ਼ਿਆਦਤੀਆਂ ਬਾਰੇ ਪੁੱਛੇ ਜਾਣ 'ਤੇ ਮੁੱਖ ਮੰਤਰੀ ਦਾ ਕਹਿਣਾ ਸੀ ਕਿ ਅਜਿਹੇ ਕੋਈ ਖਾਸ ਕੇਸ ਸਾਹਮਣੇ ਨਹੀਂ ਆਏ।

# ਸਾਰੇ ਜ਼ਿਲ੍ਹਿਆਂ 'ਚ ਬਣਨਗੇ ਵੱਖਰੇ ਐਨ.ਆਰ.ਆਈ. ਸੈਲ

**ਮੁੱਲਾਂਪੁਰ ਦਾਖਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਐਨ.ਆਰ. ਆਈ ਥਾਣਿਆਂ ਵਾਂਗ ਸਾਰੇ ਜ਼ਿਲ੍ਹਿਆਂ ਅੰਦਰ ਵੱਖਰੇ ਐਨ.ਆਰ.ਆਈ. ਸੈਲ ਦੇ ਨਾਲ ਟਰੈਵਲਜ਼ ਏਜੰਟਾਂ ਵਿਰੁਧ ਵੱਖਰਾ ਐਕਟ ਹੋਵੇਗਾ। ਐਨ. ਆਰ. ਆਈ. ਦੀ ਸਹੀ ਤਸਦੀਕ ਲਈ 38 ਐਨ. ਆਰ. ਆਈਜ਼ ਨੂੰ ਨੰਬਰਦਾਰ ਬਣਾਇਆ ਗਿਆ ਹੈ। ਜਾਇਦਾਦਾਂ ਦੇ ਸਾਂਝੇ ਖਾਤਿਆਂ ਦੀ ਤਕਸੀਮ ਲਈ ਤਿੰਨ ਮਹੀਨੇ ਦੇ ਅੰਦਰ ਕਮਿਸ਼ਨਰ ਮਾਲ ਦੁਬਾਰਾ ਮੁਹਿੰਮ ਆਰੰਭੇਗਾ।

ਸਰਕਾਰ ਵਲੋਂ ਸਨਅਤੀ ਤੇ ਰਿਹਾਇਸ਼ੀ ਪਲਾਟਾਂ ਦੀ ਅਲਾਟਮੈਂਟ ਸਮੇਂ ਐਨ.ਆਰ.ਆਈ. ਲਈ 10% ਕੋਟਾ ਰਾਖਵਾਂ ਹੋਵੇਗਾ। ਐਨ.ਆਰ.ਆਈ. ਮਹਿਲਾ ਸੁਨੀਲਾ ਸਿੰਘ ਪਤਨੀ ਮਨਜਿੰਦਰ ਸਿੰਘ ਨਸੀਰਪੁਰ ਫਾਰਮ ਪਟਿਆਲਾ ਵਲੋਂ ਪੁਲਿਸ ਰੇਂਜ ਲੁਧਿਆਣਾ ਦੇ ਉਚ ਅਧਿਕਾਰੀ 'ਤੇ ਮੁੱਖ ਮੰਤਰੀ ਦੀ ਹਾਜ਼ਰੀ ਵਿਚ ਦੋਸ਼ ਲਗਾਇਆ ਕਿ ਉਨ੍ਹਾਂ ਦੀ ਜ਼ਮੀਨ ਹੜੱਪਣ ਦੀ ਚਾਲ ਚੱਲੀ ਜਾ ਰਹੀ ਹੈ। ਇਕ ਸੁਤੰਤਰਤਾ ਸੰਗਰਾਮੀ ਦੀ ਜਗਦੀਸ਼ ਕੌਰ ਪਤਨੀ ਮਲਵਿੰਦਰ ਸਿੰਘ ਹਾਲ ਵਾਸੀ ਸੁਧਾਰ ਬਾਜ਼ਾਰ ਨੇ ਵੀ ਆਪਣੇ ਦਿਉਰ 'ਤੇ ਉਸ ਦੀ ਜ਼ਮੀਨ ਹੜੱਪਣ ਦਾ ਦੋਸ਼ ਲਾਇਆ।

ਮੁੱਖ ਮੰਤਰੀ ਨੇ ਲੁਧਿਆਣਾ ਵਿਚ ਕੀਤੇ ਸੰਗਤ ਦਰਸ਼ਨਾਂ ਦੌਰਾਨ ਐਲਾਨ ਕੀਤਾ ਕਿ ਉਹ ਪਰਵਾਸੀ ਭਾਰਤੀਆਂ ਦੀ ਭਲਾਈ ਨਾਲ ਸਬੰਧਤ ਸਾਰੀਆਂ ਨੀਤੀਆਂ ਦੀ ਇਕ ਵਾਰ ਸਮੀਖਿਆ ਕਰਨਗੇ। ਉਨ੍ਹਾਂ ਕਿਹਾ ਕਿ ਸੰਗਤ ਦਰਸ਼ਨ ਦੌਰਾਨ ਪਰਵਾਸੀ ਭਾਰਤੀਆਂ ਵਲੋਂ ਦਿੱਤੇ ਗਏ ਸੁਝਾਵਾਂ ਨੂੰ ਜ਼ਰੂਰ ਲਾਗੂ ਕੀਤਾ ਜਾਏਗਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸੰਗਤ ਦਰਸ਼ਨ ਸਰਕਾਰ ਤੇ ਪਰਵਾਸੀਆਂ ਲਈ ਲਾਭਕਾਰੀ ਸਿੱਧ ਹੋਏ ਹਨ ਕਿਉਂਕਿ ਇਨ੍ਹਾਂ ਰਾਹੀਂ ਐਨ.ਆਰ.ਆਈਜ਼. ਨੇ ਸਰਕਾਰ ਦੀਆਂ ਯੋਜਨਾਵਾਂ ਨੂੰ ਬਿਹਤਰ ਤਰੀਕੇ ਨਾਲ ਸਮਝਿਆ ਹੈ।

ਪਰਵਾਸੀ ਪੰਜਾਬੀਆਂ ਨੂੰ ਵਿਦੇਸ਼ਾਂ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ 'ਦੂਤ' ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਰਵਾਸੀ ਪੰਜਾਬੀ ਸਮੂਹ ਪੰਜਾਬੀ ਭਾਈਚਾਰੇ ਦਾ ਮਾਣ ਹਨ ਤੇ ਸੂਬਾ ਸਰਕਾਰ ਦਾ ਇਹ ਫਰਜ਼ ਹੈ ਕਿ ਉਹ ਪਰਵਾਸੀ ਪੰਜਾਬੀਆਂ ਦੇ ਹਿੱਤਾਂ ਦਾ ਖਿਆਲ ਰੱਖੇ। ਉਨ੍ਹਾਂ ਕਿਹਾ ਕਿ ਇਨ੍ਹਾਂ ਤਿੰਨ ਸੰਗਤ ਦਰਸ਼ਨਾਂ ਦੌਰਾਨ ਉਨ੍ਹਾਂ ਪਰਵਾਸੀਆਂ ਦੀਆਂ ਮੁਸ਼ਕਲਾਂ ਨੂੰ ਨੇੜਿਓਂ ਸਮਝਿਆ ਹੈ ਤੇ ਇਨ੍ਹਾਂ ਦੇ ਹੱਲ ਲਈ ਢੁਕਵੀਂ ਕਾਰਜ ਪ੍ਰਣਾਲੀ ਦੀ ਸਿਰਜਣਾ ਕੀਤੀ ਜਾਵੇਗੀ।

# ਐਨ.ਆਰ.ਆਈ. ਸਭਾ ਦਾ ਭੋਗ ਪਾਉਣ ਦੀ ਤਿਆਰੀ

**ਜਲੰਧਰ:** ਵਿਦੇਸ਼ਾਂ ਵਿਚ ਵੱਸਦੇ 60 ਲੱਖ ਤੋਂ ਵੱਧ ਪਰਵਾਸੀ ਪੰਜਾਬੀਆਂ ਦੀ ਪ੍ਰਤੀਨਿਧਤਾ ਕਰਨ ਦਾ ਦਮ ਭਰਨ ਵਾਲੀ ਐਨ.ਆਰ.ਆਈ. ਸਭਾ ਪੰਜਾਬ ਦਾ ਭੋਗ ਪਾਉਣ ਦੀ ਸੂਬਾ ਸਰਕਾਰ ਨੇ ਅੰਦਰਖਾਤੇ ਤਿਆਰੀ ਕੀਤੀ ਹੋਈ ਹੈ। ਹਾਲਾਂਕਿ ਇਸ ਬਾਰੇ ਅਧਿਕਾਰਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਰਿਹਾ ਪਰ ਵੱਖ-ਵੱਖ ਘਟਨਾਵਾਂ ਇਸ ਵੱਲ ਸੰਕੇਤ ਕਰ ਰਹੀਆਂ ਹਨ। ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਉਂਜ ਹੀ ਮੂੰਹ ਅੱਡੀ ਖੜ੍ਹੀਆਂ ਹਨ। ਸਭਾ ਦੀ ਮੈਂਬਰਸ਼ਿਪ 22 ਹਜ਼ਾਰ ਦਾ ਅੰਕੜਾ ਪਾਰ ਕਰ ਚੁੱਕੀ ਹੈ ਤੇ ਮੈਂਬਰਸ਼ਿਪ ਦੇ ਕਰੋੜਾਂ ਰੁਪਏ ਬੈਂਕਾਂ ਦੇ ਖਾਤੇ ਵਿਚ ਪਏ ਹਨ।

ਪੰਜਾਬ ਸਰਕਾਰ ਵਲੋਂ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਐਨ.ਆਰ.ਆਈ. ਕਮਿਸ਼ਨ ਬਣਾਇਆ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਸਰਕਾਰ ਨੇ ਅਜੇ ਤੱਕ ਸਭਾ ਨੂੰ ਕਮਿਸ਼ਨ ਦੇ ਮੈਂਬਰ ਵਜੋਂ ਸ਼ਾਮਲ ਨਹੀਂ ਕੀਤਾ ਗਿਆ ਜਦਕਿ ਸਭਾ ਦੀ ਚੋਣ ਹਾਰ ਚੁੱਕੇ ਕਮਲਜੀਤ ਹੇਅਰ ਨੂੰ ਕਮਿਸ਼ਨ ਦੇ ਮੈਂਬਰ ਵਜੋਂ ਲੈਣ ਲਈ ਹੁਕਮ ਜਾਰੀ ਕਰ ਦਿੱਤੇ ਸਨ ਪਰ ਹੇਅਰ ਦਾ ਪਾਸਪੋਰਟ ਬ੍ਰਿਟਿਸ਼ ਹੋਣ ਕਾਰਨ ਉਹ ਮੈਂਬਰ ਨਹੀਂ ਸੀ ਬਣ ਸਕਿਆ। ਦੋਆਬਾ ਖਿੱਤੇ ਵਿਚ ਸਭ ਤੋਂ ਵੱਧ ਪੰਜਾਬੀ ਵਿਦੇਸ਼ ਵਸੇ ਹੋਏ ਹਨ। ਇਸ ਖਿੱਤੇ ਵਿਚ ਹੀ ਪਰਵਾਸੀਆਂ ਦੀਆਂ ਸਭ ਤੋਂ ਵੱਡੀਆਂ ਸਮੱਸਿਆਵਾਂ ਜ਼ਮੀਨਾਂ-ਜਾਇਦਾਦਾਂ ਨਾਲ ਸਬੰਧਤ ਹਨ ਜਿਨ੍ਹਾਂ ਨੂੰ ਹੱਲ ਕਰਾਉਣ ਲਈ ਐਨ.ਆਰ.ਆਈ. ਸਭਾ ਪੰਜਾਬ ਬਹੁਤੀ ਸਫਲ ਨਹੀਂ ਹੋ ਸਕੀ।

ਇਥੋਂ ਤੱਕ ਕਿ ਜਦੋਂ 27 ਜਨਵਰੀ 2015 ਨੂੰ ਸਭਾ ਦੇ ਪ੍ਰਧਾਨ ਜਸਵੀਰ ਸਿੰਘ ਗਿੱਲ ਦੇ ਅਹੁਦੇ ਦੀ ਮਿਆਦ ਮੁੱਕ ਰਹੀ ਹੈ ਤਾਂ ਵੀ ਪੰਜਾਬ ਸਰਕਾਰ ਨੇ ਸਭਾ ਦੀ ਚੋਣ ਕਰਾਉਣ ਦਾ ਕੋਈ ਐਲਾਨ ਨਹੀਂ ਕੀਤਾ ਜਦਕਿ ਸਭਾ ਦੇ ਸੰਵਿਧਾਨ ਅਨੁਸਾਰ ਪ੍ਰਧਾਨਗੀ ਦੀ ਚੋਣ ਲਈ ਇਕ ਮਹੀਨਾ ਪਹਿਲਾਂ ਵਿਦੇਸ਼ਾਂ ਵਿਚ ਵਸਦੇ ਪਰਵਾਸੀ ਪੰਜਾਬੀਆਂ ਨੂੰ ਇਸ਼ਤਿਹਾਰ ਦੇ ਕੇ ਦੱਸਣਾ ਹੁੰਦਾ ਹੈ ਕਿ ਸਭਾ ਦੀ ਚੋਣ ਹੋਣ ਵਾਲੀ ਹੈ ਤਾਂ ਕਿ ਉਹ ਜੇਕਰ ਆਉਣਾ ਚਾਹੁੰਦੇ ਹੋਣ ਤਾਂ ਵੋਟ ਪਾਉਣ ਲਈ ਆ ਸਕਦੇ ਹਨ। ਜਿਨ੍ਹਾਂ ਪਰਵਾਸੀ ਪੰਜਾਬੀਆਂ ਨੇ ਸਭਾ ਦੀ ਮੈਂਬਰਸ਼ਿਪ ਲਈ ਹੈ ਉਨ੍ਹਾਂ ਦੇ ਨੌਮਨੀ ਨੂੰ ਵੀ ਵੋਟ ਪਾਉਣ ਦਾ ਹੱਕ ਮਿਲਿਆ ਹੋਇਆ ਹੈ।

ਪੰਜਾਬ ਸਰਕਾਰ ਵਲੋਂ ਕਰਵਾਏ ਜਾਣ ਵਾਲੇ ਪਰਵਾਸੀ ਸੰਮੇਲਨ ਵੀ ਇਸ ਵਾਰ ਨਹੀਂ ਕਰਵਾਏ ਜਾ ਰਹੇ ਕਿਉਂਕਿ ਪਰਵਾਸੀ ਪੰਜਾਬੀਆਂ ਨੂੰ ਆਪਣੀਆਂ ਮੁਸ਼ਕਲਾਂ ਹੱਲ ਹੁੰਦੀਆਂ ਨਜ਼ਰ ਨਹੀਂ ਆ ਰਹੀਆਂ। ਪਰਵਾਸੀ ਸੰਮੇਲਨਾਂ ਵਿਚ ਵੀ ਸਭਾ ਨੂੰ ਕੋਈ ਬਹੁਤੀ ਤਵੱਜੋ ਨਹੀਂ ਦਿੱਤੀ ਜਾਂਦੀ ਸੀ। ਸਭਾ ਨੂੰ ਸਿਰਫ ਆਪਣਾ ਸਟਾਲ ਲਾਉਣ ਦੀ ਹੀ ਆਗਿਆ ਮਿਲਦੀ ਸੀ ਤੇ ਇਹ ਸਟਾਲ ਵੀ ਸਭਾ ਨੂੰ ਪੈਸੇ ਦੇ ਕੇ ਲਾਉਣਾ ਪੈਂਦਾ ਸੀ।

## ਭਾਰਤ 4207 ਅਰਬ ਰੁਪਏ ਦੇ ਵਿਦੇਸ਼ੀ ਕਰਜ਼ੇ ਹੇਠ

**ਨਵੀਂ ਦਿੱਲੀ:** ਭਾਰਤ 'ਤੇ 68 ਅਰਬ ਡਾਲਰ (4207 ਅਰਬ ਰੁਪਏ) ਦਾ ਵਿਦੇਸ਼ੀ ਕਰਜ਼ਾ ਹੈ, ਜਿਸਦਾ ਵੱਡਾ ਹਿੱਸਾ ਸਰਕਾਰ ਵਲੋਂ ਲਿਆ ਗਿਆ ਹੈ। ਹਿਸਾਰ ਸਥਿਤ ਆਰ.ਟੀ.ਆਈ. ਕਾਰਜਕਰਤਾ ਰਮੇਸ਼ ਵਰਮਾ ਨੇ ਵਿੱਤ ਮੰਤਰਾਲੇ ਤੋਂ ਵਿਦੇਸ਼ੀ ਕਰਜ਼ੇ ਬਾਰੇ ਜਾਣਕਾਰੀ ਮੰਗੀ ਸੀ।

ਜਾਣਕਾਰੀ ਅਨੁਸਾਰ ਇਹ ਕਰਜ਼ਾ ਇਕ ਦਸੰਬਰ 2014 ਦੀ ਸਥਿਤੀ ਅਨੁਸਾਰ 67,909,173,966 ਡਾਲਰ ਮਤਲਬ 4,207,333,245,859 ਰੁਪਏ ਦਾ ਹੈ। ਇਹ ਕਰਜ਼ਾ ਅਮਰੀਕਾ, ਜਰਮਨੀ, ਫਰਾਂਸ, ਜਪਾਨ, ਰੂਸ, ਸਵਿਟਜ਼ਰਲੈਂਡ, ਏਸ਼ੀਆਈ ਵਿਕਾਸ ਬੈਂਕ, ਓਪੇਕ, ਅੰਤਰਰਾਸ਼ਟਰੀ ਖੇਤੀ ਵਿਕਾਸ ਫ਼ੰਡ, ਅੰਤਰਰਾਸ਼ਟਰੀ ਵਿਕਾਸ ਸੰਘ, ਅੰਤਰਰਾਸ਼ਟਰੀ ਪੁਨਰ-ਨਿਰਮਾਣ ਤੇ ਵਿਕਾਸ ਬੈਂਕ ਆਦਿ ਦਾ ਹੈ।

# ਸ਼ਹੀਦ ਭਗਤ ਸਿੰਘ ਦੀ ਲੁਕਣਗਾਹ ਨੂੰ ਮਿਲਿਆ ਵਿਰਾਸਤੀ ਦਰਜਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਕ੍ਰਾਂਤੀਕਾਰੀਆਂ ਦੀ ਫਿਰੋਜ਼ਪੁਰ 'ਲੁਕਣਗਾਹ' ਵਾਲੀ ਪੁਰਾਤਨ ਇਮਾਰਤ ਨੂੰ ਸੁਰੱਖਿਅਤ ਸਮਾਰਕ ਐਲਾਨ ਦਿੱਤਾ ਹੈ। ਪੰਜਾਬ ਦੇ ਸਭਿਆਚਾਰਕ ਮਾਮਲੇ, ਪੁਰਾਤਤਵ ਤੇ ਅਜਾਇਬ ਘਰ ਵਿਭਾਗ ਦੇ ਡਾਇਰੈਕਟਰ ਨਵਜੋਤ ਪਾਲ ਸਿੰਘ ਰੰਧਾਵਾ ਵਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਇਕ ਹਲਫਨਾਮਾ ਦਾਇਰ ਕਰਕੇ ਇਹ ਜਾਣਕਾਰੀ ਦਿੱਤੀ ਗਈ।

ਹਲਫਨਾਮੇ ਤਹਿਤ ਦੱਸਿਆ ਗਿਆ ਹੈ ਕਿ ਇਹ ਮਾਮਲਾ ਪਹਿਲਾਂ ਬਾਕਾਇਦਾ ਉਚਿਤ ਪੱਧਰਾਂ 'ਤੇ ਵਿਚਾਰਿਆ ਗਿਆ ਤੇ ਲੋੜੀਂਦੀ ਵਿਚਾਰ ਕਰਨ ਮਗਰੋਂ ਹੀ ਉਕਤ ਇਮਾਰਤ ਭਾਵ ਸ਼ਹੀਦ ਭਗਤ ਸਿੰਘ ਤੇ ਹੋਰਨਾਂ ਕ੍ਰਾਂਤੀਕਾਰੀਆਂ ਦਾ ਫਿਰੋਜ਼ਪੁਰ ਸ਼ਹਿਰ ਦੇ ਗਊਸ਼ਾਲਾ ਮਾਰਗ 'ਤੇ ਤੂੜੀ ਬਾਜ਼ਾਰ ਵਿਚਲਾ ਠਹਿਰਾਅ ਸੁਰੱਖਿਅਤ ਐਲਾਨਿਆ ਗਿਆ ਹੈ। ਸੂਬਾ ਸਰਕਾਰ ਵਲੋਂ 'ਪੰਜਾਬ ਪ੍ਰਾਚੀਨ ਤੇ ਇਤਿਹਾਸਕ ਸਮਾਰਕਾਂ ਤੇ ਪੁਰਾਤੱਤਵੀ ਥਾਂਵਾਂ ਤੇ ਰਿਮੇਨਜ਼ ਐਕਟ, 1964' ਤਹਿਤ ਇਸ ਬਾਬਤ ਬੀਤੀ 22 ਦਸੰਬਰ ਨੂੰ ਹੀ ਬਾਕਾਇਦਾ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਹੈ। ਹਾਈਕੋਰਟ ਵਿਚ ਇਹ ਮੁੱਦਾ ਸਭ ਤੋਂ ਪਹਿਲਾਂ ਐਡਵੋਕੇਟ ਐਚ.ਸੀ. ਅਰੋੜਾ ਨੇ ਖ਼ੁਦ ਪਟੀਸ਼ਨਰ ਵਜੋਂ ਪੇਸ਼ ਹੁੰਦਿਆਂ ਜਨਹਿਤ ਪਟੀਸ਼ਨ ਜ਼ਰੀਏ ਉਭਾਰਿਆ, ਜਿਸ ਤਹਿਤ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਗਿਆ। ਮਾਮਲਾ ਅਦਾਲਤ ਪੁੱਜਣ 'ਤੇ ਸੱਭਿਆਚਾਰਕ ਮਾਮਲੇ, ਪੁਰਾਤਤਵ ਤੇ ਅਜਾਇਬ ਘਰ ਵਿਭਾਗ, ਪੰਜਾਬ ਵਲੋਂ ਇਸ ਬਾਬਤ ਬਾਕਾਇਦਾ ਇਕ ਮੁੱਢਲਾ ਨੋਟੀਫਿਕੇਸ਼ਨ ਜਾਰੀ ਕਰਕੇ ਇਤਰਾਜ਼ ਵੀ ਮੰਗੇ ਗਏ। ਇਸ ਥਾਂ ਦਾ ਨਾਂ ਵੀ 'ਸ਼ਹੀਦ-ਏ-ਆਜ਼ਮ ਸਰਦਾਰ ਭਗਤ ਤੇ ਹੋਰ ਕ੍ਰਾਂਤੀਕਾਰੀਆਂ ਵਲੋਂ ਵਰਤੀ ਇਮਾਰਤ' ਤਜਵੀਜ਼ ਕੀਤਾ ਜਾ ਚੁੱਕਾ ਹੈ।

ਦੱਸਣਯੋਗ ਹੈ ਕਿ ਫਿਰੋਜ਼ਪੁਰ ਦੇ ਮਾਲ ਰਿਕਾਰਡ ਮੁਤਾਬਕ ਇਹ ਇਮਾਰਤ ਪੁਰਾਤਨ ਤਕਰੀਬਨ ਚਾਰ ਮਰਲੇ ਦੋ ਸਰਸਾਹੀ ਰਕਬੇ ਵਿਚ ਬਣੀ ਹੋਈ ਹੈ। ਮਿਉਂਸਪਲ ਦਸਤਾਵੇਜ਼ਾਂ ਮੁਤਾਬਕ (ਸਾਲ 1968 ਤੋਂ ਬਾਅਦ) ਇਹ ਕ੍ਰਿਸ਼ਨਾ ਭਗਤੀ ਸਤਿਸੰਗ ਟਰੱਸਟ ਦੀ ਮਲਕੀਅਤ ਦਰਸਾਈ ਜਾ ਰਹੀ ਹੈ। ਵਿਭਾਗ ਵਲੋਂ ਇਹ ਵੀ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਉਕਤ ਸਮੁੱਚੇ ਰਕਬੇ ਨੂੰ ਸੁਰੱਖਿਅਤ ਐਲਾਨਣ ਦਾ ਫੈਸਲਾ ਕੀਤਾ ਗਿਆ ਹੈ ਤੇ ਮਿਥੇ ਸਮੇਂ ਦੌਰਾਨ ਜੇਕਰ ਇਸ ਬਾਬਤ ਕੋਈ ਇਤਰਾਜ਼ ਆਉਂਦਾ ਹੈ ਤਾਂ ਉਕਤ ਅਧਿਕਾਰੀ ਵਲੋਂ ਉਸ ਨੂੰ ਵਿਚਾਰਨ ਤੋਂ ਬਾਅਦ ਅੰਤਿਮ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ।



## ਇਮਾਰਤ ਦਾ ਇਤਿਹਾਸ...

ਫਿਰੋਜ਼ਪੁਰ ਸ਼ਹਿਰ ਦੇ ਬੰਸੀ ਗੇਟ ਤੋਂ ਨਮਕ ਮੰਡੀ ਨੂੰ ਜਾਂਦੀ ਸੜਕ ਤੇ ਗਊਸ਼ਾਲਾ ਸੜਕ ਦੇ ਕੋਨੇ 'ਤੇ ਸਥਿਤ ਇਹ ਇਮਾਰਤ ਬਰਤਾਨਵੀ ਸਾਮਰਾਜ ਵੇਲੇ ਅਗਸਤ 1928 ਤੋਂ ਫਰਵਰੀ 1929 ਤੱਕ ਭਗਤ ਸਿੰਘ ਤੇ ਹੋਰਨਾਂ ਕ੍ਰਾਂਤੀਕਾਰੀਆਂ ਵਲੋਂ ਆਪਣੀਆਂ ਗਤੀਵਿਧੀਆਂ ਨੂੰ ਅੰਜਾਮ ਦੇਣ ਹਿਤ ਹੈਡਕੁਆਟਰ ਵਜੋਂ ਵਰਤੀ ਜਾਂਦੀ ਸੀ।

ਦੱਸਿਆ ਜਾਂਦਾ ਹੈ ਕਿ ਕ੍ਰਾਂਤੀਕਾਰੀਆਂ ਵਲੋਂ ਉਸ ਵੇਲੇ ਇਹ ਇਮਾਰਤ ਕਿਸੇ ਲੇਖ ਰਾਜ ਨਾਮੀ ਮਾਲਕ ਤੋਂ ਕਿਰਾਏ 'ਤੇ ਲਈ ਗਈ ਸੀ, ਭਗਤ ਸਿੰਘ ਦੀ ਗ੍ਰਿਫਤਾਰੀ ਮਗਰੋਂ ਲੇਖ ਰਾਜ ਨੂੰ ਅਦਾਲਤ ਵਿਚ ਇਸ ਬਾਬਤ ਗਵਾਹੀ ਲਈ ਵੀ ਸੱਦਿਆ ਗਿਆ। ਪਟੀਸ਼ਨਰ ਵਲੋਂ ਇਸ ਬਾਰੇ ਉਘੇ ਖੋਜਕਾਰ ਮਲਵਿੰਦਰਜੀਤ ਸਿੰਘ ਵੜੈਚ ਦੀ ਪੁਸਤਕ 'ਭਗਤ ਸਿੰਘ-ਦਾ ਇੰਟਰਨਲ ਰੇਬਲ' ਵਿਚਲੇ ਵੇਰਵੇ ਵੀ ਬੈਂਚ ਦੇ ਸਨਮੁੱਖ ਕਰਦਿਆਂ ਇਸ ਇਮਾਰਤ ਦੇ ਉਕਤ ਕ੍ਰਾਂਤੀਕਾਰੀਆਂ ਦਾ ਪਹਿਲਾ ਹੈਡਕੁਆਟਰ ਵੀ ਰਿਹਾ ਹੋਣ ਦਾ ਦਾਅਵਾ ਕੀਤਾ ਗਿਆ ਹੈ।

## ਨਵੰਬਰ 84 ਕਤਲੇਆਮ ਕੇਸ ਬਦਲੀ ਬਾਰੇ ਫੈਸਲਾ ਰਾਖਵਾਂ


**ਨਵੀਂ ਦਿੱਲੀ (ਬਿਊਰੋ):** ਦਿੱਲੀ ਦੀ ਅਦਾਲਤ ਨੇ ਨਵੰਬਰ '84 ਸਿੱਖ ਕਤਲਆਮ ਦੇ ਕੇਸ ਵਿਚ ਤਿੰਨ ਦੋਸ਼ੀਆਂ ਵਿਰੁਧ ਸੁਣਵਾਈ ਅਧਿਕਾਰ ਖੇਤਰ ਦੇ ਆਧਾਰ 'ਤੇ ਤਬਦੀਲ ਕਰਨ ਦੀ ਬੇਨਤੀ ਉਪਰ ਫੈਸਲਾ ਰਾਖਵਾਂ ਰੱਖ ਲਿਆ ਹੈ। ਇਨ੍ਹਾਂ ਦੋਸ਼ੀਆਂ ਨੂੰ ਕਾਂਗਰਸ ਆਗੂ ਸੱਜਣ ਕੁਮਾਰ ਸਮੇਤ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਇਕ ਮਾਮਲੇ 'ਚ ਮੁਕੱਦਮੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜ਼ਿਲ੍ਹਾ ਜੱਜ ਤਲਵੰਤ ਸਿੰਘ ਨੇ ਸੀ. ਬੀ. ਆਈ. ਅਤੇ ਦੋਸ਼ੀਆਂ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਉਪਰੰਤ ਅਗਲੀ ਸੁਣਵਾਈ 31 ਜਨਵਰੀ 'ਤੇ ਪਾ ਦਿੱਤੀ। ਪੱਛਮੀ ਦਿੱਲੀ ਦੇ ਸੁਲਤਾਨਪੁਰੀ ਖੇਤਰ ਦੇ ਸੁਰਜੀਤ ਸਿੰਘ ਦੀ ਹੱਤਿਆ ਤੇ ਦੰਗੇ ਕਰਨ ਦੇ ਦੋਸ਼ਾਂ ਤਹਿਤ ਸੱਜਣ ਕੁਮਾਰ, ਬ੍ਰਹਮਾਨੰਦ ਗੁਪਤਾ, ਪੀਰੀਆ ਤੇ ਵੇਦ ਪ੍ਰਕਾਸ਼ ਵਿਰੁਧ ਮੁਕੱਦਮਾ ਚੱਲ ਰਿਹਾ ਹੈ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted

*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



STATEN SOLAR

AFFORDABLE ENERGY FOR EVERYONE

ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ

Commercial, Agricultural and Residential

Choose between $0 Down Lease or Lowest Cash Price

ਆਪਣੇ ਸਟੋਰ, ਬਿਜਨਸ, ਫਾਰਮ ਜਾਂ ਘਰ ਸੋਲਰ ਸਿਸਟਮ ਲਗਵਾਓ - ਬਿਜਲੀ ਦੇ ਬਿਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ





Simran S. Deol

Solar Engineer

661-412-4728 (Office)

661-427-0843 (Fax)

ਕੀ ਤੁਸੀਂ ਆਪਣੇ ਸਟੋਰ, ਬਿਜਨਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ?

ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

- ਫਰੀ, ਮਾਹਿਰਾਨਾ ਅਤੇ ਸਹੀ ਸਲਾਹ
- 7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜਰਬਾ

20 ਸਾਲ ਬਿਲਕੁਲ ਫਰੀ ਮੈਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ-ਭਾਲ ਤੇ ਇੰਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।

Receive $500 By Referring Friends
www.Statensolar.com

No One Can Beat Our Price Guaranteed!

- $ 0 down Worry Free Lease
- Fixed Monthly Bill, No Increase
- Guaranteed Lowest Monthly Bill
- Or Buy the System for Lowest Price
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

# ਕੇਂਦਰ ਨੇ ਪੰਜਾਬ ਦੇ ਮਨਰੇਗਾ ਫੰਡ ਨੂੰ ਲਾਈਆਂ ਬਰੇਕਾਂ

**ਚੰਡੀਗੜ੍ਹ:** ਕੇਂਦਰ ਵਿਚ ਅਕਾਲੀ ਦਲ ਦੀ ਭਾਈਵਾਲੀ ਵਾਲੀ ਐਨ.ਡੀ.ਏ. ਸਰਕਾਰ ਆਉਣ ਪਿੱਛੋਂ ਪੰਜਾਬ ਨੂੰ ਮਨਰੇਗਾ ਸਕੀਮ ਤਹਿਤ ਇਕ ਪੈਸਾ ਵੀ ਜਾਰੀ ਨਹੀਂ ਹੋਇਆ। ਹੁਣ ਪੰਜਾਬ ਸਰਕਾਰ ਨੇ ਪੇਂਡੂ ਖੇਤਰਾਂ ਵਿਚ ਬੰਦ ਪਏ ਕੰਮ ਮੁੜ ਸ਼ੁਰੂ ਕਰਨ ਲਈ ਕੇਂਦਰ ਤੋਂ 77 ਕਰੋੜ ਰੁਪਏ ਦੇਣ ਦੀ ਮੰਗ ਕੀਤੀ ਹੈ। ਮਨਰੇਗਾ ਦੇ ਫੰਡਾਂ ਨਾਲ ਪੇਂਡੂ ਖੇਤਰਾਂ ਵਿਚ ਹੁਣ ਤੱਕ ਕਈ ਵਿਕਾਸ ਦੇ ਕੰਮ ਕਰਵਾਏ ਜਾਂਦੇ ਹਨ ਤੇ ਯੂ.ਪੀ.ਏ. ਸਰਕਾਰ ਵੇਲੇ ਮਨਰੇਗਾ ਤਹਿਤ ਫੰਡ ਜਾਰੀ ਕੀਤੇ ਗਏ ਹਨ ਤੇ ਬਾਅਦ ਵਿਚ ਫੰਡਾਂ ਦੇ ਆਉਣ 'ਤੇ ਬਰੇਕਾਂ ਲੱਗ ਗਈਆਂ ਸਨ ਜਿਸ ਕਰਕੇ ਕੰਮ ਬੰਦ ਪਏ ਹਨ।

ਸਾਲ 2013-14 ਵਿਚ ਸੂਬਾ ਸਰਕਾਰ ਨੇ 400 ਕਰੋੜ ਰੁਪਏ ਖ਼ਰਚ ਕਰਨ ਦਾ ਟੀਚਾ ਤੈਅ ਕੀਤਾ ਸੀ ਪਰ ਸਤੰਬਰ 2013 ਤੱਕ ਸੂਬਾ ਸਰਕਾਰ ਨੂੰ ਕੇਂਦਰ ਤੋਂ ਤਕਰੀਬਨ 73 ਕਰੋੜ ਰਕਮ ਮਿਲੀ ਸੀ ਤੇ ਇਸ ਵਿਚੋਂ ਵਿਭਾਗ ਨੇ ਅੱਠ ਕਰੋੜ ਰਕਮ ਖ਼ਰਚੀ ਦੱਸੀ ਜਾਂਦੀ ਹੈ। ਵਿਭਾਗ ਦੀ ਵੈਬਸਾਈਟ 'ਤੇ ਕੁਝ ਸਮਾਂ ਪਹਿਲਾਂ 124 ਕਰੋੜ ਅਲਾਟ ਕੀਤੇ ਦੱਸੇ ਜਾਂਦੇ ਸਨ ਜਦਕਿ ਇਸ ਵਿਚ ਖ਼ਰਚਣ ਲਈ 40 ਕਰੋੜ ਦੀ ਰਕਮ ਬਚੀ ਸੀ।

ਪਿਛਲੀ ਯੂ.ਪੀ.ਏ. ਸਰਕਾਰ ਵਲੋਂ ਮਨਰੇਗਾ ਸਕੀਮ ਤਹਿਤ ਤਿੰਨ ਅਪਰੈਲ 2014 ਨੂੰ 10,733 ਲੱਖ ਰੁਪਏ ਜਾਰੀ ਕੀਤੇ ਗਏ ਸਨ। ਇਸ ਤੋਂ ਇਲਾਵਾ 27 ਮਈ 2014 ਨੂੰ ਸੱਤ ਕਰੋੜ ਜਾਰੀ ਕੀਤੇ ਗਏ ਸਨ। ਇਸ ਸਕੀਮ ਤਹਿਤ 19 ਅਗਸਤ ਨੂੰ 1407 ਲੱਖ ਤੇ ਚਾਰ ਸਤੰਬਰ ਨੂੰ 2732 ਲੱਖ ਰੁਪਏ ਪ੍ਰਾਪਤ ਹੋਏ ਹਨ। ਕਮਿਸ਼ਨਰ ਮਨਰੇਗਾ ਦੇ ਦਫਤਰ ਮੁਤਾਬਕ ਇਸ ਸਕੀਮ ਤਹਿਤ ਫੰਡ ਰਾਜ ਪੱਧਰ ਤੋਂ ਇਲੈਕਟ੍ਰੋਨਿਕਸ ਫੰਡਜ਼ ਮੈਨਜਮੈਂਟ ਸਿਸਟਮ ਰਾਹੀਂ ਸਿੱਧੇ ਲਾਭਪਾਤਰੀਆਂ ਦੇ ਖਾਤਿਆਂ ਵਿਚ ਜਾਰੀ ਕੀਤੇ ਜਾਂਦੇ ਹਨ ਤੇ ਜਿਲ੍ਹਿਆਂ ਨੂੰ ਫੰਡ ਸਿੱਧੇ ਤੌਰ 'ਤੇ ਮੁਹੱਈਆ ਨਹੀਂ ਕੀਤੇ ਜਾਂਦੇ। ਇਸ ਦੇ ਨਾਲ ਹੀ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਪੇਂਡੂ ਵਿਕਾਸ ਵਿਭਾਗ ਨੂੰ ਮਨਰੇਗਾ ਤਹਿਤ ਵੇਜ ਤੇ ਮਟੀਰੀਅਲ ਲਈ ਰਿਲੀਜ਼ ਹੋਇਆ ਫੰਡ ਵਰਤਿਆ ਜਾ ਚੁੱਕਾ ਹੈ।

ਪਬਲਿਕ ਸੂਚਨਾ ਅਫਸਰ ਨੇ ਆਪਣੇ ਜਵਾਬ ਵਿਚ ਸਾਫ ਲਿਖਿਆ ਹੈ ਕਿ ਹੁਣ ਉਨ੍ਹਾਂ ਕੋਲ ਕੋਈ ਵੀ ਫੰਡ ਬਚਿਆ ਨਹੀਂ ਹੈ। ਸਰਕਾਰ ਦੇ ਇਸ ਜਵਾਬ ਨਾਲ ਨਵਾਂ ਭੰਬਲਭੂਸਾ ਪੈਦਾ ਹੋ ਗਿਆ ਹੈ। ਦੂਜੇ ਪਾਸੇ ਮਜ਼ਦੂਰ ਜਥੇਬੰਦੀਆਂ ਨੇ ਦੋਸ਼ ਲਾਇਆ ਹੈ ਕਿ ਮਨਰੇਗਾ ਦੇ ਮਜ਼ਦੂਰਾਂ ਦੀ ਕਿਰਤ ਸਰਕਾਰ ਦੱਬੀ ਬੈਠੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਵਲੋਂ ਹਾਲੇ ਤੱਕ ਭਾਰਤ ਸਰਕਾਰ ਤੋਂ 19 ਅਗਸਤ ਨੂੰ ਹਾਸਲ ਹੋਏ 1407 ਲੱਖ ਰੁਪਏ ਤੇ ਚਾਰ ਸਤੰਬਰ ਨੂੰ ਮਿਲੇ 2732 ਲੱਖ ਰੁਪਏ ਮਜ਼ਦੂਰਾਂ ਦੇ ਖਾਤਿਆਂ ਵਿਚ ਜਮ੍ਹਾਂ ਨਹੀਂ ਕਰਵਾਏ ਗਏ। ਉਨ੍ਹਾਂ ਹੈਰਾਨੀ ਜ਼ਾਹਿਰ ਕੀਤੀ ਕਿ ਦਿੱਤੀ ਜਾਣਕਾਰੀ ਵਿਚ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਇਹ ਰਕਮ ਮਜ਼ਦੂਰਾਂ ਦੇ ਖਾਤਿਆਂ ਵਿਚ ਭੇਜੀ ਜਾ ਚੁੱਕੀ ਹੈ। ਕਈ ਮਜ਼ਦੂਰਾਂ ਨੂੰ ਤਾਂ ਛੇ-ਛੇ ਮਹੀਨਿਆਂ ਦੀ ਮਜ਼ਦੂਰੀ ਨਸੀਬ ਨਹੀਂ ਹੋਈ।

## ਐਨ.ਡੀ.ਏ ਸਰਕਾਰ ਆਉਣ ਪਿੱਛੋਂ ਫੰਡਾਂ ਦਾ ਪਿਆ ਸੋਕਾ



## ਫੰਡ ਸਹਾਰੇ ਵੱਡੇ ਸਾਹਿਬਾਂ ਦੇ ਵਾਰੇ-ਨਿਆਰੇ

**ਬਠਿੰਡਾ:** ਮਨਰੇਗਾ ਮਜ਼ਦੂਰਾਂ ਨੂੰ ਭਾਵੇਂ ਰੁਕੀਆਂ ਅਦਾਇਗੀਆਂ ਲੈਣ ਲਈ ਸੰਘਰਸ਼ ਵਿੱਢਣਾ ਪੈ ਰਿਹਾ ਹੈ ਪਰ ਇਸ ਕੇਂਦਰੀ ਸਕੀਮ ਤਹਿਤ ਆਇਆ ਪੈਸਾ ਪੰਜਾਬ ਦੀ ਅਫਸਰਸ਼ਾਹੀ ਨੂੰ ਖੂਬ ਰਾਸ ਆ ਰਿਹਾ ਹੈ। ਬਠਿੰਡਾ ਦੇ ਡਿਪਟੀ ਕਮਿਸ਼ਨਰ ਨੇ ਇਸ ਫੰਡ ਵਿਚੋਂ 50 ਹਜ਼ਾਰ ਰੁਪਏ ਦੀ ਕੁਰਸੀ ਖਰੀਦੀ ਹੈ।


ਸਰਕਾਰੀ ਹਲਕਿਆਂ ਅਨੁਸਾਰ ਮੁੱਖ ਮੰਤਰੀ ਦੀ ਕੁਰਸੀ ਦੀ ਕੀਮਤ ਵੀ 30 ਹਜ਼ਾਰ ਰੁਪਏ ਤੋਂ ਘੱਟ ਹੈ। ਨਵੀਂ ਕੁਰਸੀ ਮਨਰੇਗਾ ਪ੍ਰੋਗਰਾਮ ਦੇ ਕੰਟਨਜੈਂਸੀ ਫੰਡਾਂ ਵਿਚੋਂ ਖਰੀਦੀ ਗਈ ਹੈ। ਬਠਿੰਡਾ ਜ਼ਿਲ੍ਹੇ ਵਿਚ ਮਨਰੇਗਾ ਦੇ 26.51 ਲੱਖ ਰੁਪਏ ਦੇ ਬਕਾਏ, ਫੰਡ ਨਾ ਹੋਣ ਕਾਰਨ ਖੜ੍ਹੇ ਹਨ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਸੀ. ਸਿਬਨ ਦਾ ਕਹਿਣਾ ਸੀ ਕਿ ਮਨਰੇਗਾ ਸਕੀਮ ਵਿਚ ਛੇ ਫੀਸਦੀ ਕੰਟਨਜੈਂਸੀ ਹੁੰਦੀ ਹੈ ਜਿਸ ਵਿਚੋਂ ਨਰੇਗਾ ਦਫਤਰਾਂ ਲਈ ਵਿੱਤੀ ਨਿਯਮਾਂ ਅਨੁਸਾਰ ਫਰਨੀਚਰ ਆਦਿ ਖਰੀਦਿਆ ਜਾ ਸਕਦਾ ਹੈ।

ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਦਾ ਕਹਿਣਾ ਸੀ ਕਿ ਮਨਰੇਗਾ ਮਜ਼ਦੂਰ ਤਾਂ ਦਿਹਾੜੀ ਨੂੰ ਤਰਸ ਰਹੇ ਹਨ ਤੇ ਵੱਡੇ ਅਫਸਰ ਮਨਰੇਗਾ ਫੰਡਾਂ ਨੂੰ ਆਪਣੀ ਸਹੂਲਤ ਲਈ ਉਡਾ ਰਹੇ ਹਨ।

ਨਾਗਰਿਕ ਚੇਤਨਾ ਮੰਚ ਦੇ ਜਗਮੋਹਨ ਕੌਸ਼ਲ ਦਾ ਪ੍ਰਤੀਕਰਮ ਸੀ ਕਿ ਪਹਿਲਾਂ ਇਹ ਸੁਣਿਆ ਸੀ ਕਿ ਡਿਪਟੀ ਕਮਿਸ਼ਨਰ ਦੀ ਕੁਰਸੀ ਸਭ ਤੋਂ ਵੱਡੀ ਹੁੰਦੀ ਹੈ। ਏਨੀ ਮਹਿੰਗੀ ਵੀ ਹੁੰਦੀ ਹੈ, ਇਸ ਦਾ ਹੁਣ ਪਤਾ ਲੱਗਾ ਹੈ।

# ਅੰਮ੍ਰਿਤਸਰ ਵਿਚ ਸਵਾਈਨ ਫਲੂ ਨੇ ਪੈਰ ਪਸਾਰੇ

**ਵੇਰਕਾ:** ਅੰਮ੍ਰਿਤਸਰ ਦੇ ਹਲਕਾ ਉਤਰੀ ਅਧੀਨ ਆਉਂਦੇ ਇਲਾਕੇ ਸੰਧੂ ਕਲੋਨੀ ਬਟਾਲਾ ਰੋਡ ਵਿਖੇ ਇਕ ਔਰਤ ਨੂੰ ਸਵਾਈਨ ਫਲੂ ਦੀ ਬਿਮਾਰੀ ਹੋਣ ਦੀ ਪੁਸ਼ਟੀ ਹੋਈ ਹੈ। ਇਸ ਔਰਤ ਦੇ ਬਾਕੀ ਪਰਿਵਾਰ ਵੀ ਸ਼ੱਕ ਦੇ ਘੇਰੇ ਵਿਚ ਆਉਣ ਨਾਲ ਸਿਹਤ ਵਿਭਾਗ ਵੀ ਹਰਕਤ ਵਿਚ ਆ ਗਿਆ ਹੈ ਤੇ ਪੂਰੇ ਇਲਾਕੇ ਵਿਚ ਸਹਿਮ ਬਣਿਆ ਹੋਇਆ ਹੈ।



ਵੇਰਕਾ ਬਾਈਪਾਸ ਦੇ ਨਜ਼ਦੀਕ ਐਸਕਾਰਟ ਹਸਪਤਾਲ ਵਿਖੇ ਜ਼ੇਰੇ ਇਲਾਜ ਸਰਬਜੀਤ ਕੌਰ (54) ਪਤਨੀ ਸੁੱਚਾ ਸਿੰਘ ਵਾਸੀ ਸੰਧੂ ਕਲੋਨੀ ਦੇ ਬੇਟੇ ਵੀਰਸੱਚਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦੀ ਮਾਤਾ ਨੂੰ ਬੁਖਾਰ ਤੇ ਠੰਡ ਤੋਂ ਪੀੜਤ ਹੋਣ 'ਤੇ ਇਕ ਨਿੱਜੀ ਹਸਪਤਾਲ ਦਾਖਲ ਕਰਵਾਇਆ ਗਿਆ ਸੀ ਜਿਥੇ ਇਲਾਜ ਦੌਰਾਨ ਸਿਹਤ ਵਿਚ ਕੋਈ ਸੁਧਾਰ ਨਾ ਆਇਆ ਤਾਂ ਹਾਲਤ ਵਿਗੜਦੀ ਵੇਖ ਉਹ 13 ਜਨਵਰੀ ਦੀ ਰਾਤ ਨੂੰ ਐਸਕਾਰਟ ਹਸਪਤਾਲ ਲੈ ਆਏ ਜਿਥੇ ਡਾਕਟਰਾਂ ਨੇ ਉਸ ਦੇ ਖੂਨ ਦੀ ਜਾਂਚ ਕੀਤੀ। 15 ਜਨਵਰੀ ਨੂੰ ਰਿਪੋਰਟ ਆਉਣ 'ਤੇ ਸਵਾਈਨ ਫਲੂ ਨਾਮਕ ਬਿਮਾਰੀ ਦੀ ਪੁਸ਼ਟੀ ਹੋਈ। ਸਰਬਜੀਤ ਕੌਰ ਨੂੰ ਹਸਪਤਾਲ ਵਿਚ ਦਾਖਲ ਹੋਰ ਮਰੀਜ਼ਾਂ ਤੋਂ ਵੱਖਰੇ ਵਾਰਡ ਵਿਚ ਰੱਖਿਆ ਗਿਆ ਹੈ ਤੇ ਇਸ ਮਾਮਲੇ ਦੀ ਜਾਣਕਾਰੀ ਸਿਵਲ ਸਰਜਨ, ਅੰਮ੍ਰਿਤਸਰ ਨੂੰ ਦਿੱਤੀ ਗਈ। ਸਿਵਲ ਸਰਜਨ ਡਾ. ਰਜੀਵ ਭੱਲਾ ਨੇ ਦੱਸਿਆ ਹੈ ਕਿ ਹਸਪਤਾਲ ਦੇ ਡਾਕਟਰਾਂ ਨੂੰ ਇਸ ਬਿਮਾਰੀ ਤੋਂ ਹੋਣ ਵਾਲੀ ਇਨਫੈਕਸ਼ਨ ਦੇ ਬਚਾਅ ਲਈ ਸਿਹਤ ਵਿਭਾਗ ਨੇ ਐਸਕਾਰਟ ਹਸਪਤਾਲ ਵਿਚ ਪੰਜ ਪਰਸਨਲ ਪ੍ਰੋਟੈਕਸ਼ਨ ਕਿੱਟਾਂ ਭੇਜੀਆਂ ਹਨ।

# ਵਿਦੇਸ਼ ਡੇਰੇ ਲਾਈ ਬੈਠੇ ਅਫਸਰਾਂ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਅਫਸਰਾਂ ਤੇ ਮੁਲਾਜ਼ਮਾਂ ਤੋਂ ਸਵੈ-ਰੁਜ਼ਗਾਰ ਲਈ ਪੰਜ ਸਾਲ ਲਈ ਛੁੱਟੀ ਦੀ ਸਹੂਲਤ ਵਾਪਸ ਲੈਣ ਪਿੱਛੋਂ ਹੁਣ ਇਸ ਛੁੱਟੀ ਦੇ ਆਧਾਰ 'ਤੇ ਵਿਦੇਸ਼ ਡੇਰੇ ਲਾਈ ਬੈਠੀ ਅਫਸਰਸ਼ਾਹੀ ਨੂੰ ਘੇਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਦੇ ਵਿਭਾਗਾਂ ਵਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਦਿੱਤੀ ਜਾਣਕਾਰੀ ਦੌਰਾਨ ਇਸ ਤੱਥ ਦਾ ਖੁਲਾਸਾ ਹੋਇਆ ਸੀ ਕਿ ਕਰੀਬ ਦੋ ਹਜ਼ਾਰ ਮੁਲਾਜ਼ਮ ਤੇ ਅਫਸਰ ਵਿਦੇਸ਼ਾਂ ਵਿਚ ਗਏ ਹਨ। ਇਨ੍ਹਾਂ ਵਿਚੋਂ ਬਹੁਤਿਆਂ ਨੇ ਪੰਜ ਸਾਲਾ ਸਵੈ-ਰੁਜ਼ਗਾਰ ਯੋਜਨਾ ਅਧੀਨ ਛੁੱਟੀ ਲੈ ਕੇ ਇਮੀਗਰੇਸ਼ਨ ਹਾਸਲ ਕੀਤੀ ਹੈ। ਸੇਵਾ ਨਿਯਮਾਂ ਮੁਤਾਬਕ ਕੋਈ ਵੀ ਮੁਲਾਜ਼ਮ ਜਾਂ ਅਫਸਰ ਵਿਦੇਸ਼ ਦੀ ਇਮੀਗਰੇਸ਼ਨ ਹਾਸਲ ਨਹੀਂ ਕਰ ਸਕਦਾ। ਕਈ ਆਈ.ਪੀ.ਐਸ. ਤੇ ਆਈ.ਏ.ਐਸ. ਅਫਸਰਾਂ ਨੇ ਵੀ ਵਿਦੇਸ਼ੀ ਸਟੇਟਸ ਹਾਸਲ ਕਰ ਲਿਆ ਹੈ।

ਵਿਜੀਲੈਂਸ ਨੇ ਤਾਂ ਮੁੱਢਲੀ ਪੜਤਾਲ ਦੌਰਾਨ ਇਥੋਂ ਤੱਕ ਤੱਥ ਹਾਸਲ ਕੀਤੇ ਸਨ ਕਿ ਪੰਜਾਬ ਦੇ ਅਫਸਰਾਂ ਨੇ ਕਾਲੇ ਧਨ ਨੂੰ ਸੁਥਰਾ (ਇਕ ਨੰਬਰ) ਬਣਾਉਣ ਲਈ ਐਨ.ਆਰ.ਆਈ. ਖਾਤਿਆਂ ਦਾ ਰਾਹ ਅਪਨਾਇਆ ਹੋਇਆ ਹੈ। ਕਈ ਅਫਸਰਾਂ ਵਲੋਂ ਆਪਣੇ ਧੀਆਂ-ਪੁੱਤਾਂ ਤੇ ਪਤਨੀਆਂ ਦੇ ਨਾਮ 'ਤੇ ਵਿਦੇਸ਼ਾਂ ਵਿਚ ਜਾਇਦਾਦ ਖਰੀਦਣ ਦੇ ਤੱਥ ਵੀ ਵਿਜੀਲੈਂਸ ਨੇ ਹਾਸਲ ਕਰ ਲਏ ਹਨ।

ਇਸ ਜਾਣਕਾਰੀ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਪ੍ਰਸੋਨਲ ਵਿਭਾਗ ਨੂੰ ਪਿਛਲੇ ਸਾਲ ਸਤੰਬਰ ਵਿਚ ਹੀ ਪੰਜ ਸਾਲਾ ਛੁੱਟੀ ਦੀ ਸਹੂਲਤ ਵਾਪਸ ਲੈਣ ਦੇ ਨਿਰਦੇਸ਼ ਦੇ ਦਿੱਤੇ ਸਨ। ਮੁੱਖ ਮੰਤਰੀ ਦੇ ਨਿਰਦੇਸ਼ਾਂ ਤੋਂ ਬਾਅਦ ਅਧਿਕਾਰੀਆਂ ਵਿਚ ਇਸ ਮਾਮਲੇ 'ਤੇ ਸਹਿਮਤੀ ਨਹੀਂ ਸੀ ਬਣੀ। ਸੂਤਰਾਂ ਮੁਤਾਬਕ ਕੁਝ ਦਿਨ ਪਹਿਲਾਂ ਹੀ ਮੁੱਖ ਮੰਤਰੀ ਦਫਤਰ ਨੇ ਇਸ ਬਾਰੇ ਫਾਈਲ ਮੁੜ ਤੋਂ ਮੰਗਵਾਈ ਤੇ ਛੁੱਟੀ ਦੀ ਸਹੂਲਤ ਵਾਪਸ ਲੈਣ ਦੇ ਹੁਕਮ ਦੇ ਦਿੱਤੇ।

ਮੁੱਖ ਮੰਤਰੀ ਵਲੋਂ ਪ੍ਰਵਾਨਗੀ ਦਿੰਦਿਆਂ ਇਹ ਵੀ ਕਿਹਾ ਗਿਆ ਹੈ ਕਿ ਇਸ ਬਾਰੇ ਰਸਮੀ ਨੋਟੀਫਿਕੇਸ਼ਨ ਮੰਤਰੀ ਮੰਡਲ ਦੀ ਪ੍ਰਵਾਨਗੀ ਤੋਂ ਬਾਅਦ ਹੀ ਜਾਰੀ ਕੀਤੀ ਜਾਵੇ। ਇਸ ਸਮੇਂ ਵੱਡੀ ਗਿਣਤੀ ਮੁਲਾਜ਼ਮ ਤੇ ਅਫਸਰ ਛੁੱਟੀ ਲੈ ਕੇ ਵਿਦੇਸ਼ ਗਏ ਹੋਏ ਹਨ। ਇਨ੍ਹਾਂ ਦੀਆਂ ਛੁੱਟੀਆਂ ਰੱਦ ਕਰਨ ਬਾਰੇ ਵੀ ਸਰਕਾਰ ਵਲੋਂ ਵਿਚਾਰ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਸੂਬਾ ਸਰਕਾਰ ਵਲੋਂ ਮਾਲੀ ਹਾਲਤ ਮੰਦੀ ਹੋਣ ਕਾਰਨ ਕਰੀਬ ਡੇਢ ਦਹਾਕਾ ਪਹਿਲਾਂ ਅਫਸਰਾਂ ਤੇ ਮੁਲਾਜ਼ਮਾਂ ਨੂੰ ਬਿਨਾਂ ਤਨਖਾਹ ਤੋਂ ਪੰਜ ਸਾਲ ਦੇ ਸਮੇਂ ਦੀ ਛੁੱਟੀ ਦੀ ਸਹੂਲਤ ਦਿੱਤੀ ਗਈ ਸੀ। ਗੈਰ-ਕਾਨੂੰਨੀ ਹਥਕੰਡੇ ਅਪਨਾਉਂਦਿਆਂ ਅਫਸਰਾਂ ਨੇ ਵਿਦੇਸ਼ਾਂ ਵਿਚ ਇਮੀਗਰੇਸ਼ਨ ਵੀ ਹਾਸਲ ਕਰ ਲਈ। ਮੁੱਖ ਮੰਤਰੀ ਵਲੋਂ ਵਿਜੀਲੈਂਸ ਬਿਊਰੋ ਨੂੰ ਇਮੀਗਰੇਸ਼ਨ ਮਾਮਲੇ ਦੀ ਪੜਤਾਲ ਲਈ ਹੁਕਮ ਦਿੱਤੇ ਹੋਏ ਹਨ।


## ਸਵੈ-ਰੁਜ਼ਗਾਰ ਵਾਲੀ ਪੰਜ ਸਾਲ ਦੀ ਲੰਮੀ ਛੁੱਟੀ ਲੈ ਕੇ ਗਏ ਸਨ ਵਿਦੇਸ਼

# ਪੰਜਾਬ ਸਰਕਾਰ ਦੇ ਬੜਾ ਰਾਸ ਆਇਆ ਭੌਂ ਪ੍ਰਾਪਤੀ ਆਰਡੀਨੈਂਸ

**ਚੰਡੀਗੜ੍ਹ:** ਕੇਂਦਰ ਸਰਕਾਰ ਵਲੋਂ ਜਾਰੀ ਕੀਤੇ 'ਭੌਂ ਪ੍ਰਾਪਤੀ ਆਰਡੀਨੈਂਸ' ਨੇ ਪੰਜਾਬ ਵਿਚ ਸਨਅਤਾਂ ਲਾਉਣ ਲਈ ਸਸਤੇ ਭਾਅ 'ਤੇ ਜ਼ਮੀਨਾਂ ਹਾਸਲ ਕਰਨ ਵਾਲੇ ਪੂੰਜੀਪਤੀਆਂ ਤੇ ਸੂਬਾ ਸਰਕਾਰ ਨੂੰ ਵੱਡੀ ਰਾਹਤ ਦਿੱਤੀ ਹੈ।

ਪਿਛਲੇ ਅੱਠ ਸਾਲਾਂ ਦੇ ਸਮੇਂ ਦੌਰਾਨ ਪੰਜਾਬ ਸਰਕਾਰ ਵਲੋਂ ਨਿੱਜੀ ਤੇ ਸਰਕਾਰੀ ਖੇਤਰ ਲਈ ਬਹੁਤ ਸਾਰੀ ਜ਼ਮੀਨ ਐਕੁਆਇਰ ਕੀਤੀ ਗਈ। ਇਨ੍ਹਾਂ ਵਿਚ ਕਈ ਜ਼ਮੀਨਾਂ 'ਤੇ ਅਜੇ ਤੱਕ ਪ੍ਰਾਜੈਕਟਾਂ ਦੀ ਕੋਈ ਸ਼ੁਰੂਆਤ ਨਹੀਂ ਹੋਈ। ਪੰਜਾਬ ਵਿਚ ਲੰਮਾ ਸਮਾਂ ਵਿਵਾਦਾਂ ਵਿਚ ਰਹਿਣ ਵਾਲੇ ਅਜਿਹੇ ਦੋ ਪ੍ਰਾਜੈਕਟ ਮੰਨੇ ਜਾ ਰਹੇ ਹਨ। ਇਨ੍ਹਾਂ ਵਿਚ ਬਰਨਾਲਾ ਜ਼ਿਲ੍ਹੇ ਵਿਚ ਟਰਾਈਡੈਂਟ ਗਰੁਪ ਦੀ ਪ੍ਰਸਤਾਵਿਤ ਖੰਡ ਮਿੱਲ ਤੇ ਮਾਨਸਾ ਜ਼ਿਲ੍ਹੇ ਦੇ ਪਿੰਡ ਗੋਬਿੰਦਪੁਰਾ ਵਿਚ ਪਿਓਨਾ ਕੰਪਨੀ ਦਾ ਥਰਮਲ ਪਲਾਂਟ ਸ਼ਾਮਲ ਹਨ।

ਪੰਜਾਬ ਸਰਕਾਰ ਨੇ ਟਰਾਈਡੈਂਟ ਨੂੰ ਸਾਲ 2006 ਵਿਚ 376 ਏਕੜ ਜ਼ਮੀਨ ਐਕੁਆਇਰ ਕਰਕੇ ਦਿੱਤੀ ਸੀ। ਇਸ ਜ਼ਮੀਨ 'ਤੇ ਅਜਿਹਾ ਕੋਈ ਪ੍ਰਾਜੈਕਟ ਨਹੀਂ ਲਾਇਆ ਗਿਆ ਜਿਸ ਲਈ ਜ਼ਮੀਨ ਐਕੁਆਇਰ ਕੀਤੀ ਗਈ ਸੀ। ਇਹ ਜ਼ਮੀਨ ਪਿੰਡ ਫਤਿਹਗੜ੍ਹ ਛੰਨਾ ਤੇ ਧੌਲਾ (ਬਰਨਾਲਾ) ਦੇ ਕਿਸਾਨਾਂ ਦੀ ਸੀ। ਕੇਂਦਰ ਸਰਕਾਰ ਵਲੋਂ ਸੋਧੇ ਗਏ ਭੌਂ ਪ੍ਰਾਪਤੀ ਕਾਨੂੰਨ ਦੇ ਜਾਰੀ ਕੀਤੇ ਆਰਡੀਨੈਂਸ ਮੁਤਾਬਕ ਜ਼ਮੀਨਾਂ ਹਾਸਲ ਕਰਨ ਤੋਂ ਬਾਅਦ ਸਨਅਤਾਂ ਨਾ ਲਗਾਉਣ ਵਾਲੇ ਪੂੰਜੀਪਤੀ ਜੇਕਰ ਜ਼ਮੀਨ ਐਕੁਆਇਰ ਹੋਣ ਤੋਂ ਬਾਅਦ ਪ੍ਰਾਜੈਕਟ ਨਹੀਂ ਲਾਉਂਦੇ ਤਦ ਵੀ ਜ਼ਮੀਨ ਦੀ ਮਾਲਕੀ ਰਹੇਗੀ, ਜਦੋਂਕਿ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵਲੋਂ ਬਣਾਏ ਕਾਨੂੰਨ ਮੁਤਾਬਕ ਜੇਕਰ ਜ਼ਮੀਨ ਐਕੁਆਇਰ ਹੋਣ ਤੋਂ ਪੰਜ ਸਾਲ ਅੰਦਰ ਉਦਯੋਗ ਨਹੀਂ ਲੱਗਦਾ ਤਾਂ ਸਬੰਧਤ ਜ਼ਮੀਨ ਕਿਸਾਨ ਨੂੰ ਵਾਪਸ ਕਰਨੀ ਪੈ ਸਕਦੀ ਸੀ। ਮੋਦੀ ਸਰਕਾਰ ਵਲੋਂ ਇਹ ਮਦ ਹਟਾ ਦਿੱਤੀ ਗਈ ਹੈ। ਉਦਯੋਗਪਤੀਆਂ ਵਲੋਂ ਜਦੋਂ ਕੋਈ ਪ੍ਰਾਜੈਕਟ ਨਾ ਲਗਾਇਆ ਗਿਆ ਤਾਂ ਇਹ ਜ਼ਮੀਨ ਵਾਪਸ ਲੈਣ ਲਈ ਕਿਸਾਨ ਨੇ ਲੈਂਡ ਐਕੁਈਜ਼ੀਸ਼ਨ ਕਮਿਸ਼ਨਰ (ਉਦਯੋਗ) ਵਿਭਾਗ ਦੀ ਅਦਾਲਤ ਵਿਚ ਕੇਸ ਵੀ ਦਾਇਰ ਕੀਤਾ ਹੋਇਆ ਹੈ। ਸਰਕਾਰ ਵਲੋਂ ਸਾਲ 2010 ਵਿਚ ਪਿਓਨਾ ਕੰਪਨੀ ਮਾਨਸਾ ਜ਼ਿਲ੍ਹੇ ਦੇ ਪਿੰਡ ਗੋਬਿੰਦਪੁਰਾ ਵਿਚ ਥਰਮਲ ਪਲਾਂਟ ਲਾਉਣ ਲਈ ਜ਼ਮੀਨ 800 ਏਕੜ ਦੇ ਕਰੀਬ ਜ਼ਮੀਨ ਐਕੁਆਇਰ ਕੀਤੀ ਗਈ ਸੀ। ਇਸ ਜ਼ਮੀਨ 'ਤੇ ਵੀ ਥਰਮਲ ਪਲਾਂਟ ਲੱਗਣਾ ਤਾਂ ਦੂਰ, ਇਸ ਦੀ ਕੋਈ ਤਿਆਰੀ ਵੀ ਨਹੀਂ ਹੋਈ।



ਥਰਮਲ ਲਗਾਉਣ ਦੀ ਥਾਂ ਕੰਪਨੀ ਵਲੋਂ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਇਸ ਜ਼ਮੀਨ 'ਤੇ ਬਦਲਵੀਂ ਸਨਅਤ ਲਗਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ। ਲੈਂਡ ਐਕੁਈਜ਼ੀਸ਼ਨ ਐਕਟ ਮੁਤਾਬਕ ਜਿਸ ਪ੍ਰਾਜੈਕਟ ਲਈ ਜ਼ਮੀਨ ਹਾਸਲ ਕੀਤੀ ਹੋਵੇ ਉਹੋ ਪ੍ਰਾਜੈਕਟ ਹੀ ਲਗਾਇਆ ਜਾ ਸਕਦਾ ਹੈ।

ਪੰਜ ਸਾਲ ਦੇ ਸਮੇਂ ਤੱਕ ਵੀ ਪ੍ਰਾਜੈਕਟ ਨਾ ਲੱਗਣ ਕਾਰਨ ਯੂ.ਪੀ.ਏ. ਸਰਕਾਰ ਵਲੋਂ ਲਿਆਂਦੇ ਕਾਨੂੰਨ ਕਾਰਨ ਇਨ੍ਹਾਂ ਸਨਅਤੀ ਘਰਾਣਿਆਂ ਵਲੋਂ ਐਕੁਆਇਰ ਕੀਤੀਆਂ ਜ਼ਮੀਨਾਂ ਵਾਪਸ ਕਿਸਾਨਾਂ ਨੂੰ ਮਿਲਣ ਦੀ ਸੰਭਾਵਨਾ ਬਣ ਗਈ ਸੀ। ਮੋਦੀ ਸਰਕਾਰ ਵਲੋਂ ਕੀਤੀ ਸੋਧ ਨੇ ਇਨ੍ਹਾਂ ਘਰਾਣਿਆਂ ਨੂੰ ਵੱਡੀ ਰਾਹਤ ਦਿੱਤੀ ਹੈ। ਪੰਜਾਬ ਸਰਕਾਰ ਵਲੋਂ ਉਕਤ ਦੋਹਾਂ ਪ੍ਰਾਜੈਕਟਾਂ ਲਈ ਜਦੋਂ ਜ਼ਮੀਨ ਐਕੁਆਇਰ ਕੀਤੀ ਗਈ ਸੀ ਤਾਂ ਕਿਸਾਨਾਂ ਦੇ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨਾ ਪਿਆ। ਜ਼ਮੀਨੀ ਸੰਘਰਸ਼ ਦੌਰਾਨ ਕਈ ਕਿਸਾਨਾਂ ਦੀ ਮੌਤ ਹੋਈ, ਅਣਗਿਣਤ ਜ਼ਖ਼ਮੀ ਹੋਏ ਤੇ ਮਹਿਲਾਵਾਂ ਤੱਕ ਨੂੰ ਪੁਲਿਸ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਸੀ। ਪੰਜਾਬ ਸਰਕਾਰ ਵਲੋਂ ਵੀ ਕਈ ਪ੍ਰਾਜੈਕਟਾਂ ਲਈ ਜ਼ਮੀਨਾਂ ਹਾਸਲ ਕੀਤੀਆਂ ਗਈਆਂ ਹਨ। ਇਨ੍ਹਾਂ ਜ਼ਮੀਨਾਂ 'ਤੇ ਵੀ ਕੋਈ ਪ੍ਰਾਜੈਕਟ ਨਹੀਂ ਲੱਗ ਸਕਿਆ। ਪੰਜਾਬ ਵਿਚ ਤਕਰੀਬਨ ਸਾਰੀ ਜ਼ਮੀਨ ਹੀ ਉਪਜਾਊ ਹੋਣ ਕਾਰਨ ਸਨਅਤਾਂ ਲਈ ਜ਼ਮੀਨ ਹਾਸਲ ਕਰਨੀ ਕਠਿਨ ਕਾਰਜ ਹੁੰਦਾ ਹੈ।

## 'ਆਰਡੀਨੈਂਸ ਦੀਆਂ ਕੁਝ ਮੱਦਾਂ ਕਿਸਾਨ-ਵਿਰੋਧੀ'

ਪੰਜਾਬ ਦੇ ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵਲੋਂ ਜਾਰੀ ਕੀਤੇ ਭੌਂ ਪ੍ਰਾਪਤੀ ਆਰਡੀਨੈਂਸ ਵਿਚ ਕਈ ਅਜਿਹੀਆਂ ਮੱਦਾਂ ਹਨ ਜੋ ਕਿਸਾਨ ਵਿਰੋਧੀ ਹਨ। ਇਸ ਲਈ ਇਸ ਆਰਡੀਨੈਂਸ ਦੇ ਮੁੱਦੇ ਨੂੰ ਪਾਰਟੀ ਦੀ ਕੋਰ ਕਮੇਟੀ ਵਿਚ ਵਿਚਾਰਿਆ ਜਾਵੇਗਾ।



ਸ. ਤੋਤਾ ਸਿੰਘ ਨੇ ਕਿਹਾ ਕਿ ਐਕੁਆਇਰ ਕਰਨ ਲਈ ਜ਼ਮੀਨ ਦਾ ਭਾਅ ਵਧਣਾ ਚਾਹੀਦਾ ਹੈ ਤੇ ਸਨਅਤਾਂ ਲਗਾਉਣ ਲਈ ਸਮਾਂ ਨਿਰਧਾਰਤ ਕਰਨਾ ਚਾਹੀਦਾ ਹੈ। ਜੇਕਰ ਸਨਅਤ ਨਹੀਂ ਲਗਦੀ ਤਾਂ ਜ਼ਮੀਨ ਕਿਸਾਨ ਨੂੰ ਵਾਪਸ ਹੋਵੇ





# ਟਰੱਕਾਂ ਦੀ ਜ਼ਰੂਰਤ ਹੈ

## 2005, 2006 ਅਤੇ 2007 ਮਾਡਲ ਦੇ ਵਧੀਆ ਹਾਲਤ ਵਿਚ ਚਲਦੇ ਟਰੱਕ ਵੇਚਣ ਦੇ ਚਾਹਵਾਨ ਸੱਜਣ ਸੰਪਰਕ ਕਰਨ

ਵਧੀਆ ਭਾਅ ਦੇਵਾਂਗੇ
ਨਕਦ ਅਦਾਇਗੀ ਕਰਾਂਗੇ

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ: 815-410-0000**

E-mail: ontime14@yahoo.com



# ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour

**All major and minor repairs.**

ਤਸੱਲੀਬਖਸ਼ ਕੰਮ
ਵਾਜਬ ਰੇਟ

*Free Parking*





ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਏ.ਆਰ. ਰਹਿਮਾਨ ਦੀ ਗਾਮ ਕਹਾਣੀ

## ਸੂਫੀਵਾਦ ਤੇ ਸੁਰਾਂ ਦੀ ਥੱਈਆ ਥੱਈਆ



ਕਲਾ ਪਰਿਕਰਮਾ

ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਸੰਸਾਰ ਭਰ ਵਿਚ ਮਸ਼ਹੂਰੀ ਖੱਟਣ ਵਾਲੇ ਸੰਗੀਤਕਾਰ ਏ.ਆਰ. ਰਹਿਮਾਨ ਦਾ ਅਸਲ ਨਾਮ ਆਰ.ਐਸ. ਦਿਲੀਪ ਕੁਮਾਰ ਹੈ। ਉਹ ਦਿਲੀਪ ਕੁਮਾਰ ਤੋਂ ਏ.ਆਰ. ਰਹਿਮਾਨ (ਅੱਲਾ ਰੱਖਾ ਰਹਿਮਾਨ) ਕਿਸ ਤਰ੍ਹਾਂ ਬਣਿਆ, ਇਸ ਬਾਰੇ ਖੁਲਾਸਾ ਉਸ ਨੇ 'ਏ.ਆਰ. ਰਹਿਮਾਨ: ਦਿ ਸਪਿਰਟ ਆਫ਼ ਮਿਊਜਿਕ' ਨਾਂ ਦੀ ਕਿਤਾਬ ਵਿਚ ਕੀਤਾ ਹੈ। ਇਹ ਕਿਤਾਬ ਨਸਰੀਨ ਮੁੰਨੀ ਕਬੀਰ ਨੇ ਤਿਆਰ ਕੀਤੀ ਹੈ। ਇਸ ਕਿਤਾਬ ਵਿਚ ਏ.ਆਰ. ਰਹਿਮਾਨ ਦੀ ਜ਼ਿੰਦਗੀ ਅਤੇ ਸੰਗੀਤ ਦੇ ਪੈਂਡੇ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। ਅਸਲ ਵਿਚ ਉਦੋਂ ਉਹ ਛੋਟਾ ਜਿਹਾ ਹੀ ਸੀ ਕਿ ਉਸ ਦੇ ਪਿਤਾ ਦੀ ਮੌਤ ਹੋ ਗਈ। ਚਾਰ ਬੱਚਿਆਂ ਦਾ ਬੋਝ ਉਸ ਦੀ ਮਾਂ ਉਤੇ ਪੈ ਗਿਆ। ਉਸ ਦੀ ਮਾਂ ਬਹੁਤ ਧਾਰਮਿਕ ਖਿਆਲਾਂ ਵਾਲੀ ਔਰਤ ਸੀ ਅਤੇ ਇਕ ਦਿਨ ਉਹ ਸੂਫ਼ੀ ਸੰਤ ਕਰੀਮਉਲਾ ਸ਼ਾਹ ਕਾਦਰੀ ਨੂੰ ਮਿਲੀ। ਬਾਅਦ ਵਿਚ ਇਹ ਮੇਲ ਇੰਨਾ ਪੀਡਾ ਹੋ ਗਿਆ ਕਿ ਏ.ਐਸ. ਦਿਲੀਪ ਕੁਮਾਰ ਦਾ ਨਾਂ ਅੱਲਾ ਰੱਖਾ ਰਹਿਮਾਨ ਹੋ ਗਿਆ। ਸੂਫ਼ੀਵਾਦ ਨਾਲ ਜੁੜ ਕੇ ਰਹਿਮਾਨ ਦੇ ਜ਼ਹਿਨ ਵਿਚ ਬਰਾਬਰੀ ਦਾ ਸੂਤਰ ਬਹੁਤ ਡੂੰਘਾ ਬੈਠ ਗਿਆ। ਉਸ ਦੇ ਮਨ ਵਿਚ ਵਾਰ-ਵਾਰ ਇਹੀ ਉਬਾਲ ਉਠਦਾ ਕਿ ਜਦੋਂ ਮੀਂਹ ਤੇ ਸੂਰਜ ਕਦੀ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦੇ, ਕਾਦਰ ਦੀ ਇਹ ਕੁਦਰਤ ਸਭ ਨਾਲ ਬਰਾਬਰ ਦਾ ਵਿਹਾਰ ਕਰਦੀ ਹੈ ਤਾਂ ਮਨੁੱਖ, ਮਨੁੱਖ ਨਾਲ ਵਿਤਕਰਾ, ਤੇਰ-ਮੇਰ ਕਿਉਂ ਕਰਦਾ ਹੈ?



ਏ.ਆਰ. ਰਹਿਮਾਨ ਖੁਲਾਸਾ ਕਰਦਾ ਹੈ ਕਿ ਸੂਫੀ ਸੰਤ ਕਰੀਮਉਲਾ ਕਾਦਰੀ ਨੇ ਉਨ੍ਹਾਂ ਨੂੰ ਕਦੀ ਇਸਲਾਮ ਧਾਰਨ ਕਰਨ ਲਈ ਨਹੀਂ ਆਖਿਆ। ਉਹ ਅਤੇ ਉਸ ਦਾ ਪਰਿਵਾਰ ਤਾਂ ਆਪ ਹੀ ਸੂਫ਼ੀਵਾਦ ਵੱਲ ਖਿੱਚੀਂਦੇ ਚਲੇ ਗਏ ਸਨ। ਅਸਲ ਵਿਚ ਏ.ਆਰ. ਰਹਿਮਾਨ ਨੂੰ ਆਪਣਾ ਨਾਂ ਦਿਲੀਪ ਕੁਮਾਰ ਵੀ ਬਹੁਤਾ ਚੰਗਾ ਨਹੀਂ ਸੀ ਲਗਦਾ। ਉਹ ਦੱਸਦਾ ਹੈ ਕਿ ਉਸ ਦਾ ਨਵਾਂ ਨਾਂ ਇਕ ਹਿੰਦੂ ਜੋਤਸ਼ੀ ਨੇ ਹੀ ਰੱਖਿਆ ਸੀ।

ਏ.ਆਰ. ਰਹਿਮਾਨ ਦਾ ਜਨਮ 6 ਜਨਵਰੀ 1967 ਨੂੰ ਤਾਮਿਲਨਾਡੂ ਵਿਚ ਹੋਇਆ ਸੀ। ਉਸ ਦਾ ਪਿਤਾ ਆਰ.ਕੇ. ਸ਼ੇਖਰ ਤਾਮਿਲ ਅਤੇ ਮਲਿਆਲਮ ਫਿਲਮਾਂ ਲਈ ਮਿਊਜ਼ਿਕ ਦਾ ਪ੍ਰਬੰਧ ਕਰਦਾ ਹੁੰਦਾ ਸੀ। ਰਹਿਮਾਨ ਸਟੂਡੀਊ ਵਿਚ ਆਪਣੇ ਪਿਤਾ ਦੀ ਮਦਦ ਕਰਦਾ, ਕੀ-ਬੋਰਡ 'ਤੇ ਹੱਥ ਚਲਾਉਂਦਾ ਹੁੰਦਾ ਸੀ। ਪਿਤਾ ਦੀ ਮੌਤ ਵੇਲੇ ਉਹ ਸਿਰਫ 9 ਵਰ੍ਹਿਆਂ ਦਾ ਸੀ। ਇਸ ਤੋਂ ਬਾਅਦ ਉਸ ਨੇ ਮਾਸਟਰ ਧਨਰਾਜ ਤੋਂ ਸੰਗੀਤ ਦੀ ਸਿੱਖਿਆ ਲੈਣ ਸ਼ੁਰੂ ਕੀਤੀ। 11 ਵਰ੍ਹਿਆਂ ਦਾ ਹੋਇਆ ਤਾਂ ਉਹ ਆਪਣੇ ਪਿਤਾ ਦੇ ਗੂੜ੍ਹੇ ਮਿੱਤਰ ਐਮ.ਕੇ. ਅਰਜੁਨਨ ਦੇ ਆਰਕੈਸਟਰਾ ਵਿਚ ਕੰਮ ਕਰਨ ਲੱਗ ਪਿਆ। ਛੇਤੀ ਹੀ ਉਸ ਨੂੰ ਐਮ.ਐਸ. ਵਿਸ਼ਵਾਨਾਥਨ, ਇਲੀਆ ਰਾਜਾ, ਰਮੇਸ਼ ਨਾਇਡੂ, ਰਾਜ ਕੋਟੀ, ਜ਼ਾਕਿਰ ਹੁਸੈਨ ਅਤੇ ਐਲ. ਸ਼ੰਕਰ ਵਰਗੇ ਨਾਮੀ ਸੰਗੀਤਕਾਰਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ।


ਆਪਣੀ ਮਿਹਨਤ ਸਦਕਾ ਏ.ਆਰ. ਰਹਿਮਾਨ ਕਾਰਨਾਟਿਕ ਸੰਗੀਤ, ਪੱਛਮੀ ਤੇ ਹਿੰਦੁਸਤਾਨੀ ਸੰਗੀਤ ਅਤੇ ਕੱਵਾਲੀ ਆਦਿ ਵੰਨਗੀਆਂ ਵਿਚ ਖੂਬ ਮਾਹਿਰ ਹੋ ਗਿਆ। ਇਨ੍ਹਾਂ ਸਾਰੀਆਂ ਸੰਗੀਤ ਵੰਨਗੀਆਂ ਦੇ ਸੁਮੇਲ ਤੋਂ ਉਸ ਨੇ ਜਿਸ ਤਰ੍ਹਾਂ ਦਾ ਤਜਰਬਾ ਸੰਗੀਤ ਦੀ ਦੁਨੀਆਂ ਵਿਚ ਕੀਤਾ, ਉਹ ਨਿਵੇਕਲਾ ਅਤੇ ਨਿਆਰਾ ਹੋ ਨਿਬੜਿਆ। 1992 ਵਿਚ ਫਿਲਮ 'ਰੋਜ਼ਾ' ਦੇ ਸੰਗੀਤ ਨੇ ਸਭ ਨੂੰ ਦੰਗ ਕਰ ਦਿੱਤਾ। ਉਸ ਦੀ ਮਸ਼ਹੂਰੀ ਅਤੇ ਮਾਨਤਾ ਇੰਨੀ ਦੂਰ-ਦੂਰ ਤੱਕ ਫੈਲ ਗਈ ਕਿ ਉਸ ਨੂੰ 'ਮਦਰਾਸ ਦਾ ਮੌਜ਼ਾਰਟ' ਆਖਿਆ ਜਾਣ ਲੱਗਾ। ਉਸ ਨੇ ਸੰਸਾਰ ਪੱਧਰ ਉਤੇ ਵੀ ਮਸ਼ਹੂਰੀ ਖੱਟੀ ਅਤੇ ਆਸਕਰ ਵਰਗਾ ਚੋਟੀ ਦਾ ਇਨਾਮ ਵੀ ਹਾਸਲ ਕਰ ਲਿਆ।

ਇਹ ਸ਼ਾਇਦ ਕਾਦਰੀ ਸੂਫ਼ੀਵਾਦ ਦਾ ਹੀ ਤਲਿੱਸਮ ਸੀ ਕਿ ਏ.ਆਰ. ਰਹਿਮਾਨ ਇੰਨੀਆਂ ਬੁਲੰਦੀਆਂ ਛੋਹਣ ਤੋਂ ਬਾਅਦ ਵੀ ਧਰਤੀ ਉਤੇ ਹੀ ਰਿਹਾ ਅਤੇ ਉਸ ਦਾ ਮਿਜਾਜ਼ ਉਕਾ ਨਹੀਂ ਵਿਗੜਿਆ। ਉਹ ਅੱਜ ਵੀ ਆਮ ਬੰਦਿਆਂ ਵਾਂਗ ਵਿਚਰਦਾ ਹੈ ਅਤੇ ਉਸ ਦੇ ਪੈਰ ਸਦਾ ਹੀ ਧਰਤੀ ਉਤੇ ਰਹਿੰਦੇ ਹਨ। ਉਹ ਆਖਦਾ ਹੈ ਕਿ ਉਸ ਨੂੰ ਆਪਣਾ ਬਚਪਨ ਇਕ ਪਲ ਲਈ ਵੀ ਨਹੀਂ ਭੁੱਲਦਾ ਜਦੋਂ ਉਨ੍ਹਾਂ ਦੇ ਪਰਿਵਾਰ ਉਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ ਸੀ। ਉਹ ਆਪਣੀ ਮਾਂ ਨੂੰ ਬਹੁਤ ਯਾਦ ਕਰਦਾ ਹੈ ਅਤੇ ਕਹਿੰਦਾ ਹੈ ਕਿ ਮਾਂ ਤੋਂ ਬਗੈਰ ਉਹ ਇੰਨੀ ਉਚੀ ਉਡਾਰੀ ਨਹੀਂ ਸੀ ਮਾਰ ਸਕਦਾ। ਅੱਜ ਵੀ ਉਹ ਕਈ ਚੈਰਿਟੇਬਲ ਸੰਸਥਾਵਾਂ ਨਾਲ ਜੁੜਿਆ ਹੋਇਆ ਹੈ ਅਤੇ ਮੁਸੀਬਤਾਂ ਵਿਚ ਘਿਰੇ ਲੋਕਾਂ ਦੀ ਮਦਦ ਲਈ ਸਦਾ ਤਿਆਰ ਰਹਿੰਦਾ ਹੈ। ਉਸ ਨੇ ਸਾਇਰਾ ਬਾਨੋ ਨਾਲ ਵਿਆਹ ਕਰਵਾਇਆ ਅਤੇ ਇਸ ਜੋੜੀ ਦੇ ਘਰ ਖਤੀਜਾ, ਰਹੀਮਾ ਅਤੇ ਅਮੀਨ- ਤਿੰਨ ਬੱਚਿਆਂ ਨੇ ਜਨਮ ਲਿਆ। ਤਿੰਨਾਂ ਹੀ ਬੱਚਿਆਂ ਨੇ ਗਾਉਣਾ ਸ਼ੁਰੂ ਕਰ ਦਿੱਤਾ ਹੈ। ਰਹਿਮਾਨ ਦੀ ਭੈਣ ਫਾਤਿਮਾ ਵੀ ਸੰਗੀਤ ਨਾਲ ਹੀ ਜੁੜੀ ਹੋਈ ਹੈ।

*-ਜਗਸੀਰ ਸਿੰਘ ਸਹੋਤਾ*

## ਸੰਗੀਤ ਦੀ ਰੂਹ...ਪਿਆਰ

*ਸੰਗੀਤਕਾਰ ਏ.ਆਰ. ਰਹਿਮਾਨ ਜ਼ਿੰਦਗੀ ਵਿਚ ਪਿਆਰ ਨੂੰ ਬਹੁਤ ਮਹੱਤਵ ਦਿੰਦਾ ਹੈ। ਉਸ ਮੁਤਾਬਕ ਪਿਆਰ ਤੋਂ ਬਿਨਾਂ ਜ਼ਿੰਦਗੀ ਦਾ ਮਤਲਬ ਹੀ ਕੋਈ ਨਹੀਂ ਹੈ। ਉਹ ਦੱਸਦਾ ਹੈ, "ਜ਼ਿੰਦਗੀ ਵਿਚ ਬਹੁਤ ਵਾਰ ਨਫਰਤ ਅਤੇ ਪਿਆਰ ਵਿਚੋਂ ਕਿਸੇ ਇਕ ਨੂੰ ਚੁਣਨ ਦਾ ਇਤਫਾਕ ਹੋਇਆ, ਤੇ ਮੈਂ ਸਦਾ ਹੀ ਪਿਆਰ ਚੁਣਿਆ। ਪਿਆਰ ਦੀ ਇਸ ਲਗਾਤਾਰ ਚੋਣ ਕਰ ਕੇ ਹੀ ਮੈਂ ਅੱਜ ਕੁਝ ਹਾਂ। ਨਫਰਤ ਨੇ ਮੇਰੇ ਖੰਭ ਲੂਹ ਦੇਣੇ ਸਨ ਅਤੇ ਮੈਂ ਇਤਨੀ ਉਚੀ ਉਡਾਣ ਨਹੀਂ ਸੀ ਭਰ ਸਕਣੀ। ਇਸ ਉਡਾਣ ਵਿਚ ਮੇਰੇ ਨਾਲ ਮੇਰੀ ਪਿਆਰੀ ਮਾਂ ਵੀ ਸ਼ਾਮਲ ਹੈ ਜਿਸ ਨੇ ਮੈਨੂੰ ਪਿਆਰ ਦਾ ਮੁੱਢਲਾ ਸਬਕ ਸਿਖਾਇਆ।" ਇਸ ਬਾਰੇ ਖੁਲਾਸਾ ਕਿਤਾਬ 'ਏ.ਆਰ. ਰਹਿਮਾਨ: ਦਿ ਸਪਿਰਿਟ ਆਫ ਮਿਊਜ਼ਿਕ' ਵਿਚ ਥਾਂ-ਥਾਂ ਹੋਇਆ ਹੈ।*




*ਏ.ਆਰ.ਰਹਿਮਾਨ ਬਾਰੇ ਕਿਤਾਬ ਦਾ ਟਾਈਟਲ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 31 ਜਨਵਰੀ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-153




*ਇਓਂ ਵਿਗਿਆਨ ਨੇ ਲੁੱਟੀ ਦੁਨੀਆਂ, ਗੁਆਚ ਗਈਆਂ ਉਹ ਚੀਜਾਂ।*
*ਚਾਅਵਾਂ ਦੇ ਮੂੰਹ ਗੁਮ ਸੁਮ ਹੋ ਗਏ, ਉਦਾਸ ਹੋ ਗਈਆਂ ਰੀਝਾਂ।*
*ਦਿਹਾਤੀ ਪ੍ਰੋਗਰਾਮ 'ਚ ਹੁਣ ਨਾ ਕੋਈ ਮੰਡੀਆਂ ਦੇ ਭਾਅ ਬੋਲੇ।*
*ਰੇਡੀਓ ਉਤੋਂ ਠੰਡੂ ਰਾਮ ਅਤੇ ਭਾਈਆ ਹੋ ਗਏ ਓਹਲੇ।*

### ਕੈਪਸ਼ਨ ਮੁਕਾਬਲਾ-151



ਮਿੱਟੀ ਦੇ ਵਿਚ ਮੱਧ ਕੇ ਤੂੜੀ,
ਚੀਕਣੀ ਜਿਹੀ ਬਣਾ ਦੇਵੇ।
ਚੌਰਸ ਗੋਲ ਉਸਾਰ ਕੇ ਕੰਧਾਂ,
ਤੌੜੇ ਦਾ ਮੂੰਹ ਲਾ ਦੇਵੇ।
ਪਾਂਡੂ ਦਾ ਲਾ ਪੋਚਾ ਉਪਰ,
ਭੜੋਲੇ ਤਾਈਂ ਸਜਾ ਦੇਵੇ।
ਕੱਚੇ-ਪੱਕੇ ਰੰਗ ਘੋਲ ਕੇ,
ਘੁੱਗੀਆਂ ਮੋਰ ਬਣਾ ਦੇਵੇ।
ਇਸ ਕਲਾ ਦਾ ਮੁੱਲ ਨਾ ਕੋਈ,
ਜਾਨ ਮਿੱਟੀ ਵਿਚ ਪਾ ਦੇਵੇ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਅਣਾ)*
*ਫੋਨ: 91-98783-37222*

---

ਦਰਦਮੰਦਾਂ ਦੇ ਦਰਦੀਆ,
ਨੇੜੇ ਹੋ ਕੇ ਸੁਣ ਸਾਡੀ ਹੂਕ।
ਸਿਰ ਨੂੰ ਛੱਤ ਦੇਹ, ਤਨ ਲਈ ਕੱਪੜਾ,
ਕੱਢ ਸਾਡੀ ਗਰੀਬੀ ਦੀ ਵੀ ਫੂਕ।
ਨਵੇਂ ਸਿਆਪੇ ਜ਼ਿੰਦਗੀ ਦੇ,
ਨਿੱਤ ਜੀਣ ਕਰੀਏ ਆਹਾਰ।
'ਅਸੀਂ' ਕੀ ਤੇਰੇ ਮਾਂਹ ਮਾਰੇ ਨੇ,
ਜੋ ਸਾਨੂੰ ਇੰਜ ਕਰੇਂ ਖੁਆਰ।

*-ਸੇਵਾ ਸਿੰਘ ਨੂਰਪੁਰੀ*
*ਫੋਨ: 408-912-3438*

---

ਹੱਥੀਂ ਕਿਰਤ ਕਮਾਈਏ
ਨਾ ਕਿਸੇ ਅੱਗੇ ਹੱਥ ਅੱਡੀਏ ਜੀ।
ਕਰੀਏ ਕਰਮ, ਫਲ ਦੀ ਚਿੰਤਾ
ਰੱਬ ਸੱਚੇ 'ਤੇ ਛੱਡੀਏ ਜੀ।
ਦਿਲ ਦੇ ਰਾਜੇ ਅਸੀਂ ਕਹਾਈਏ
ਫਕੀਰ ਭਾਵੇਂ ਲੱਗੀਏ ਜੀ।
ਭਾਂਤ-ਸੁਭਾਂਤੇ ਪਕਵਾਨਾਂ ਦੀ ਥਾਂ
ਸਬਰ-ਸੰਤੋਖ ਨਾਲ ਰੱਜੀਏ ਜੀ।
ਵਿਚ ਰੁਝੇਵਿਆਂ ਸਾਰਾ ਦਿਨ
ਲੰਘ ਜਾਵੇ ਚੁੱਪ-ਚਪੀਤੇ।
ਮੰਗਣ ਨਾਲੋਂ ਕਿਰਤ ਚੰਗੀ
ਇਹੋ ਸਬਕ ਆਪਾਂ ਸਿੱਖੇ।

*-ਹਰਮੀਕ ਸਿੰਘ ਵਿੱਕੀ*
*ਸਟਾਕਟਨ, ਕੈਲੀਫੋਰਨੀਆ।*

### ਕੈਪਸ਼ਨ ਮੁਕਾਬਲਾ-150

ਲੋੜਾਂ ਥੋੜ੍ਹਾਂ ਦੇ ਝੰਬੇ ਪੰਜਾਬੀ,
ਘੱਤ ਵਹੀਰਾਂ ਪਰਦੇਸੀਂ ਆਈਆਂ।
ਬਾਲ ਰੱਤ ਦਾ ਤੇਲ, ਹੱਡਾਂ ਦਾ ਬਾਲਣ,
ਝਾਕਣ ਰਾਤਾਂ ਕਰਨ ਕਮਾਈਆਂ।
ਅੱਖਾਂ ਸੁਨਹਿਰੀ ਸੁਪਨੇ ਤੱਕਦੀਆਂ,
ਰੀਝਾਂ ਮਨ 'ਚ ਲੈਣ ਅੰਗੜਾਈਆਂ।
ਪਰ ਪੰਛੀਆਂ ਵਾਂਗੂੰ ਆਲ੍ਹਣਾ ਨਹੀਂ ਭੁੱਲੇ,
ਢਾਹ ਕੱਚੇ, ਵੱਡੀਆਂ ਕੋਠੀਆਂ ਪਾਈਆਂ।

*-ਸੇਵਾ ਸਿੰਘ ਨੂਰਪੁਰੀ*

**Punjab Times Ph: 847-359-0746**
*Fax:847-705-9388, e-mail:punjabtimes1@sbcglobal.net*

# ਰਾਜੋਆਣਾ ਦੀ ਪਟੀਸ਼ਨ 'ਤੇ ਨਜ਼ਰਸਾਨੀ ਦਾ ਹੁਕਮ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਤਰਸ ਦੇ ਆਧਾਰ 'ਤੇ ਘੱਟ ਕਰ ਕੇ ਉਮਰ ਕੈਦ ਵਿਚ ਤਬਦੀਲ ਕਰਨ ਦੀ



ਪਟੀਸ਼ਨ 'ਤੇ ਮੁੜ ਨਜ਼ਰਸਾਨੀ ਕਰਨ ਦਾ ਹੁਕਮ ਦਿੱਤਾ ਹੈ। ਬੱਬਰ ਖ਼ਾਲਸਾ ਇੰਟਰਨੈਸ਼ਨਲ ਨਾਲ ਸਬੰਧਤ ਬਲਵੰਤ ਸਿੰਘ, ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਦਾ ਮੁੱਖ ਦੋਸ਼ੀ ਹੈ। ਕੇਂਦਰੀ ਗ੍ਰਹਿ ਮੰਤਰੀ ਵਲੋਂ ਦਿੱਤੇ ਹੁਕਮ ਨਾਲ ਮੰਨਿਆ ਜਾ ਸਕਦਾ ਹੈ ਕਿ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਅਗਲੇ ਕੁਝ ਮਹੀਨਿਆਂ ਤੱਕ ਟਲ ਗਈ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁਲਕ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਸਜ਼ਾ ਪੂਰੀ ਕਰ ਚੁੱਕੇ 13 ਸਿੱਖ ਕੈਦੀਆਂ ਦੀ ਰਿਹਾਈ ਲਈ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਕੀਤੀ ਸੀ ਜਿਸ ਤੋਂ ਬਾਅਦ ਕੇਂਦਰੀ ਮੰਤਰੀ ਨੇ ਇਹ ਹੁਕਮ ਦਿੱਤਾ ਹੈ। ਬਲਵੰਤ ਸਿੰਘ ਰਾਜੋਆਣਾ ਨੇ ਆਪਣੀ ਮੌਤ ਦੀ ਸਜ਼ਾ ਨੂੰ ਤਰਸ ਦੇ ਆਧਾਰ 'ਤੇ ਘੱਟ ਕਰ ਕੇ ਉਮਰ ਕੈਦ ਵਿਚ ਤਬਦੀਲ ਕਰਨ ਦੀ ਪਟੀਸ਼ਨ ਨਹੀਂ ਪਾਈ ਪਰ ਪੰਜਾਬ ਸਰਕਾਰ ਨੇ ਇਹ ਮਾਮਲਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਕੋਲ ਚੁੱਕਿਆ ਸੀ। ਇਸ ਤੋਂ ਕੁਝ ਦਿਨਾਂ ਬਾਅਦ 2012 ਵਿਚ ਦਿੱਲੀ ਦੀ ਇਕ ਅਦਾਲਤ ਨੇ ਰਾਜੋਆਣਾ ਦੀ ਫਾਂਸੀ ਦੀ ਤਰੀਕ ਤੈਅ ਕਰ ਦਿੱਤੀ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਤੌਰ 'ਤੇ ਰਾਸ਼ਟਰਪਤੀ ਕੋਲ ਰਹਿਮ ਦੀ ਪਟੀਸ਼ਨ ਦਾਖਲ ਕੀਤੀ ਸੀ। ਪਿਛਲੀ ਯੂ.ਪੀ.ਏ. ਸਰਕਾਰ ਨੇ ਰਾਜੋਆਣਾ ਨੂੰ ਫਾਂਸੀ ਦੇਣ ਤੋਂ ਰੋਕ ਲਗਾ ਦਿੱਤੀ ਸੀ। ਇਸ ਤੋਂ ਬਾਅਦ ਰਾਸ਼ਟਰਪਤੀ ਨੇ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰਾਲੇ ਹਵਾਲੇ ਕਰ ਦਿੱਤਾ ਸੀ। ਕੇਂਦਰੀ ਗ੍ਰਹਿ ਮੰਤਰਾਲੇ ਨੇ ਚੰਡੀਗੜ੍ਹ ਦੇ ਪ੍ਰਸ਼ਾਸਕ ਕੋਲੋਂ ਇਸ ਮਾਮਲੇ ਬਾਰੇ ਟਿੱਪਣੀਆਂ ਮੰਗੀਆਂ ਸਨ।

# 'ਚਾਰ ਸਾਹਿਬਜ਼ਾਦੇ' ਨੂੰ ਸਰਬੋਤਮ ਐਨੀਮੇਸ਼ਨ ਫਿਲਮ ਪੁਰਸਕਾਰ

**ਮੁੰਬਈ:** ਹੈਰੀ ਬਵੇਜਾ ਵਲੋਂ ਬਣਾਈ ਗਈ ਬਲਾਕ ਬਸਟਰ ਫਿਲਮ 'ਚਾਰ ਸਾਹਿਬਜ਼ਾਦੇ' ਨੂੰ ਸਰਬੋਤਮ ਐਨੀਮੇਸ਼ਨ ਫਿਲਮ ਦਾ ਸਕਰੀਨ ਐਵਾਰਡ ਦਿੱਤਾ ਗਿਆ ਹੈ। ਇਸੇ ਤਰ੍ਹਾਂ ਜੋਤੀ ਤੇ ਸੁਲਤਾਨਾ ਨੂਰਾਂ (ਨੂਰਾਂ ਭੈਣਾਂ) ਨੂੰ 'ਹਾਈਵੇ' ਫਿਲਮ ਵਿਚ ਗਾਏ ਗਾਣੇ ਲਈ ਸਰਬੋਤਮ ਪਿੱਠਵਰਤੀ ਗਾਇਕਾ ਦਾ ਐਵਾਰਡ ਦਿੱਤਾ ਗਿਆ ਹੈ। ਫਿਲਮ ਅਭਿਨੇਤਾ ਸ਼ਾਹਿਦ ਕਪੂਰ ਤੇ ਅਭਿਨੇਤਰੀ ਪ੍ਰਿਯੰਕਾ ਚੋਪੜਾ ਨੂੰ 21ਵੇਂ ਲਾਈਫ ਓਕੇ ਸਕਰੀਨ ਐਵਾਰਡਜ਼ ਵਿਚ ਸਰਬੋਤਮ ਅਦਾਕਾਰ ਤੇ ਸਰਬੋਤਮ ਅਦਾਕਾਰਾ ਦਾ ਐਵਾਰਡ ਦਿੱਤਾ ਗਿਆ ਹੈ। ਸ਼ਾਹਿਦ ਨੂੰ ਫਿਲਮ 'ਹੈਦਰ' ਲਈ ਜਦਕਿ ਪ੍ਰਿਯੰਕਾ ਨੂੰ 'ਮੈਰੀ ਕਾਮ' ਲਈ ਸਨਮਾਨਤ ਕੀਤਾ ਗਿਆ।

ਸ਼ਾਹਰੁਖ ਖਾਨ ਨੂੰ 'ਹੈਪੀ ਨਿਊ ਯੀਅਰ' ਲਈ ਪੁਰਸ਼ਾਂ ਦੀ ਸ਼੍ਰੇਣੀ ਵਿਚ ਪਾਪੂਲਰ ਚਵਾਈਸ ਐਵਾਰਡ ਤੇ ਫਿਲਮ ਵਿਚ ਉਨ੍ਹਾਂ ਦੀ ਸਹਿ-ਕਲਾਕਾਰ ਦੀਪਿਕਾ ਪਾਦੂਕੋਨ ਨੂੰ ਔਰਤਾਂ ਦੀ ਸ਼੍ਰੇਣੀ




ਵਿਚ ਪਾਪੂਲਰ ਚਵਾਈਸ ਐਵਾਰਡ ਦਿੱਤਾ ਗਿਆ। ਸਮਾਗਮ ਵਿਚ ਹੇਮਾ ਮਾਲਿਨੀ, ਸਿਧਾਰਥ ਮਲਹੋਤਰਾ, ਆਲਿਆ ਭੱਟ, ਟਾਈਗਰ ਸ਼ਰਾਫ, ਕਾਜੋਲ, ਵਰੁਣ ਧਵਨ, ਸ਼ਾਹਿਦ ਕਪੂਰ, ਤੱਬੂ, ਅਰਬਾਜ਼ ਖਾਨ, ਮਲਾਇਕਾ ਅਰੋੜਾ ਖਾਨ ਤੇ ਹੋਰ ਪ੍ਰਸਿੱਧ ਫਿਲਮੀ ਹਸਤੀਆਂ ਨੇ ਸ਼ਮੂਲੀਅਤ ਕੀਤੀ। ਹੇਮਾ ਮਾਲਿਨੀ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਦਿੱਤਾ ਗਿਆ।

ਉਨ੍ਹਾਂ ਨੂੰ ਇਹ ਸਨਮਾਨ ਸਲਮਾਨ ਖਾਨ ਨੇ ਦਿੱਤਾ। ਟਾਈਗਰ ਸ਼ਰਾਫ ਨੂੰ ਫਿਲਮ 'ਹੀਰੋਪੰਤੀ', ਲਈ 'ਬੈਸਟ ਪ੍ਰਫਾਰਮਿੰਗ ਨਿਊਕਮਰ ਮੇਲ' ਤੇ ਅਦਾਕਾਰਾ ਪਤਰ ਲੇਖਾ ਨੂੰ ਫਿਲਮ 'ਸਿਟੀਲਾਈਟਸ' ਲਈ ਬੈਸਟ ਨਿਊਕਮਰ ਫੀਮੇਲ ਐਵਾਰਡ ਦਿੱਤਾ ਗਿਆ। ਕੰਗਨਾ ਰਨੌਤ ਦੀ ਫਿਲਮ 'ਕੁਈਨ' ਨੂੰ ਸਰਬੋਤਮ ਫਿਲਮ ਤੇ ਫਿਲਮ ਦੇ ਨਿਰਦੇਸ਼ਕ ਵਿਕਾਸ ਬਹਿਲ ਨੂੰ ਸਰਬੋਤਮ ਨਿਰਦੇਸ਼ਕ ਦਾ ਪੁਰਸਕਾਰ ਮਿਲਿਆ।

# ਸਿੱਖ ਵਕੀਲ ਨੂੰ ਧਾਰਮਿਕ ਭੇਦ-ਭਾਵ ਮਾਮਲੇ ਵਿਚ ਮੁਆਵਜ਼ਾ

**ਲੰਡਨ:** ਇਕ ਸਿੱਖ ਵਕੀਲ ਨੇ ਧਾਰਮਿਕ ਭੇਦ-ਭਾਵ ਦੇ ਮਾਮਲੇ ਵਿਚ ਨਿਆਂ ਮੰਤਰਾਲੇ ਵਿਰੁਧ ਮੁਆਵਜ਼ਾ ਜਿਤਿਆ ਹੈ। ਵਕੀਲ ਅਮਰੀਕ ਸਿੰਘ ਬਿਲਖੂ ਨੂੰ ਦੱਖਣ-ਪੂਰਬੀ ਲੰਡਨ ਦੀ ਇਕ ਜੇਲ੍ਹ ਵਿਚ ਇਸ ਲਈ ਨਹੀਂ ਵੜਨ ਦਿੱਤਾ ਗਿਆ ਕਿਉਂਕਿ ਉਸ ਨੇ ਆਪਣੀ ਦਸਤਾਰ ਵਿਚ ਪਿੰਨ ਲਾਏ ਹੋਏ ਸਨ। ਜੇਕਰ ਉਹ ਇਨ੍ਹਾਂ ਪਿੰਨਾਂ ਨੂੰ ਉਤਾਰਦਾ ਤਾਂ ਉਸ ਦੀ ਦਸਤਾਰ ਖੁੱਲ੍ਹ ਸਕਦੀ ਸੀ। ਵਕੀਲ ਸ. ਬਿਲਖੂ ਜੇਲ੍ਹ ਵਿਚ ਆਪਣੇ ਇਕ ਮੁਵੱਕਲ ਨੂੰ ਮਿਲਣ ਗਏ ਸਨ।

ਸ. ਬਿਲਖੂ ਨੇ ਦੱਸਿਆ ਕਿ ਉਹ ਇਸ ਘਟਨਾ ਤੋਂ ਪਹਿਲਾਂ ਵੀ ਕਈ ਵਾਰ ਜੇਲ੍ਹ ਵਿਚ ਆਪਣੇ ਮੁਵੱਕਲ ਨੂੰ ਮਿਲਣ ਜਾਂਦੇ ਰਹੇ ਸਨ ਪਰ ਕਦੇ ਕਿਸੇ ਨੇ ਨਹੀਂ ਰੋਕਿਆ ਸੀ। ਇਹ ਮਾਮਲਾ ਅਕਤੂਬਰ 2013 ਦਾ ਹੈ। ਸ. ਬਿਲਖੂ ਨੇ ਨਿਆਂ ਮੰਤਰਾਲੇ ਵਿਰੁਧ ਇਸ ਘਟਨਾ ਬਾਰੇ ਸ਼ਿਕਾਇਤ ਇਥੋਂ ਦੀ ਇਕ ਅਦਾਲਤ ਵਿਚ ਦਰਜ ਕਰਵਾਈ ਸੀ ਪਰ ਨਿਆਂ ਮੰਤਰਾਲੇ ਨੇ ਕੋਰਟ ਤੋਂ ਬਾਹਰ ਹੀ ਸ. ਬਿਲਖੂ ਨਾਲ ਰਜ਼ਾਮੰਦੀ ਕਰ ਲਈ ਤੇ ਮੁਆਵਜ਼ਾ ਦੇਣ ਲਈ ਤਿਆਰ ਹੋ ਗਿਆ। ਇਹ ਮਾਮਲਾ ਮਈ ਮਹੀਨੇ ਤੋਂ ਹੀ ਅਦਾਲਤ ਵਿਚ ਸੁਣਵਾਈ ਅਧੀਨ ਪਿਆ ਸੀ। ਸ. ਬਿਲਖੂ ਦੇ ਸਾਥੀ ਡਨਕੈਨ ਬੁਰਟਵੈਲ ਨੇ ਦੱਸਿਆ ਕਿ ਜੇਕਰ ਅਧਿਕਾਰੀਆਂ ਨੂੰ ਸ. ਬਿਲਖੂ ਦੇ ਜੇਲ੍ਹ ਵਿਚ ਵੜਨ 'ਤੇ ਕਿਸੇ ਕਿਸਮ ਦਾ ਇਤਰਾਜ਼ ਸੀ ਤਾਂ ਇਸ ਮਾਮਲੇ ਨੂੰ ਹੋਰ ਤਰੀਕੇ ਨਾਲ ਨਜਿਠਿਆ ਜਾ ਸਕਦਾ ਸੀ ਪਰ ਜੇਲ੍ਹ ਅਧਿਕਾਰੀਆਂ ਨੇ ਜੋ ਕਾਰਵਾਈ ਕੀਤੀ, ਉਹ ਨਿੰਦਣਯੋਗ ਹੈ।

# ਜੱਜ ਵੱਲ ਜੁੱਤੀ ਸੁੱਟਣ ਦੇ ਮਾਮਲੇ ਵਿਚ ਪੀਰ ਮੁਹੰਮਦ ਤਲਬ

**ਚੰਡੀਗੜ੍ਹ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੂੰ ਦਿੱਲੀ ਦੀ ਕੜਕੜਡੂੰਮਾ ਅਦਾਲਤ ਨੇ ਤਕਰੀਬਨ ਇਕ ਸਾਲ ਪੁਰਾਣੇ ਕੇਸ ਵਿਚ ਤਲਬ ਕਰ ਲਿਆ ਹੈ। ਇਹ ਮਾਮਲਾ ਇਸ ਸਿੱਖ ਆਗੂ ਵਲੋਂ 29 ਅਪਰੈਲ 2013 ਨੂੰ ਕੜਕੜਡੂੰਮਾ ਅਦਾਲਤ ਵਲੋਂ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮੁੱਖ ਮੁਲਜ਼ਮ ਤੇ ਸੀਨੀਅਰ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਦੇ ਫ਼ੈਸਲੇ 'ਤੇ ਕੀਤੇ ਪ੍ਰਤੀਕਰਮ ਨਾਲ ਸਬੰਧਤ ਹੈ।



ਸ. ਕਰਨੈਲ ਸਿੰਘ ਪੀਰ ਮੁਹੰਮਦ ਵੀ ਉਸ ਵੇਲੇ ਅਦਾਲਤ ਵਿਚ ਮੌਜੂਦ ਸਨ। ਜਿਉਂ ਹੀ ਸੱਜਣ ਕੁਮਾਰ ਨੂੰ ਬਰੀ ਕਰਨ ਦਾ ਫ਼ੈਸਲਾ ਸੁਣਾਇਆ ਗਿਆ ਤਾਂ ਉਕਤ ਸਿੱਖ ਆਗੂ ਵਲੋਂ ਭਰੀ ਅਦਾਲਤ ਵਿਚ ਰੋਸ ਦਾ ਪ੍ਰਗਟਾਵਾ ਕਰਦਿਆਂ ਜੱਜ ਰਜੇਸ਼ ਅਹੀਰ ਦੇ ਚੈਂਬਰ ਵੱਲ ਆਪਣੇ ਸੱਜੇ ਪੈਰ ਦਾ ਜੁੱਤਾ ਲਾਹ ਕੇ ਸੁੱਟ ਦਿੱਤਾ ਗਿਆ। ਜਿਸ ਤੋਂ ਤੁਰੰਤ ਬਾਅਦ ਦਿੱਲੀ ਪੁਲਿਸ ਨੇ ਪੀਰ ਮੁਹੰਮਦ ਨੂੰ ਗ੍ਰਿਫ਼ਤਾਰ ਕਰ ਕੇ ਧਾਰਾ 353 ਤਹਿਤ ਮੁਕੱਦਮਾ ਦਰਜ ਕਰ ਫਰਸ ਬਾਜ਼ਾਰ ਥਾਣੇ ਵਿਚ ਬੰਦ ਕਰ ਦਿੱਤਾ। ਇਕ ਦਿਨ ਤਿਹਾੜ ਜੇਲ੍ਹ ਵਿਚ ਰਹਿਣ ਤੋਂ ਬਾਅਦ ਨਵੰਬਰ 1984 ਸਿੱਖ ਨਸਲਕੁਸ਼ੀ ਦੀ ਗਵਾਹ ਬੀਬੀ ਨਿਰਪ੍ਰੀਤ ਕੌਰ ਤੇ ਬੀਬੀ ਜਗਦੀਸ਼ ਕੌਰ ਦੇ ਪੁੱਤਰ ਗੁਰਦੀਪ ਸਿੰਘ ਗੋਲਡੀ ਨੇ ਸ. ਕਰਨੈਲ ਸਿੰਘ ਪੀਰ ਮੁਹੰਮਦ ਦੀ ਜ਼ਮਾਨਤ ਦਿੱਤੀ।


Dhillon Truck Stop
Dhillon Road Service
Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ



24 ਘੰਟੇ ਖੁੱਲ੍ਹਾ

ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

ਕਹਾਣੀ ਇਉਂ ਤੁਰੀ-5



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com


# ਦਿੱਲੀ ਪੰਜਾਬੀ ਸਾਹਿਤ ਦਾ ਕੇਂਦਰ

***ਪੰਜਾਬੀ ਕਹਾਣੀ ਜਗਤ ਵਿਚ ਗੁਰਬਚਨ ਸਿੰਘ ਭੁੱਲਰ ਦਾ ਨਿਵੇਕਲਾ ਅਤੇ ਨਿਆਰਾ ਸਥਾਨ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ ਪੰਜਾਬ, ਖਾਸ ਕਰ ਕੇ ਮਾਲਵਾ ਖਿੱਤੇ ਦਾ ਰੰਗ ਪੂਰੇ ਜਲੌਅ ਅਤੇ ਸਿਦਕ ਨਾਲ ਪੇਸ਼ ਹੋਇਆ ਹੈ। ਆਪਣੀ ਪਹਿਲੀ ਹੀ ਕਹਾਣੀ 'ਰਾਤਾਂ ਕਾਲੀਆਂ' ਅਤੇ ਫਿਰ ਪਹਿਲੀ ਹੀ ਕਿਤਾਬ 'ਓਪਰਾ ਮਰਦ' ਨਾਲ ਉਨ੍ਹਾਂ ਪੰਜਾਬੀ ਸਾਹਿਤ ਜਗਤ ਦਾ ਧਿਆਨ ਵਾਹਵਾ ਖਿੱਚ ਲਿਆ ਸੀ, ਤੇ ਚੋਟੀ ਦੇ ਲੇਖਕਾਂ ਵਿਚ ਸ਼ੁਮਾਰ ਹੋ ਗਏ ਸਨ। ਹਾਲ ਹੀ ਵਿਚ ਉਨ੍ਹਾਂ ਦਾ ਪਲੇਠਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਪ੍ਰਕਾਸ਼ਤ ਹੋਇਆ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੀ ਲੰਮੀ ਲੇਖ ਲੜੀ 'ਕਹਾਣੀ ਇਉਂ ਤੁਰੀ' ਭੇਜੀ ਹੈ ਜਿਸ ਵਿਚ ਉਨ੍ਹਾਂ ਆਪਣੀ ਕਹਾਣੀ ਯਾਤਰਾ ਬਾਰੇ ਨਿੱਠ ਕੇ ਗੱਲਾਂ ਕੀਤੀਆਂ ਹਨ। ਉਂਜ, ਇਸ ਕਹਾਣੀ ਯਾਤਰਾ ਵਿਚ ਉਨ੍ਹਾਂ ਅਜਿਹਾ ਸਭਿਆਚਾਰਕ ਸਮਾਜਕ ਰੰਗ ਭਰਿਆ ਹੈ ਕਿ ਇਸ ਕਹਾਣੀ ਯਾਤਰਾ ਦੇ ਪਿਛੇ ਪੰਜਾਬ ਦੀਆਂ ਹੇਕਾਂ ਸੁਣਾਈ ਦਿੰਦੀਆਂ ਹਨ। ਇਹ ਦਿਲਚਸਪ ਲੇਖ ਲੜੀ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਐਤਕੀਂ ਉਨ੍ਹਾਂ ਦਿੱਲੀ ਦੀਆਂ ਕੁਝ ਹੋਰ ਹਸਤੀਆਂ ਬਾਰੇ ਗੱਲਾਂ ਛੇੜੀਆਂ ਹਨ। -ਸੰਪਾਦਕ***

ਸੋਹਨ ਸਿੰਘ ਜੋਸ਼ ਜੀ ਦਾ ਨਾਂ ਮੈਂ ਬਚਪਨ ਤੋਂ ਸਿਆਸੀ ਅਤੇ ਸਾਹਿਤਕ- ਦੋਵਾਂ ਖੇਤਰਾਂ ਵਿਚ ਸੁਣਦਾ ਆਇਆ ਸੀ। ਉਨ੍ਹਾਂ ਨਾਲ ਨੇੜਤਾ ਹੋ ਜਾਣ ਨੂੰ ਮੈਂ ਸੁਭਾਗ ਤੋਂ ਬਿਨਾਂ ਹੋਰ ਕਿਸੇ ਸ਼ਬਦ ਨਾਲ ਪਰਗਟ ਨਹੀਂ ਕਰ ਸਕਦਾ। ਉਹ ਸਾਡੇ ਇਤਿਹਾਸ ਦੇ ਛੇ ਦਹਾਕਿਆਂ ਦਾ ਸਾਕਾਰ ਰੂਪ ਸਨ। ਸੱਚੇ ਅਰਥਾਂ ਵਿਚ ਪ੍ਰਤੀਨਿਧ ਪੰਜਾਬੀ। ਇਕ ਵਾਰ ਪ੍ਰਸਿੱਧ ਹਿੰਦੀ ਲੇਖਕ ਨਾਗਾਰਜੁਨ ਨੇ ਕਿਹਾ ਸੀ, "ਮੈਂ ਪੰਜਾਬ ਤਾਂ ਪਹਿਲੀ ਵਾਰ ਆਇਆ ਹਾਂ, ਪਰ ਪੰਜਾਬ ਨੂੰ ਜਾਣਦਾ ਬੜੀ ਚੰਗੀ ਤਰ੍ਹਾਂ ਹਾਂ ਕਿਉਂਕਿ ਮੈਂ ਸੋਹਨ ਸਿੰਘ ਜੋਸ਼ ਨੂੰ ਜਾਣਦਾ ਹਾਂ!" ਕਲਮੀ ਖੇਤਰ ਵਿਚ ਉਹ ਪੰਜਾਬੀ ਪੱਤਰਕਾਰੀ ਦੇ ਪਿਤਾਮਾ ਸਨ ਅਤੇ ਕਵਿਤਾ, ਅਨੁਵਾਦ, ਯਾਤਰਾ, ਭਾਸ਼ਾ-ਵਿਗਿਆਨ, ਆਤਮ ਕਥਾ ਤੇ ਇਤਿਹਾਸ ਦੀਆਂ ਅਨੇਕ ਪੁਸਤਕਾਂ ਦੇ ਕਰਤਾ ਸਨ। ਉਨ੍ਹਾਂ ਨੇ ਵੱਡੀ ਗਿਣਤੀ ਵਿਚ ਖੋਜ-ਪੱਤਰ, ਆਲੋਚਨਾਤਮਕ ਲੇਖ, ਮੁੱਖ ਬੰਦ ਤੇ ਰੀਵਿਊ ਲਿਖੇ। ਉਹ ਸਾਹਿਤਕ ਗੋਸ਼ਟੀਆਂ ਤੇ ਸਭਾਵਾਂ ਵਿਚ ਉਤਸ਼ਾਹ ਨਾਲ ਹਿੱਸਾ ਲੈਂਦੇ।

ਸਿਆਸੀ ਖੇਤਰ ਵਿਚ ਉਨ੍ਹਾਂ ਦਾ ਕੱਦ ਸਰੀਰਕ ਕੱਦ ਵਾਂਗ ਬਹੁਤ ਵੱਡਾ ਸੀ। 1920 ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ। ਉਸ ਸਮੇਂ ਉਹ ਕੈਦ ਵਿਚ ਸਨ। ਰਿਹਾਈ ਮਗਰੋਂ ਮਾਰਚ 1923 ਵਿਚ ਉਨ੍ਹਾਂ ਨੂੰ ਕਮੇਟੀ ਦਾ ਮੈਂਬਰ ਅਤੇ ਦਲ ਦਾ ਜਨਰਲ ਸਕੱਤਰ ਚੁਣਿਆ ਗਿਆ।



*ਪੜ੍ਹਿਆ-ਲਿਖਿਆ ਗੁਆਂਢੀ ਬਲਵੰਤ ਗਾਰਗੀ।*


ਕਾਂਗਰਸ ਉਸ ਸਮੇਂ ਗਾਂਧੀਵਾਦੀ, ਗਰਮਖਿਆਲ, ਕਮਿਊਨਿਸਟ, ਅਕਾਲੀ, ਆਦਿ ਵੱਖ ਵੱਖ ਧਾਰਾਵਾਂ ਨੂੰ ਸਮੋ ਕੇ ਚੱਲ ਰਿਹਾ ਸਾਮਰਾਜ-ਵਿਰੋਧੀ ਅੰਦੋਲਨ ਸੀ। 1938 ਵਿਚ ਉਨ੍ਹਾਂ ਨੂੰ ਪੰਜਾਬ ਕਾਂਗਰਸ ਦਾ ਜਨਰਲ ਸਕੱਤਰ ਤੇ ਕੁੱਲ-ਹਿੰਦ ਕਾਂਗਰਸ ਕਮੇਟੀ ਦਾ ਮੈਂਬਰ ਥਾਪਿਆ ਗਿਆ। 1942 ਵਿਚ ਉਹ ਪੰਜਾਬ ਕਮਿਊਨਿਸਟ ਪਾਰਟੀ ਦੇ ਸਕੱਤਰ ਬਣੇ ਅਤੇ ਉਸ ਪਿੱਛੋਂ ਪਾਰਟੀ ਦੀਆਂ ਅਨੇਕ ਵੱਡੀਆਂ ਕੇਂਦਰੀ ਪਦਵੀਆਂ ਉਤੇ ਰਹੇ।

ਉਨ੍ਹਾਂ ਦੇ ਨੇੜੇ ਹੋ ਕੇ ਵਿਅਕਤੀ ਵਾਸਤੇ ਦੋ ਪ੍ਰਭਾਵ ਕਬੂਲਣੇ ਸੁਭਾਵਿਕ ਅਤੇ ਲਾਜ਼ਮੀ ਸਨ। ਉਸ ਸਮੇਂ ਉਨ੍ਹਾਂ ਦਾ ਭਰਵਾਂ ਦਾੜ੍ਹਾ ਉਨ੍ਹਾਂ ਦੀ ਪੱਗ ਵਾਂਗ ਸਫ਼ੈਦ ਹੋ ਚੁੱਕਿਆ ਸੀ। ਪਰ ਬਿਰਧ ਅਵਸਥਾ ਦੇ ਬਾਵਜੂਦ ਉਨ੍ਹਾਂ ਵਿਚ ਕੰਮ ਕਰਨ ਦੀ ਅਥਾਹ ਸਮਰੱਥਾ ਸੀ। ਮੈਂ ਜਦੋਂ ਵੀ ਜਾਂਦਾ, ਕਲਮ ਉਨ੍ਹਾਂ ਦੇ ਹੱਥ ਵਿਚ ਹੀ ਹੁੰਦੀ। ਦੂਜੇ, ਏਨੇ ਲੰਮੇ ਸਿਆਸੀ ਜੀਵਨ ਦੇ ਬਾਵਜੂਦ ਉਨ੍ਹਾਂ ਦਾ ਸਨਿਮਰ ਸੁਭਾਅ ਅਤੇ ਚਰਿਤਰ ਉਨ੍ਹਾਂ ਦੀ ਪੱਗ ਵਾਂਗ ਹੀ ਬੇਦਾਗ਼ ਸੀ।

ਕਰਤਾਰ ਸਿੰਘ ਦੁੱਗਲ ਮਸ਼ਹੂਰ ਤਾਂ ਗਲਪਕਾਰ ਵਜੋਂ ਹੋਏ, ਪਰ ਉਹ ਚੰਗੇ ਕਵੀ, ਨਾਟਕਕਾਰ, ਜੀਵਨੀਕਾਰ, ਆਦਿ ਵੀ ਸਨ। ਸਬੱਬ ਅਤੇ ਸੁਭਾਗ ਨਾਲ ਉਨ੍ਹਾਂ ਦੀ ਨੌਕਰੀ ਵੀ, ਪਹਿਲਾਂ ਰੇਡੀਓ ਤੇ ਫੇਰ ਨੈਸ਼ਨਲ ਬੁੱਕ ਟਰੱਸਟ ਦੇ ਅਧਿਕਾਰੀ ਵਜੋਂ ਅਤੇ ਅੰਤ ਨੂੰ ਭਾਰਤ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੇ ਸਲਾਹਕਾਰ ਵਜੋਂ, ਸ਼ਬਦ ਦੇ ਖੇਤਰ ਨਾਲ ਹੀ ਜੁੜੀ ਰਹੀ। ਉਹ ਪੱਕੇ ਨਿੱਤਨੇਮੀ ਸਨ। ਆਮ ਕਰਕੇ ਨਿੱਤਨੇਮੀ ਹਰ ਰੋਜ਼ ਪੂਜਾ-ਪਾਠ ਕਰਨ ਵਾਲੇ ਵਿਅਕਤੀ ਨੂੰ ਕਿਹਾ ਜਾਂਦਾ ਹੈ। ਉਹ ਦੋ ਵੇਲੇ ਗੁਰਬਾਣੀ ਦਾ ਪਾਠ ਤਾਂ ਕਰਦੇ ਹੀ, ਦੋ ਹੋਰ ਨੇਮ ਵੀ ਕਦੀ ਨਹੀਂ ਸਨ ਖੁੰਝਾਉਂਦੇ। ਇਕ ਸੀ ਲਿਖਣਾ ਤੇ ਦੂਜਾ ਸੈਰ ਨੂੰ ਜਾਣਾ। ਸਮੇਂ ਨੂੰ ਵਾਧੂ-ਵਿਹਲੀਆਂ ਗੱਲਾਂ 'ਚ ਅਜਾਈਂ ਗੁਆਉਣ ਦੀ ਥਾਂ ਉਹ ਲਿਖਣ-ਪੜ੍ਹਨ ਦੇ ਲੇਖੇ ਲਾਉਣ ਵਿਚ ਯਕੀਨ ਰਖਦੇ ਸਨ। ਇਸੇ ਕਰਕੇ ਹੀ ਤਾਂ ਉਹ ਏਨਾ ਫ਼ੈਲਵਾਂ ਰਚਨਾ-ਕਾਰਜ ਨੇਪਰੇ ਚਾੜ੍ਹ ਸਕੇ। ਸਾਰੀਆਂ ਭਾਰਤੀ ਭਾਸ਼ਾਵਾਂ ਦੇ ਸਾਹਿਤ ਤੇ ਸਾਹਿਤਕਾਰਾਂ ਦੀ ਨੇੜਲੀ ਜਾਣਕਾਰੀ ਰੱਖਣ ਵਾਲੇ ਖ਼ੁਸ਼ਵੰਤ ਸਿੰਘ ਨੇ ਵੀ ਦੁੱਗਲ ਨੂੰ ਯਾਦ ਕਰਦਿਆਂ ਕਿਹਾ ਸੀ, "ਮੈਨੂੰ ਨਹੀਂ ਲਗਦਾ, ਕੋਈ ਵੀ ਹੋਰ ਭਾਰਤੀ ਲੇਖਕ ਉਸ ਦੇ ਸਾਹਿਤ ਦੇ ਆਕਾਰ ਦੇ ਰਿਕਾਰਡ ਦੀ ਬਰਾਬਰੀ ਕਰ ਸਕਿਆ ਹੈ!"

ਕਿਸੇ ਨਾਲ ਗੱਲਬਾਤ ਸਮੇਂ ਉਹ ਸੁਣਦੇ ਬਹੁਤਾ, ਆਪਣਾ ਸੀਰ ਘੱਟ ਤੋਂ ਘੱਟ ਸ਼ਬਦਾਂ ਨਾਲ ਪਾਉਂਦੇ। ਜੇ ਸਰਦਾ ਹੁੰਦਾ, ਸ਼ਬਦਾਂ ਦੀ ਥਾਂ ਮੁਸਕਰਾਹਟ ਨਾਲ ਹੀ ਹੁੰਗਾਰਾ ਭਰ ਦਿੰਦੇ। ਸੈਰ ਸਮੇਂ ਬਹੁਤੇ ਲੋਕ ਵਾਕਫ਼ਾਂ-ਦੋਸਤਾਂ ਨੂੰ ਉਡੀਕ-ਲੱਭ ਕੇ ਇਧਰਲੀਆਂ-ਉਧਰਲੀਆਂ ਮਾਰਦੇ ਰਹਿਣਾ ਪਸੰਦ ਕਰਦੇ ਹਨ। ਪਰ ਦੁੱਗਲ ਸੈਰ ਸਮੇਂ ਵੀ ਆਪਣੇ ਆਪ ਵਿਚ ਹੀ ਮਗਨ ਰਹਿੰਦੇ। ਸੈਰ ਦਾ ਸਮਾਂ ਵੀ ਉਹ ਸਾਹਿਤਕ ਚਿੰਤਨ-ਮੰਥਨ ਦੇ ਲੇਖੇ ਹੀ ਲਾਉਂਦੇ ਸਨ। ਉਹ ਕਦੀ ਕਿਸੇ ਸਾਹਿਤਕ ਧੜੇਬੰਦੀ, ਗੁੱਟਬਾਜ਼ੀ, ਈਰਖਾ, ਆਦਿ ਵਿਚ ਨਹੀਂ ਸਨ ਪੈਂਦੇ। ਇਨ੍ਹਾਂ ਗੱਲਾਂ ਨੂੰ ਉਹ ਰਚਨਾਤਮਿਕਤਾ ਲਈ ਅੜਿਕਾ ਮੰਨਦੇ ਸਨ।

ਉਨ੍ਹਾਂ ਨੂੰ ਇਕ ਹਿਰਖ ਲੇਖਕਾਂ ਨੂੰ ਰਾਇਲਟੀ ਨਾ ਦੇਣ ਵਾਲੇ ਪ੍ਰਕਾਸ਼ਕਾਂ ਉਤੇ ਸੀ ਅਤੇ ਦੂਜਾ ਸਾਹਿਤ ਦੀ ਕਦਰ ਨਾ ਜਾਣਨ ਵਾਲੇ ਸਿਆਸਤਦਾਨਾਂ ਉਤੇ। ਇਕ ਦਿਨ ਗੱਲਾਂ ਕਰਦਿਆਂ ਉਨ੍ਹਾਂ ਨੇ ਆਪ-ਬੀਤੀ ਸੁਣਾਈ। ਉਹ ਕਈ ਸ਼ਹਿਰਾਂ ਵਿਚ ਸੇਵਾ-ਕਾਰਜ ਨਿਭਾ ਕੇ ਕਈ ਸਾਲਾਂ ਮਗਰੋਂ ਦਿੱਲੀ ਪਰਤੇ ਤਾਂ ਸ਼ਿਸ਼ਟਾਚਾਰ ਦੇ ਨਾਤੇ ਆਪਣੇ ਪੁਰਾਣੇ ਮਿੱਤਰ ਕੇਂਦਰੀ ਮੰਤਰੀ ਸਰਦਾਰ ਸਵਰਨ ਸਿੰਘ ਨੂੰ ਮਿਲਣ ਗਏ। ਜਾਂਦੇ ਹੋਏ ਆਪਣੀਆਂ ਨਵੀਆਂ ਛਪੀਆਂ ਪੁਸਤਕਾਂ ਵੀ ਲੈ ਗਏ। ਸਵਰਨ ਸਿੰਘ ਬੜੇ ਨਿੱਘ ਨਾਲ ਮਿਲੇ। ਦੁੱਗਲ ਨੇ ਪੁਸਤਕਾਂ ਭੇਟ ਕੀਤੀਆਂ ਤਾਂ ਉਨ੍ਹਾਂ ਨੇ ਫਰੋਲਣੀਆਂ ਤਾਂ ਕਿਤੇ ਰਹੀਆਂ, ਝਾਤ ਪਾਏ ਬਿਨਾਂ ਹੀ ਨਾਲ ਦੇ ਸੋਫ਼ੇ ਉਤੇ ਸੁੱਟਣ ਵਾਂਗ ਰਖਦਿਆਂ ਕਿਹਾ, "ਇਹ ਠੀਕ



*ਸੋਹਨ ਸਿੰਘ ਜੋਸ਼*

ਥਾਂ ਪਹੁੰਚ ਗਈਆਂ ਸਮਝੋ। ਮੈਂ ਆਪਣੇ ਪਿੰਡ ਲਾਇਬਰੇਰੀ ਖੁਲ੍ਹਵਾਈ ਹੈ, ਇਨ੍ਹਾਂ ਨੂੰ ਉਥੇ ਭਿਜਵਾ ਦੇਵਾਂਗਾ।"

ਉਨ੍ਹਾਂ ਦੇ ਗੁਜ਼ਰਨ ਤੋਂ ਕੁਝ ਸਮਾਂ ਪਹਿਲਾਂ ਪੰਜਾਬੀ ਸਾਹਿਤ ਸਭਾ ਦਿੱਲੀ ਦੀ ਗੋਸ਼ਟੀ ਵਿਚ ਮੈਂ ਪਾਠਕਾਂ ਦੀ ਘਾਟ ਦੀ ਸਮੱਸਿਆ ਬਾਰੇ ਪਰਚਾ ਪੜ੍ਹਿਆ। ਸਰੀਰਕ ਕਮਜ਼ੋਰੀ ਦੇ ਬਾਵਜੂਦ ਉਹ ਪ੍ਰਧਾਨਗੀ ਕਰਨ ਲਈ ਆਏ। ਮੈਂ ਗੋਡਿਆਂ ਵੱਲ ਝੁਕਿਆ ਤਾਂ ਮੋਢਿਆਂ ਤੋਂ ਫੜ ਕੇ ਮੈਨੂੰ ਸਾਹਮਣੇ ਖੜ੍ਹਾ ਕਰਦਿਆਂ ਅਸੀਸ ਵਜੋਂ ਮੁਸਕਰਾ ਪਏ।

ਅਨੇਕ ਸੰਸਥਾਵਾਂ, ਮੋਟੀਆਂ ਤਨਖ਼ਾਹਾਂ ਲੈਣ ਵਾਲੇ ਅਨੇਕ ਵਿਦਵਾਨ ਉਨ੍ਹਾਂ ਕੋਲ ਹੋਣ ਦੇ ਬਾਵਜੂਦ, ਇਕ ਵਿਅਕਤੀ ਜਿੰਨਾ ਕੰਮ ਵੀ ਨਹੀਂ ਕਰ ਸਕਦੀਆਂ। ਕਈ ਵਿਅਕਤੀ ਅਜਿਹੇ ਹੁੰਦੇ ਹਨ ਜੋ ਇਕੱਲੇ ਹੀ ਸੰਸਥਾ ਜਿੰਨਾ ਕੰਮ ਕਰ ਦਿਖਾਉਂਦੇ ਹਨ। ਇਹ ਕਹਿਣਾ ਵਧੀਕ ਠੀਕ ਹੋਵੇਗਾ ਕਿ ਉਹ ਆਪ ਹੀ ਇਕ ਸੰਸਥਾ ਬਣ ਜਾਂਦੇ ਹਨ। ਵਣਜਾਰਾ ਬੇਦੀ ਅਜਿਹੀ ਹੀ ਸੰਸਥਾ ਸਨ। ਨਾਂ ਤਾਂ ਉਨ੍ਹਾਂ ਦਾ ਸੁਹਿੰਦਰ ਸਿੰਘ ਸੀ ਪਰ ਉਨ੍ਹਾਂ ਦੇ ਕਾਗ਼ਜ਼-ਪੱਤਰਾਂ ਨਾਲ ਵਾਹ ਵਾਲੇ ਵਿਅਕਤੀਆਂ ਤੋਂ ਬਿਨਾਂ ਬਹੁਤੇ ਲੋਕ ਉਨ੍ਹਾਂ ਦਾ ਨਾਂ ਵਣਜਾਰਾ ਹੀ ਸਮਝਦੇ ਸਨ। ਇਹ ਸੀ ਵੀ ਠੀਕ। ਉਨ੍ਹਾਂ ਨੇ ਸਾਰੀ ਉਮਰ ਸਿਰਫ਼ ਸ਼ਬਦ, ਸਾਹਿਤ ਤੇ ਸਭਿਆਚਾਰ ਦਾ ਸੱਚਾ-ਸੁੱਚਾ ਵਣਜ ਕੀਤਾ ਅਤੇ ਹਰ ਸਾਊ-ਸਰੀਫ਼ ਵਣਜਾਰੇ ਵਾਂਗ ਉਸ ਵਿਚ ਭਰਪੂਰ ਮਾਇਕ ਘਾਟਾ ਖਾਧਾ ਪਰ ਓਨਾ ਹੀ ਭਰਪੂਰ ਜਸ ਖੱਟਿਆ।


ਉਨ੍ਹਾਂ ਨੇ ਕਈ ਵਿਧਾਵਾਂ ਵਿਚ ਮੌਲਕ ਰਚਨਾ ਤਾਂ ਕੀਤੀ ਹੀ ਪਰ ਪੰਜਾਬੀ ਸਭਿਆਚਾਰ ਤੇ ਰਹਿਤਲ ਦਾ, ਰਸਮਾਂ-ਰਿਵਾਜਾਂ, ਪਰੰਪਰਾਵਾਂ, ਰੀਤਾਂ, ਵਿਸ਼ਵਾਸਾਂ, ਕਹਾਵਤਾਂ, ਅਖਾਣਾਂ, ਟੋਟਕਿਆ, ਬਾਤਾਂ ਆਦਿ ਦਾ ਉਨ੍ਹਾਂ ਜਿਹਾ ਗਿਆਨੀ ਆਧੁਨਿਕ ਪੰਜਾਬੀ ਸਾਹਿਤ ਵਿਚ ਦੂਜਾ ਹੋਰ ਕੋਈ ਨਹੀਂ ਹੋਇਆ। ਇਸ ਸਭ ਬਾਰੇ ਉਨ੍ਹਾਂ ਨੇ ਰਿਸ਼ੀਆਂ ਵਾਲੀ ਤਪੱਸਿਆ ਨਾਲ ਜਾਣਕਾਰੀ ਇਕੱਤਰ ਕੀਤੀ ਅਤੇ ਉਸ ਗਿਆਨ ਨੂੰ ਪਾਠਕਾਂ ਤੱਕ ਪੁਜਦਾ ਕਰਨ ਵਾਸਤੇ ਭਾਂਤ-ਸੁਭਾਂਤੇ ਪੱਖਾਂ ਨੂੰ ਲੈ ਕੇ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ ਕੀਤੀ ਪਰ ਮੇਰੀ ਜਾਚੇ ਉਨ੍ਹਾਂ ਦਾ ਸਭ ਤੋਂ ਮਹੱਤਵਪੂਰਨ ਕਾਰਜ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਦੀ ਰਚਨਾ ਹੈ। ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਦੀ ਘਾਲਣਾ ਦੀ ਕਦਰ ਕਰਦਿਆਂ ਪੰਜਾਬੀ ਦੀਆਂ ਭਾਸ਼ਾ ਅਤੇ ਸਾਹਿਤ ਨਾਲ ਸਬੰਧਿਤ ਸੰਸਥਾਵਾਂ ਵਿਚ ਇਹਨੂੰ ਪ੍ਰਕਾਸ਼ਿਤ ਕਰਨ ਦਾ ਮੁਕਾਬਲਾ ਸ਼ੁਰੂ ਹੋ ਜਾਂਦਾ, ਹੋਇਆ ਇਹ ਕਿ ਉਨ੍ਹਾਂ ਨੂੰ ਅੱਠ ਵੱਡੀਆਂ ਸੈਂਚੀਆਂ ਵਾਲੇ ਇਸ ਮਹੱਤਵਪੂਰਨ ਗ੍ਰੰਥ ਨੂੰ ਪ੍ਰਕਾਸ਼ਿਤ ਵੀ ਆਪਣੇ ਵਸੀਲਿਆਂ ਨਾਲ ਹੀ ਕਰਨਾ ਪਿਆ!

ਵਣਜਾਰਾ ਜੀ ਸੁਭਾਅ ਦੇ ਵੀ ਏਨੇ ਫੱਕਰ ਸਨ ਕਿ ਕੋਸ਼ ਦੇ ਪ੍ਰਕਾਸ਼ਨ ਦੇ ਨਜ਼ਰੀਏ ਤੋਂ ਇਕ ਵਾਰ ਮੈਂ ਉਨ੍ਹਾਂ ਨੂੰ ਆਈਆਂ ਮੁਸ਼ਕਿਲਾਂ ਦਾ ਜ਼ਿਕਰ ਕੀਤਾ ਤਾਂ ਬੋਲੇ, "ਨਹੀਂ, ਭੁੱਲਰ ਜੀ, ਸਭ ਤੋਂ ਵੱਡੀ ਮੁਸ਼ਕਿਲ ਇਹ ਨਹੀਂ ਸੀ। ਇਹਨੂੰ ਤਾਂ ਮੈਂ ਹੋਰ ਖਰਚਾਂ ਵਿਚ ਸੰਕੋਚ ਕਰ ਕੇ ਪਾਰ ਕਰ ਲਿਆ। ਅਸਲ ਮੁਸ਼ਕਿਲ ਲੋਕ-ਸਭਿਆਚਾਰ ਨੂੰ ਜਿਉਂ-ਦਾ-ਤਿਉਂ ਲੋਕਾਂ ਦੀ ਬੋਲੀ ਵਿਚ ਰਿਕਾਰਡ ਕਰਨ ਦੀ ਸੀ। ਬਦਕਿਸਮਤੀ ਨੂੰ ਉਦੋਂ ਰਿਕਾਰਡਿੰਗ ਦੀਆਂ ਮਸ਼ੀਨਾਂ ਦਾ ਆਕਾਰ ਏਨਾ ਛੋਟਾ ਨਹੀਂ ਸੀ। ਇਹ ਸੰਭਵ ਨਹੀਂ ਸੀ ਕਿ ਰਿਕਾਰਡਰ ਆਪਣੇ ਕੋਲ ਛੁਪਾ ਲਿਆ ਜਾਵੇ। ਜੇ ਮੈਂ ਰਿਕਾਰਡਰ ਨੂੰ ਸਾਹਮਣੇ ਚਲਾਉਂਦਾ, ਬੋਲਣ ਵਾਲੇ/ਵਾਲੀ ਦਾ ਬੋਲਣ ਦਾ ਲਹਿਜਾ ਇਕਦਮ ਬਦਲ ਜਾਂਦਾ। ਉਹਨੇ ਝੱਟ ਸਚੇਤ ਤੇ ਸਾਵਧਾਨ ਹੋ ਜਾਣਾ। ਕੁਦਰਤੀ ਰੰਗ ਦੀ ਥਾਂ ਉਹਦੀ ਆਵਾਜ਼ ਵਿਚ, ਸ਼ਬਦ-ਚੋਣ ਤੇ ਵਾਕ-ਬਣਤਰ ਵਿਚ ਬਣਾਉਟੀਪਨ ਆ ਜਾਂਦਾ। ਜਦੋਂ ਮੈਂ ਰਿਕਾਰਡ ਕੀਤੇ ਬਿਨਾਂ ਕੋਈ ਬਾਤ-ਵਾਰਤਾ ਕਿਸੇ ਤੋਂ ਸੁਣ ਕੇ ਘਰ ਆ ਚੇਤੇ ਵਿਚੋਂ ਲਿਖਣ ਲਗਦਾ, ਉਸ ਵਿਚ ਮੇਰੀ ਲਿਖਣ-ਸ਼ੈਲੀ ਦਾ ਸਾਹਿਤਕ ਰੰਗ ਆ ਜਾਂਦਾ।" ਮੈਂ ਹੈਰਾਨ ਹੋਇਆ ਕਿ ਲੋਕ-ਸਭਿਆਚਾਰ ਨੂੰ ਉਹਦੇ ਨਿਰੋਲ ਸੁੱਚੇ ਰੂਪ ਵਿਚ ਪੇਸ਼ ਕਰਨ ਵਾਸਤੇ ਉਹ ਕਿੰਨੀ ਜ਼ਿੰਮੇਵਾਰੀ ਮਹਿਸੂਸ ਕਰਦੇ ਸਨ!

ਬਲਵੰਤ ਗਾਰਗੀ ਨੂੰ ਮਿਲਿਆ ਤਾਂ ਮੈਂ ਦਿੱਲੀ ਆ ਕੇ ਪਰ ਉਹਦਾ ਨਾਂ ਪਾਠ-ਪੁਸਤਕਾਂ ਵਿਚ ਪੜ੍ਹ ਪੜ੍ਹ ਹੀ ਮੇਰੀ ਉਸ ਉਤੇ ਮੇਰ ਹੋ ਗਈ ਸੀ। ਉਹ ਸਾਡੇ ਜ਼ਿਲਾ-ਸ਼ਹਿਰ ਬਠਿੰਡਾ ਤੋਂ ਸੀ ਅਤੇ ਉਹਦੇ ਨਾਨਕੇ ਸਾਥੋਂ ਚਾਰ ਕੋਹ ਵਾਟ ਤਪਾ ਮੰਡੀ ਸਨ। ਉਹਦੀ ਵੱਡੀ ਸਿਫ਼ਤ ਇਹ ਸੀ ਕਿ ਉਹ ਕੱਚੀ-ਪਿੱਲੀ ਰਚਨਾ ਨਹੀਂ ਸੀ ਕਰਦਾ। ਉਹਨੇ ਜਿਸ ਵਿਧਾ ਵਿਚ ਵੀ ਲਿਖਿਆ, ਮਿਆਰ ਮਿਥ ਦਿੱਤਾ। ਉਹ ਮਸ਼ਹੂਰ ਨਾਟਕਕਾਰ ਤੇ ਨਾਟ-ਨਿਰਦੇਸ਼ਕ ਤਾਂ ਸੀ ਹੀ, ਉਹਨੇ ਅਜਿਹੇ ਕਲਮੀ ਚਿਤਰ ਲਿਖੇ ਜਿਨ੍ਹਾਂ ਨੂੰ ਪਾਰ ਕਰਨਾ ਮੁਸ਼ਕਿਲ ਹੈ। ਉਹਦੀਆਂ ਕਹਾਣੀਆਂ ਦੀ ਗਵਾਹੀ ਤਾਂ ਮੈਂ ਕਹਾਣੀਕਾਰ ਹੋਣ ਦੇ ਨਾਤੇ ਦੇ ਸਕਦਾ ਹਾਂ। ਜੇ ਕਿਸੇ ਪਾਠਕ ਨੂੰ ਉਹਦੀਆਂ ਹੋਰ ਵਿਧਾਵਾਂ ਦੀਆਂ ਪੁਸਤਕਾਂ ਦਾ ਪਤਾ ਨਾ ਹੋਵੇ ਅਤੇ ਉਹਨੂੰ ਸਿਰਫ਼ ਉਹਦੀਆਂ ਕਹਾਣੀਆਂ ਪੜ੍ਹਾ ਦਿੱਤੀਆਂ ਜਾਣ, ਉਹ ਨਿਸਚੇ ਹੀ ਉਹਨੂੰ ਪੰਜਾਬੀ ਦੇ ਪ੍ਰਮੁੱਖ ਕਹਾਣੀਕਾਰਾਂ ਵਿਚ ਰੱਖੇਗਾ।

ਭਾਸ਼ਾ ਦੇ ਪੱਖੋਂ ਉਹ ਆਪਣੇ ਆਪ ਨੂੰ ਬੇਝਿਜਕ ਹੋ ਕੇ 'ਅਨਪੜ੍ਹ' ਆਖਦਾ ਸੀ। ਉਹ ਆਖਦਾ, "ਮਾਲਵੇ ਦੀ ਪੇਂਡੂ ਬੋਲੀ ਮੈਂ ਇਸ ਲਈ ਵਰਤੀ ਕਿਉਂਕਿ ਮੈਨੂੰ ਹੋਰ ਕੋਈ ਬੋਲੀ ਨਹੀਂ ਸੀ ਆਉਂਦੀ।" ਆਪਣੇ ਆਪ ਨੂੰ 'ਅਨਪੜ੍ਹ' ਕਹਿਣ ਵਾਲੇ ਗਾਰਗੀ ਨੇ ਪੰਜਾਬੀ ਦੀ ਏਨੀ ਮੁਹਾਰਤ ਹਾਸਲ ਕਰ ਲਈ ਜਿੰਨੀ ਪੰਜਾਬੀ 'ਪੜ੍ਹੇ-ਲਿਖੇ' ਲੇਖਕਾਂ ਵਿਚੋਂ ਵੀ ਵਿਰਲਿਆਂ ਨੂੰ ਹੀ ਨਸੀਬ ਹੋਈ ਹੈ। ਉਹਦੀ ਮਘਦੀ-ਦਗਦੀ ਪੰਜਾਬੀ ਨਿੱਘ ਵੀ ਦਿੰਦੀ ਹੈ ਤੇ ਚਾਨਣ ਵੀ ਕਰਦੀ ਹੈ।

ਬੋਲੀ ਦਾ ਸਿਧਾਂਤ ਹੈ ਕਿ ਇਹ ਸਰੋਵਰ ਵਾਂਗ ਹੁੰਦੀ ਹੈ। ਜਿਹੜੇ ਸ਼ਬਦ ਕਿਸੇ ਕਾਰਨ ਆਦਮੀ ਦੀ ਵਰਤੋਂ ਵਿਚ ਨਾ ਰਹਿਣ, ਉਹ ਕਿਰਦੇ-ਵਿਸਰਦੇ ਜਾਂਦੇ ਹਨ ਅਤੇ ਜੋ ਵਰਤੋਂ ਵਿਚ ਆਉਣ ਲੱਗਣ, ਉਹ ਨਵੇਂ ਸ਼ਬਦ ਉਹਦੇ ਭੰਡਾਰ ਵਿਚ ਜੁੜਦੇ ਜਾਂਦੇ ਹਨ। ਇਸ ਸੂਰਤ ਵਿਚ 60-70 ਸਾਲ ਪਹਿਲਾਂ ਸੁਣੇ-ਬੋਲੇ ਸ਼ਬਦਾਂ ਨੂੰ ਸਹਿਜੇ ਹੀ ਵਰਤਦੇ ਰਹਿਣਾ ਗਾਰਗੀ ਦੀ ਹੀ ਕਰਾਮਾਤ ਹੋ ਸਕਦੀ ਹੈ। ਅਕਸਰ ਮਿੱਤਰ ਦਿੱਲੀ ਵਿਚ ਅੱਧੀ ਸਦੀ ਤੋਂ ਰਹਿੰਦੇ ਹੋਣ ਦੇ ਬਾਵਜੂਦ ਮੇਰੀ ਪੰਜਾਬੀ ਦੀ ਨਿਰਮਲਤਾ ਦੀ ਗੱਲ ਕਰਦੇ ਹਨ ਪਰ ਸੱਚੀ



*ਜ਼ਬਤ ਦਾ ਸਿਰਨਾਵਾਂ ਕਰਤਾਰ ਸਿੰਘ ਦੁੱਗਲ*

ਗੱਲ ਹੈ, ਜਦੋਂ ਗਾਰਗੀ ਦੇ ਲਿਖੇ ਅਜਿਹੇ ਸ਼ਬਦ ਪੜ੍ਹਦਾ ਹਾਂ ਜੋ ਉਹਤੋਂ ਵੀਹ ਸਾਲ ਮਗਰੋਂ ਦਿੱਲੀ ਆ ਕੇ ਮੇਰੀ ਵਰਤੋਂ ਵਿਚੋਂ ਵੀ ਕਿਰ ਗਏ ਹਨ, ਮੈਂ ਕੱਚਾ ਜਿਹਾ ਹੋ ਜਾਂਦਾ ਹਾਂ। ਸ਼ਬਦਾਂ ਦਾ ਇਹ ਪਾਰਖੀ ਉਨ੍ਹਾਂ ਦੀ ਟੁਣਕਾਰ ਸੁਣ ਸਕਦਾ ਸੀ, ਉਨ੍ਹਾਂ ਨੂੰ ਰਗੜ ਕੇ ਚੰਗਿਆੜੇ ਕੱਢ ਸਕਦਾ ਸੀ ਅਤੇ ਉਨ੍ਹਾਂ ਦੀ ਸ਼ਕਤੀ ਨੂੰ ਮਹਿਸੂਸ ਕਰ ਵੀ ਸਕਦਾ ਸੀ ਤੇ ਕਰਵਾ ਵੀ ਸਕਦਾ ਸੀ!

ਉਪਰੋਕਤ ਵਡੇਰਿਆਂ ਤੋਂ ਮਗਰਲੀਆਂ ਪੀੜ੍ਹੀਆਂ ਦੇ ਮੇਰੇ ਵਰਗੇ ਲੇਖਕ ਤਾਂ ਕਲਮ ਦੇ ਇਨ੍ਹਾਂ ਧਨੀਆਂ ਦੇ ਦੇਣਦਾਰ ਹਨ ਹੀ, ਪੰਜਾਬੀ ਭਾਸ਼ਾ ਅਤੇ ਸਾਹਿਤ ਵੀ ਉਨ੍ਹਾਂ ਨੂੰ ਨਿੱਘ ਨਾਲ ਚੇਤੇ ਕਰਦੇ ਰਹਿਣਗੇ।

*(ਚਲਦਾ)*

## ਪੀਰਾਂ-ਏ-ਪੀਰ ਗੁਰੂ ਨਾਨਕ

ਨੁਕਤਾ ਏ ਵਹਿਦਤ ਅਜ਼ੀਮ, ਤੂੰ ਪੜ੍ਹਾਇਆ ਨਾਨਕ
ਜ਼ੱਰੇ ਜ਼ੱਰੇ ਵਿਚ ਜਲਵਾ-ਏ-ਖ਼ੁਦਾ, ਪਾਇਆ ਨਾਨਕ
ਤੂੰ ਕਾਮਲ ਗੁਰੂ, ਮੁਰਸ਼ਦ ਵਾ ਪੀਰਾਂ ਪੀਰ ਬਣਿਆ
ਹਰ ਇੱਕ ਬੱਸ਼ਰ, ਬੇ-ਨਸੀਬ ਗਲ ਲਾਇਆ ਨਾਨਕ
ਕਾਦਰ ਦੀ ਕੁਦਰਤ ਦਾ ਜਲਵਾ, ਨੁਮਾਂਅ ਹੋਇਆ
'੧ਓਂਕਾਰ ਸਤਿਨਾਮ' ਦਾ ਅਲਾਪ, ਗਾਇਆ ਨਾਨਕ
ਹਰ ਦਰੋ ਦੀਵਾਰੇ ਨਫਰਤ, ਜਜ਼ਬਾਏ ਮੁਹੱਬਤ ਬਣੀ
ਨਾ-ਸ਼ਾਦ ਹਿਰਦਿਆਂ ਨੂੰ ਸ਼ਾਦ, ਬਣਾਇਆ ਨਾਨਕ
ਜੁਗਾਂ ਦੀ ਤਰਜੀਹੀ ਜਾਤ-ਪਾਤ, ਊਚ-ਨੀਚ ਤਾਂਈਂ
ਸੰਗਤ, ਪੰਗਤ ਦੇ ਦੈਵੀ ਰੂਪ 'ਚ, ਵਟਾਇਆ ਨਾਨਕ
ਮੰਦਰ, ਮਸਜਿਦ, ਕਾਅਬਾ ਹੀ ਨਹੀਂ ਘਰ ਖ਼ੁਦਾ ਦਾ
ਮਨ-ਮੰਦਰ ਵੀ ਉਹਦੇ ਮਨ ਬੜਾ, ਭਾਇਆ ਨਾਨਕ
ਤੇਰਾਂ ਤੇਰਾਂ ਦੀਆਂ ਧਾਰਨਾ ਦੀ ਇਲਾਹੀ ਖ਼ੁਮਾਰੀ 'ਚ
ਧੁਰੋਂ ਤੁੱਲਿਆ ਸੱਚ ਦਾ ਤੋਲ, ਤੂੰ ਤੁਲਾਇਆ ਨਾਨਕ
ਨਸੀਬ ਚਮਕੇ, ਮਿਲਿਆ ਬਾਬਾ, ਵੈਦ ਰੋਗੀਆਂ ਦਾ
ਕਰਮ-ਕਾਂਡਾ, ਭਰਮਾਂ ਤੋਂ ਪੱਲਾ ਛੁਡਾਇਆ ਨਾਨਕ
ਕੁਰਾਹੇ ਪਈ ਖਲਕਤ ਨੂੰ, ਇਕ ਖਾਲਕ ਦੇ ਲੜ ਲਾ ਕੇ
ਬੁੱਤਪ੍ਰਸਤੀ ਦੇ ਚੁੰਗਲ 'ਚ ਮੁਕਤ, ਕਰਾਇਆ ਨਾਨਕ
ਸੱਜਣ ਠੱਗਾਂ, ਕਾਰੂੰਆਂ, ਭੂਮੀਆਂ ਦੀ ਕਿਸਮਤ ਜਾਗੀ
ਨਾ-ਸ਼ੁਕਰਿਆਂ ਨੂੰ, ਸ਼ੁਕਰ ਦੇ ਲੜ ਲਾਇਆ ਨਾਨਕ
ਮਿਹਰਾਂ ਦੇ ਸਾਂਈ ਨੇ, ਨਜ਼ਰ ਸੱਵਲੀ ਕੀਤੀ ਕੌਡੇ 'ਤੇ
ਠੰਡਾ-ਸੀਤ ਕੀਤਾ ਕੜਾਹਿਆ, ਤਪਾਇਆ ਨਾਨਕ
'ਜੇ ਜੀਵੈ ਪਤ ਲਥੀ ਜਾਇ' ਸ਼ਬਦ ਉਚਾਰ ਜ਼ਿੰਦਗੀ ਨੂੰ
ਅਣਖ, ਇੱਜ਼ਤ ਨਾਲ ਜਿਉਣਾ ਸਿਖਾਇਆ ਨਾਨਕ
ਮੌਲੀਆਂ ਰੁਤਾਂ, ਘਾਹ, ਤ੍ਰਿਣ ਹਰੇ ਹੋਏ ਸੁੱਕੇ ਕਦੀਮੋਂ
ਨਾ-ਚੀਜ਼ ਪੈਰ ਦੀ ਜੁੱਤੀ, ਨੂੰ ਗਲ ਲਾਇਆ ਨਾਨਕ
ਕ੍ਰਿਤ ਕਰੋ, ਨਾਮ ਜਪੋ, ਵੰਡ ਛਕੋ ਦੀ ਜੀਵਨ ਜਾਚ ਨੂੰ
'ਘਾਲ ਖਾਇ ਕਿਛ...' ਦੇ ਰਾਹ ਪਾਇਆ ਨਾਨਕ
ਪੰਡਤਾਂ-ਜੋਗੀਆਂ, ਮੁਲਾਂ-ਕਾਜ਼ੀਆਂ ਦੇ ਪਾਜ ਖੋਲ੍ਹ ਕੇ
ਖ਼ੁਦਾ ਦੀ ਖ਼ੁਦਾਈ ਦਾ ਰਾਜ਼ ਸਮਝਾਇਆ ਨਾਨਕ
ਖਾਲੀ ਕਾਸਾ, ਲਬੋ ਲਬਰੇਜ਼, ਮਨੁਖਤਾ ਦਾ ਭਰ ਕੇ
ਸਤਿਨਾਮ ਦੀ ਮਿੱਠੀ ਧੁੰਨ ਨਾ ਛਲਕਾਇਆ ਨਾਨਕ
ਪਾਰਸ ਦੀ ਛੋਹ ਪਾਕੇ, ਲੋਹਾ ਵੀ ਕੁੰਦਨ ਬਣ ਗਿਆ
ਲਹਿਣੇ ਤੋਂ ਅੰਗਦ ਬਣਾ ਕੇ, ਅੰਗ ਲਾਇਆ ਨਾਨਕ
ਥੱਕੀ-ਹਾਰੀ, ਉਦਾਸ, ਨੀਰਸ ਬੇ-ਜੁਬਾਂ ਜ਼ਿੰਦਗੀ ਨੂੰ
ਕੂਚਾ ਏ ਯਾਰ ਵਿਚ, ਮਟਕਣਾ ਸਿਖਾਇਆ ਨਾਨਕ
ਵਲੀਆਂ-ਹੰਕਾਰੀਆਂ-ਜ਼ਾਬਰਾਂ ਦੇ ਮੂੰਹ ਤੇ ਸੱਚ ਨੰ ਤੂੰ
ਬੇ-ਖੌਫ, ਬੇ-ਧੜਕ ਹੋ ਕੇ ਸੀ ਤੂੰ ਸੁਣਾਇਆ ਨਾਨਕ
ਮਲਕਾਂ, ਭਾਗੋਆਂ ਦੀ ਖ਼ੁਦੀ, ਤੱਕਬਰੀ ਨੂੰ ਠੁਕਰਾ ਕੇ
ਕ੍ਰਿਤੀ-ਕਾਮਿਆਂ ਦਾ ਵਿਹੜਾ, ਰੁਸ਼ਨਾਇਆ ਨਾਨਕ
ਈਮਾਂ-ਪ੍ਰਸਤੀ, ਕੁਵਤ-ਏ ਹਕੂਕ, ਅਤਾ ਫੁਰਮਾ ਕੇ
ਜ਼ਿੰਦਗੀ ਨੂੰ ਰਸਕ ਬਾ-ਖੂਬਸੂਰਤ ਬਣਾਇਆ ਨਾਨਕ
ਤੂੰ ਵਾਹਦ ਰੂਪ ਖੁਦਾ, ਲੱਖਾਂ ਦਿਲਾਂ ਦੀ ਰਾਹਤ ਬਾਬਾ
ਤੇਰਾ, ਵਹਿਦਤ ਦਾ ਗੀਤ, ਅਸੀਂ ਭੁਲਾਇਆ ਨਾਨਕ।

*-ਚੰਨ, ਫੋਨ: 908-788-8427*

# ਖਾੜਕੂਵਾਦ ਵੇਲੇ ਹੋਈਆਂ ਪੁਲਿਸ ਤਰੱਕੀਆਂ ਦੇ ਵੇਰਵੇ ਦੱਸਣ ਤੋਂ ਨਾਂਹ

**ਚੰਡੀਗੜ੍ਹ:** ਪੰਜਾਬ ਵਿਚ ਖਾੜਕੂਵਾਦ ਵੇਲੇ ਤਰੱਕੀਆਂ ਲੈਣ ਵਾਲੇ ਪੰਜਾਬ ਪੁਲਿਸ ਅਧਿਕਾਰੀਆਂ ਨੂੰ ਤਰੱਕੀਆਂ ਦੇਣ ਦੇ ਆਧਾਰ ਕੀ ਸਨ, ਬਾਰੇ ਵੇਰਵੇ ਸੂਚਨਾ ਅਧਿਕਾਰ ਐਕਟ ਤਹਿਤ ਜਨਤਕ ਨਹੀਂ ਹੋ ਸਕਣਗੇ। ਪੰਜਾਬ ਸੂਚਨਾ ਕਮਿਸ਼ਨ ਨੇ ਅਜਿਹੇ ਇਕ ਕੇਸ ਬਾਰੇ ਫੈਸਲਾ ਸੁਣਾਉਂਦਿਆਂ ਅਜਿਹੀ ਜਾਣਕਾਰੀ ਨੂੰ ਤੀਜੀ ਧਿਰ ਨਾਲ ਸਬੰਧਤ ਸੂਚਨਾ ਕਰਾਰ ਦਿੱਤਾ ਹੈ। ਇਹ ਫੈਸਲਾ ਕਮਿਸ਼ਨ ਨੇ ਅਜਿਹੀ ਸੂਚਨਾ ਦੇ ਖੁਲਾਸੇ ਨਾਲ ਪੁਲਿਸ ਅਧਿਕਾਰੀ ਦੀ ਜਾਨ ਨੂੰ ਖਤਰੇ ਦੇ ਮੱਦੇਨਜ਼ਰ ਸੁਣਾਇਆ।

ਮਾਨਸਾ ਦੇ ਰਹਿਣ ਵਾਲੇ ਇਕ ਵਿਅਕਤੀ ਨੇ ਡੀ.ਆਈ.ਜੀ. ਦਫ਼ਤਰ ਪਟਿਆਲਾ ਰੇਂਜ ਤੋਂ ਡੀ.ਐਸ.ਪੀ. ਸੁਲੱਖਣ ਸਿੰਘ ਦੀ ਭਰਤੀ ਵੇਲੇ ਦੀ ਵਿੱਦਿਅਕ ਯੋਗਤਾ ਨਾਲ ਸਬੰਧਤ ਸਰਟੀਫਿਕੇਟਾਂ ਦੀਆਂ ਕਾਪੀਆਂ, ਸਮੇਂ-ਸਮੇਂ 'ਤੇ ਇਸ ਅਧਿਕਾਰੀ ਦੀ ਹੋਈ ਤਰੱਕੀ ਨਾਲ ਸਬੰਧਤ ਦਸਤਾਵੇਜ਼ ਤੇ ਇਸ ਅਧਿਕਾਰੀ ਦੀ ਜੁਆਇੰਨਿੰਗ ਵੇਲੇ ਉਸ ਦੀ ਪ੍ਰਾਪਰਟੀ ਕਿੰਨੀ ਸੀ, ਆਦਿ ਦੇ ਵੇਰਵੇ ਆਰ.ਟੀ.ਆਈ. ਤਹਿਤ ਮੰਗੇ ਸਨ ਪਰ ਦਫ਼ਤਰ ਦੇ ਪੀ.ਆਈ.ਓ. ਨੇ ਇਹ ਕਹਿੰਦਿਆਂ ਇਹ ਜਾਣਕਾਰੀਆਂ ਨਸ਼ਰ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਇਹ ਵੇਰਵੇ ਆਰ.ਟੀ.ਆਈ. ਐਕਟ ਦੇ ਸੈਕਸ਼ਨ-11 ਤਹਿਤ ਲੋਕ ਹਿੱਤ ਵਿਚ ਨਹੀਂ, ਬਲਕਿ ਤੀਜੀ ਧਿਰ (ਥਰਡ ਪਾਰਟੀ) ਨਾਲ ਸਬੰਧਤ ਹਨ ਤੇ ਇਹ ਵੇਰਵੇ ਕਿਸੇ ਵਿਅਕਤੀ ਦੇ ਨਿੱਜੀ ਜੀਵਨ ਨਾਲ ਜੁੜੇ ਹੋਏ ਹਨ, ਜਿਨ੍ਹਾਂ ਦਾ ਖੁਲਾਸਾ ਕਰਨ ਤੋਂ ਆਰ.ਟੀ.ਆਈ. ਐਕਟ ਦੇ ਸੈਕਸ਼ਨ 8(1)ਜੇ ਤਹਿਤ ਪੀ.ਆਈ.ਓ. ਨੂੰ ਛੋਟ ਹਾਸਲ ਹੈ।

ਸੂਚਨਾ ਨਾ ਮਿਲਣ ਦੀ ਸ਼ਿਕਾਇਤ ਵਿਅਕਤੀ ਨੇ ਪੰਜਾਬ ਸੂਚਨਾ ਕਮਿਸ਼ਨ ਨੂੰ ਕਰ ਦਿੱਤੀ। ਕਮਿਸ਼ਨ ਦੀ ਅਦਾਲਤ ਵਿਚ ਪੇਸ਼ ਹੁੰਦਿਆਂ ਡੀ.ਐਸ.ਪੀ. ਸੁਲੱਖਣ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਮਿਲੀਆਂ ਤਰੱਕੀਆਂ ਨਾਲ ਜੁੜੇ ਵੇਰਵੇ ਜਨਤਕ ਨਹੀਂ ਕੀਤੇ ਜਾਣੇ ਚਾਹੀਦੇ ਕਿਉਂਕਿ ਉਨ੍ਹਾਂ ਨੂੰ ਤਰੱਕੀਆਂ ਪੰਜਾਬ ਵਿਚ ਖਾੜਕੂਵਾਦ ਦੇ ਦੌਰ ਦੌਰਾਨ ਕੁਝ ਅਪਰਾਧੀਆਂ ਨੂੰ ਕਾਬੂ ਕਰਨ ਜਾਂ ਉਨ੍ਹਾਂ ਦਾ ਪ੍ਰਭਾਵ ਖ਼ਤਮ ਕਰਨ ਲਈ ਮਿਲੀਆਂ ਸਨ।


## ਤੰਦੂਰੀਏ ਅਤੇ ਕੱਰੀ ਕੁੱਕ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਤੰਦੂਰੀਏ ਤੇ ਕੱਰੀ ਕੁੱਕ ਦੀ ਲੋੜ ਹੈ।

*ਚੰਗੀ ਤਨਖਾਹ, ਮੁਫਤ ਰਿਹਾਇਸ਼*

*ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ*

ਫੋਨ: 757-240-9348

4-6



## Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

*ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ*

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ



Gurbans Singh Gill
Realtor
DRE#01227109

COLDWELL BANKER VALLEY CENTRAL · EQUAL HOUSING OPPORTUNITY · REALTOR®

15 Years Experiance in Real Estate

Gurbans Gill
Office 209-835-4545
Direct 209-815-1869

e-mail: gurbans@gotracy.com
Fax: 209-836-0706
www.gotracy.com

1486 W 11th Street, Tracy, CA 95376



## ਭਾਰਤੀ ਰੈਸਟੋਰੈਂਟ ਵਿਕਾਊ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਵਧੀਆ ਲੋਕੇਸ਼ਨ 'ਤੇ ਸਥਿਤ 80 ਸੀਟਾਂ ਵਾਲਾ ਭਾਰਤੀ ਰੈਸਟੋਰੈਂਟ ਵਿਕਾਊ ਹੈ

**Indian Restaurant For Sale**

■80 Seats ■Cater Large/Small Parties
■Liquor Licenses ■Free Parking For Customers

ਸੰਪਰਕ ਕਰੋ: 317-313-9651

3-4



## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

*ਸਾਂਝੀਵਾਲਤਾ ਦਾ ਹਰਕਾਰਾ*

# ਗਦਰੀ ਬਾਬਾ ਸ਼ਹੀਦ ਮਾਸਟਰ ਊਧਮ ਸਿੰਘ ਕਸੇਲ

ਜਿਸ ਧਜ ਸੇ ਕੋਈ ਮਕਤਲ ਮੇਂ ਗਯਾ,
ਵੋ ਸ਼ਾਨ ਸਲਾਮਤ ਰਹਿਤੀ ਹੈ।
ਯੇ ਜਾਨ ਤੋ ਆਨੀ ਜਾਨੀ ਹੈ,
ਇਸ ਜਾਂ ਕੀ ਤੋ ਕੋਈ ਬਾਤ ਨਹੀਂ।
-ਫੈਜ਼ ਅਹਿਮਦ ਫੈਜ਼

ਗਦਰੀ ਬਾਬਾ ਸ਼ਹੀਦ ਮਾਸਟਰ ਊਧਮ ਸਿੰਘ ਕਸੇਲ ਦੇਸ਼ ਆਜ਼ਾਦ ਕਰਾਉਣ ਲਈ ਬਣਾਈ ਗਈ 'ਗਦਰ ਪਾਰਟੀ' (ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ) ਦੀ ਇੰਤਜ਼ਾਮੀਆ ਕਮੇਟੀ ਦਾ ਮੁੱਢਲਾ ਮੈਂਬਰ ਅਤੇ ਇਕ ਸ਼ਾਖਾ ਦਾ ਸਕੱਤਰ ਸੀ। ਲਗਾਤਾਰ 15 ਸਾਲ

ਕੁਲਦੀਪ ਸਿੰਘ ਯੂਨੀਅਨ ਸਿਟੀ

ਦੇ ਜੁਝਾਰੂ ਜੀਵਨ ਵਿਚ ਉਸ ਨੇ ਇਕ ਇਕ ਪਲ ਦੇਸ਼ ਦੀ ਸੰਪੂਰਨ ਆਜ਼ਾਦੀ ਅਤੇ ਸਮਾਜਵਾਦ (ਸਾਂਝੀਵਾਲਤਾ) ਲਈ ਜੂਝਦਿਆਂ ਆਪਣਾ ਜੀਵਨ ਨਿਛਾਵਰ ਕਰ ਦਿੱਤਾ। ਉਹ ਜਾਂਬਾਜ਼ ਸੰਗਰਾਮੀਆ, ਪ੍ਰਵੀਨ ਜਰਨੈਲ, ਦੂਰ-ਅੰਦੇਸ਼, ਕੁਸ਼ਲ ਪ੍ਰਬੰਧਕ ਅਤੇ ਨੀਤੀਵਾਨ ਹੋਣ ਦੇ ਨਾਲ ਨਾਲ ਪਰਉਪਕਾਰੀ ਜੀਊੜਾ ਵੀ ਸੀ। 'ਅਪਨਾ ਬਿਗਾਰਿ ਬਿਰਾਂਨਾ ਸਾਂਢੈ' ਮਹਾਂਬੋਲਾਂ ਨੂੰ ਸਮਰਪਿਤ/ਵਚਨਬੱਧ, ਉਹ ਦੂਜਿਆਂ ਦੀਆਂ ਮੁਸ਼ਕਿਲਾਂ ਹੱਲ ਕਰਨ ਲਈ ਸਦਾ ਖਿੜ੍ਹੇ ਮੱਥੇ ਤਤਪਰ ਰਹਿੰਦਾ ਸੀ। ਦਸ ਮਿੰਟਾਂ ਦੇ ਅੰਦਰ-ਅੰਦਰ ਬੈਲੂਰ ਜੇਲ੍ਹ, ਮਦਰਾਸ (ਹੁਣ ਚੇਨੱਈ) ਦੀ 18 ਫੁਟ ਉਚੀ ਕੰਧ ਟੱਪ ਕੇ ਜੇਲ੍ਹ ਤੋਂ ਮੁਕਤੀ ਹਾਸਿਲ ਕਰਨ ਦਾ ਬਹਾਦਰੀ ਦਾ ਕਾਰਨਾਮਾ ਵੀ ਉਸ ਦੇ ਹੀ ਹਿੱਸੇ ਆਇਆ ਹੈ।

ਮਾਸਟਰ ਊਧਮ ਸਿੰਘ ਦਾ ਜਨਮ ਪਿੰਡ ਕਸੇਲ, ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨ ਤਾਰਨ ਸਾਹਿਬ), ਸ. ਮੇਵਾ ਸਿੰਘ ਅਤੇ ਹੁਕਮ ਕੌਰ ਦੇ ਘਰ 15 ਮਾਰਚ 1882 ਨੂੰ ਹੋਇਆ। ਛੋਟੀ ਕਿਰਸਾਨੀ ਵਾਲੇ ਪਰਿਵਾਰ ਦੇ ਪੰਜ ਭਰਾਵਾਂ ਵਿਚੋਂ ਉਹ ਸਭ ਤੋਂ ਛੋਟਾ ਸੀ। ਪਿੰਡ ਦੇ ਸਕੂਲ ਵਿਚੋਂ ਮੁੱਢਲੀ ਸਿਖਿਆ ਪ੍ਰਾਪਤ ਕਰਨ ਦੇ ਨਾਲ ਨਾਲ ਉਸ ਨੇ ਬਚਪਨ 'ਚ ਪਸ਼ੂ ਚਰਾਏ ਅਤੇ ਖੇਤੀ ਵਿਚ ਮਾਪਿਆਂ ਨਾਲ ਹੱਥ ਵਟਾਇਆ। 1907 ਵਿਚ ਉਜਲ ਭਵਿੱਖ ਤੇ ਰੋਜ਼ਗਾਰ ਦੀ ਭਾਲ ਲਈ ਉਸ ਨੇ ਵਿਦੇਸ਼ਾਂ ਵੱਲ ਚਾਲੇ ਪਾ ਦਿੱਤੇ। ਪਹਿਲਾਂ ਪਿਨਾਂਗ ਅਤੇ ਫਿਰ ਟੇਪਿੰਗ, ਮਲਾਇਆ (ਹੁਣ ਮਲੇਸ਼ੀਆ) ਪੁੱਜਿਆ। ਉਥੇ ਉਹ ਮਲਾਇਆ ਸਟੇਟ ਗਾਈਡ ਵਿਚ ਬਤੌਰ ਸਿਗਨਲਰ ਭਰਤੀ ਹੋ ਗਿਆ। ਇਸ ਨੌਕਰੀ ਦੌਰਾਨ ਹੀ ਮਲਾਇਆ ਦੀ ਸਥਾਨਕ ਭਾਸ਼ਾ ਅਤੇ ਅੰਗਰੇਜ਼ੀ ਵਿਚ ਬੋਲਣ ਦੀ ਮੁਹਾਰਤ ਹਾਸਿਲ ਕਰ ਲਈ। ਥੋੜ੍ਹੇ ਖਰਚੇ ਜੋਗੇ ਪੈਸੇ ਜਮ੍ਹਾਂ ਕਰਕੇ, ਨੌਕਰੀ ਤੋਂ ਅਸਤੀਫਾ ਦੇ ਕੇ ਉਹ ਓਰੇਗਾਨ (ਅਮਰੀਕਾ) ਪੁੱਜ ਗਿਆ। ਇੱਥੇ ਹੀ ਉਸ ਦਾ ਮਿਲਾਪ ਉਸ ਦੇ ਮਝੈਲ ਸਾਥੀਆਂ- ਬਾਬਾ ਸੋਹਣ ਸਿੰਘ ਭਕਨਾ, ਭਾਈ ਜੁਆਲਾ ਸਿੰਘ ਠੱਠੀਆਂ ਅਤੇ ਬਾਬਾ ਵਿਸਾਖਾ ਸਿੰਘ ਦਦੇਹਰ ਨਾਲ ਹੋਇਆ ਜਿਨ੍ਹਾਂ ਸਹਾਇਤਾ ਨਾਲ ਉਹ ਲੰਬਰ ਮਿੱਲ (ਓਰੇਗਾਨ) 'ਚ ਕੰਮ 'ਤੇ ਲੱਗ ਗਿਆ। ਜਦੋਂ ਇਨ੍ਹਾਂ ਬਾਬਿਆਂ ਨੂੰ ਰੋਜ-ਮੱਰਾ ਦੀ ਜ਼ਿੰਦਗੀ 'ਚ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਤਾਂ ਸੁਭਾਵਿਕ ਹੀ ਇਸ ਦਾ ਕਾਰਨ ਭਾਰਤ ਗੁਲਾਮ ਹੋਣਾ ਨਜ਼ਰੀ ਆਇਆ। ਇਸ ਦੇ ਫਲਸਰੂਪ ਕੌਮੀਅਤ ਦਾ ਅਹਿਸਾਸ ਪ੍ਰਬਲ ਹੋਇਆ ਅਤੇ ਆਪਣੇ ਦੇਸ਼ ਨੂੰ ਸੰਪੂਰਨ ਆਜ਼ਾਦ ਕਰਾਉਣ ਦੀ ਤੜਪ ਨੇ 'ਗਦਰ ਪਾਰਟੀ' (ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ) ਨੂੰ ਜਨਮ ਦਿੱਤਾ। ਇਹ ਘਟਨਾ 21 ਅਪਰੈਲ 1913 ਨੂੰ ਆਸਟੋਰੀਆ (ਓਰੇਗਾਨ) ਘਟੀ ਸੀ।

ਗਦਰ ਪਾਰਟੀ ਦੇ ਮੁੱਖ ਅਹੁਦੇਦਾਰਾਂ ਦੀ ਚੋਣ ਤੋਂ ਬਾਅਦ ਮਾਸਟਰ ਕਸੇਲ ਨੂੰ ਗਦਰ ਪਾਰਟੀ ਦਾ ਮੁਢਲਾ ਮੈਂਬਰ ਚੁਣਿਆ ਗਿਆ ਅਤੇ ਇਕ ਬ੍ਰਾਂਚ ਦੇ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ। ਉਸ ਦੇ ਜ਼ਿੰਮੇ ਅਮਰੀਕਾ ਵਿਚ ਪਾਰਟੀ ਕਾਰਕੁੰਨਾਂ ਨੂੰ ਫੌਜੀ ਟ੍ਰੇਨਿੰਗ ਦੇ ਕੇ ਖੁਫੀਆ ਸ਼ਾਖਾ ਕਾਇਮ ਕਰਨਾ ਅਤੇ ਹਿੰਦੁਸਤਾਨੀ ਫੌਜੀਆਂ ਵਿਚ ਦੇਸ਼ ਭਗਤੀ ਦਾ ਪ੍ਰਚਾਰ ਕਰਕੇ ਗਦਰੀ ਵਿਚਾਰਾਂ ਨਾਲ ਸਹਿਮਤ ਕਰਨਾ ਲਾਇਆ ਗਿਆ। ਗੁਰੀਲਾ ਯੁੱਧ ਕਲਾ, ਸੈਨਿਕ ਅਭਿਆਸ, ਰਾਈਫਲ, ਬੰਬ ਅਤੇ ਪਿਸਤੌਲਾਂ ਆਦਿ ਦੀ ਸੁਚੱਜੀ ਵਰਤੋਂ ਦੀ ਸਿਖਲਾਈ ਦੇਣ ਲਈ ਹੌਲਟਵਿਲ ਫਾਰਮ ਵਿਚ ਗੁਪਤ ਕੇਂਦਰ ਸਥਾਪਤ ਕੀਤਾ ਗਿਆ। ਇਨ੍ਹਾਂ ਸੇਵਾਵਾਂ ਕਾਰਨ ਹੀ ਉਸ ਦੇ ਨਾਮ ਦੇ ਨਾਲ ਅਗੇਤਰ 'ਮਾਸਟਰ' ਜੁੜ ਗਿਆ। ਹਵਾਈ ਜਹਾਜ ਉਡਾਉਣ ਦੀ ਸਿਖਲਾਈ ਲਈ ਕਰਤਾਰ ਸਿੰਘ ਸਰਾਭਾ ਨੂੰ ਚੁਣਿਆ ਗਿਆ ਅਤੇ ਜਰਮਨ ਕੰਪਨੀ ਕੋਲ ਸੈਨ ਫਰਾਂਸਿਸਕੋ ਦੇ ਜਰਮਨ ਕੌਂਸਲਰ ਰਾਹੀਂ ਭੇਜਿਆ ਗਿਆ।

ਬਰਤਾਨੀਆ ਸੰਸਾਰ ਮਹਾਂਯੁੱਧ ਵਿਚ 4 ਅਗਸਤ 1914 ਨੂੰ ਕੁਦ ਪਿਆ। ਉਸ ਵੇਲੇ ਗਦਰ ਪਾਰਟੀ ਵਲੋਂ ਸਾਰੇ ਗਦਰੀਆਂ ਨੂੰ ਭਾਰਤ ਚਲੇ ਜਾਣ ਦਾ ਆਦੇਸ਼ ਦਿੱਤਾ ਗਿਆ। ਅਮਰੀਕਾ ਤੋਂ ਤੁਰਨ ਤੋਂ ਪਹਿਲਾਂ ਸਾਰੇ ਇਨਕਲਾਬੀਆਂ ਨੂੰ ਗਰੁਪਾਂ ਵਿਚ ਵੰਡ ਕੇ ਇਨ੍ਹਾਂ ਦੇ ਜਥੇਦਾਰ ਨਿਯਤ ਕੀਤੇ ਗਏ। ਮਾਸਟਰ ਊਧਮ ਸਿੰਘ ਨੂੰ ਵੀ ਇਕ ਜਥੇ ਦਾ ਆਗੂ ਬਣਾਇਆ ਗਿਆ। ਅਮਰੀਕਾ ਤੋਂ ਗਦਰੀਆਂ ਦਾ ਪਹਿਲਾ ਜਥਾ ਜਿਸ ਵਿਚ ਮਾਸਟਰ ਊਧਮ ਸਿੰਘ ਵੀ ਸ਼ਾਮਿਲ ਸੀ, ਕੋਰੀਆ ਜਹਾਜ ਰਾਹੀਂ ਸੈਨ ਫਰਾਂਸਿਸਕੋ ਤੋਂ 19 ਅਗਸਤ 1914 ਨੂੰ ਤੁਰਿਆ। ਇਹ ਜਹਾਜ ਹਾਂਗਕਾਂਗ ਤੱਕ ਆਇਆ। ਹਾਂਗਕਾਂਗ ਤੋਂ ਭਾਰਤ ਜਾਣ ਲਈ ਤੋਸ਼ਾ ਮਾਰੂ ਜਹਾਜ ਕਿਰਾਏ 'ਤੇ ਕੀਤਾ ਗਿਆ। ਤੋਸ਼ਾ ਮਾਰੂ ਜਹਾਜ ਅਤੇ ਮਾਸ਼ੀਮ ਮਾਰੂ ਜਹਾਜ ਪਿਨਾਂਗ ਦੀ ਬੰਦਰਗਾਹ ਉਤੇ ਇਕੱਠੇ ਹੋਏ ਅਤੇ ਇਥੇ ਇਸ ਕਰਕੇ ਇੰਤਜ਼ਾਰ ਕਰਨੀ ਪਈ ਕਿਉਂਕਿ ਜਰਮਨ ਗਸ਼ਤੀ ਜੰਗੀ ਜਹਾਜ 'ਐਮਡਨ' ਉਸ ਵੇਲੇ ਬੰਗਾਲ ਦੀ ਖਾੜੀ ਵਿਚ ਦੁਸ਼ਮਣਾਂ ਦੇ ਜਹਾਜ ਡੋਬ ਰਿਹਾ ਸੀ। ਇਸ ਵਕਫੇ ਦੌਰਾਨ ਮਾਸਟਰ ਊਧਮ ਸਿੰਘ ਨੇ ਪਿਨਾਂਗ ਤੋਂ ਹਥਿਆਰ ਖਰੀਦਣ ਦੀ ਕੋਸ਼ਿਸ਼ ਕੀਤੀ।

ਹਾਂਗਕਾਂਗ ਤੋਂ ਤੋਸ਼ਾ ਮਾਰੂ ਜਹਾਜ 19 ਅਕਤੂਬਰ 1914 ਨੂੰ ਕਲਕੱਤੇ ਪੁੱਜਾ ਪਰੰਤੂ ਬਾਹਰੋਂ ਆਏ ਸਾਰੇ ਦੇਸ਼ ਭਗਤਾਂ ਨੂੰ ਆਪਣੇ ਦੇਸ਼ ਦੀ ਧਰਤੀ ਉਪਰ ਪੈਰ ਰੱਖਣ ਤੋਂ ਪਹਿਲਾਂ ਹੀ ਤੋਸ਼ਾ ਮਾਰੂ ਜਹਾਜ ਨੂੰ ਸਰਕਾਰੀ ਫੌਜ ਨੇ ਕਬਜ਼ੇ ਵਿਚ ਲੈ ਲਿਆ। ਹਿਰਾਸਤ 'ਚ ਲੈਣ ਵਾਲੇ ਗਦਰੀਆਂ ਵਿਚ ਬਾਬਾ ਸੋਹਣ ਸਿੰਘ ਭਕਨਾ, ਬਾਬਾ ਕੇਸਰ ਸਿੰਘ ਠੱਠਗੜ੍ਹ, ਬਾਬਾ ਜੁਆਲਾ ਸਿੰਘ ਠੱਠੀਆਂ ਅਤੇ ਮਾਸਟਰ ਊਧਮ ਸਿੰਘ ਕਸੇਲ ਆਦਿ ਸਨ। ਮੁਕੱਦਮਾ 'ਪਹਿਲਾ ਲਾਹੌਰ ਸਾਜ਼ਿਸ਼ ਕੇਸ' ਦੇ ਫੈਸਲੇ ਅਨੁਸਾਰ ਮਾਸਟਰ ਊਧਮ ਸਿੰਘ ਨੂੰ ਉਮਰ ਕੈਦ ਕਾਲੇ ਪਾਣੀ (ਜਲਾਵਤਨ) ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ। ਇਹ ਫੈਸਲਾ 13 ਸਤੰਬਰ 1915 ਨੂੰ ਸੁਣਾਇਆ ਗਿਆ ਅਤੇ ਮੁਕੱਦਮਾ ਸ਼ੁਰੂ ਹੋਣ ਦੀ ਮਿਤੀ 26 ਅਪਰੈਲ 1915 ਸੀ। ਇਹ ਸਜ਼ਾ ਆਪਣਿਆਂ ਵਿਚੋਂ ਹੀ ਵਾਇਦਾ ਮੁਆਫ ਬਣੇ ਗਵਾਹਾਂ- ਅਮਰ ਸਿੰਘ ਨਵਾਂਸ਼ਹਿਰ, ਮੂਲਾ ਸਿੰਘ ਮੀਰਾ ਕੋਟ (ਅੰਮ੍ਰਿਤਸਰ) ਅਤੇ ਨਵਾਬ ਖਾਨ ਹਲਵਾਰੀਆ ਦੀਆਂ ਝੂਠੀਆਂ-ਸੱਚੀਆਂ ਗਵਾਹੀਆਂ ਅਤੇ ਬਿਆਨਾਂ ਦੇ ਆਧਾਰ 'ਤੇ ਦਿੱਤੀ ਗਈ।

ਜਲਾਵਤਨੀ ਉਮਰ ਕੈਦ ਵਾਲੇ ਗਦਰੀਆਂ ਨੂੰ ਲਾਹੌਰ ਤੋਂ ਬੇੜੀਆਂ ਅਤੇ ਹੱਥਕੜੀਆਂ ਨਾਲ ਨੂੜ ਕੇ ਅਲੀਪੁਰ ਜੇਲ੍ਹ ਕਲਕੱਤੇ ਲਿਆਂਦਾ ਗਿਆ। 7 ਦਸੰਬਰ 1915 ਨੂੰ ਐਸ. ਐਸ. ਮਹਾਰਾਜਾ ਨਾਮੀ ਜਹਾਜ, ਜਿਸ ਵਿਚ ਮਾਸਟਰ ਊਧਮ ਸਿੰਘ ਅਤੇ ਹੋਰ ਸਾਥੀ ਸਨ, ਕਲਕੱਤੇ ਤੋਂ ਪੋਰਟ ਬਲੇਅਰ ਲਈ ਰਵਾਨਾ ਹੋਇਆ। 10 ਦਸੰਬਰ 1915 ਨੂੰ ਇਸ ਜਹਾਜ ਨੇ ਪੋਰਟ ਬਲੇਅਰ ਦੀ ਬੰਦਰਗਾਹ ਦੇ ਕਾਲੇ ਪਾਣੀਆਂ 'ਚ ਲੰਗਰ ਸੁੱਟਿਆ। ਦਸੰਬਰ 1915 ਦੇ ਅਖੀਰ ਤਕ 40 ਗਦਰੀ ਬਾਬੇ ਅੰਡੇਮਾਨ ਜੇਲ੍ਹ ਪੁੱਜ ਚੁੱਕੇ ਸਨ। ਇਸ ਕੁੰਭੀ ਨਰਕ ਜੇਲ੍ਹ 'ਚ ਦੇਸ਼ ਭਗਤਾਂ 'ਤੇ ਹੋਏ ਜੁਲਮਾਂ ਦੀ ਦਾਸਤਾਨ ਬਹੁਤ ਲੰਬੀ ਹੈ। ਸਿਦਕ, ਸਿਰੜ ਅਤੇ ਦਲੇਰੀ ਨਾਲ ਦੇਸ਼ ਭਗਤਾਂ ਨੇ ਜ਼ੁਲਮ ਦਾ ਜੇਲ੍ਹ ਅੰਦਰ ਮੁਕਾਬਲਾ ਕੀਤਾ। ਇਨ੍ਹਾਂ ਸਾਰੇ ਜੁਲਮਾਂ ਦਾ ਹਾਲ ਅਤੇ ਜੇਲ੍ਹ ਦੀਆਂ ਸਾਰੀਆਂ ਅਹਿਮ ਘਟਨਾਵਾਂ ਨੂੰ ਮਾਸਟਰ ਊਧਮ ਸਿੰਘ ਨੇ ਆਪਣੇ ਹੱਥ ਲਿਖਤ ਦਸਤਾਵੇਜ਼ 'ਯਾਦਿ ਰਫਤਗਾਨ' 'ਚ ਦਰਜ ਕੀਤਾ ਹੈ। ਇਹ ਲਿਖਤ 1930 ਦੇ ਪਹਿਲੇ ਮਹੀਨਿਆਂ 'ਚ 'ਕਿਰਤੀ' ਵਿਚ ਪੰਜ ਕਿਸ਼ਤਾਂ ਵਿਚ ਛਾਪੀ ਗਈ ਸੀ। 'ਖੂੰਡੇ ਵਾਲਾ' ਖਾੜਕੂ ਅਕਾਲੀ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਵੀ ਅੰਡੇਮਾਨ ਜੇਲ੍ਹ ਦੀ ਸਜ਼ਾ (ਜੂਨ 1919 ਤੋਂ ਮਾਰਚ 1920) ਭੁਗਤੀ ਸੀ। ਰਾਜਸੀ ਕੈਦੀਆਂ ਨੇ ਆਪਸ ਵਿਚ ਮਿਲਣਾ ਹੋਵੇ ਤਾਂ ਬਹਾਨੇ ਨਾਲ ਹਸਪਤਾਲ ਚਲੇ ਜਾਂਦੇ ਸਨ। ਇਸੇ ਤਰ੍ਹਾਂ ਮਾਸਟਰ ਊਧਮ ਸਿੰਘ ਕਸੇਲ ਨੇ ਝੱਬਰ ਨੂੰ ਸੁਨੇਹਾ ਭੇਜ ਕੇ ਉਸ ਦੇ ਜੇਲ੍ਹ ਪੁੱਜਣ ਦੇ ਪਹਿਲੇ ਦਿਨਾਂ ਵਿਚ ਹੀ ਝੱਬਰ ਨੂੰ ਹਸਪਤਾਲ ਬੁਲਾ ਕੇ ਜੇਲ੍ਹ ਦੀ ਸਾਰੀ ਰਹਿਣੀ, ਬਹਿਣੀ, ਸਹਿਣੀ ਅਤੇ ਵਰਤ-ਵਿਹਾਰ ਦੀ ਗੱਲ ਸਮਝਾ ਦਿੱਤੀ। ਉਹ ਦੋਵੇਂ ਆਪਸ ਵਿਚ ਮਿਲ ਕੇ ਬਹੁਤ ਪ੍ਰਸੰਨ ਹੋਏ ਸਨ। ਕਰਤਾਰ ਸਿੰਘ ਝੱਬਰ ਨੇ 18-20 ਅਕਤੂਬਰ 1920 ਨੂੰ ਲਾਹੌਰ ਦੇ ਸਿੱਖ ਲੀਗ ਦੇ ਦੂਜੇ ਸਾਲਾਨਾ ਸਮਾਗਮ ਵਿਚ ਅੰਗਰੇਜ਼ੀ ਸਮਰਾਜ ਦਾ ਜੇਲ੍ਹ ਅੰਦਰ ਦੇਸ਼ ਭਗਤਾਂ 'ਤੇ ਢਾਹੇ ਜਾਂਦੇ ਜੁਲਮਾਂ ਦਾ ਚਿੱਠਾ ਜੱਗ ਜਾਹਿਰ ਕਰ ਦਿੱਤਾ। 'ਅਕਾਲੀ' ਅਖਬਾਰ ਨੇ ਵੀ ਇਨ੍ਹਾਂ ਜ਼ੁਲਮਾਂ ਨੂੰ ਨਸ਼ਰ ਕੀਤਾ। ਇਸ ਕਾਨਫਰੰਸ ਵਿਚ ਦੇਸ਼ ਭਗਤਾਂ ਦੀ ਰਿਹਾਈ, ਸ਼ਹੀਦਾਂ ਦੇ ਪਰਿਵਾਰਾਂ ਦੀ ਮਾਲੀ ਸਹਾਇਤਾ ਕਰਨਾ ਅਤੇ ਗਾਂਧੀ ਦੀ 'ਨਾ-ਮਿਲਵਰਤਣ ਲਹਿਰ' ਦੇ ਮੁੱਦੇ ਵਿਚਾਰੇ ਗਏ। ਅੰਡੇਮਾਨ ਜੇਲ੍ਹ ਦੀਆਂ ਹਾਲਤਾਂ ਨੂੰ ਝੱਬਰ ਰਾਹੀਂ ਪਬਲਿਕ ਕਰਨ ਲਈ ਮਾਸਟਰ ਊਧਮ ਸਿੰਘ ਦੀ ਅਹਿਮ ਭੂਮਿਕਾ ਸੀ।

ਅੰਡੇਮਾਨ ਜੇਲ੍ਹ ਦੇ ਕੈਦੀਆਂ ਨੂੰ ਭਾਰਤ ਦੀਆਂ ਜੇਲ੍ਹਾਂ ਵਿਚ ਭੇਜਣ ਦਾ ਫੈਸਲਾ ਹੋਇਆ। 23 ਅਗਸਤ 1921 ਨੂੰ ਫਿਰ ਐਸ. ਐਸ. ਮਹਾਰਾਜਾ ਜਹਾਜ ਵਿਚ ਗਦਰੀਆਂ ਨੂੰ ਦੱਖਣੀ ਭਾਰਤ ਵਲ ਰਵਾਨਾ ਕੀਤਾ ਗਿਆ ਅਤੇ ਮਦਰਾਸ ਦੀ ਸੈਂਟਰਲ ਜੇਲ੍ਹ ਵਿਚ ਪਹੁੰਚਾਇਆ ਗਿਆ। ਮਦਰਾਸ ਸਰਕਾਰ ਤੋਂ ਬਿਨਾਂ ਸਾਰੀਆਂ ਸੂਬਾ ਸਰਕਾਰਾਂ ਨੇ ਇਨ੍ਹਾਂ ਗਦਰੀਆਂ ਨੂੰ ਆਪਣੀਆਂ ਜੇਲ੍ਹਾਂ 'ਚ ਲੈਣ ਲਈ ਸਾਫ ਇਨਕਾਰ ਕਰ ਦਿੱਤਾ। ਸਾਰੇ ਗਦਰੀਆਂ ਨੂੰ ਵੱਖ-ਵੱਖ ਗਰੁਪਾਂ 'ਚ ਵੰਡ ਕੇ ਮਦਰਾਸ ਦੀਆਂ ਵਿਭਿੰਨ ਜੇਲ੍ਹਾਂ 'ਚ ਭੇਜ ਦਿੱਤਾ ਗਿਆ। ਮਾਸਟਰ ਊਧਮ ਸਿੰਘ ਕਸੇਲ ਨੂੰ ਬੈਲੂਰ ਜੇਲ੍ਹ ਵਿਚ ਭੇਜਿਆ ਗਿਆ। ਇਸੇ ਜੇਲ੍ਹ ਵਿਚੋਂ ਉਹ ਜੂਨ 1922 ਨੂੰ ਜੇਲ੍ਹ ਦੀ 18 ਫੁੱਟ ਉਚੀ ਕੰਧ ਟਪ ਕੇ ਫਰਾਰ ਹੋ ਗਿਆ। ਇਸ ਕੰਮ ਲਈ ਜੇਲ੍ਹ ਕਮਰੇ ਦੀ ਨਕਲੀ ਚਾਬੀ ਤਿਆਰ ਕਰਨਾ, ਲੰਬਾ ਮੁੰਜ ਦਾ ਰੱਸਾ ਵਟਣਾ ਅਤੇ ਕਿਸੇ ਤਰ੍ਹਾਂ ਆਪਣਾ ਸ਼ੁਭਚਿੰਤਕ ਤਿਆਰ ਕਰਨਾ- ਮਾਸਟਰ ਊਧਮ ਸਿੰਘ ਦੀ ਆਹਲਾ ਤਰਕੀਬ ਦੇ ਸੂਚਕ ਹਨ। ਉਹ ਭੁਖੇ ਭਾਣੇ ਰਹਿੰਦਿਆਂ ਅਤੇ ਅਣਜਾਣ ਰਸਤਿਆਂ ਤੋਂ ਨਾਵਾਕਿਫ ਸੈਂਕੜੇ ਮੀਲਾਂ ਦਾ ਸਫਰ ਝਾਗ ਕੇ ਭਾਈ ਪਿਆਰਾ ਸਿੰਘ ਲੰਗੇਰੀ ਕੋਲ 2-3 ਮਹੀਨੇ ਦੀਆਂ ਸਖਤ ਤਕਲੀਫਾਂ ਪਿਛੋਂ ਪੰਜਾਬ ਪੁੱਜਿਆ। ਵੇਲੇ-ਕੁਵੇਲੇ ਦੀ ਭੁੱਖ, ਸੁਖ-ਨੀਂਦ ਆਰਾਮ ਤਿਆਗਣ ਕਰਕੇ ਉਸ ਦੇ ਸਰੀਰ 'ਤੇ ਸੋਜ ਪੈ ਗਈ ਸੀ ਅਤੇ ਪੈਰ ਜ਼ਖਮੀ ਹੋ ਗਏ ਸਨ। ਭਾਈ ਪਿਆਰਾ ਸਿੰਘ ਨੇ ਉਸ ਦੀ ਟਹਿਲ ਸੇਵਾ ਕਰਕੇ ਉਸ ਨੂੰ ਦੁਆਰਾ ਨਵੇਂ ਸਿਰਿਓਂ ਕਾਇਮ ਕਰ ਦਿੱਤਾ ਅਤੇ ਫਿਰ ਉਸ ਨੂੰ ਸਹੀ ਸਲਾਮਤ ਕਾਬਲ (ਅਫਗਾਨਿਸਤਾਨ) ਪਹੁੰਚਾ ਦਿੱਤਾ।



ਕਾਬਲ ਵਿਚ ਕਰੀਬ ਤਿੰਨ ਸਾਲ ਦੇ ਪਰਵਾਸ ਦੌਰਾਨ ਮਾਸਟਰ ਊਧਮ ਸਿੰਘ ਨੇ ਮਾਊਂਟ ਐਵਰੈਸਟ ਨੂੰ ਸਰ ਕਰਨ ਵਰਗੀਆਂ ਮੁਸ਼ਕਿਲਾਂ ਨੂੰ ਜਿੱਤ ਕੇ ਅਜਿਹੀ ਲਹਿਰ ਪੈਦਾ ਕੀਤੀ ਕਿ ਉਹ ਉਥੋਂ ਦੇ ਹਿੰਦੂ-ਸਿੱਖਾਂ ਦੇ ਚਹੇਤੇ ਹੀ ਨਾ ਬਣੇ ਸਗੋਂ ਹਰ ਅਫਗਾਨੀ ਦੇ ਦਿਲਾਂ ਵਿਚ ਆਪਣਾ ਸਤਿਕਾਰ ਅਤੇ ਥਾਂ ਬਣਾ ਲਈ। ਹਿੰਦੂ-ਸਿੱਖਾਂ ਨੂੰ ਮਹੰਤਾਂ ਦੇ ਚੁੰਗਲ ਵਿਚੋਂ ਕੱਢ ਕੇ ਗੁਰਬਾਣੀ ਨਾਲ ਜੋੜਨ ਦੇ ਨਾਲ ਨਾਲ ਗੁਰਦੁਆਰਾ ਖਾਲਸਾ ਦੀਵਾਨ, ਚਸ਼ਮਾ ਸਾਹਿਬ, ਸੁਲਤਾਨਪੁਰ (ਜਲਾਲਾਬਾਦ) ਵੀ ਆਜ਼ਾਦ ਕਰਵਾਇਆ। ਇਸੇ ਪਵਿੱਤਰ ਚਸ਼ਮੇ ਦੀ ਸਫਾਈ ਕਰਵਾ ਕੇ ਜਲ ਦੀ ਵਰਤੋਂ ਕਰਨੀ ਸ਼ੁਰੂ ਕਰਵਾਈ। ਲਾਲਪੁਰੇ ਸਿੰਘ ਸਭਾ ਲਹਿਰ ਵਾਲਿਆਂ ਦੇ ਖੋਲ੍ਹੇ ਸਕੂਲ ਦੀ ਨਵ-ਉਸਾਰੀ ਕਰਵਾ ਕੇ ਪੜ੍ਹਾਈ ਸ਼ੁਰੂ ਕਰਵਾਈ ਅਤੇ ਉਸ ਨੇ ਖੁਦ ਪੰਜਾਬੀ ਦੀ ਕਲਾਸ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਸ. ਤੇਜਾ ਸਿੰਘ ਸੁਤੰਤਰ ਅਤੇ ਭਾਈ ਹਜਾਰਾ ਸਿੰਘ ਦੀ ਅਗਵਾਈ ਵਿਚ ਕਾਬਲ ਆਏ ਪ੍ਰਚਾਰਕ ਜਥੇ ਦਾ ਨਿੱਘਾ ਸੁਆਗਤ ਕੀਤਾ। ਕਾਬਲ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ ਵਖਰੇ ਵਖਰੇ ਖਿਆਲਾਂ ਦੇ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਅੰਗਰੇਜ਼ੀ ਸਮਰਾਜ ਦੇ ਵਿਰੁਧ ਲਾਮਬੰਦ ਕੀਤਾ। ਕਾਬਲ, ਤੁਰਕੀ, ਰੂਸ, ਜੰਮੂ-ਕਸ਼ਮੀਰ ਅਤੇ ਹੋਰ ਸਰਕਾਰਾਂ ਨਾਲ ਮੇਲ-ਜੋਲ ਸਥਾਪਤ ਕੀਤਾ। ਜਦੋਂ ਬਾਬਾ ਗੁਰਮੁਖ ਸਿੰਘ ਲਲਤੋਂ ਕਾਬਲ ਪੁੱਜੇ ਤਾਂ ਗੁਜ਼ਾਰਾ ਤੋਰਨ ਅਤੇ ਕੇਂਦਰ ਸਥਾਪਤ ਕਰਨ ਦੇ ਮਕਸਦ ਨਾਲ, ਇਕ ਦੁਕਾਨ ਕਾਬਲ 'ਚ ਖੋਲੀ ਗਈ। ਇਹ ਦੁਕਾਨ 'ਅਕਾਲੀ ਸਟੋਰ' ਕਰਕੇ ਬਹੁਤ ਮਸ਼ਹੂਰ ਹੋਈ ਅਤੇ ਦੇਸ਼ ਭਗਤਾਂ ਦਾ ਅੱਡਾ ਬਣ ਗਈ।

ਭਾਈ ਊਧਮ ਸਿੰਘ ਭਾਈ ਰਤਨ ਸਿੰਘ ਰਾਏਪੁਰ ਡੱਬਾ ਅਤੇ ਭਾਈ ਸੰਤੋਖ ਸਿੰਘ ਧਰਦਿਓ (ਯੂ. ਐਸ. ਏ.) ਤੋਂ ਸੋਵੀਅਤ ਯੂਨੀਅਨ ਮਾਰਕਸਵਾਦ-ਲੈਨਿਨਵਾਦ ਦੀ ਪੜ੍ਹਾਈ ਕਰਨ ਗਏ ਸਨ। ਉਥੇ ਅੱਠ ਮਹੀਨੇ ਗੁਜਾਰਨ ਪਿਛੋਂ ਦੋਵੇਂ ਬਰਲਿਨ (ਜਰਮਨੀ), ਇਰਾਨ ਹੁੰਦੇ ਹੋਏ ਅਗਸਤ 1923 ਦੇ ਸ਼ੁਰੂ ਵਿਚ ਅਫਗਾਨਿਸਤਾਨ ਪੁੱਜ ਗਏ। ਇਨ੍ਹਾਂ ਚਾਰੇ ਗਦਰੀ ਸਾਥੀਆਂ- ਗੁਰਮੁਖ ਸਿੰਘ ਲਲਤੋਂ, ਊਧਮ ਸਿੰਘ ਕਸੇਲ, ਭਾਈ ਰਤਨ ਸਿੰਘ ਰਾਏਪੁਰ ਡੱਬਾ ਅਤੇ ਭਾਈ ਸੰਤੋਖ ਸਿੰਘ ਧਰਦਿਓ ਦੀ ਅਰਸਿਆਂ ਬਾਅਦ ਹੋਈ ਇਹ ਮਿਲਣੀ ਜਜ਼ਬਿਆਂ, ਹੌਂਸਲਿਆਂ ਅਤੇ ਭਾਵੁਕਤਾ ਨਾਲ ਭਰਪੂਰ ਸੀ। ਇਨ੍ਹਾਂ ਆਗੂਆਂ ਨੇ ਬੀਤੇ ਦੀ ਪੜਚੋਲ ਕਰਕੇ ਨਵੇਂ ਫੈਸਲੇ ਕੀਤੇ ਅਤੇ ਨਵੀਂ ਯੁੱਧ ਨੀਤੀ ਤੈਅ ਕੀਤੀ। ਇਸ ਲਈ ਆਪੋ ਆਪਣੀਆਂ ਜ਼ਿੰਮੇਵਾਰੀਆਂ ਅਤੇ ਕਰਨ ਵਾਲੇ ਕੰਮਾਂ ਦੀ ਵੰਡ ਵੀ ਕੀਤੀ ਗਈ।

ਮਾਸਟਰ ਊਧਮ ਸਿੰਘ ਕਾਬਲ ਤੋਂ ਲੁਕ ਛਿਪ ਕੇ ਚਾਰ ਵਾਰ ਭਾਰਤ ਆਏ। ਦੇਸ਼ ਭਗਤ ਕਮੇਟੀ ਨੂੰ ਪੁਨਰਗਠਨ ਕਰਨਾ, ਕਿਰਤੀ ਪੇਪਰ ਲਈ ਮਾਇਆ ਦੇਣੀ ਅਤੇ ਸਰਕਾਰੀ ਹਿਰਾਸਤ 'ਚ ਲਏ ਗਏ ਸ. ਸੰਤੋਖ ਸਿੰਘ ਧਰਦਿਓ ਨੂੰ ਛਡਾਉਣ ਲਈ ਉਦਮ-ਉਪਰਾਲੇ ਕਰਨ ਵਰਗੇ ਉਦੇਸ਼ਾਂ ਨਾਲ ਇਹ ਫੇਰੀਆਂ ਕੀਤੀਆਂ ਗਈਆਂ। ਜੰਮੂ-ਕਸ਼ਮੀਰ ਦੇ ਰਾਜਾ, ਰਾਜਾ ਮਹਿੰਦਰ ਪ੍ਰਤਾਪ (ਬਿੰਦਰਾਬਨ) ਅਤੇ ਨੇਪਾਲ ਨਰੇਸ਼ ਦੀ ਸਰਕਾਰ ਨੂੰ ਭਰੋਸੇ 'ਚ ਲੈ ਕੇ ਅਤੇ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਦੀ ਮਦਦ ਨਾਲ ਅੰਗਰੇਜਾਂ ਨੂੰ ਹਥਿਆਰਬੰਦ ਹਮਲਾ ਕਰਕੇ ਦੇਸ਼ੋਂ ਬਾਹਰ ਕੱਢਣ ਦੀਆਂ ਸਕੀਮਾਂ 'ਤੇ ਉਹ ਸੋਚ-ਵਿਚਾਰ ਕਰਦਾ ਰਿਹਾ ਸੀ। ਸੰਭਵ ਹੈ ਕਿ ਉਹ ਦਸਬੰਰ 1925 ਦੇ ਅਖੀਰਲੇ ਹਫਤੇ ਹੋਏ ਕਾਂਗਰਸ ਅਤੇ ਕਮਿਊਨਿਸਟਾਂ ਦੇ ਕਾਨਪੁਰ ਵਾਲੇ ਸਮਾਗਮਾਂ ਵਿਚ ਭੇਸ ਬਦਲ ਕੇ ਸ਼ਾਮਲ ਹੋਇਆ ਹੋਵੇ। ਉਹ ਬਾਅਦ 'ਚ ਵਾਇਆ ਮਥਰਾ ਨੇਪਾਲ ਵਲ ਆਪਣੇ ਮਿਸ਼ਨ ਦੇ ਹੋਰ ਪ੍ਰੋਗਰਾਮਾਂ ਲਈ ਰਵਾਨਾ ਹੋ ਗਿਆ।


1925 ਦੇ ਆਖੀਰ ਵਿਚ ਮਾਸਟਰ ਊਧਮ ਸਿੰਘ ਕਸੇਲ ਦੀ ਚੌਥੀ ਅਤੇ ਅਖੀਰਲੀ ਭਾਰਤ ਫੇਰੀ ਹੋ ਨਿਬੜੀ। ਇਸ ਫੇਰੀ ਦੌਰਾਨ ਉਸ ਨੇ ਨੇਪਾਲ ਨਾਲ ਸਬੰਧਤ ਕੋਈ ਕਾਰਜ ਨਿਬੇੜ ਕੇ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਪਰਸਨ ਕੀਤੇ। ਉਸ ਪਿਛੋਂ ਉਹ ਕਾਬੁਲ ਲਈ ਵਾਪਿਸ ਤੁਰ ਪਿਆ। ਪਿਸ਼ਾਵਰ ਤੋਂ ਤੁਰਨ ਲੱਗਿਆਂ, ਦੋ ਪਠਾਣਾਂ ਨੂੰ ਆਪਣੇ ਨਾਲ ਇਸ ਕਰਕੇ ਲੈ ਲਿਆ ਕਿ ਉਹ ਉਸ ਦੇ ਕਾਬੁਲ ਜਾਣ ਲਈ ਰਾਹ ਦਸੇਰੇ ਬਣਨ। ਇਨ੍ਹਾਂ ਹੀ ਪਠਾਣਾਂ ਇਕ ਥਾਂ ਆ ਕੇ (ਕਬੀਲਿਆਂ ਦਾ ਇਲਾਕਾ) ਉਸ ਦਾ ਬਟੂਆ ਜ਼ਬਰਦਸਤੀ ਖੋਹ ਲਿਆ। ਉਸ ਨੇ ਉਹ ਬਟੂਆ ਆਪਣਾ ਪਿਸਤੌਲ ਦਿਖਾ ਕੇ ਵਾਪਿਸ ਲੈ ਲਿਆ। ਉਥੋਂ ਤਾਂ ਇਹ ਪਠਾਣ ਦੁੰਮ ਦਬਾ ਕੇ ਨੱਸ ਗਏ ਪਰ ਬਾਅਦ ਵਿਚ ਬੰਦੂਕਾਂ ਲਿਆ ਕੇ ਰਾਹ 'ਚ ਆਣ ਮਿਲੇ ਅਤੇ ਉਸ 'ਤੇ ਅਚਨਚੇਤ ਹਮਲਾ ਕਰ ਦਿੱਤਾ। ਮਾਸਟਰ ਊਧਮ ਸਿੰਘ ਇਨ੍ਹਾਂ ਹਤਿਆਰਿਆਂ ਨਾਲ ਮੁਕਾਬਲਾ ਕਰਦਾ ਹੋਇਆ ਗੋਲੀਆਂ ਦਾ ਨਿਸ਼ਾਨਾ ਬਣ ਕੇ ਥਾਂ ਹੀ ਸ਼ਹੀਦ ਹੋ ਗਿਆ। ਇਸ ਤਰ੍ਹਾਂ ਭਾਰਤ ਦੀ ਆਜ਼ਾਦੀ ਅਤੇ 'ਸਭੇ ਸਾਂਝੀਵਾਲ ਸਦਾਇਨਿ...' ਵਾਲੇ ਸਮਾਜ ਸਿਰਜਣ ਦੇ ਸੁਪਨੇ ਸੰਜੋਈ, ਗਦਰ ਲਹਿਰ ਦਾ ਇਹ ਮਹਾਨ ਯੋਧਾ 27 ਜਨਵਰੀ 1926 ਨੂੰ ਸਦੀਵੀ ਵਿਛੋੜਾ ਦੇ ਗਿਆ। ਭਾਈ ਸਰਨ ਸਿੰਘ ਆਜ਼ਿਜ ਦੀਆਂ ਹੇਠ ਲਿਖੀਆਂ ਕਾਵਿ-ਸਤਰਾਂ ਨਾਲ ਸ਼ਰਧਾਂਜਲੀ ਭੇਟ ਹੈ,

ਦਿਨ ਕੈਹਰ ਭਰਿਆ ਪੰਦਰਾਂ ਮਾਘ ਵਾਲਾ,
ਸਾਲ ਦੂਸਰਾ ਆਇਆ ਬਲਬੀਰ ਦਾ ਜੇ!
ਭਾਰਤ ਮਾਤਾ ਦਾ ਸੂਰਮਾ ਸ਼ੇਰ ਬਾਂਕਾ,
ਖੁਲ੍ਹ ਹਿੰਦ ਦੀ ਤੇ ਰਾਂਝਾ ਹੀਰ ਦਾ ਜੇ!
ਰੁਲਿਆ ਅਜ ਦੀ ਰਾਤ ਪਹਾੜ ਅੰਦਰ,
ਜਿਗਰਾ ਵੱਡਾ ਸੁਮੇਰ ਤੋਂ ਵੀਰ ਦਾ ਜੇ!
ਪ੍ਰਜਾ ਭਗਤ ਤੇ ਆਸ਼ਕ ਆਜ਼ਾਦੜੀ ਦਾ
ਪੁੱਤ ਦੁਸ਼ਟ-ਦਮਨ ਸੱਚੇ ਪੀਰ ਦਾ ਜੇ!
ਸ਼ਹੀਦੀ ਵਿਚ ਪਾ ਪਰਬਤਾਂ ਵਟਿਆਂ ਦੇ,
ਵਾਰ ਗਿਆ ਏ ਜਿੰਦ ਤੇ ਮਾਲ ਸਾਥੋਂ!
ਊਧਮ ਸਿੰਘ ਸੂਰਾ ਪ੍ਰਜਾ ਭਗਤ ਪੂਰਾ,
ਦੇਸ਼ ਕੌਮ ਦਾ ਗੁੰਮ ਗਿਆ ਲਾਲ ਸਾਥੋਂ!

ਮਾਸਟਰ ਊਧਮ ਸਿੰਘ (ਕਸੇਲ, ਅੰਮ੍ਰਿਤਸਰ)
ਜਵਾਲਾ ਸਿੰਘ ਠੱਠੀਆਂ ਫਾਰਮ ਉੱਤੇ ਹਿੰਦੋਸਤਾਨ ਜਾਣ ਵਾਲੇ ਇਨਕਲਾਬੀਆਂ ਨੂੰ ਹਥਿਆਰਾਂ ਦੀ ਸਿਖਲਾਈ।
ਅਮਰੀਕਾ ਤੋਂ ਵਾਪਸੀ 'ਤੇ ਉਮਰ ਕੈਦ। ਵੈਲੋਰ ਜੇਲ੍ਹ ਤੋਂ ਭੱਜ ਕੇ ਪੰਜਾਬ ਹੁੰਦਿਆਂ ਕਾਬਲ ਪਹੁੰਚੇ।
ਉਥੇ ਗ਼ਦਰ ਪਾਰਟੀ ਦਾ ਹੈੱਡਕੁਆਰਟਰ ਸਥਾਪਤ। ਹਰ ਸਾਲ ਹਿੰਦੋਸਤਾਨ ਗੁਪਤ ਫੇਰੀ।
1926 ਵਿੱਚ ਸਰਹੱਦ ਪਾਰ ਕਰਦੇ ਹੋਏ ਕਤਲ।

मास्टर ऊधम सिंह ( कसेल, अमृतसर )
ज्वाला सिंह ठठीयां फार्म पर हिन्दोस्तान जाने वाले इन्कलाबियों को हथियार चलाने की ट्रेनिंग देते। अमरीका से वापिसी पर आजीवन कारावास। वैलोर जेल से भाग कर पंजाब होते हुए काबुल पहुंचे। वहां पर गदर पार्टी के हैड क्वार्टर की स्थापना की। हर साल हिन्दोस्तान में गुप्त रूप से चक्कर लगाना। 1926 में सीमा पार करते हुए कत्ल

**Master Udham Singh (Kasel, Amritsar)**
Trained the revolutionaries returning to India in the use of fire arms at Jawala Suigh's Farm. Life imprisonment after returning to India from America. Escaped from the Vellore jail, reached Kabul and established the headquarter of ghadr party there, visited India each year secretly. Assassinated in 1926 while crossing the borders.



*ਦੇਸ਼ ਭਗਤ ਯਾਦਗਰ ਕਮੇਟੀ, ਜਲੰਧਰ 'ਚ ਸ਼ਹੀਦ ਕਸੇਲ ਦੀ ਫੋਟੋ ਨਾਲ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ 'ਚ ਲਿਖੀ ਇਬਾਰਤ*

# ਹਰਿਹਰਿ ਨਾਮੁ ਜੋ ਜਨੁ ਜਪੈ ਸੋ ਆਇਆ ਪਰਵਾਣੁ

ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਪਟਿਆਲਾ

ਹਰਿਹਰਿ ਨਾਮੁ ਜੋ ਜਨੁ ਜਪੈ ਸੋ ਆਇਆ ਪਰਵਾਣੁ

ਡਾ. ਗੁਰਨਾਮ ਕੌਰ, ਪਟਿਆਲਾ

ਗੁਰੂ ਨਾਨਕ ਦਾ ਚਲਾਇਆ 'ਨਿਰਮਲ ਪੰਥ' ਨਾਮ ਦਾ ਮਾਰਗ ਹੈ ਜਿਸ ਮਾਰਗ 'ਤੇ ਹਰ ਕੋਈ ਚੱਲ ਸਕਦਾ ਹੈ। ਇਸ ਮਾਰਗ 'ਤੇ ਚੱਲਣ ਲਈ ਹਿੰਦੂ ਧਰਮ ਦੀ ਤਰ੍ਹਾਂ ਮਨੁੱਖ ਦੀ ਕੋਈ ਜਾਤਿ-ਪਾਤਿ, ਕੋਈ ਆਸ਼ਰਮ ਧਰਮ ਦੀ ਵੰਡ ਪ੍ਰਵਾਨ ਨਹੀਂ ਕੀਤੀ ਗਈ। ਮਨੁੱਖ ਨੇ ਜੀਵਨ ਦੇ ਕਾਰਜ ਕਰਦਿਆਂ ਉਸ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਨਾ ਹੈ ਅਤੇ ਇਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਵਸਾਉਣਾ ਹੈ ਕਿਉਂਕਿ ਗੁਰੂ ਸਾਹਿਬਾਨ ਅਨੁਸਾਰ ਜਿਸ ਕਿਸਮ ਦੇ ਇਸ਼ਟ ਦਾ ਮਨੁੱਖ ਸਿਮਰਨ ਕਰਦਾ ਹੈ, ਜਿਸ ਕਿਸਮ ਦੇ ਇਸ਼ਟ ਨੂੰ ਮਨੁੱਖ ਧਿਆਉਂਦਾ ਹੈ, ਉਹੋ ਜਿਹਾ ਹੀ ਉਸ ਦਾ ਵਿਅਕਤੀਤਵ ਘੜਿਆ ਜਾਂਦਾ ਹੈ।

ਗੁਰੂ ਨਾਨਕ ਦੇ ਚਲਾਏ ਇਸੇ ਨਾਮ ਮਾਰਗ ਨੂੰ ਬਾਕੀ ਗੁਰੂ ਸਾਹਿਬਾਨ ਨੇ ਦ੍ਰਿੜ ਕਰਵਾਇਆ। 'ਗਉੜੀ ਕੀ ਵਾਰ ਮਹਲਾ ੫' ਇਸੇ ਨਾਮ ਮਾਰਗ ਨੂੰ ਦ੍ਰਿੜ ਕਰਵਾਉਣ ਨਾਲ ਸ਼ੁਰੂ ਹੁੰਦੀ ਹੈ। ਵਾਰ ਦੇ ਅਰੰਭ ਵਿਚ ਸਲੋਕ ਵੀ ਗੁਰੂ ਅਰਜਨ ਦੇਵ ਜੀ ਦਾ ਹੀ ਹੈ। ਇਸ ਸਲੋਕ ਵਿਚ ਪੰਚਮ ਗੁਰੂ ਦੱਸਦੇ ਹਨ ਕਿ ਜੋ ਜੀਵ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ, ਉਸ ਦਾ ਇਸ ਸੰਸਾਰ 'ਤੇ ਆਉਣਾ ਸਫਲ ਮੰਨਿਆ ਜਾਂਦਾ ਹੈ। ਜਿਸ ਮਨੁੱਖ ਨੇ ਉਸ ਪਵਿੱਤਰ (ਮਾਇਆਵੀ ਮੈਲ ਤੋਂ ਰਹਿਤ) ਅਕਾਲ ਪੁਰਖ ਦਾ ਨਾਮ ਜਪਿਆ ਹੈ, ਉਸ ਤੋਂ ਸਦਕੇ ਜਾਈਏ। ਇਸ ਨਾਮ ਸਿਮਰਨ ਸਦਕਾ ਜਿਸ ਜੀਵ ਦਾ ਪਰਮ ਹਸਤੀ ਨਾਲ ਮਿਲਾਪ ਹੋ ਗਿਆ ਹੈ ਉਸ ਦਾ ਜਨਮ ਅਤੇ ਮਰਨ ਦਾ ਦੁੱਖ ਕੱਟਿਆ ਗਿਆ। ਗੁਰੂ ਸਾਹਿਬ ਦੱਸਦੇ ਹਨ ਕਿ ਉਸ ਨੂੰ ਉਸ ਇੱਕ ਅਕਾਲ ਪੁਰਖ ਦਾ ਆਸਰਾ ਹੈ, ਉਸ ਨੇ ਸਤਿਸੰਗ 'ਚ ਰਹਿ ਕੇ ਸੰਸਾਰ ਰੂਪੀ ਭਵ-ਸਾਗਰ ਨੂੰ ਪਾਰ ਕਰ ਲਿਆ (ਸੰਤਾਂ ਤੋਂ ਭਾਵ ਡੇਰਿਆਂ ਦੇ ਸਾਧ ਨਹੀਂ ਜਿਹੜੇ ਸਿੱਖ ਧਰਮ ਵਿਚ ਘੁਸਪੈਠ ਕਰਕੇ ਇਸ ਦੀ ਵਿਲੱਖਣਤਾ ਨੂੰ ਖੋਰਾ ਲਾ ਰਹੇ ਹਨ, ਸੰਤਾਂ ਤੋਂ ਭਾਵ ਗੁਰਮੁਖਾਂ ਤੋਂ ਹੈ),

ਹਰਿਹਰਿ ਨਾਮੁ ਜੋ ਜਨੁ ਜਪੈ<br>
ਸੋ ਆਇਆ ਪਰਵਾਣੁ॥<br>
ਤਿਸੁ ਜਨ ਕੈ ਬਲਿਹਾਰਣੈ<br>
ਜਿਨਿ ਭਜਿਆ ਪ੍ਰਭੁ ਨਿਰਬਾਣੁ॥<br>
ਜਨਮ ਮਰਨ ਦੁਖੁ ਕਟਿਆ<br>
ਹਰਿ ਭੇਟਿਆ ਪੁਰਖੁ ਸੁਜਾਣੁ॥<br>
ਸੰਤਸੰਗਿ ਸਾਗਰੁ ਤਰੇ<br>
ਜਨ ਨਾਨਕ ਸਚਾ ਤਾਣੁ॥੧॥<br>
(ਪੰਨਾ ੩੧੮)

ਅਗਲਾ ਸਲੋਕ ਵੀ ਪੰਜਵੀਂ ਨਾਨਕ ਜੋਤਿ ਗੁਰੂ ਅਰਜਨ ਦੇਵ ਜੀ ਦਾ ਹੈ। ਇਸ ਸਲੋਕ ਵਿਚ ਗੁਰੂ ਅਰਜਨ ਦੇਵ ਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਵਾਲੇ ਮਨੁੱਖ ਦੀ ਗੱਲ ਕਰਦੇ ਹਨ ਕਿ ਜੇ ਕੋਈ ਗੁਰਮੁਖ ਪ੍ਰਾਹੁਣਾ ਸਵੇਰੇ ਉਠ ਕੇ ਮੇਰੇ ਘਰ ਆਵੇ ਤਾਂ ਮੈਂ ਉਸ ਗੁਰਮੁਖਿ ਦੇ ਪੈਰ ਧੋਵਾਂ ਅਤੇ ਉਹ ਮੈਨੂੰ ਮੇਰੇ ਮਨ ਅਤੇ ਤਨ ਵਿਚ ਪਿਆਰਾ ਲੱਗੇ। ਉਹ ਗੁਰਮੁਖਿ ਪਿਆਰਾ ਹਰ ਰੋਜ ਅਕਾਲ ਪੁਰਖ ਦਾ ਨਾਮ ਸੁਣੇ, ਨਾਮ-ਧਨ ਇਕੱਠਾ ਕਰੇ ਅਤੇ ਪਰਮਾਤਮ-ਨਾਮ ਵਿਚ ਹੀ ਆਪਣੀ ਸੁਰਤਿ ਨੂੰ ਲੀਨ ਕਰੇ। ਉਸ ਦੇ ਆਉਣ ਨਾਲ ਮੇਰਾ ਘਰ, ਸਭ ਕੁਝ ਪਵਿੱਤਰ ਹੋ ਜਾਵੇ ਅਤੇ ਉਸ ਦੀ ਸੰਗਤਿ ਵਿਚ ਮੈਂ ਵੀ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਾਂ। ਅੱਗੇ ਦੱਸਦੇ ਹਨ ਕਿ ਅਕਾਲ ਪੁਰਖ ਦੇ ਨਾਮ ਦਾ ਵਣਜ ਕਰਨ ਵਾਲਾ ਮੈਨੂੰ ਮੇਰੇ ਵੱਡੇ ਭਾਗਾਂ ਕਰਕੇ ਹੀ ਕਿਧਰੇ ਮਿਲ ਸਕਦਾ ਹੈ। ਭਾਵ ਗੁਰਮੁਖ ਸਦਾ ਅਕਾਲ ਪੁਰਖ ਦੇ ਗੁਣਾਂ ਨੂੰ ਸਿਮਰਦੇ ਹਨ ਅਤੇ ਅਜਿਹੇ ਗੁਰਮੁਖਾਂ ਦੀ ਸੰਗਤਿ ਚੰਗੀ ਕਿਸਮਤ ਨਾਲ ਹੀ ਮਿਲਦੀ ਹੈ,

ਭਲਕੇ ਉਠਿ ਪਰਾਹੁਣਾ<br>
ਮੇਰੈ ਘਰਿ ਆਵਉ॥<br>
ਪਾਉ ਪਖਾਲਾ ਤਿਸ ਕੇ<br>
ਮਨਿ ਤਨਿ ਨਿਤ ਭਾਵਉ॥<br>
ਨਾਮੁ ਸੁਣੇ ਨਾਮੁ ਸੰਗ੍ਰਹੈ<br>
ਨਾਮੇ ਲਿਵ ਲਾਵਉ॥<br>
ਗ੍ਰਿਹੁ ਧਨੁ ਸਭੁ ਪਵਿਤ੍ਰੁ ਹੋਇ<br>
ਹਰਿ ਕੇ ਗੁਣ ਗਾਵਉ॥<br>
ਹਰਿ ਨਾਮ ਵਾਪਾਰੀ ਨਾਨਕਾ<br>
ਵਡਭਾਗੀ ਪਾਵਉ॥੨॥ (ਪੰਨਾ ੩੧੮)

ਗੁਰਮਤਿ ਵਿਚ ਮਨੁੱਖ ਨੂੰ ਅਕਾਲ ਪੁਰਖ ਦੇ ਭਾਣੇ ਨੂੰ ਮੰਨ ਕੇ ਚੱਲਣ ਦਾ ਅਦੇਸ਼ ਕੀਤਾ ਗਿਆ ਹੈ। ਇਸ ਵਾਰ ਦੀ ਪਹਿਲੀ ਪਉੜੀ ਵਿਚ ਗੁਰੂ ਅਰਜਨ ਦੇਵ ਫਰਮਾਉਂਦੇ ਹਨ ਕਿ ਜੋ ਕੁਝ ਜਾਂ ਜੋ ਮਨੁੱਖ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ, ਚੰਗਾ ਲਗਦਾ ਹੈ, ਉਹ ਹੀ ਭਲਾ ਹੈ ਕਿਉਂਕਿ ਉਸ ਦਾ ਭਾਣਾ ਸੱਚਾ ਹੈ। ਉਹ ਅਕਾਲ ਪੁਰਖ ਸਭ ਵਿਚ ਵਿਆਪਕ, ਉਹ ਹੀ ਜੋਤਿ ਸਰੂਪ ਹੋ ਕੇ ਸਾਰਿਆਂ ਵਿਚ ਸਮਾਇਆ ਹੋਇਆ ਹੈ। ਉਹ ਹਰ ਸਥਾਨ 'ਤੇ ਵਿਆਪਕ ਹੈ, ਸਭ ਵਿਚ ਮੌਜੂਦ ਹੈ ਅਤੇ ਸਭ ਵਿਚ ਉਸੇ ਦੀ ਜੋਤਿ ਜਾਣੀ ਜਾਂਦੀ ਹੈ। ਸਤਿ-ਸੰਗਤਿ ਵਿਚ ਜਾ ਕੇ ਉਸ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖ ਨੂੰ, ਉਸ ਦੇ ਭਾਣੇ ਨੂੰ ਮੰਨ ਕੇ ਮਿਲ ਸਕੀਦਾ ਹੈ। ਭਾਵ ਉਸ ਨੂੰ ਪਾਉਣ ਲਈ ਸਤਿ-ਸੰਗਤਿ ਵਿਚ ਜਾਣਾ ਅਤੇ ਉਸ ਦੇ ਹੁਕਮ ਦੇ ਅਨੁਸਾਰੀ ਹੋ ਕੇ ਚੱਲਣਾ ਹੀ ਸਮਰੱਥ ਸਾਧਨ ਹੈ। ਗੁਰੂ ਸਾਹਿਬ ਉਸ ਅਕਾਲ ਪੁਰਖ ਦਾ ਓਟ-ਆਸਰਾ ਲੈਣ ਅਤੇ ਉਸ ਤੋਂ ਸਦਕੇ ਜਾਣ ਦਾ ਉਪਦੇਸ਼ ਕਰਦੇ ਹਨ,

ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ॥<br>
ਤੂ ਸਭ ਮਹਿ ਏਕੁ ਵਰਤਦਾ<br>
ਸਭ ਮਾਹਿ ਸਮਾਣਾ॥<br>
ਥਾਨ ਥਨੰਤਰਿ ਰਵਿ ਰਹਿਆ<br>
ਜੀਅ ਅੰਦਰਿ ਜਾਣਾ॥<br>
ਸਾਧਸੰਗਿ ਮਿਲਿ ਪਾਈਐ<br>
ਮਨਿ ਸਚੇ ਭਾਣਾ॥<br>
ਨਾਨਕ ਪ੍ਰਭ ਸਰਣਾਗਤੀ<br>
ਸਦ ਸਦ ਕੁਰਬਾਣਾ॥੧॥ (ਪੰਨਾ ੩੧੮)

ਇਸ ਪਉੜੀ ਤੋਂ ਅਗਲੇ ਸਲੋਕ ਵਿਚ ਗੁਰੂ ਅਰਜਨ ਦੇਵ ਆਪਣੇ ਮਨ ਨੂੰ ਸਮਝਾਉਂਦੇ ਹਨ ਕਿ ਜੇ ਤੈਨੂੰ ਉਸ ਅਕਾਲ ਪੁਰਖ ਦਾ ਚੇਤਾ ਹੈ ਕਿ ਉਹ ਸਦੀਵੀ ਕਾਇਮ ਰਹਿਣ ਵਾਲਾ ਅਕਾਲ ਪੁਰਖ ਸਭ ਦਾ ਮਾਲਕ ਹੈ, ਤਾਂ ਉਸ ਨੂੰ ਯਾਦ ਕਰ, ਉਸ ਦਾ ਸਿਮਰਨ ਕਰ। ਗੁਰੂ ਦੇ ਹੁਕਮ ਦਾ ਅਨੁਸਾਰੀ ਹੋ ਕੇ ਉਸ ਅਕਾਲ ਪੁਰਖ ਦਾ ਸਿਮਰਨ ਕਰ ਤਾਂ ਕਿ ਤੂੰ ਉਸ ਦੇ ਨਾਮ ਰੂਪੀ ਜਹਾਜ 'ਤੇ ਚੜ੍ਹ ਕੇ ਇਸ ਸੰਸਾਰ-ਸਮੁੰਦਰ ਨੂੰ ਪਾਰ ਕਰ ਜਾਵੇਂ,

ਚੇਤਾ ਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ॥<br>
ਨਾਨਕ ਸਤਿਗੁਰੁ ਸੇਵਿ<br>
ਚੜਿ ਬੋਹਿਥਿ ਭਉਜਲੁ ਪਾਰਿ ਪਉ॥੧॥

ਗੁਰੂ ਅਰਜਨ ਦੇਵ ਸਮਝਾਉਂਦੇ ਹਨ ਕਿ ਮੂਰਖ ਮਨੁੱਖ ਸੁਹਣੇ ਸੁਹਣੇ ਮੁਲਾਇਮ ਅਤੇ ਬਰੀਕ ਬਣੇ ਹੋਏ ਕਪੜੇ ਪਹਿਨਦਾ ਹੈ ਪਰ ਉਹ ਭੁੱਲ ਜਾਂਦਾ ਹੈ ਕਿ ਇਹ ਪਹਿਰਾਵਾ ਮਨੁੱਖ ਦੇ ਨਾਲ ਨਹੀਂ ਜਾਣਾ, ਇਹ ਇਥੇ ਹੀ ਮਰਨ ਉਪਰੰਤ ਸੜ ਕੇ ਸੁਆਹ ਹੋ ਜਾਣਾ ਹੈ,

ਵਾਊ ਸੰਦੇ ਕਪੜੇ ਪਹਿਰਹਿ<br>
ਗਰਬਿ ਗਵਾਰ॥<br>
ਨਾਨਕ ਨਾਲਿ ਨ ਚਲਨੀ<br>
ਜਲਿ ਬਲਿ ਹੋਏ ਛਾਰੁ॥੨॥

ਅਗਲੀ ਪਉੜੀ ਵਿਚ ਦੱਸਿਆ ਹੈ ਕਿ ਕਾਮ, ਕ੍ਰੋਧ, ਲੋਭ, ਮੋਹ ਆਦਿ ਸੰਸਾਰਿਕ ਵਿਕਾਰਾਂ ਤੋਂ ਉਹ ਮਨੁੱਖ ਹੀ ਬਚੇ ਰਹਿੰਦੇ ਹਨ ਜਿਨ੍ਹਾਂ 'ਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਜਿਨ੍ਹਾਂ ਨੂੰ ਉਹ ਆਪ ਬਚਾਉਂਦਾ ਹੈ। ਅਜਿਹੇ ਮਨੁੱਖਾਂ ਦੇ ਚਿਹਰੇ ਦਾ ਦਰਸ਼ਨ ਕਰਕੇ ਉਸ ਅਕਾਲ ਪੁਰਖ ਦੇ ਨਾਮ ਦੇ ਅੰਮ੍ਰਿਤ ਦਾ ਸੁਆਦ ਮੂੰਹ ਵਿਚ ਚੱਖ ਸਕੀਦਾ ਹੈ ਅਤੇ ਅਸਲੀ ਜੀਵਨ ਮਿਲਦਾ ਹੈ। ਅਜਿਹੇ ਸਤਿ-ਪੁਰਖਾਂ, ਸਾਧ-ਜਨਾਂ ਦੀ ਸੰਗਤਿ ਵਿਚ ਕਾਮ, ਕ੍ਰੋਧ, ਲੋਭ, ਮੋਹ ਆਦਿ ਵਿਕਾਰ ਖਤਮ ਹੋ ਜਾਂਦੇ ਹਨ। ਜਿਨ੍ਹਾਂ ਉਤੇ ਅਕਾਲ ਪੁਰਖ ਨੇ ਆਪਣੀ ਮਿਹਰ ਕੀਤੀ ਹੈ, ਉਨ੍ਹਾਂ ਨੂੰ ਅਕਾਲ ਪੁਰਖ ਨੇ ਆਪ ਹੀ ਪਰਵਾਨ ਕਰ ਲਿਆ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਪਰਵਰਦਗਾਰ ਦੇ ਕੌਤਕ ਕੋਈ ਮਨੁੱਖ ਸਮਝ ਨਹੀਂ ਸਕਦਾ,

ਸੇਈ ਉਬਰੇ ਜਗੈ ਵਿਚਿ ਜੋ ਸਚੈ ਰਖੇ॥<br>
ਮੁਹਿ ਡਿਠੈ ਤਿਨ ਕੈ ਜੀਵੀਐ<br>
ਹਰਿ ਅੰਮ੍ਰਿਤੁ ਚਖੇ॥<br>
ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ॥<br>
ਕਰਿ ਕਿਰਪਾ ਪ੍ਰਭਿ ਆਪਣੀ<br>
ਹਰਿ ਆਪਿ ਪਰਖੇ॥<br>
ਨਾਨਕ ਚਲਤ ਨ ਜਾਪਨੀ<br>
ਕੋ ਸਕੈ ਨ ਲਖੇ॥੨॥ (ਪੰਨਾ ੩੧੮)

ਗੁਰਬਾਣੀ ਵਿਚ ਮਨੁੱਖ ਲਈ ਇਹ ਅਦੇਸ਼ ਕੀਤਾ ਹੈ ਕਿ ਅਕਾਲ ਪੁਰਖ ਨੂੰ ਹਰ ਸਮੇਂ, ਹਰ ਘੜੀ ਚੇਤੇ ਰੱਖਣਾ ਹੈ ਅਤੇ ਜੋ ਸਮਾਂ ਉਸ ਨੂੰ ਯਾਦ ਕਰਨ ਵਿਚ ਲਾਇਆ ਜਾਂਦਾ ਹੈ, ਉਹ ਸਮਾਂ ਗਿਣਤੀ ਵਿਚ ਹੈ ਅਤੇ ਸਕਾਰਥਾ ਹੈ। ਇਸੇ ਦੀ ਗੱਲ ਕਰਦਿਆਂ ਗੁਰੂ ਅਰਜਨ ਦੇਵ ਇਸ ਸਲੋਕ ਵਿਚ ਯਾਦ ਕਰਾਉਂਦੇ ਹਨ ਕਿ ਮਨੁੱਖ ਦੀ ਜ਼ਿੰਦਗੀ ਦਾ ਉਹ ਦਿਨ ਹੀ ਭਲਾ ਹੈ ਜਦੋਂ ਉਸ ਅਕਾਲ ਪੁਰਖ ਦਾ ਮਨ 'ਚ ਸਿਮਰਨ ਕੀਤਾ ਜਾਂਦਾ ਹੈ, ਉਸ ਨੂੰ ਧਿਆਇਆ ਜਾਂਦਾ ਹੈ। ਜਿਸ ਦਿਹਾੜੇ ਉਸ ਪਰਮ ਪੁਰਖ ਨੂੰ ਯਾਦ ਨਹੀਂ ਕੀਤਾ ਜਾਂਦਾ, ਮਨ ਵਿਚੋਂ ਵਿਸਾਰ ਦਿੱਤਾ ਜਾਂਦਾ ਹੈ ਉਹ ਰੁੱਤ ਭਾਵੇਂ ਕਿੰਨੀ ਸੁਹਾਵਣੀ ਹੋਵੇ ਫਿਰ ਵੀ ਫਿਟਕਾਰ ਯੋਗ ਹੈ,

ਨਾਨਕ ਸੋਈ ਦਿਨਸੁ ਸੁਹਾਵੜਾ<br>
ਜਿਤੁ ਪ੍ਰਭੁ ਆਵੈ ਚਿਤਿ॥<br>
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ<br>
ਫਿਟੁ ਭਲੇਰੀ ਰੁਤਿ॥੧॥ (ਪੰਨਾ ੩੧੮)

ਅਗਲੇ ਸਲੋਕ ਵਿਚ ਉਸ ਅਕਾਲ ਪੁਰਖ ਨਾਲ ਨੇੜਤਾ, ਦੋਸਤੀ ਪਾਉਣ ਦੀ ਗੱਲ ਕੀਤੀ ਗਈ ਹੈ ਕਿ ਉਸ ਸੱਚੇ ਪਰਵਰਦਗਾਰ ਨਾਲ ਮਿੱਤਰਤਾ ਕਰਨੀ ਚਾਹੀਦੀ ਹੈ, ਉਸ ਨਾਲ ਨੇੜਤਾ ਪੈਦਾ ਕਰਨੀ ਚਾਹੀਦੀ ਹੈ ਜੋ ਸਭ ਕੁਝ ਕਰ ਸਕਣ ਦੇ ਸਮਰੱਥ ਹੈ, ਜਿਸ ਦੇ ਹੱਥ-ਵੱਸ ਸਭ ਕੁਝ ਹੈ। ਜਿਹੜੇ ਇੱਕ ਕਦਮ ਵੀ ਸਾਡੇ ਨਾਲ ਨਹੀਂ ਚੱਲ ਸਕਦੇ ਅਜਿਹੇ ਲੋਕ ਕੁਮਿੱਤਰ ਕਹੇ ਜਾਂਦੇ ਹਨ। ਭਾਵ ਦੁਨੀਆਂ ਦੀ ਹੋਰ ਕੋਈ ਵੀ ਚੀਜ਼ ਮਨੁੱਖ ਦੇ ਨਾਲ ਸਦੀਵੀ ਨਿਭਣ ਵਾਲੀ ਨਹੀਂ ਹੈ, ਸਿਰਫ ਅਕਾਲ ਪੁਰਖ ਦਾ ਸਾਥ ਹੀ ਸਦੀਵੀ ਹੈ ਅਤੇ ਉਸ ਨਾਲ ਕੀਤੀ ਦੋਸਤੀ ਹੀ ਸਦਾ ਨਾਲ ਨਿਭਣ ਵਾਲੀ ਹੈ,

ਨਾਨਕ ਮਿਤ੍ਰਾਈ ਤਿਸੁ ਸਿਉ<br>
ਸਭ ਕਿਛੁ ਜਿਸ ਕੈ ਹਾਥਿ॥<br>
ਕੁਮਿਤ੍ਰਾ ਸੇਈ ਕਾਂਢੀਅਹਿ<br>
ਇਕ ਵਿਖ ਨ ਚਲਹਿ ਸਾਥਿ॥੨॥<br>
(ਪੰਨਾ ੩੧੮)

ਗੁਰਮਤਿ ਵਿਚ ਕਿਸੇ ਇਕਾਂਤ ਵਿਚ ਬੈਠ ਕੇ ਭਗਤੀ ਕਰਨ ਨਾਲੋਂ ਮਨੁੱਖ ਨੂੰ ਸਤਿਸੰਗਤਿ ਵਿਚ ਜਾ ਕੇ ਮਿਲ ਬੈਠ ਕੇ ਨਾਮ ਸਿਮਰਨ ਕਰਨ ਦਾ ਉਪਦੇਸ਼ ਕੀਤਾ ਹੈ। ਤੀਸਰੀ ਪਉੜੀ ਵਿਚ ਪੰਚਮ ਪਾਤਿਸ਼ਾਹ ਇਸ ਗੱਲ ਨੂੰ ਦ੍ਰਿੜ ਕਰਵਾਉਂਦੇ ਹਨ ਕਿ ਅਕਾਲ ਪੁਰਖ ਦਾ ਨਾਮ ਅੰਮ੍ਰਿਤ ਦਾ ਭੰਡਾਰ ਹੈ ਜਿਸ ਨੂੰ ਸਤਿਸੰਗਤਿ ਵਿਚ ਜਾ ਕੇ ਇਕੱਠੇ ਹੋ ਕੇ ਪੀਵੋ, ਮਿਲ ਬੈਠ ਕੇ ਪੀਵੋ। ਸਤਿਸੰਗਤਿ ਵਿਚ ਜਾ ਕੇ ਉਸ ਅਕਾਲ ਪੁਰਖ ਦਾ ਨਾਮ ਸਿਮਰਨ ਕਰਨ ਨਾਲ ਸਦੀਵੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਹੋਰ ਹਰ ਤਰ੍ਹਾਂ ਦੀ ਪਿਆਸ ਸ਼ਾਂਤ ਹੋ ਜਾਂਦੀ ਹੈ, ਮਨੁੱਖ ਨੂੰ ਹੋਰ ਕਿਸੇ ਕਿਸਮ ਦੀ ਪਿਆਸ ਨਹੀਂ ਰਹਿੰਦੀ। ਉਸ ਅਕਾਲ ਪੁਰਖ ਦੀ ਸੇਵਾ ਕਰਨ ਨਾਲ ਮਾਇਆ ਆਦਿ ਦੀ ਕੋਈ ਦੁਨਿਆਵੀ ਭੁੱਖ ਨਹੀਂ ਰਹਿੰਦੀ। ਉਸ ਦੀ ਸੇਵਾ ਅਤੇ ਸਿਮਰਨ ਕਰਨ ਨਾਲ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ, ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਅਮਰ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ ਅਰਥਾਤ ਉਚੀ ਆਤਮਕ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ ਜੋ ਸਦੀਵੀ ਰਹਿਣ ਵਾਲੀ ਹੈ। ਆਪਣੇ ਵਰਗਾ ਉਚਾ ਉਹ ਅਕਾਲ ਪੁਰਖ ਆਪ ਹੀ ਹੈ, ਹੋਰ ਕੋਈ ਵੀ ਉਸ ਦੇ ਬਰਾਬਰ ਦਾ ਨਹੀਂ ਹੈ ਅਤੇ ਗੁਰੂ ਸਾਹਿਬ ਮਨੁੱਖ ਨੂੰ ਉਸ ਦੀ ਸ਼ਰਨ ਪੈਣ ਦਾ ਉਪਦੇਸ਼ ਕਰਦੇ ਹਨ,

ਅੰਮ੍ਰਿਤੁ ਨਾਮੁ ਨਿਧਾਨੁ ਹੈ<br>
ਮਿਲਿ ਪੀਵਹੁ ਭਾਈ॥<br>
ਜਿਸੁ ਸਿਮਰਤ ਸੁਖੁ ਪਾਈਐ<br>
ਸਭ ਤਿਖਾ ਬੁਝਾਈ॥<br>
ਕਰਿ ਸੇਵਾ ਪਾਰਬ੍ਰਹਮ<br>
ਗੁਰ ਭੁਖ ਰਹੈ ਨ ਕਾਈ॥<br>
ਸਗਲ ਮਨੋਰਥ ਪੁੰਨਿਆ<br>
ਅਮਰਾ ਪਦੁ ਪਾਈ॥<br>
ਤੁਧੁ ਜੇਵਡੁ ਤੂ ਹੈ ਪਾਰਬ੍ਰਹਮ<br>
ਨਾਨਕ ਸਰਣਾਈ॥੩॥ (ਪੰਨਾ ੩੧੮)

ਦੋ ਦੋ ਪੰਕਤੀਆਂ ਦੇ ਸਲੋਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਜੀਵਨ ਦੇ ਡੂੰਘੇ ਰਹੱਸ ਮਨੁੱਖ ਨੂੰ ਸਮਝਾਏ ਹਨ। ਅਗਲੇ ਸਲੋਕ ਵਿਚ ਦੱਸਿਆ ਹੈ ਕਿ ਉਹ ਪਰਮਾਤਮਾ ਸਰਬ-ਵਿਆਪਕ ਹੈ। ਕੋਈ ਵੀ ਥਾਂ ਅਜਿਹੀ ਨਹੀਂ ਹੈ ਜੋ ਉਸ ਤੋਂ ਰਹਿਤ ਹੋਵੇ, ਉਸ ਤੋਂ ਖਾਲੀ ਹੋਵੇ। ਪਰ ਇਸ ਦੇ ਬਾਵਜੂਦ ਜੀਵਨ ਦੇ ਮਨੋਰਥ ਨੂੰ ਹਰ ਕੋਈ ਨਹੀਂ ਪਾ ਸਕਦਾ (ਗੁਰਬਾਣੀ ਅਨੁਸਾਰ ਮਨੁੱਖ ਦੇ ਜੀਵਨ ਦਾ ਮਨੋਰਥ ਉਸ ਦੇ ਨਾਮ ਸਿਮਰਨ ਰਾਹੀਂ ਉਸ ਨੂੰ ਪਾਉਣਾ ਹੈ) ਉਸ ਨੂੰ ਹਰ ਕੋਈ ਨਹੀਂ ਲੱਭ ਸਕਦਾ। ਜੀਵਨ ਦਾ ਮਨੋਰਥ ਉਨ੍ਹਾਂ ਨੂੰ ਹੀ ਲੱਭਾ ਹੈ ਜਿਨ੍ਹਾਂ ਨੂੰ ਸਤਿਗੁਰ ਮਿਲ ਗਿਆ ਹੈ ਭਾਵ ਸਤਿਗੁਰ ਰਾਹੀਂ ਹੀ ਉਸ ਤੱਕ ਪਹੁੰਚ ਸਕੀਦਾ ਹੈ, ਉਸ ਨੂੰ ਪਾ ਸਕੀਦਾ ਹੈ,

ਡਿਠੜੋ ਹਭ ਠਾਇ ਊਣ ਨ ਕਾਈ ਜਾਇ॥<br>
ਨਾਨਕ ਲਧਾ ਤਿਨ ਸੁਆਉ<br>
ਜਿਨਾ ਸਤਿਗੁਰੁ ਭੇਟਿਆ॥੧॥<br>
(ਪੰਨਾ ੩੧੮-੧੯)

ਇਹ ਦੁਨੀਆਂ ਬਿਜਲੀ ਦੀ ਚਮਕ ਦੀ ਨਿਆਈਂ ਹੈ। ਜਿਵੇਂ ਬਿਜਲੀ ਦੀ ਲਿਸ਼ਕੋਰ ਇੱਕ ਮਿੰਟ ਲਈ ਪੈਂਦੀ ਹੈ ਅਤੇ ਲਿਸ਼ਕ ਕੇ ਬੰਦ ਹੋ ਜਾਂਦੀ ਹੈ, ਇਸੇ ਤਰ੍ਹਾਂ ਇਹ ਸੰਸਾਰ ਆਪਣੀ ਚਮਕ ਦਿਖਾ ਕੇ ਛਿਨ-ਭੰਗਰ ਹੋ ਜਾਂਦਾ ਹੈ। ਉਸ ਅਕਾਲ ਪੁਰਖ ਦਾ ਨਾਮ ਜਪਣਾ ਹੀ ਸਦਾ ਕਾਇਮ ਰਹਿਣ ਵਾਲੀ ਅਤੇ ਸੋਹਣੀ ਵਸਤੂ ਹੈ, ਬਾਕੀ ਸਭ ਕੁਝ ਨਾਸਵਾਨ ਹੈ। ਇਸ ਲਈ ਸਦਾ ਕਾਇਮ ਰਹਿਣ ਵਾਲੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ,

ਦਾਮਨੀ ਚਮਤਕਾਰ ਤਿਉ<br>
ਵਰਤਾਰਾ ਜਗ ਖੇ॥<br>
ਵਥੁ ਸੁਹਾਵੀ ਸਾਇ ਨਾਨਕ<br>
ਨਾਉ ਜਪੰਦੋ ਤਿਸੁ ਧਣੀ॥੨॥<br>
(ਪੰਨਾ ੩੧੯)

ਅਗਲੀ ਪਉੜੀ 'ਚ ਦੱਸਿਆ ਹੈ ਕਿ ਸਾਰੀਆਂ ਸਿਮ੍ਰਤੀਆਂ ਅਤੇ ਸ਼ਾਸਤਰਾਂ (ਹਿੰਦੂ ਧਾਰਮਿਕ ਗ੍ਰੰਥ) ਦੀ ਛਾਣਬੀਣ ਕਰ ਲਈ, ਖੋਜ ਲਏ ਹਨ ਪਰ ਕਿਸੇ ਨੇ ਵੀ ਉਸ ਨੂੰ ਪਾਉਣ ਦਾ ਰਸਤਾ ਨਹੀਂ ਦੱਸਿਆ, ਕਿਸੇ ਨੇ ਵੀ ਉਸ ਦੀ ਕੀਮਤ ਨਹੀਂ ਪਾਈ, ਉਸ ਦੀ ਅਸਲੀਅਤ ਨੂੰ ਨਹੀਂ ਦੱਸਿਆ। ਉਹ ਮਨੁੱਖ ਹੀ ਅਕਾਲ ਪੁਰਖ ਦੇ ਮਿਲਾਪ ਦਾ ਅਨੰਦ ਮਾਣਦਾ ਹੈ ਜੋ ਸਤਿਸੰਗਤਿ ਵਿਚ ਮਿਲ ਕੇ ਬੈਠਦਾ ਹੈ ਅਰਥਾਤ ਸਤਿਸੰਗਤਿ ਹੀ ਅਜਿਹਾ ਸਾਧਨ ਹੈ ਜਿਥੇ ਉਸ ਨਾਲ ਮੇਲ ਹੁੰਦਾ ਹੈ ਅਤੇ ਉਸ ਨੂੰ ਮਿਲਣ ਦਾ ਸਦੀਵੀ ਅਨੰਦ ਮਾਣਿਆ ਜਾਂਦਾ ਹੈ। ਅਕਾਲ ਪੁਰਖ ਦਾ ਸੱਚਾ ਨਾਮ ਹੀ ਸਾਰੇ ਰਤਨ-ਪਦਾਰਥਾਂ ਦਾ ਖਜ਼ਾਨਾ ਹੈ ਭਾਵ ਉਸ ਦਾ ਨਾਮ ਹੀ ਬੇਸ਼ਕੀਮਤੀ ਖਜ਼ਾਨਾ ਹੈ। ਜਿਸ ਦੇ ਮੱਥੇ 'ਤੇ ਚੰਗੇ ਭਾਗ ਲਿਖੇ ਹੋਣ, ਉਹ ਜੀਵ ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ। ਅਕਾਲ ਪੁਰਖ ਅੱਗੇ ਅਰਦਾਸ ਕੀਤੀ ਹੈ ਕਿ ਨਾਨਕ ਦੀ ਖਾਤਰਦਾਰੀ ਇਹੀ ਹੈ ਕਿ ਆਪਣਾ ਸੱਚਾ ਨਾਮ ਖਰਚੇ ਵਜੋਂ ਬਖ਼ਸ਼ਿਸ਼ ਕਰ,

ਸਿਮ੍ਰਿਤਿ ਸਾਸਤ੍ਰ ਸੋਧਿ<br>
ਸਭਿ ਕਿਨੈ ਕੀਮ ਨ ਜਾਣੀ॥<br>
ਜੋ ਜਨੁ ਭੇਟੈ ਸਾਧਸੰਗਿ<br>
ਸੋ ਹਰਿ ਰੰਗੁ ਮਾਣੀ॥<br>
ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ॥<br>
ਮਸਤਕਿ ਹੋਵੈ ਲਿਖਿਆ<br>
ਹਰਿ ਸਿਮਰਿ ਪਰਾਣੀ॥<br>
ਤੋਸਾ ਦਿਚੈ ਸਚੁ ਨਾਮੁ<br>
ਨਾਨਕ ਮਿਹਮਾਣੀ॥੪॥ (ਪੰਨਾ ੩੧੯)

## ਗੁਰ ਪਰਸਾਦਿ ਨਾਮ ਮਨੁ ਲਾਗਾ

ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ ੫**<br>
ਗੁਰ ਪਰਸਾਦਿ ਨਾਮ ਮਨੁ ਲਾਗਾ॥<br>
ਜਨਮ ਜਨਮ ਕਾ ਸੋਇਆ ਜਾਗਾ॥<br>
ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ॥<br>
ਪੂਰੇ ਗੁਰ ਕੀ ਸੁਮਤਿ ਪਰਾਣੀ॥੧॥<br>
ਪ੍ਰਭ ਸਿਮਰਤ ਕੁਸਲ ਸਭਿ ਪਾਏ॥<br>
ਘਰਿ ਬਾਹਰਿ<br>
ਸੁਖ ਸਹਜ ਸਬਾਏ॥੧॥ਰਹਾਉ॥<br>
ਸੋਈ ਪਛਾਤਾ ਜਿਨਹਿ ਉਪਾਇਆ॥<br>
ਕਰਿ ਕਿਰਪਾ ਪ੍ਰਭ ਆਪਿ ਮਿਲਾਇਆ॥<br>
ਬਾਹ ਪਕਰਿ ਲੀਨੋ ਕਰਿ ਅਪਨਾ॥<br>
ਹਰਿ ਹਰਿ ਕਥਾ ਸਦਾ ਜਪੁ ਜਪਨਾ॥੨॥<br>
ਮੰਤ੍ਰੁ ਤੰਤ੍ਰੁ ਅਉਖਧੁ ਪੁਨਹਚਾਰੁ॥<br>
ਹਰਿ ਹਰਿ ਨਾਮੁ ਜੀਅ ਪ੍ਰਾਨ ਅਧਾਰੁ॥<br>
ਸਾਚਾ ਧਨੁ ਪਾਇਓ ਹਰਿ ਰੰਗਿ॥<br>
ਦੁਤਰੁ ਤਰੇ ਸਾਧ ਕੈ ਸੰਗਿ॥੩॥<br>
ਸੁਖ ਬਸੈਹੁ ਸੰਤ ਸਜਨ ਪਰਵਾਰੁ॥<br>
ਹਰਿ ਧਨੁ ਖਟਿਓ ਜਾ ਕਾ ਨਾਹਿ ਸੁਮਾਰੁ॥<br>
ਜਿਸਹਿ ਪਰਾਪਤਿ ਤਿਸੁ ਗੁਰੁ ਦੇਇ॥<br>
ਨਾਨਕ ਬਿਰਥਾ ਕੋਇ ਨ ਹੇਇ॥੪॥

ਗੁਰਦੇਵ ਜੀ ਇਸ ਸ਼ਬਦ ਵਿਚ ਉਪਦੇਸ਼ ਕਰਦੇ ਹਨ, ਹੇ ਭਾਈ! ਜਿਸ ਵਡਭਾਗੇ ਜੀਵ ਦਾ ਮਨ ਕਿਰਪਾ ਸਦਕਾ ਮਿਹਰਵਾਨ ਪ੍ਰਭੂ ਦੇ ਨਾਮ ਵਿਚ ਜੁੜ ਜਾਂਦਾ ਹੈ, ਜਨਮ ਜਨਮ ਕਾ ਸੋਇਆ ਜਾਗਾ, ਉਹ ਜਨਮਾਂ-ਜਨਮਾਂਤਰਾਂ ਤੋਂ ਮਾਇਆ ਦੇ ਮੋਹ ਦੀ ਨੀਂਦ ਵਿਚ ਸੁੱਤਾ ਹੋਇਆ ਵੀ ਜਾਗ ਉਠਦਾ ਹੈ; ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ, ਜਿਸ ਜੀਵ ਨੂੰ ਪੂਰੇ ਗੁਰੂ ਦੀ ਉਤਮ ਮਤਿ ਮਿਲ ਜਾਂਦੀ ਹੈ, ਉਹ ਜੀਵ ਆਤਮਕ ਜੀਵਨ ਦੇਣ ਵਾਲੇ ਪ੍ਰਭੂ ਦੇ ਗੁਣ ਉਚਾਰਦਾ ਹੈ ਭਾਵ ਉਸ ਪ੍ਰਭੂ ਦੀ ਸਿਫਤ ਸਾਲਾਹ ਕਰਦਾ ਹੈ।

ਪ੍ਰਭ ਸਿਮਰਤ ਕੁਸਲ ਸਭਿ ਪਾਏ॥<br>
ਘਰਿ ਬਾਹਰਿ<br>
ਸੁਖ ਸਹਜ ਸਬਾਏ॥੧॥ਰਹਾਉ॥

ਸਾਹਿਬ ਗੁਰਦੇਵ ਪਿਤਾ ਜੀ ਸ਼ਬਦ ਦੀਆਂ ਰਹਾਉ ਦੀਆਂ ਪੰਕਤੀਆਂ ਵਿਚ ਬਖਸ਼ਿਸ਼ ਕਰਦੇ ਆਖਦੇ ਹਨ, ਹੇ ਭਾਈ! ਜਿਹੜਾ ਜੀਵ ਉਸ ਮਿਹਰਬਾਨ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੈ, ਉਸ ਨੇ ਮਾਲਕ ਦੇ ਨਾਮ ਦਾ ਸਿਮਰਨ ਕਰਦਿਆਂ ਸਾਰੇ ਹੀ ਸੁੱਖ ਪ੍ਰਾਪਤ ਕਰ ਲਏ ਹਨ। ਫਿਰ ਉਸ ਵਡਭਾਗੇ ਜੀਵ ਦੇ ਘਰ ਰੂਪੀ ਹਿਰਦੇ ਵਿਚ ਵੀ ਆਤਮਕ ਅਡੋਲਤਾ ਦਾ ਅਨੰਦ ਅਤੇ ਸੰਸਾਰ ਵਿਚ ਵਿਚਰਦਿਆਂ ਆਤਮਕ ਅਡੋਲਤਾ ਬਣੀ ਰਹਿੰਦੀ ਹੈ।

ਸੋਈ ਪਛਾਤਾ ਜਿਨਹਿ ਉਪਾਇਆ॥<br>
ਕਰਿ ਕਿਰਪਾ ਪ੍ਰਭ ਆਪਿ ਮਿਲਾਇਆ॥<br>
ਬਾਹ ਪਕਰਿ ਲੀਨੋ ਕਰਿ ਅਪਨਾ॥<br>
ਹਰਿ ਹਰਿ ਕਥਾ ਸਦਾ ਜਪੁ ਜਪਨਾ॥੨॥

ਗੁਰਦੇਵ ਜੀ ਆਖਦੇ ਹਨ, ਉਸ ਸੰਸਾਰ ਦੇ ਮਾਲਕ ਪ੍ਰਭੂ ਜੇ ਮਿਹਰ ਕਰਕੇ ਜੀਵ ਨੂੰ ਆਪਣੇ ਚਰਨਾਂ ਵਿਚ ਜੋੜ ਲਿਆ, ਉਸ ਵਡਭਾਗੇ ਜੀਨ ਨੇ ਉਸੇ ਮਿਹਰਬਾਨ ਪ੍ਰਭੂ ਨਾਲ ਡੂੰਘੀ ਸਾਂਝ ਪਾ ਲਈ ਜਿਸ ਪ੍ਰਭੂ ਨੇ ਉਸ ਜੀਵ ਨੂੰ ਪੈਦਾ ਕੀਤਾ ਹੈ। ਜਿਸ ਜੀਵ ਨੂੰ ਇਸ ਸੰਸਾਰ ਦੇ ਚਰਨਹਾਰ ਮਾਲਕ ਪ੍ਰਭੂ ਨੇ ਬਾਂਹ ਫੜ੍ਹ ਕੇ ਆਪਣਾ ਬਣਾ ਲਿਆ, ਉਹ ਜੀਵ ਸਦਾ ਪ੍ਰਭੂ ਦੀ ਸਿਫਤ ਸਾਲਾਹ ਦੀਆਂ ਗੱਲਾਂ ਕਰਦਾ ਹੈ, ਉਸੇ ਦੇ ਨਾਮ ਦਾ ਜਾਪ ਹੀ ਜਪਦਾ ਹੈ।

ਮੰਤ੍ਰੁ ਤੰਤ੍ਰੁ ਅਉਖਧੁ ਪੁਨਹਚਾਰੁ॥<br>
ਹਰਿ ਹਰਿ ਨਾਮੁ ਜੀਅ ਪ੍ਰਾਨ ਅਧਾਰੁ॥<br>
ਸਾਚਾ ਧਨੁ ਪਾਇਓ ਹਰਿ ਰੰਗਿ॥<br>
ਦੁਤਰੁ ਤਰੇ ਸਾਧ ਕੈ ਸੰਗਿ॥੩॥

ਸਤਿਗੁਰੂ ਜੀ ਆਖਦੇ ਹਨ, ਹੇ ਭਾਈ! ਮੋਹ ਮਾਇਆ ਦੀ ਨੀਂਦ ਦੂਰ ਕਰਨ ਲਈ ਪ੍ਰਭੂ ਦਾ ਨਾਮ ਤੇ ਉਸ ਦੇ ਲਈ ਮੰਤਰ ਹੈ, ਨਾਮ ਹੀ ਜਾਦੂ ਹੈ, ਨਾਮ ਹੀ ਦਵਾਈ ਹੈ, ਨਾਮ ਹੀ ਪ੍ਰਾਸ਼ਚਿਤ ਕਰਮ ਹੈ, ਹਰੀ ਨਾਮ ਹੀ ਉਸ ਦੇ ਪ੍ਰਾਣਾਂ ਦਾ ਆਸਰਾ ਬਣ ਜਾਂਦਾ ਹੈ, ਉਹ ਵਡਭਾਗਾ ਜੀਵ ਹਰੀ ਦੇ ਪ੍ਰੇਮ ਰੰਗ ਵਿਚ ਮਸਤ ਰਹਿ ਕੇ ਸਦਾ ਨਿਭਣ ਵਾਲਾ ਨਾਮ ਧਨ ਪ੍ਰਾਪਤ ਕਰ ਲੈਂਦਾ ਹੈ ਅਤੇ ਨਾ ਤਰੇ ਜਾਣ ਵਾਲੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।

ਸੁਖ ਬਸੈਹੁ ਸੰਤ ਸਜਨ ਪਰਵਾਰੁ॥<br>
ਹਰਿ ਧਨੁ ਖਟਿਓ ਜਾ ਕਾ ਨਾਹਿ ਸੁਮਾਰੁ॥<br>
ਜਿਸਹਿ ਪਰਾਪਤਿ ਤਿਸੁ ਗੁਰੁ ਦੇਇ॥<br>
ਨਾਨਕ ਬਿਰਥਾ ਕੋਇ ਨ ਹੇਇ॥੪॥

ਗੁਰੂ ਸਾਹਿਬ ਫਰਮਾਉਂਦੇ ਹਨ, ਸੰਤ ਜਨੋ! ਤੇਰ-ਮੇਰ ਤਿਆਗ ਕੇ, ਪਰਿਵਾਰ ਬਣ ਕੇ ਪੂਰਨ ਪ੍ਰੇਮ ਦੇ ਨਾਲ ਆਤਮ ਅਨੰਦ ਵਿਚ ਮਿਲ ਬੈਠੋ। ਜਿਹੜਾ ਜੀਵ ਗੁਰੂ ਪਿਆਰਿਆਂ ਦੀ ਸੰਗਤ ਵਿਚ ਬੈਠਦਾ ਹੈ, ਉਸ ਨੇ ਉਹ ਹਰਿ ਨਾਮ ਧਨ ਕਮਾ ਲਿਆ ਜਿਸ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦਾ। ਜਿਸਹਿ ਪਰਾਪਤਿ ਤਿਸੁ ਗੁਰੁ ਦੇਇ, ਪ੍ਰਭੂ ਦੀ ਮਿਹਰ ਸਦਕਾ ਜਿਸ ਦੇ ਭਾਗਾਂ ਵਿਚ ਨਾਮ ਧਨ ਲਿਖਿਆ ਹੋਇਆ ਹੈ, ਗੁਰੂ ਉਸ ਨੂੰ ਨਾਮ ਧਨ ਦਿੰਦਾ ਹੈ। ਨਾਨਕ ਗੁਰੂ ਦੇ ਦਰ 'ਤੇ ਆ ਕੇ ਕੋਈ ਖਾਲੀ ਨਹੀਂ ਰਹਿ ਜਾਂਦਾ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਭਾਈ ਮੇਵਾ ਸਿੰਘ ਦਾ ਮੁਕੱਦਮਾ ਤੇ ਸ਼ਹੀਦੀ

## ਭਾਈ ਮੇਵਾ ਸਿੰਘ ਲੋਪੋਕੇ-3



*ਭਾਈ ਮੇਵਾ ਸਿੰਘ ਦੀ ਸ਼ਹੀਦੀ ਸ਼ਤਾਬਦੀ (11 ਜਨਵਰੀ 1915-11 ਜਨਵਰੀ 2015) ਮੌਕੇ ਕਥਾਕਾਰ ਵਰਿਆਮ ਸਿੰਘ ਸੰਧੂ ਨੇ ਆਪਣੇ ਲੇਖ 'ਭਾਈ ਮੇਵਾ ਸਿੰਘ ਲੋਪੋਕੇ' ਵਿਚ ਇਤਿਹਾਸ ਦੇ ਇਸ ਅਹਿਮ ਸਫੇ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। ਇਮੀਗਰੇਸ਼ਨ ਅਫਸਰ ਵਿਲੀਅਮ ਹਾਪਕਿਨਸਨ ਨੂੰ ਮਾਰਨ ਦੇ ਦੋਸ਼ ਵਿਚ ਭਾਈ ਮੇਵਾ ਸਿੰਘ ਨੂੰ 11 ਜਨਵਰੀ 1915 ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਪਿਛਲੀਆਂ ਦੋ ਕਿਸ਼ਤਾਂ ਵਿਚ ਇਸ ਸ਼ਖਸ (ਹਾਪਕਿਨਸਨ) ਵਲੋਂ ਦੇਸ਼ ਭਗਤਾਂ ਖਿਲਾਫ ਵਿੱਢੀ ਮੁਹਿੰਮ ਅਤੇ ਉਨ੍ਹਾਂ ਹਾਲਾਤ ਬਾਰੇ ਤਬਸਰਾ ਕੀਤਾ ਗਿਆ ਹੈ ਜਿਨ੍ਹਾਂ ਕਰ ਕੇ ਭਾਈ ਮੇਵਾ ਸਿੰਘ ਨੇ ਦੇਸ਼ ਭਗਤਾਂ ਤੇ ਸਮੁੱਚੇ ਭਾਈਚਾਰੇ ਦੇ ਰਾਹ ਦਾ ਰੋੜਾ ਬਣ ਰਹੇ ਹਾਪਕਿਨਸਨ ਨੂੰ ਪਾਰ ਬੁਲਾਉਣ ਦਾ ਫੈਸਲਾ ਕੀਤਾ। ਐਤਕੀਂ ਇਸ ਲੰਮੇ ਲੇਖ ਦੀ ਆਖਰੀ ਕਿਸ਼ਤ ਵਿਚ ਭਾਈ ਮੇਵਾ ਸਿੰਘ ਦੇ ਮੁਕੱਦਮੇ ਤੇ ਆਖਰੀ ਘੜੀਆਂ ਦਾ ਖੁਲਾਸਾ ਕੀਤਾ ਗਿਆ ਹੈ। -ਸੰਪਾਦਕ*

ਹਕੂਮਤ ਅਤੇ ਉਹਦੇ ਅਧਿਕਾਰੀਆਂ ਲਈ ਹੁਣ ਹੋਰ ਸਭ ਕੰਮ ਪਿੱਛੇ ਛੱਡ ਕੇ ਸਭ ਤੋਂ ਪਹਿਲਾ ਕੰਮ ਭਾਈ ਮੇਵਾ ਸਿੰਘ ਨੂੰ ਛੇਤੀ ਤੋਂ ਛੇਤੀ ਫ਼ਾਹੇ ਲਾਉਣਾ ਸੀ। ਇਸ ਲਈ ਭਾਗ ਸਿੰਘ ਤੇ ਬਦਨ ਸਿੰਘ ਦੇ ਕਤਲ ਨਾਲ ਸਬੰਧਤ ਬੇਲਾ ਸਿੰਘ ਵਾਲੇ ਮੁਕੱਦਮੇ ਦੀ ਸੁਣਵਾਈ ਹਾਲ ਦੀ ਘੜੀ ਪਿੱਛੇ ਪਾ ਦਿੱਤੀ ਗਈ। ਹਾਪਕਿਨਸਨ ਦੇ ਕਤਲ ਤੋਂ ਨੌਂ ਦਿਨ ਬਾਅਦ 30 ਅਕਤੂਬਰ 1914 ਨੂੰ ਮੇਵਾ ਸਿੰਘ ਵਿਰੁਧ ਮੁਕੱਦਮਾ ਸ਼ੁਰੂ ਹੋਇਆ। ਕੇਸ ਦੀ ਸੁਣਵਾਈ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੇ ਜੱਜ ਮਿਸਟਰ ਆਇਲੇ ਮੌਰੀਸਨ ਨੇ ਕਰਨੀ ਸੀ। ਸਲਾਹ ਤੇ ਸਹਾਇਤਾ ਲਈ ਬਾਰਾਂ ਮੈਂਬਰਾਂ ਦੀ ਜਿਊਰੀ ਨਿਯੁਕਤ ਕੀਤੀ ਗਈ।



**ਵਰਿਆਮ ਸਿੰਘ ਸੰਧੂ**
e-mail: waryamsandhu@gmail.com

ਮੇਵਾ ਸਿੰਘ ਦੇ ਕੇਸ ਦੀ ਸੁਣਵਾਈ ਵੇਖਣ/ਸੁਣਨ ਲਈ ਲੋਕ ਕਤਾਰਾਂ ਬੰਨ੍ਹ ਕੇ ਉਮਡ ਆਏ ਸਨ। ਉਤੇਜਨਾ ਦਾ ਮਾਹੌਲ ਚਾਰ-ਚੁਫ਼ੇਰੇ ਪਸਰਿਆ ਹੋਇਆ ਸੀ। ਇਨ੍ਹਾਂ ਲੋਕਾਂ ਵਿਚ ਵੱਡੀ ਗਿਣਤੀ ਵਿਚ ਆਪਣੇ ਲੋਕ ਸਨ। ਅਦਾਲਤ ਦਾ ਦਰਬਾਨ ਇਕ ਵੇਲੇ ਇਕ ਜਣੇ ਨੂੰ ਹੀ ਅੰਦਰ ਜਾਣ ਦਿੰਦਾ ਸੀ ਤੇ ਉਹ ਆਪਣੇ ਈਸਟ ਇੰਡੀਅਨ ਲੋਕਾਂ ਦੀ ਵਾਰੀ ਨੂੰ ਰੋਕ ਕੇ ਚਿੱਟੀ ਚਮੜੀ ਵਾਲੇ ਕੈਨੇਡੀਅਨਾਂ ਨੂੰ, ਉਨ੍ਹਾਂ ਦੀ ਵਾਰੀ ਤੋਂ ਪਹਿਲਾਂ, ਅੰਦਰ ਲੰਘਾ ਰਿਹਾ ਸੀ। ਲਾਈਨ ਵਿਚ ਖਲੋਤੇ ਈਸਟ ਇੰਡੀਅਨ ਆਪਣੇ ਨਾਲ ਸਰੀਂਹਣ ਵਿਤਕਰਾ ਹੁੰਦਾ ਵੇਖ ਕੇ ਗੁੱਸੇ ਤੇ ਬੇਚੈਨੀ ਨਾਲ ਤਿਲਮਿਲਾ ਰਹੇ ਸਨ। ਗੁਰਦੁਆਰੇ ਦੇ ਗ੍ਰੰਥੀ ਭਾਈ ਬਲਵੰਤ ਸਿੰਘ ਨੂੰ ਵੀ ਇਕ ਪਾਸੇ ਖਲੋਤਾ ਵੇਖ ਕੇ ਭੀੜ ਨੇ ਉਸ ਕੋਲ ਪਹੁੰਚਣ ਲਈ ਲਾਈਨ ਤੋੜ ਦਿੱਤੀ। ਜਦੋਂ ਅਦਾਲਤ ਦੇ ਅਧਿਕਾਰੀਆਂ ਨੇ ਈਸਟ ਇੰਡੀਅਨ ਲੋਕਾਂ ਦੀ ਭੀੜ ਇੱਕੋ ਥਾਂ ਜੁੜਦੀ ਵੇਖੀ ਤਾਂ ਉਨ੍ਹਾਂ ਨੇ ਅਦਾਲਤ ਦੇ ਦਰਵਾਜ਼ੇ ਉਤੇ 'ਦਿ ਕੋਰਟ ਇਜ਼ ਫੁੱਲ' ਦਾ ਬੋਰਡ ਲਟਕਾ ਦਿੱਤਾ। ਇੰਜ ਭਾਈ ਬਲਵੰਤ ਸਿੰਘ ਸਮੇਤ ਹਿੰਦੁਸਤਾਨੀਆਂ ਦੀ ਵੱਡੀ ਭੀੜ ਕੋਰਟ ਰੂਮ ਤੋਂ ਬਾਹਰ ਹੀ ਰਹਿ ਗਈ। ਉਨ੍ਹਾਂ ਇਸ ਖ਼ਿਆਲ ਨਾਲ ਦਿਲ ਨੂੰ ਤਸੱਲੀ ਦਿੱਤੀ ਕਿ ਉਹ ਇਥੋਂ ਹੀ ਭਾਈ ਮੇਵਾ ਸਿੰਘ ਦੇ ਦਰਸ਼ਨ ਕਰ ਸਕਣਗੇ ਪਰ ਇਹ ਵੀ ਸੰਭਵ ਨਾ ਹੋ ਸਕਿਆ।

ਭਾਈ ਮੇਵਾ ਸਿੰਘ ਦੇ ਕੇਸ ਦੀ ਵਕਾਲਤ ਮਿਸਟਰ ਵੁੱਡ ਨੇ ਕਰਨੀ ਸੀ ਤੇ ਸਰਕਾਰੀ ਵਕੀਲ ਮਿਸਟਰ ਟੇਲਰ ਸੀ। ਕੇਸ ਦੀ ਸੁਣਵਾਈ ਸ਼ੁਰੂ ਹੋਈ। ਪਹਿਲਾਂ ਡਬਲਯੂ ਏ. ਕੈਂਬਲ, ਜੇਮਜ਼ ਮੈਕਨ, ਪਾਲ ਕਾਲਡਵੈਲ ਤੇ ਰਿਚਰਡ ਪੌਲੀ ਚਸ਼ਮਦੀਦ ਗਵਾਹ ਵਜੋਂ ਪੇਸ਼ ਹੋਏ। ਉਪਰੰਤ ਸੀ.ਆਈ.ਡੀ.ਅਧਿਕਾਰੀਆਂ- ਸੈਮ ਕਰਿਊ, ਜੌਰਜ ਸੈਮਸਟ੍ਰਮ ਅਤੇ ਨੌਰਮਨ ਮੈਕਡਾਨਲਡ ਨੇ ਆਪਣੇ ਬਿਆਨ ਦਰਜ ਕਰਵਾਏ। ਮੇਵਾ ਸਿੰਘ 'ਤੇ ਲੱਗੇ ਦੋਸ਼ ਦੁਹਰਾਏ ਗਏ। ਕਾਰੋਨਰ ਦੀ ਰਿਪੋਰਟ ਪੇਸ਼ ਕੀਤੀ ਗਈ ਜਿਸ ਵਿਚ ਹਾਪਕਿਨਸਨ ਦੇ ਜਿਸਮ ਨੂੰ ਵਿੰਨ੍ਹਣ ਵਾਲੀਆਂ ਜਾਨ-ਲੇਵਾ ਗੋਲੀਆਂ ਬਾਰੇ ਦੱਸਿਆ ਗਿਆ। ਮੇਵਾ ਸਿੰਘ ਕੋਲੋਂ ਫੜੇ ਗਏ ਦੋਵੇਂ ਰਿਵਾਲਵਰ ਅਤੇ ਹਾਪਕਿਨਸਨ ਦੇ ਜਿਸਮ ਵਿਚੋਂ ਕੱਢੀਆਂ ਗੋਲੀਆਂ ਅਦਾਲਤ ਵਿਚ ਪੇਸ਼ ਕੀਤੀਆਂ ਗਈਆਂ।

ਮੇਵਾ ਸਿੰਘ ਅਦਾਲਤ ਦੀ ਸਾਰੀ ਸਰਗਰਮੀ ਤੋਂ ਅਭਿੱਜ ਸ਼ਾਂਤ-ਚਿੱਤ ਖਲੋਤਾ ਸੀ। ਮੇਵਾ ਸਿੰਘ ਨੂੰ ਸਹੁੰ ਚੁਕਵਾਈ ਗਈ। ਉਸ ਨੇ ਬਚਾਓ ਦਾ ਕੋਈ ਯਤਨ ਨਹੀਂ ਕੀਤਾ। ਮੰਨ ਲਿਆ ਕਿ ਹਾਪਕਿਨਸਨ ਦਾ ਕਤਲ ਉਸ ਨੇ ਹੀ ਕੀਤਾ ਹੈ। ਉਸ ਨੇ ਆਪਣੇ ਵਕੀਲ ਮਿਸਟਰ ਵੁੱਡ ਨੂੰ ਪਹਿਲਾਂ ਹੀ ਇਸ ਬਾਰੇ ਸਪਸ਼ਟ ਕਰ ਦਿੱਤਾ ਹੋਇਆ ਸੀ ਕਿ ਉਹਦੇ ਬਚਾਓ ਲਈ ਕੋਈ ਕੋਸ਼ਿਸ਼ ਨਾ ਕੀਤੀ ਜਾਵੇ।

ਜਸਟਿਸ ਮੌਰੀਸਨ ਨੇ ਮੇਵਾ ਸਿੰਘ ਨੂੰ ਆਪਣੀ ਸਫ਼ਾਈ ਵਿਚ ਬਿਆਨ ਦੇਣ ਲਈ ਕਿਹਾ। ਉਸ ਨੇ ਆਪਣਾ ਬਿਆਨ ਪੰਜਾਬੀ ਵਿਚ ਲਿਖਿਆ ਹੋਇਆ ਸੀ। ਇਸ ਬਿਆਨ ਨੂੰ ਮਿਸਟਰ ਵੁੱਡ ਨੇ ਅਦਾਲਤ ਦੀ ਦੋ-ਭਾਸ਼ੀ ਸ੍ਰੀਮਤੀ ਡਾਲਟਨ ਦੀ ਸਹਾਇਤਾ ਨਾਲ ਅਨੁਵਾਦ ਕਰਵਾ ਲਿਆ ਸੀ। ਉਸ ਨੇ ਇਹ ਲਿਖਤੀ ਬਿਆਨ ਸਰਕਾਰੀ ਵਕੀਲ ਮਿਸਟਰ ਟੇਲਰ ਨੂੰ ਪੜ੍ਹ ਕੇ ਸੁਣਾਉਣ ਦੀ ਪੇਸ਼ਕਸ਼ ਕੀਤੀ ਪਰ ਮਿਸਟਰ ਟੇਲਰ ਨੇ ਕਿਹਾ ਕਿ ਮਿਸਟਰ ਵੁੱਡ ਹੀ ਇਹ ਬਿਆਨ ਪੜ੍ਹ ਕੇ ਸੁਣਾ ਦੇਵੇ। ਜੱਜ ਮਿਸਟਰ ਮੌਰੀਸਨ ਦੇ ਹੁਕਮ ਨਾਲ ਵੁੱਡ ਨੇ ਇਹ ਬਿਆਨ ਪੜ੍ਹ ਕੇ ਸੁਣਾਉਣਾ ਸ਼ੁਰੂ ਕੀਤਾ। ਖਚਾ-ਖਚ ਭਰੇ ਕਮਰੇ ਵਿਚ ਸਾਹ-ਰੋਕਣੀ ਚੁੱਪ ਸੀ। ਮੇਵਾ ਸਿੰਘ ਦੇ ਭਾਈਚਾਰੇ ਦੇ ਕੇਵਲ ਚਾਰ ਜਣੇ ਇਸ ਭੀੜ ਵਿਚ ਸ਼ਾਮਲ ਸਨ। ਬਾਹਰ ਖਲੋਤੀ ਉਹਦੇ ਆਪਣਿਆਂ ਦੀ ਭੀੜ ਅੰਦਰ ਹੋ ਰਹੀ ਕਾਰਵਾਈ ਦਾ ਅਨੁਮਾਨ ਲਾਉਣ ਲਈ ਚਿੰਤਾ ਵਿਚ ਡੁੱਬੀ ਖ਼ਾਮੋਸ਼ ਖਲੋਤੀ ਸੀ।

ਭਾਈ ਮੇਵਾ ਸਿੰਘ ਦਾ ਬਿਆਨ ਪੜ੍ਹ ਕੇ ਸੁਣਾਇਆ ਜਾ ਰਿਹਾ ਸੀ। ਇਹ ਬਿਆਨ ਬੜਾ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਹੈ ਜਿਸ ਦਾ ਅਧਿਐਨ ਭਾਈ ਮੇਵਾ ਸਿੰਘ ਦੀ ਸ਼ਖ਼ਸੀਅਤ ਦੇ ਸੱਤੇ ਰੰਗ ਉਘਾੜ ਕੇ ਪਾਠਕ ਦੇ ਰੂਬਰੂ ਕਰ ਦਿੰਦਾ ਹੈ। ਇਸ ਬਿਆਨ ਵਿਚ ਬੇਲਾ ਸਿੰਘ, ਬਾਬੂ ਸਿੰਘ ਜਿਹੇ ਗ਼ੱਦਾਰਾਂ ਦਾ ਗੁਨਾਹਗਾਰ ਕਿਰਦਾਰ ਵੀ ਨੰਗਾ ਹੁੰਦਾ ਹੈ; ਆਪਣੇ ਭਰਾਵਾਂ (ਭਾਈ ਭਾਗ ਸਿੰਘ ਤੇ ਬਦਨ ਸਿੰਘ) ਦੇ ਕਤਲ ਦਾ ਦਰਦ ਵੀ ਬੋਲਦਾ ਹੈ; ਉਸ ਵਲੋਂ ਹਾਪਕਿਨਸਨ ਦੇ ਕੀਤੇ ਗਏ ਕਤਲ ਦਾ ਕਾਰਨ ਵੀ ਸਪਸ਼ਟ ਹੁੰਦਾ ਹੈ; ਤਤਕਾਲੀ ਹਾਲਾਤ ਤੇ ਸਿੱਖ ਇਤਿਹਾਸ ਤੋਂ ਮਿਲੀ ਇਨਕਲਾਬੀ ਪ੍ਰੇਰਨਾ ਦਾ ਸਬੂਤ ਵੀ ਮਿਲਦਾ ਹੈ; ਕੈਨੇਡੀਅਨ ਇਨਸਾਫ਼ ਦਾ ਉਛਾੜ ਵੀ ਪਾਟਦਾ ਹੈ; ਉਹਦੇ ਨਿਮਰ ਤੇ ਲੰਮੇ ਸਮੇਂ ਤੱਕ ਸਹਿਣਸ਼ੀਲ ਹੋਣ ਦੀ ਗਵਾਹੀ ਵੀ ਮਿਲਦੀ ਹੈ ਅਤੇ ਸਵੈਮਾਣ ਨਾਲ ਮੌਤ ਦੇ ਸਨਮੁੱਖ ਬੇਝਿਜਕ ਤੇ ਬੇਖ਼ੌਫ਼ ਹੋ ਕੇ ਖੜ੍ਹੇ ਹੋ ਜਾਣ ਦਾ ਅਸੀਮ ਹੌਸਲਾ ਵੀ ਦਿਖਾਈ ਦਿੰਦਾ ਹੈ।

ਉਸ ਨੇ ਕਿਹਾ, "ਮੇਰਾ ਨਾਂ ਮੇਵਾ ਸਿੰਘ ਹੈ। ਮੈਂ ਰੱਬ ਤੋਂ ਡਰਨ ਵਾਲਾ ਐਸਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿਚ ਐਸੇ ਸ਼ਬਦ ਨਹੀਂ ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿਚ ਮੈਨੂੰ ਕਿਹੜੇ ਕਿਹੜੇ ਦੁੱਖ ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ। ਅਸੀਂ ਸਿੱਖ ਗੁਰਦੁਆਰੇ ਵਿਚ ਅਰਦਾਸ ਕਰਨ ਜਾਂਦੇ ਹਾਂ, ਪਰ ਇਨ੍ਹਾਂ ਪਾਪੀਆਂ ਨੇ ਗੁਰਦੁਆਰੇ ਵਿਚ ਗੋਲੀ ਚਲਾ ਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰ ਕੇ ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ। ਇਸ ਸਭ ਕਾਸੇ ਲਈ ਮਿਸਟਰ ਰੀਡ ਤੇ ਹਾਪਕਿਨਸਨ ਜ਼ਿੰਮੇਵਾਰ ਹਨ। ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਤੇ ਇੱਜ਼ਤ ਲਈ ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੇ ਇਹ ਸਭ ਕੁਝ ਤੁਹਾਡੇ ਚਰਚ ਵਿਚ ਹੋਇਆ ਹੁੰਦਾ ਤਾਂ ਤੁਸੀਂ ਇਸਾਈਆਂ ਨੇ ਵੀ ਇਸ ਨੂੰ ਬਰਦਾਸ਼ਤ ਨਹੀਂ ਸੀ ਕਰਨਾ ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ ਵਿਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ ਮਰ ਜਾਣਾ ਚੰਗਾ ਹੈ।"

ਬਿਆਨ ਦੇ ਇਸ ਹਿੱਸੇ ਵਿਚ ਮੇਵਾ ਸਿੰਘ ਜਦੋਂ ਵੈਨਕੂਵਰ ਵਿਚ ਝੱਲੇ ਦੁੱਖਾਂ ਤੇ ਮੁਸੀਬਤਾਂ ਦੀ ਗੱਲ ਕਰਦਾ ਹੈ ਤਾਂ ਇਸ ਵਿਚ ਉਹਦੀ ਨਿੱਜੀ ਪੀੜ, ਵੈਨਕੂਵਰ ਵਿਚ ਰਹਿੰਦੇ ਪੂਰੇ ਭਾਈਚਾਰੇ ਦੀ ਪੀੜ ਨਾਲ ਜ਼ਰਬ ਖਾ ਜਾਂਦੀ ਹੈ। ਨਸਲੀ ਵਿਤਕਰੇ ਤੇ ਹਰ ਰੋਜ਼ ਹੁੰਦੀਆਂ ਬੇਇਨਸਾਫ਼ੀਆਂ ਦਾ ਦਰਦ ਉਹਦਾ ਇਕੱਲੇ ਦਾ ਹੀ ਨਹੀਂ, ਉਹਦੇ ਸਮੁੱਚੇ ਭਾਈਚਾਰੇ ਦਾ ਦਰਦ ਸੀ। ਦੂਜੀ ਪੀੜ ਗੁਰਦੁਆਰੇ ਵਿਚ ਗੋਲੀ ਚਲਾ ਕੇ ਕੀਤੀ ਬੇਹੁਰਮਤੀ ਦੀ ਹੈ। ਮੇਵਾ ਸਿੰਘ ਅੰਮ੍ਰਿਤਧਾਰੀ ਸਿੱਖ ਸੀ। ਸਿੱਖੀ ਵਿਰਾਸਤ ਤੇ ਇਤਿਹਾਸ ਉਹਦੀ ਸੋਚ ਅਤੇ ਸ਼ਖ਼ਸੀਅਤ ਦੇ ਅੰਗ-ਸੰਗ ਸੀ। ਉਹਦੇ ਇਤਿਹਾਸ ਦੀਆਂ ਕਹਾਣੀਆਂ ਦੱਸਦੀਆਂ ਸਨ ਕਿ ਗੁਰਦੁਆਰਾ ਸਿੱਖ ਲਈ ਕਿੰਨਾ ਮੁਤਬਰਕ ਸਥਾਨ ਹੈ। ਸ਼ਾਇਦ ਉਸ ਵੇਲੇ ਉਹਦੀ ਚੇਤਨਾ ਵਿਚ ਹਰਿਮੰਦਰ ਸਾਹਿਬ ਦੀ ਮਾਣ ਮਰਿਆਦਾ ਲਈ ਸਿਰ ਤਲੀ 'ਤੇ ਧਰ ਕੇ ਜੂਝ ਰਿਹਾ ਬਾਬਾ ਦੀਪ ਸਿੰਘ, ਬੰਦ ਬੰਦ ਕਟਵਾ ਰਿਹਾ ਭਾਈ ਮਨੀ ਸਿੰਘ ਦਿਖਾਈ ਦੇ ਰਿਹਾ ਸੀ; ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਮੱਸੇ ਰੰਘੜ ਦਾ ਸਿਰ ਨੇਜ਼ੇ 'ਤੇ ਟੰਗ ਕੇ ਲਈ ਜਾਂਦੇ ਦਿਖਾਈ ਦਿੰਦੇ ਸਨ। ਉਸ ਨੂੰ ਲੱਗਦਾ ਸੀ ਕਿ ਆਸਥਾ ਵਾਲਾ ਕੋਈ ਵੀ ਬੰਦਾ ਜਾਂ ਜਿਉਂਦੀ ਕੌਮ ਆਪਣੇ ਧਾਰਮਿਕ ਸਥਾਨਾਂ ਦੀ ਬੇਅਦਬੀ ਨਹੀਂ ਸਹਿਣ ਕਰ ਸਕਦੇ। ਉਹ ਜੱਜਾਂ ਨੂੰ ਵੀ ਚੇਤਾ ਕਰਾਉਂਦਾ ਹੈ ਕਿ ਜੇ ਉਨ੍ਹਾਂ ਦੇ ਧਾਰਮਿਕ ਸਥਾਨ 'ਤੇ ਇਹ ਹੋਣੀ ਵਾਪਰਦੀ ਤਾਂ ਉਨ੍ਹਾਂ ਕੋਲੋਂ ਵੀ ਬਰਦਾਸ਼ਤ ਕਰਨਾ ਸੰਭਵ ਨਹੀਂ ਸੀ ਹੋਣਾ, ਬਾਸ਼ਰਤੇ ਕਿ ਉਨ੍ਹਾਂ ਦੀ ਜ਼ਮੀਰ ਜਿਉਂਦੀ ਹੁੰਦੀ! ਇਹ ਉਦਾਹਰਣ ਦੇ ਕੇ ਉਹਨੇ ਜੱਜਾਂ ਲਈ ਸਵਾਲ ਖੜ੍ਹਾ ਕਰ ਦਿੱਤਾ ਸੀ ਕਿ ਅਜਿਹੇ ਉਚਿਤ ਕਾਰਜ ਲਈ ਭਲਾ ਕੀ ਸਜ਼ਾ ਦਿੱਤੀ ਜਾ ਸਕਦੀ ਹੈ? ਜੇ ਦਿੱਤੀ ਜਾ ਸਕਦੀ ਸੀ ਤਾਂ ਉਹ ਕਿੰਨੀ ਕੁ ਜਾਇਜ਼ ਸੀ, ਪਰ ਉਸ ਨੂੰ ਪਤਾ ਸੀ ਕਿ ਉਹਦਾ ਕਾਰਜ ਕਿੰਨਾ ਵੀ ਠੀਕ ਕਿਉਂ ਨਾ ਹੋਵੇ, ਉਸ ਨੂੰ ਇਨਸਾਫ਼ ਮਿਲ ਸਕਣਾ ਕਿਵੇਂ ਵੀ ਸੰਭਵ ਨਹੀਂ।



*ਭਾਈ ਮੇਵਾ ਸਿੰਘ ਦੇ ਆਖਰੀ ਦਰਸ਼ਨ।*

ਬਿਆਨ ਵਿਚ ਉਹ ਅਗਾਂਹ ਆਖਦਾ ਹੈ, "ਮੈਂ ਹਮੇਸ਼ਾਂ ਕਹਿੰਦਾ ਰਿਹਾ ਹਾਂ ਕਿ ਮੈਨੂੰ ਵਕੀਲ ਨਹੀਂ ਚਾਹੀਦਾ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈਂ ਹਾਪਕਿਨਸਨ ਨੂੰ ਗੋਲੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈਂ ਇਹ ਸਟੇਟਮੈਂਟ ਇਸ ਕਰ ਕੇ ਦੇ ਰਿਹਾ ਹਾਂ ਤਾਂ ਜੋ ਪਬਲਿਕ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ਼ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲ਼ੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰ ਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ। ਸਾਡੇ ਸਿਆਣੇ ਜੱਜਾਂ ਤੇ ਵਕੀਲ਼ਾਂ ਨੂੰ ਇਸ ਗੱਲ ਦੀ ਸਮਝ ਆ ਜਾਣੀ ਚਾਹੀਦੀ ਹੈ ਕਿ ਹਾਪਕਿਨਸਨ ਨੂੰ ਕਿਉਂ ਗੋਲ਼ੀ ਮਾਰੀ ਗਈ ਹੈ? ਉਹ ਜੋ ਹਮੇਸ਼ਾਂ ਬੁਰੇ ਕੰਮ ਕਰਦੇ ਨੇ, ਉਹ ਜੋ ਸ਼ਰਾਬ ਪੀ ਕੇ ਗਲਤ ਕੰਮ ਕਰਦੇ ਨੇ, ਇਮੀਗਰੇਸ਼ਨ ਵਾਲੇ ਉਨ੍ਹਾਂ ਨੂੰ ਠੀਕ ਸਮਝਦੇ ਨੇ ਤੇ ਅਸੀਂ ਰੱਬ ਤੋਂ ਡਰਨ ਵਾਲੇ ਸੱਚੇ ਬੰਦੇ ਹਾਂ, ਸਾਨੂੰ ਪੈਰਾਂ ਥੱਲੇ ਕੁਚਲਿਆ ਜਾਂਦਾ ਹੈ। ਮੈਂ ਰੱਬ ਦੇ ਹੁਕਮ ਵਿਚ ਚੱਲਣ ਵਾਲਾ ਬੰਦਾ, ਇਹਨੂੰ ਹੋਰ ਬਰਦਾਸ਼ਤ ਨਹੀਂ ਸੀ ਕਰ ਸਕਦਾ।"

ਕੈਨੇਡੀਅਨ ਨਿਆਂ ਪ੍ਰਣਾਲੀ ਵਿਚ ਵਿਸ਼ਵਾਸ ਨਾ ਹੋਣ ਦੇ ਬਾਵਜੂਦ ਜੇ ਉਹ ਅਦਾਲਤ ਵਿਚ ਖਲੋ ਕੇ ਆਪਣਾ ਬਿਆਨ ਦੇ ਰਿਹਾ ਹੈ ਤਾਂ ਇਸ ਦਾ ਖ਼ਾਸ ਮਕਸਦ ਹੈ। ਮਕਸਦ ਇਹ ਹੈ ਕਿ ਉਹ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਅਤੇ ਪਬਲਿਕ ਤੱਕ ਸਾਰੀ ਹਕੀਕਤ ਪਹੁੰਚਾਉਣ ਲਈ ਅਦਾਲਤ ਨੂੰ ਮੰਚ ਵਜੋਂ ਵਰਤ ਰਿਹਾ ਹੈ।

"ਮੈਂ ਜਦੋਂ ਹਾਪਕਿਨਸਨ ਨੂੰ ਮਿਲਿਆ ਤਾਂ ਉਹ ਮੈਨੂੰ ਕਹਿਣ ਲੱਗਾ, 'ਤੂੰ ਬੇਲਾ ਸਿੰਘ ਦਾ ਗਵਾਹ ਏਂ, ਜਦੋਂ ਹੁਣ ਤੂੰ ਗਵਾਹੀ ਦੇਣੀ ਹੈ ਤਾਂ ਤੂੰ ਪਾਸਾ ਬਦਲ ਕੇ ਬੇਲਾ ਸਿੰਘ ਦੇ ਹੱਕ ਵਿਚ ਗਵਾਹੀ ਦੇਹ, ਨਹੀਂ ਤਾਂ ਤੇਰੇ ਲਈ ਬੁਰਾ ਹੋਵੇਗਾ। ਨਹੀਂ ਤਾਂ ਤੈਨੂੰ ਉਸੇ ਰਸਤੇ ਜਾਣਾ ਪਵੇਗਾ ਜਿਸ ਰਸਤੇ ਭਾਗ ਸਿੰਘ ਤੇ ਬਦਨ ਸਿੰਘ ਗਏ ਨੇ।' ਉਹਨੇ ਮੈਨੂੰ ਧਮਕੀ ਦਿੱਤੀ। ਮੈਂ ਉਹਨੂੰ ਪੁੱਛਿਆ, 'ਮਿਸਟਰ ਹਾਪਕਿਨਸਨ, ਮੇਰੇ ਕੋਲੋਂ ਵੱਢੀ ਲੈ ਕੇ ਹੁਣ ਤੂੰ ਮੈਨੂੰ ਧਮਕੀ ਦੇ ਰਿਹੈਂ? ਤੂੰ ਕਿਹਨੂੰ ਦੱਸਦੈਂ ਕਿ ਮੈਂ ਭਾਗ ਸਿੰਘ ਤੇ ਬਦਨ ਸਿੰਘ ਵਾਂਗ ਮਾਰਿਆ ਜਾਵਾਂਗਾ? ਇਹ ਕੀ ਹੋ ਰਿਹੈ? ਮੇਰੇ ਕੋਲੋਂ ਡਾਲਰ ਲੈ ਕੇ ਹੁਣ ਤੂੰ ਚਾਹੁੰਨੈ ਕਿ ਮੈਂ ਬੇਲਾ ਸਿੰਘ ਦੇ ਹੱਕ ਵਿਚ ਗਵਾਹੀ ਦੇਵਾਂ ਤੇ ਮੈਨੂੰ ਜਾਨੋਂ ਮਾਰਨ ਦੀ ਧਮਕੀ ਦਿੰਦੈਂ?...

...ਮੈਨੂੰ ਇਹ ਗੱਲ ਸਾਰੀ ਰਾਤ ਵੱਢ ਵੱਢ ਖਾਂਦੀ ਰਹੀ ਕਿ ਇੱਕ ਮੈਂ ਹਾਂ ਜੋ ਭਜਨ ਬੰਦਗੀ ਕਰਦਾ ਹਾਂ ਤੇ ਇਹ ਮੈਨੂੰ ਇਸ ਤਰ੍ਹਾਂ ਦੀਆਂ ਝੂਠੀਆਂ ਬਿਆਨ-ਬਾਜ਼ੀਆਂ ਦੇਣ ਲਈ ਤੰਗ ਕਰ ਰਹੇ ਹਨ ਤੇ ਮੈਨੂੰ ਜ਼ਲੀਲ ਕਰਨ ਦੀ ਤੇ ਮੁਸੀਬਤਾਂ 'ਚ ਫਸਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸਾਰੀ ਰਾਤ ਇਹ ਗੱਲ ਮੇਰੇ ਦਿਮਾਗ 'ਚ ਘੁੰਮਦੀ ਰਹੀ ਅਤੇ ਇਹ ਸੋਚ ਕੇ ਮੈਨੂੰ ਨੀਂਦ ਨਾ ਆਈ ਕਿ ਮੈਨੂੰ ਇਸ ਤਰ੍ਹਾਂ ਬਦਨਾਮ ਹੋਣਾ ਪਵੇਗਾ। ਇਸ ਤੋਂ ਦੋ-ਤਿੰਨ ਦਿਨ ਬਾਅਦ ਬਾਬੂ ਸਿੰਘ ਮੈਨੂੰ ਕਹਿਣ ਲੱਗਾ, 'ਤੂੰ ਕਿਹੜੇ ਪਾਸੇ ਗਵਾਹੀ ਦੇਣੀ ਹੈ? ਸਾਡੇ ਵੱਲ ਜਾਂ ਉਨ੍ਹਾਂ ਵੱਲ?' ਮੈਂ ਕਿਹਾ ਕਿ ਮੈਂ ਸੱਚ ਬੋਲਾਂਗਾ। ਮੈਂ ਉਹੀ ਦੱਸਾਂਗਾ ਜੋ ਕੁਝ ਗੁਰਦੁਆਰੇ ਵਿਚ ਵੇਖਿਆ ਹੈ। ਫੇਰ ਬਾਬੂ ਸਿੰਘ ਨੇ ਭਾਗ ਸਿੰਘ ਜੋ ਮਰ ਚੁੱਕਾ ਹੈ, ਨੂੰ ਗਾਲ਼ਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਤੇ ਕਹਿਣ ਲੱਗਾ, 'ਅਸੀਂ ਉਹਨੂੰ ਮਾਰਿਆ ਹੈ', ਤੇ ਫੇਰ ਉਹਨੇ ਭਾਗ ਸਿੰਘ ਨੂੰ ਕੁੜੀ ਦੀਆਂ ਗਾਲ਼ਾਂ ਕੱਢੀਆਂ। ਫੇਰ ਬਾਬੂ ਸਿੰਘ ਨੇ ਮੈਨੂੰ ਧਮਕੀ ਦਿੱਤੀ, 'ਜੇ ਤੂੰ ਸਾਡੇ ਹੱਕ 'ਚ ਗਵਾਹੀ ਨਾ ਦਿੱਤੀ ਤਾਂ ਤੇਰਾ ਕੁਛ ਕਰਨਾ ਪਵੇਗਾ।...

...ਬਾਬੂ ਸਿੰਘ ਮੈਨੂੰ ਗੰਦੀਆਂ ਗਾਲ਼ਾਂ ਕੱਢਦਾ ਰਿਹਾ ਪਰ ਮੈਂ ਕੁਝ ਨਾ ਬੋਲਿਆ। ਫੇਰ ਬਾਬੂ ਸਿੰਘ ਕਹਿਣ ਲੱਗਾ, 'ਵੈਨਕੂਵਰ ਵਿਚ ਸਾਡਾ ਰਾਜ ਹੈ। ਅਸੀਂ ਜੋ ਚਾਹੀਏ ਕਰ ਸਕਦੇ ਹਾਂ। ਮੇਰੇ ਪਿੱਛੇ ਇਮੀਗਰੇਸ਼ਨ ਮਹਿਕਮਾ ਹੈ। ਮੈਂ ਤੈਨੂੰ ਸੂਤ ਕਰ ਸਕਦਾਂ। ਤੂੰ ਕੁਛ ਨਹੀਂ ਕਰ ਸਕਦਾ। ਇੱਥੇ ਮੇਰੀ ਚੱਲਦੀ ਹੈ। ਮੈਂ ਤੁਹਾਨੂੰ ਸਾਰਿਆਂ ਨੂੰ ਸੂਤ ਕਰਾਂਗਾ।' ਬਾਬੂ ਸਿੰਘ ਕੋਲ਼ੋਂ ਆ ਕੇ ਮੈਂ ਇਹਦੇ ਬਾਰੇ ਸੰਜੀਦਗੀ ਨਾਲ਼ ਸੋਚਣਾ ਸ਼ੁਰੂ ਕੀਤਾ ਕਿ ਇਹ ਸਭ ਕੁਝ ਰੋਕਣਾ ਪਵੇਗਾ। ਫੇਰ ਮੈਂ ਅਦਾਲਤ ਵਿਚ ਜਾ ਕੇ ਸੱਚੀ ਗਵਾਹੀ ਦਿੱਤੀ। ਗਵਾਹੀ ਦੇਣ ਤੋਂ ਬਾਅਦ ਮੈਂ ਵੈਨਕੂਵਰ ਵਿਚ ਡਰਿਆ ਡਰਿਆ ਫਿਰਦਾ ਸਾਂ। ਫੇਰ ਇੱਕ ਦਿਨ ਮੈਨੂੰ ਇਕੱਲੇ ਤੁਰੇ ਜਾਂਦੇ ਨੂੰ ਬਾਬੂ ਸਿੰਘ ਮਿਲ ਪਿਆ। ਉਹ ਮੈਨੂੰ ਕਹਿਣ ਲੱਗਾ, 'ਜੇ ਮੁੜ ਕੇ ਤੈਨੂੰ ਵੈਨਕੂਵਰ ਵਿਚ ਫਿਰਦੇ ਨੂੰ ਵੇਖ ਲਿਆ ਤਾਂ ਅਸੀਂ ਤੈਨੂੰ ਛੱਡਾਂਗੇ ਨਹੀਂ। ਮੈਂ ਇਸ ਬਾਰੇ ਸੰਜੀਦਗੀ ਨਾਲ਼ ਸੋਚਿਆ ਕਿ ਮੈਨੂੰ ਕੁਛ ਕਰਨਾ ਚਾਹੀਦਾ ਹੈ। ਮੈਂ ਸੋਚਿਆ ਕਿ ਇਹਦੇ ਨਾਲ਼ੋਂ ਤਾਂ ਮਰ ਜਾਣਾ ਚੰਗਾ ਹੈ। ਮੈਂ ਸੂਰਮੇ ਦੀ ਮੌਤ ਮਰਾਗਾਂ।...

...ਇਨ੍ਹਾਂ ਲੋਕਾਂ ਨੇ ਸਾਨੂੰ ਬੇਇੱਜ਼ਤ ਕੀਤਾ ਹੈ। ਇਹ ਸੋਚਦੇ ਨੇ ਕਿ ਸਿੱਖ ਕੁਝ ਵੀ ਨਹੀਂ। ਸਾਨੂੰ ਜ਼ਲੀਲ ਕੀਤਾ ਗਿਆ ਹੈ। ਸਾਡੀ ਗੱਲ ਸੁਣਨ

(ਬਾਕੀ ਅਗਲੇ ਸਫੇ 'ਤੇ)



*ਵਰ੍ਹਦੇ ਮੀਂਹ ਅਤੇ ਅੰਤਾਂ ਦੀ ਠੰਢ ਦੇ ਬਾਵਜੂਦ ਭਾਈ ਮੇਵਾ ਸਿੰਘ ਦੇ ਮਾਤਮੀ ਜਲੂਸ ਵਿਚ ਸ਼ਾਮਲ ਲੋਕ।*

*ਉਸ ਦਿਨ ਸਖ਼ਤ ਸਰਦੀ ਸੀ ਤੇ ਭਾਰੀ ਮੀਂਹ ਪੈ ਰਿਹਾ ਸੀ। ਤਦ ਵੀ ਚਾਰ-ਪੰਜ ਸੌ ਦੀ ਗਿਣਤੀ ਵਿਚ ਆਪਣੇ ਲੋਕ ਮਾਤਮੀ ਜਲੂਸ ਵਿਚ ਸ਼ਾਮਲ ਹੋਣ ਲਈ ਪਹੁੰਚੇ ਹੋਏ ਸਨ। ਅਰਥੀ ਵਾਲੀ ਬੱਘੀ ਨੂੰ ਦੋ ਘੋੜੇ ਖਿੱਚ ਰਹੇ ਸਨ। ਉਸ ਦੇ ਪਿੱਛੇ ਭਾਈਚਾਰੇ ਦੇ ਲੋਕ ਲਗਭਗ ਕਾਲੇ ਪਹਿਰਾਵੇ ਪਹਿਨੀ ਤੇ ਚਿੱਟੀਆਂ ਦਸਤਾਰਾਂ ਬੰਨ੍ਹੀ ਪੰਜ-ਪੰਜ ਜਣਿਆਂ ਦੀਆਂ ਸਿੱਧੀਆਂ ਕਤਾਰਾਂ ਵਿਚ ਤੁਰੇ ਜਾ ਰਹੇ ਸਨ। ਨਾਲ ਨਾਲ ਗੁਰਬਾਣੀ ਦੇ ਸ਼ਬਦ ਗਾਇਨ ਕਰ ਰਹੇ ਸਨ। ਗਲੀਆਂ ਤੇ ਸੜਕਾਂ ਲਗਭਗ ਵੀਰਾਨ ਤੇ ਸੁੰਨੀਆਂ ਸਨ। ਕੋਈ ਕੋਈ ਸਿਰ ਘਰਾਂ ਦੀਆਂ ਬਾਰੀਆਂ ਵਿਚੋਂ ਝਾਕ ਕੇ ਇਸ ਜਲੂਸ ਨੂੰ ਵੇਖ ਰਿਹਾ ਸੀ।*

ਵਾਲਾ ਇੱਥੇ ਕੋਈ ਜੱਜ ਨਹੀਂ। ਇਹ ਚਾਰ ਬੰਦੇ ਹੀ ਸਭ ਕੁਝ ਹਨ। ਬੇਲਾ ਸਿੰਘ, ਬਾਬੂ ਸਿੰਘ, ਮਿਸਟਰ ਰੀਡ ਅਤੇ ਮਿਸਟਰ ਹਾਪਕਿਨਸਨ ਆਪਣੇ ਆਪ ਨੂੰ ਰੱਬ ਸਮਝਦੇ ਹਨ। ਸਰਕਾਰ ਸਿਰਫ਼ ਹਾਪਕਿਨਸਨ ਦੀ ਸੁਣਦੀ ਹੈ। ਸਾਡੀ ਕਦੀ ਪ੍ਰਵਾਹ ਨਹੀਂ ਕੀਤੀ ਗਈ। ਸਰਕਾਰ ਵਾਸਤੇ ਅਸੀਂ ਭੁੱਖੇ ਮਰਦੇ ਦੋ ਟਕੇ ਦੇ ਕੁਲੀ ਹਾਂ, ਤੇ ਹਾਪਕਿਨਸਨ ਜੋ ਆਖ ਦੇਵੇ, ਉਹੀ ਕਾਨੂੰਨ ਹੁੰਦਾ ਹੈ। ਮੈਂ ਇਸ ਕਰ ਕੇ ਹਾਪਕਿਨਸਨ ਦਾ ਕਤਲ ਕੀਤਾ ਹੈ ਤੇ ਆਪਣੀ ਜ਼ਿੰਦਗੀ ਦੀ ਕੁਰਬਾਨੀ ਦੇ ਰਿਹਾਂ। ਮੇਰਾ ਭਰੋਸਾ ਹੈ ਕਿ ਮੇਰੀ ਕੁਰਬਾਨੀ ਕੌਮ ਦੇ ਬੰਦਿਆਂ ਦੇ ਕੰਮ ਆਏਗੀ। ਵੈਨਕੂਵਰ ਵਿਚ ਰਹਿ ਰਹੇ ਮੇਰੀ ਕੌਮ ਦੇ ਲੋਕਾਂ ਨੂੰ ਤੇ ਭਵਿੱਖ ਵਿਚ ਰਹਿਣ ਵਾਲੇ ਲੋਕਾਂ ਨੂੰ ਮੇਰੀ ਕੁਰਬਾਨੀ ਦਾ ਜ਼ਰੂਰ ਲਾਭ ਹੋਵੇਗਾ।"

ਜਦੋਂ ਉਹਦਾ ਬਿਆਨ ਪੜ੍ਹ ਕੇ ਸੁਣਾਇਆ ਜਾਣ ਲੱਗਾ ਤਾਂ ਮੇਵਾ ਸਿੰਘ ਨੇ ਅਦਾਲਤ ਦੇ ਕਮਰੇ ਵਿਚ ਜੁੜੀ ਭੀੜ ਵਿਚ ਕੁਝ ਭਾਲਦੀਆਂ ਅੱਖਾਂ ਨਾਲ ਚਾਰੇ ਪਾਸੇ ਵੇਖਿਆ। ਸ਼ਾਇਦ ਉਹ ਭੀੜ ਵਿਚੋਂ ਆਪਣੇ ਦੋਸਤਾਂ ਤੇ ਹਮਦਰਦਾਂ ਦੇ ਚਿਹਰੇ ਲੱਭ ਰਿਹਾ ਸੀ। ਉਹਦੇ ਭਾਈਚਾਰੇ ਦੇ ਲੋਕਾਂ ਨੂੰ ਭਾਵੇਂ ਜਾਣ-ਬੁੱਝ ਕੇ ਕਮਰੇ ਤੋਂ ਬਾਹਰ ਰੋਕ ਲਿਆ ਗਿਆ ਸੀ, ਫਿਰ ਵੀ ਅੰਦਰ ਆ ਪੁੱਜੇ ਤੇ ਇਕ ਨੁੱਕਰੇ ਖਲੋਤੇ ਚਾਰ ਭਾਈਬੰਦਾਂ ਵੱਲ ਜਦੋਂ ਉਹਦੀ ਨਜ਼ਰ ਗਈ ਤਾਂ ਉਹਨੇ ਹੱਥ ਜੋੜ ਕੇ ਉਨ੍ਹਾਂ ਪ੍ਰਤੀ ਪਿਆਰ ਤੇ ਆਭਾਰ ਪ੍ਰਗਟ ਕੀਤਾ।

ਮੇਵਾ ਸਿੰਘ ਨੇ ਆਪਣਾ ਦੋਸ਼ ਕਬੂਲ ਕਰ ਲਿਆ ਸੀ। ਇਸ ਲਈ ਉਪਰੋਕਤ ਸਵਾਲ-ਜਵਾਬ ਤੋਂ ਬਾਅਦ ਅੰਤਿਮ ਫ਼ੈਸਲਾ ਕਰਨ ਵਿਚ ਜਿਊਰੀ ਨੇ ਬਹੁਤਾ ਸਮਾਂ ਨਾ ਲਿਆ। ਕੁਝ ਹੀ ਮਿੰਟਾਂ ਬਾਅਦ ਜੱਜ ਮੌਰੀਸਨ ਨੇ ਫ਼ੈਸਲਾ ਸੁਣਾਉਂਦਿਆਂ ਮੇਵਾ ਸਿੰਘ ਨੂੰ ਹਾਪਕਿਨਸਨ ਦੇ ਕਤਲ ਦਾ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਸੁਣਾ ਦਿੱਤੀ,

"ਤੂੰ ਹਾਪਕਿਨਸਨ ਦਾ ਕਤਲ ਕਰਨਾ ਮੰਨ ਲਿਆ ਹੈ। ਅਦਾਲਤ ਤੈਨੂੰ ਪਹਿਲੇ ਦਰਜੇ ਦਾ ਕਤਲ ਕਰਨ ਦਾ 'ਦੋਸ਼ੀ' ਮੰਨ ਕੇ ਫਾਂਸੀ ਦੇ ਕੇ ਮਾਰਨ ਦੀ ਸਜ਼ਾ ਦਿੰਦੀ ਹੈ। ਫਾਂਸੀ 11 ਜਨਵਰੀ 1915 ਵਾਲੇ ਦਿਨ ਦਿੱਤੀ ਜਾਵੇਗੀ।"

ਕੇਵਲ ਇਕ ਘੰਟਾ ਚਾਲੀ ਮਿੰਟ ਚੱਲੀ ਮੁਕੱਦਮੇ ਦੀ ਕਾਰਵਾਈ ਤੋਂ ਬਾਅਦ ਜਦੋਂ ਅੰਤਿਮ ਫ਼ੈਸਲਾ ਸੁਣਾ ਦਿੱਤਾ ਗਿਆ ਤਾਂ ਮੇਵਾ ਸਿੰਘ ਦੇ ਚਿਹਰੇ 'ਤੇ ਘਬਰਾਹਟ ਦਾ ਕੋਈ ਨਿਸ਼ਾਨ ਨਹੀਂ ਸੀ। ਉਸ ਨੇ ਰੱਬ ਦਾ ਸ਼ੁਕਰ ਅਦਾ ਕਰਦਿਆਂ ਉਚੀ ਆਵਾਜ਼ ਵਿਚ ਕਿਹਾ, "ਸ਼ੁਕਰ ਹੈ ਵਾਹਿਗੁਰੂ! ਤੂੰ ਮੇਰੀ ਸੰਸਾਰ ਦੇ ਨਿਤਾਣੇ ਲੋਕਾਂ ਖ਼ਾਤਰ ਕੀਤੀ ਕੁਰਬਾਨੀ ਨੂੰ ਕਬੂਲ ਕੀਤਾ ਹੈ।"

ਇਸ ਤੋਂ ਬਾਅਦ ਉਹਨੇ ਅਦਾਲਤ ਦੇ ਕਮਰੇ ਤੋਂ ਬਾਹਰ ਜੁੜੀ ਭੀੜ 'ਤੇ ਨਜ਼ਰ ਮਾਰੀ ਤੇ ਸ਼ਹੀਦ ਭਾਈ ਭਾਗ ਸਿੰਘ ਦੀ ਛੋਟੀ ਬੱਚੀ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਜਦੋਂ ਬੱਚੀ ਬਾਹਰਲੀ ਭੀੜ ਵਿਚ ਕਿਧਰੇ ਵੀ ਦਿਖਾਈ ਨਾ ਦਿੱਤੀ ਤਾਂ ਮੇਵਾ ਸਿੰਘ ਨੇ ਅੱਖਾਂ ਬੰਦ ਕਰ ਲਈਆਂ। ਉਹਦੇ ਇਕ-ਸੁਰ ਹੋਏ ਅੰਤਰ-ਮਨ ਵਿਚੋਂ ਉਠੀ ਗੂੰਜ ਉਚੀ ਆਵਾਜ਼ ਬਣ ਕੇ ਅਦਾਲਤ ਦੇ ਕਮਰੇ ਵਿਚ ਫੈਲ ਗਈ।

ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ॥

ਕਮਰੇ ਵਿਚ ਅਤਿ ਦੀ ਖ਼ਾਮੋਸ਼ੀ ਸੀ। ਲੋਕ ਮੇਵਾ ਸਿੰਘ ਦੇ ਸਹਿਜ ਤੇ ਧੀਰਜ ਨੂੰ ਵੇਖ ਕੇ ਅਵਾਕ ਰਹਿ ਗਏ।

ਮੇਵਾ ਸਿੰਘ ਨੇ ਆਪਣਾ ਸਿਰ ਝੁਕਾ ਲਿਆ ਅਤੇ ਬੜੇ ਸਹਿਜ ਨਾਲ ਮਜ਼ਬੂਤ ਕਦਮੀਂ ਤੁਰਦਾ ਜੇਲ੍ਹ ਦੀ ਕਾਲ-ਕੋਠੜੀ ਵੱਲ ਤੁਰ ਪਿਆ।

**ਫ਼ਾਂਸੀ ਦੇ ਤਖ਼ਤੇ ਵੱਲ:** ਜੇਲ੍ਹ ਵਿਚ ਵੀ ਭਾਈ ਮੇਵਾ ਸਿੰਘ ਬੜੇ ਠਰ੍ਹੰਮੇ ਤੇ ਚੜ੍ਹਦੀ ਕਲਾ ਵਿਚ ਰਹਿੰਦਾ। ਬਾਣੀ ਦਾ ਪਾਠ ਕਰਦਾ ਰਹਿੰਦਾ। ਉਹਦਾ ਵਕੀਲ ਮਿਸਟਰ ਵੁੱਡ ਚਾਹੁੰਦਾ ਸੀ ਕਿ ਭਾਈ ਮੇਵਾ ਸਿੰਘ ਦੀ ਜਾਨ ਦੇ ਬਚਾਅ ਲਈ ਅਪੀਲ ਕੀਤੀ ਜਾਵੇ। ਜਿਵੇਂ ਮੇਵਾ ਸਿੰਘ ਨੇ ਅਦਾਲਤ ਵਿਚ ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨ ਲਈ ਕਿਸੇ ਪ੍ਰਕਾਰ ਦੀ ਬਹਿਸ ਕਰਨ ਤੋਂ ਵਰਜ ਕੇ ਮੇਵਾ ਸਿੰਘ ਨੇ ਮਿਸਟਰ ਵੁੱਡ ਨੂੰ ਕੇਵਲ ਆਪਣਾ ਲਿਖਤੀ ਬਿਆਨ ਹੀ ਅਦਾਲਤ ਵਿਚ ਪੜ੍ਹ ਕੇ ਸੁਣਾਉਣ ਦੀ ਆਗਿਆ ਦਿੱਤੀ ਸੀ, ਉਵੇਂ ਹੀ ਉਸ ਨੇ ਹੁਣ ਵੀ ਮਿਸਟਰ ਵੁੱਡ ਦੀ ਅਪੀਲ ਕਰਨ ਦੀ ਤਜਵੀਜ਼ ਠੁਕਰਾ ਦਿੱਤੀ। ਮਿਸਟਰ ਵੁੱਡ ਫਿਰ ਵੀ ਚਾਹੁੰਦਾ ਸੀ ਕਿ ਕੋਈ ਨਾ ਕੋਈ ਅਜਿਹਾ ਹੀਲਾ-ਵਸੀਲਾ ਵਰਤਿਆ ਜਾਣਾ ਚਾਹੀਦਾ ਹੈ ਜਿਸ ਨਾਲ ਮੇਵਾ ਸਿੰਘ ਦੀ ਜਾਨ ਬਚ ਸਕੇ। ਉਸ ਨੂੰ ਤਰਕੀਬ ਸੁੱਝੀ। ਉਸ ਨੇ ਜਸਟਿਸ ਮਨਿਸਟਰ ਕੋਲ ਦਰਖ਼ਾਸਤ ਦਿੱਤੀ ਕਿ ਮੇਵਾ ਸਿੰਘ ਦਾ ਦਿਮਾਗੀ ਤਵਾਜ਼ਨ ਠੀਕ ਨਹੀਂ, ਇਸ ਲਈ ਉਸ ਦਾ ਡਾਕਟਰੀ ਮੁਆਇਨਾ ਕਰਵਾਇਆ ਜਾਵੇ। 5 ਜਨਵਰੀ ਨੂੰ ਭਾਈ ਮੇਵਾ ਸਿੰਘ ਦਾ ਮੁਆਇਨਾ ਕੀਤਾ ਗਿਆ। ਮੇਵਾ ਸਿੰਘ ਨੇ ਆਪਣੀ ਜਾਨ ਬਚਾਉਣ ਲਈ ਕੋਈ ਐਸੀ ਪੁੱਠੀ-ਸਿੱਧੀ ਹਰਕਤ ਨਾ ਕੀਤੀ ਜਿਸ ਤੋਂ ਇਹ ਜਾਪੇ ਕਿ ਉਨ੍ਹਾਂ ਦਾ ਦਿਮਾਗ ਠੀਕ ਨਹੀਂ। ਮੇਵਾ ਸਿੰਘ ਨੇ ਆਖਿਆ ਕਿ ਉਸ ਨੇ ਹਾਪਕਿਨਸਨ ਦਾ ਕਤਲ ਪੂਰੇ ਹੋਸ਼ੋ-ਹਵਾਸ ਵਿਚ ਕੀਤਾ ਹੈ ਤੇ ਉਹ ਬਣਦੀ ਸਜ਼ਾ ਭੁਗਤਣ ਲਈ ਤਿਆਰ ਹੈ। ਮਿਸਟਰ ਮੈਕੇਅ ਨੇ ਉਸੇ ਦਿਨ ਜਸਟਿਸ ਮਨਿਸਟਰ ਨੂੰ ਟੈਲੀਗਰਾਮ ਰਾਹੀਂ ਰਿਪੋਰਟ ਭੇਜ ਦਿੱਤੀ ਕਿ ਮੇਵਾ ਸਿੰਘ ਦਾ ਦਿਮਾਗੀ ਤਵਾਜ਼ਨ ਬਿਲਕੁਲ ਠੀਕ ਹੈ।

## ਭਗਤ ਸਿੰਘ ਹੁਰਾਂ ਦਾ ਪਹਿਲ-ਪਲੱਕੜਾ ਵਡੇਰਾ



*ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਬੜੇ ਸੁਚੇਤ ਹੋ ਕੇ ਦਿੱਲੀ ਦੇ ਅਸੈਂਬਲੀ ਹਾਲ ਵਿਚ 'ਬੋਲਿਆਂ ਕੰਨਾਂ ਤੱਕ ਆਵਾਜ਼ ਪਹੁੰਚਾਉਣ' ਲਈ ਬੰਬ ਸੁੱਟ ਕੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਇਸ ਵਾਸਤੇ ਪੇਸ਼ ਕੀਤਾ ਸੀ ਕਿ ਅਜਿਹਾ ਕਰ ਕੇ ਉਹ ਅਦਾਲਤ ਨੂੰ ਆਪਣੇ ਵਿਚਾਰਾਂ ਨੂੰ ਪ੍ਰਚਾਰਨ ਦਾ ਮਾਧਿਅਮ ਬਣਾਉਣਗੇ। ਉਨ੍ਹਾਂ ਨੇ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਅਦਾਲਤ ਨੂੰ ਮਾਧਿਅਮ ਵਜੋਂ ਭਰਪੂਰ ਰੂਪ ਵਿਚ ਵਰਤਿਆ ਵੀ, ਪਰ ਇਹ ਭਾਈ ਮੇਵਾ ਸਿੰਘ ਹੀ ਸੀ ਜਿਸ ਨੇ ਸਾਡੇ ਇਨਕਲਾਬੀ ਇਤਿਹਾਸ ਵਿਚ ਸਭ ਤੋਂ ਪਹਿਲਾਂ ਇਸ ਜੁਗਤ ਦੀ ਸੁਚੇਤ ਤੌਰ 'ਤੇ ਵਰਤੋਂ ਕੀਤੀ। ਭਗਤ ਸਿੰਘ ਨੂੰ ਵੀ ਪਤਾ ਸੀ ਕਿ ਉਹਦੀ ਗ੍ਰਿਫ਼ਤਾਰੀ ਦਾ ਅੰਤਮ ਸਿੱਟਾ ਉਹਦੀ ਮੌਤ ਵਿਚ ਹੀ ਨਿਕਲਣਾ ਹੈ, ਤਦ ਵੀ ਉਸ ਨੇ ਆਪਣੇ ਆਪ ਨੂੰ ਸੁਚੇਤ ਕੁਰਬਾਨੀ ਦੇ ਰਾਹ ਤੋਰ ਲਿਆ, ਪਰ ਭਾਈ ਮੇਵਾ ਸਿੰਘ ਸੁਚੇਤ ਕੁਰਬਾਨੀ ਦੇ ਪੱਖੋਂ ਵੀ ਤਤਕਾਲੀ ਇਨਕਲਾਬੀ ਇਤਿਹਾਸ ਵਿਚ ਆਪਣੇ ਭਾਈਚਾਰੇ ਵਿਚ ਭਗਤ ਸਿੰਘ ਦਾ ਪਹਿਲ-ਪਲੱਕੜਾ ਵਡੇਰਾ ਸੀ।*

ਉਸ ਵੇਲੇ ਦੀਆਂ ਗੁਪਤ ਸਰਕਾਰੀ ਰਿਪੋਰਟਾਂ ਦੱਸਦੀਆਂ ਹਨ ਕਿ ਨਿਊ ਵੈਸਟ ਮਿਨਸਟਰ ਦੀ ਪ੍ਰੋਵਿੰਸ਼ੀਅਲ ਜੇਲ੍ਹ ਵਿਚ ਜ਼ਿੰਦਗੀ ਦੇ ਰਹਿੰਦੇ ਬਾਕੀ ਦਿਨ ਵੀ ਮੇਵਾ ਸਿੰਘ ਨੇ ਪਹਿਲਾਂ ਵਾਂਗ ਹੀ ਪੂਰੀ ਚੜ੍ਹਦੀ ਕਲਾ ਵਿਚ ਬਿਤਾਏ। ਆਖ਼ਰ 11 ਜਨਵਰੀ 1915 ਦਾ ਦਿਨ ਆਣ ਪੁੱਜਾ। ਅੰਤਮ ਸਮੇਂ ਦੀਆਂ ਧਾਰਮਿਕ ਰਸਮਾਂ ਨਿਭਾਉਣ ਲਈ ਗ੍ਰੰਥੀ ਭਾਈ ਮਿੱਤ ਸਿੰਘ ਪੰਡੋਰੀ ਜੇਲ੍ਹ ਵਿਚ ਪਹੁੰਚ ਚੁੱਕਾ ਸੀ। ਭਾਈ ਮੇਵਾ ਸਿੰਘ ਨੇ ਭਾਈ ਮਿੱਤ ਸਿੰਘ ਨੂੰ ਫ਼ਤਿਹ ਬੁਲਾ ਕੇ ਆਪਣੇ ਭਾਈਚਾਰੇ ਦੇ ਲੋਕਾਂ ਲਈ ਆਖ਼ਰੀ ਪੈਗ਼ਾਮ ਦਿੱਤਾ,

"ਇਸ ਗੁਲਾਮੀ ਦੇ ਸਰਾਪ ਤੋਂ ਬਚ ਕੇ ਨਿਕਲਣ ਲਈ ਪੂਰੇ ਜ਼ੋਰ ਨਾਲ ਯਤਨ ਕਰੋ। ਫਿਰ ਇਹ ਕੰਮ ਤਾਂ ਹੀ ਹੋ ਸਕੇਗਾ ਜੇ ਇਸ ਵਿਚ ਇਲਾਕੇਬੰਦੀ ਤੇ ਮਜ਼ਹਬੀ ਅਸਹਿਣਸ਼ੀਲਤਾ ਬਿਲਕੁਲ ਨਾ ਰਹੇ। ਨਾ ਮਾਝੇ ਮਾਲਵੇ ਤੇ ਦੁਆਬੇ ਦੇ ਸਵਾਲ ਉਠਣ; ਨਾ ਹੀ ਹਿੰਦੂ, ਮੁਸਲਿਮ ਤੇ ਸਿੱਖ ਮਜ਼ਹਬਾਂ ਦੇ ਸਵਾਲ ਉਠਣ।"

ਸਵੇਰ ਦੇ ਸਾਢੇ ਸੱਤ ਵਜੇ ਜੇਲ੍ਹ ਦੇ ਕਰਮਚਾਰੀ ਉਸ ਨੂੰ ਫ਼ਾਂਸੀ ਦੇ ਤਖ਼ਤੇ ਵੱਲ ਲੈ ਤੁਰੇ। ਭਾਈ ਮੇਵਾ ਸਿੰਘ ਨੇ ਸਵੈਮਾਣ ਵਿਚ ਭਰ ਕੇ ਸਿਰ ਉਤਾਂਹ ਚੁੱਕਿਆ। ਬਾਣੀ ਦਾ ਸ਼ਬਦ ਗਾਉਣਾ ਸ਼ੁਰੂ ਕੀਤਾ- ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥

ਸ਼ਬਦ ਗਾਇਨ ਕਰਦਿਆਂ ਹੀ ਉਹ ਫ਼ਾਂਸੀ ਦੇ ਤਖ਼ਤੇ 'ਤੇ ਜਾ ਖਲੋਤਾ। ਪੌਣੇ ਅੱਠ ਵਜੇ ਭਾਈ ਮੇਵਾ ਸਿੰਘ ਨੂੰ ਫ਼ਾਂਸੀ ਲਾ ਦਿੱਤੀ ਗਈ।

ਉਹਦੀ ਦੇਹ ਨੂੰ ਅੰਤਮ ਰਸਮਾਂ ਪੂਰੀਆਂ ਕੀਤੇ ਜਾਣ ਵਾਲੇ ਸਥਾਨ 'ਤੇ ਲਿਆਂਦਾ ਗਿਆ। ਉਹਦੀ ਅਰਥੀ ਬੀ.ਸੀ.ਈ.ਆਰ. ਡੀਪੋ ਵੱਲ ਲਿਜਾਈ ਗਈ ਜਿੱਥੇ ਚਾਰ ਤੋਂ ਪੰਜ ਸੌ ਤੱਕ ਲੋਕ ਮ੍ਰਿਤਕ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਨ ਲਈ ਖਲੋਤੇ ਸਨ। ਅੰਤਿਮ ਯਾਤਰਾ ਦਾ ਜਲੂਸ ਸ਼ੁਰੂ ਹੋਣ ਤੋਂ ਪਹਿਲਾਂ ਇਸ ਦੀ ਤਸਵੀਰ ਉਤਾਰੀ ਗਈ ਅਤੇ ਫਿਰ ਭਾਰੀ ਮੀਂਹ ਤੇ ਸਰਦੀ ਦੇ ਬਾਵਜੂਦ, ਸ਼ਬਦ ਕੀਰਤਨ ਕਰਦੀਆਂ ਸੰਗਤਾਂ ਦਾ ਜਲੂਸ ਬੀ.ਸੀ. ਦੀ ਫ਼ਰੇਜ਼ਰ ਮਿੱਲ ਵੱਲ ਰਵਾਨਾ ਹੋ ਗਿਆ। ਲੋਕਾਂ ਨੇ 'ਸ਼ਹੀਦ ਮੇਵਾ ਸਿੰਘ, ਅਮਰ ਰਹੇ' ਦੇ ਨਾਅਰੇ ਲਾ ਕੇ ਉਹਦੀ ਸ਼ਹੀਦੀ ਨੂੰ ਪ੍ਰਣਾਮ ਕੀਤਾ। ਅਰਥੀ ਵਾਲੀ ਬੱਘੀ ਨੂੰ ਦੋ ਘੋੜੇ ਖਿੱਚ ਰਹੇ ਸਨ। ਉਸ ਦੇ ਪਿੱਛੇ ਭਾਈਚਾਰੇ ਦੇ ਲੋਕ ਲਗਭਗ ਕਾਲੇ ਪਹਿਰਾਵੇ ਪਹਿਨੀ ਤੇ ਚਿੱਟੀਆਂ ਦਸਤਾਰਾਂ ਬੰਨ੍ਹੀ ਪੰਜ-ਪੰਜ ਜਣਿਆਂ ਦੀਆਂ ਸਿੱਧੀਆਂ ਕਤਾਰਾਂ ਵਿਚ ਤੁਰੇ ਜਾ ਰਹੇ ਸਨ। ਗਲੀਆਂ ਤੇ ਸੜਕਾਂ ਲਗਭਗ ਵੀਰਾਨ ਤੇ ਸੁੰਨੀਆਂ ਸਨ। ਕੋਈ ਕੋਈ ਸਿਰ ਘਰਾਂ ਦੀਆਂ ਬਾਰੀਆਂ ਵਿਚੋਂ ਝਾਕ ਕੇ ਇਸ ਜਲੂਸ ਨੂੰ ਵੇਖ ਰਿਹਾ ਸੀ।

ਜਲੂਸ ਚਾਰ ਮੀਲ ਦੂਰ ਫ਼ਰੇਜ਼ਰ ਮਿੱਲ 'ਤੇ ਪੁੱਜਾ। ਉਥੇ ਪੂਰੇ ਸਤਿਕਾਰ ਨਾਲ ਭਾਈ ਮੇਵਾ ਸਿੰਘ ਦਾ ਸਿੱਖ ਧਾਰਮਿਕ ਰਸਮਾਂ ਅਨੁਸਾਰ ਸਸਕਾਰ ਕਰ ਦਿੱਤਾ ਗਿਆ। ਜਿਸਮ ਮਿਟ ਗਿਆ ਪਰ ਯਾਦ ਅਮਰ ਹੋ ਗਈ। ਮੇਵਾ ਸਿੰਘ ਫ਼ਾਂਸੀ ਦੇ ਤਖ਼ਤੇ ਤੋਂ ਉਤਰ ਕੇ ਆਪਣੇ ਲੋਕਾਂ ਦੇ ਦਿਲਾਂ ਵਿਚ ਜਾ ਬੈਠਾ। ਕੈਲੀਫੋਰਨੀਆ (ਅਮਰੀਕਾ) ਦੇ ਸਟਾਕਟਨ ਗੁਰਦੁਆਰੇ ਵਿਚ ਉਥੋਂ ਦੀ ਸੰਗਤ ਨੇ ਮੇਵਾ ਸਿੰਘ ਦੇ ਨਾਂ ਦਾ ਸਹਿਜ ਪਾਠ ਰਖਵਾਇਆ ਹੋਇਆ ਸੀ। ਮੇਵਾ ਸਿੰਘ ਦੀ ਸ਼ਹੀਦੀ ਵਾਲੇ ਦਿਨ 11 ਜਨਵਰੀ ਨੂੰ ਇਸ ਸਹਿਜ ਪਾਠ ਦਾ ਭੋਗ ਪਾਇਆ ਗਿਆ। ਅਗਲੇ ਸਾਲ ਜਨਵਰੀ 1916 ਵਿਚ ਕੈਨੇਡਾ ਵਿਚ ਵੱਸਦੇ ਭਾਰਤੀ ਭਾਈਚਾਰੇ ਨੇ ਭਾਈ ਮੇਵਾ ਸਿੰਘ ਦੀ ਸ਼ਹਾਦਤ ਦੀ ਪਹਿਲੀ ਵਰ੍ਹੇ-ਗੰਢ ਮਨਾਈ। 1917 ਵਿਚ ਮੁੜ ਤੋਂ ਫ਼ਰੇਜ਼ਰ ਮਿੱਲ ਗੁਰਦੁਆਰੇ ਵਿਚ ਭਾਈ ਮੇਵਾ ਸਿੰਘ ਦੀ ਸ਼ਹਾਦਤ ਦੀ ਦੂਜੀ ਵਰ੍ਹੇਗੰਢ ਮਨਾਈ ਗਈ। ਇਸ ਸਮਾਗਮ ਵਿਚ ਪੰਜ ਸੌ ਦੇ ਲਗਭਗ ਲੋਕ ਇਕੱਠੇ ਹੋਏ। ਉਸ ਵੇਲੇ ਕੈਨੇਡਾ ਵਿਚ ਕੇਵਲ ਇਕ ਹਜ਼ਾਰ ਹਿੰਦੁਸਤਾਨੀ ਰਹਿੰਦੇ ਸਨ।

ਮੇਵਾ ਸਿੰਘ ਨੂੰ ਬੀ.ਸੀ. ਨਿਊ ਵੈਸਟ ਮਿਨਸਟਰ ਜੇਲ੍ਹ ਵਿਚ 11 ਜਨਵਰੀ 1915 ਨੂੰ ਫਾਂਸੀ ਦਿੱਤੀ ਗਈ। ਉਹਨੇ ਵੈਨਕੂਵਰ ਦੀ ਅਦਾਲਤ ਵਿਚ 21 ਅਕਤੂਬਰ 1914 ਨੂੰ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਗੋਲੀ ਮਾਰੀ ਸੀ। ਹਾਪਕਿਨਸਨ ਨੂੰ ਅਮਨ ਤੇ ਕਾਨੂੰਨ ਦੇ ਰਖਵਾਲੇ ਵਜੋਂ ਸ਼ਹੀਦ ਦਾ ਰੁਤਬਾ ਦਿੱਤਾ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਮਰਦ, ਔਰਤਾਂ ਤੇ ਬੱਚੇ ਲੰਮੀਆਂ ਕਤਾਰਾਂ ਬੰਨ੍ਹੀ ਸੜਕਾਂ ਕਿਨਾਰੇ ਖਲੋਤੇ ਉਹਦੇ ਜਨਾਜ਼ੇ ਨੂੰ ਵੇਖ ਰਹੇ ਸਨ। ਜਿਸ ਅਦਾਲਤ ਵਿਚ ਹਾਪਕਿਨਸਨ ਨੂੰ ਗੋਲੀ ਮਾਰੀ ਗਈ ਸੀ, ਉਸ ਥਾਂ 'ਤੇ ਹੁਣ ਆਰਟ ਗੈਲਰੀ ਬਣੀ ਹੋਈ ਹੈ।

**ਭਗਤ ਸਿੰਘ ਹੁਰਾਂ ਦਾ ਪਹਿਲ-ਪਲੱਕੜਾ ਵਡੇਰਾ:** ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਬੜੇ ਸੁਚੇਤ ਹੋ ਕੇ ਦਿੱਲੀ ਦੇ ਅਸੈਂਬਲੀ ਹਾਲ ਵਿਚ 'ਬੋਲਿਆਂ ਕੰਨਾਂ ਤੱਕ ਆਵਾਜ਼ ਪਹੁੰਚਾਉਣ' ਲਈ ਬੰਬ ਸੁੱਟ ਕੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਇਸ ਵਾਸਤੇ ਪੇਸ਼ ਕੀਤਾ ਸੀ ਕਿ ਅਜਿਹਾ ਕਰ ਕੇ ਉਹ ਅਦਾਲਤ ਨੂੰ ਆਪਣੇ ਵਿਚਾਰਾਂ ਨੂੰ ਪ੍ਰਚਾਰਨ ਦਾ ਮਾਧਿਅਮ ਬਣਾਉਣਗੇ। ਉਨ੍ਹਾਂ ਨੇ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਅਦਾਲਤ ਨੂੰ ਮਾਧਿਅਮ ਵਜੋਂ ਭਰਪੂਰ ਰੂਪ ਵਿਚ ਵਰਤਿਆ ਵੀ, ਪਰ ਇਹ ਭਾਈ ਮੇਵਾ ਸਿੰਘ ਹੀ ਸੀ ਜਿਸ ਨੇ ਸਾਡੇ ਇਨਕਲਾਬੀ ਇਤਿਹਾਸ ਵਿਚ ਸਭ ਤੋਂ ਪਹਿਲਾਂ ਇਸ ਜੁਗਤ ਦੀ ਸੁਚੇਤ ਤੌਰ 'ਤੇ ਵਰਤੋਂ ਕੀਤੀ। ਭਗਤ ਸਿੰਘ ਨੂੰ ਵੀ ਪਤਾ ਸੀ ਕਿ ਉਹਦੀ ਗ੍ਰਿਫ਼ਤਾਰੀ ਦਾ ਅੰਤਮ ਸਿੱਟਾ ਉਹਦੀ ਮੌਤ ਵਿਚ ਹੀ ਨਿਕਲਣਾ ਹੈ, ਤਦ ਵੀ ਉਸ ਨੇ ਆਪਣੇ ਆਪ ਨੂੰ ਸੁਚੇਤ ਕੁਰਬਾਨੀ ਦੇ ਰਾਹ ਤੋਰ ਲਿਆ ਪਰ ਭਾਈ ਮੇਵਾ ਸਿੰਘ ਸੁਚੇਤ ਕੁਰਬਾਨੀ ਦੇ ਪੱਖੋਂ ਵੀ ਤਤਕਾਲੀ ਇਨਕਲਾਬੀ ਇਤਿਹਾਸ ਵਿਚ ਆਪਣੇ ਭਾਈਚਾਰੇ ਵਿਚ ਭਗਤ ਸਿੰਘ ਦਾ ਪਹਿਲ-ਪਲੱਕੜਾ ਵਡੇਰਾ ਸੀ। ਆਪਣੇ ਬਿਆਨ ਵਿਚ ਭਾਈ ਮੇਵਾ ਸਿੰਘ ਨੇ ਇਹ ਵੀ ਕਿਹਾ ਸੀ ਕਿ ਇਥੇ ਹਾਪਕਿਨਸਨ ਤੇ ਉਹਦੇ ਚਾਟੜਿਆਂ ਦੀ ਸੁਣੀ ਜਾਂਦੀ ਹੈ, 'ਸਾਡੀ ਨਹੀਂ'। ਉਸ ਵਲੋਂ ਹਾਪਕਿਨਸਨ ਦਾ ਕੀਤਾ ਕਤਲ ਵੀ 'ਬੋਲੇ ਕੰਨਾਂ' ਤੱਕ ਆਵਾਜ਼ ਪਹੁੰਚਾਉਣ ਦਾ ਹੀਲਾ ਸੀ।

**ਬਹੁ-ਸਭਿਆਚਾਰਕ ਮੁਲਕ ਕੈਨੇਡਾ ਦਾ ਸ਼ਹੀਦ:** ਭਾਈ ਮੇਵਾ ਸਿੰਘ ਦੀ ਸ਼ਹਾਦਤ ਦਾ ਮਾਣ ਲੋਪੋਕੇ ਪਿੰਡ ਦੀ ਛੋਟੀ ਜਿਹੀ ਇਕਾਈ ਤੋਂ ਲੈ ਕੇ 'ਹਿੰਦੋਸਤਾਨ ਲਈ ਦਿੱਤੀ ਸ਼ਹਾਦਤ' ਤੱਕ ਪਹੁੰਚ ਕੇ ਅਗਾਂਹ ਹੋਰ ਵੀ ਨਵੇਂ ਦਿਸਹੱਦਿਆਂ ਤੱਕ ਫ਼ੈਲ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਕੈਨੇਡਾ ਨੂੰ 'ਗੋਰਿਆਂ ਦਾ ਦੇਸ' ਬਣਾਈ ਰੱਖਣ ਦੀ ਕੈਨੇਡੀਅਨ ਹਕੂਮਤ ਨੀਅਤ ਤੇ ਨੀਤੀ ਕਰ ਕੇ ਨਸਲੀ ਵਿਤਕਰੇ ਦੀ ਨੀਂਹ ਰੱਖੀ ਗਈ ਸੀ। ਭਾਰਤ ਦੀ ਅੰਗਰੇਜ਼ੀ ਸਰਕਾਰ, ਕੈਨੇਡਾ ਸਰਕਾਰ ਤੇ ਅਮਰੀਕਾ ਦੀ ਸਰਕਾਰ ਦਾ ਸਾਂਝਾ ਜਸੂਸ ਹਾਪਕਿਨਸਨ ਮੌਕੇ ਦੇ ਸਿਆਸਤਦਾਨਾਂ ਦੀ ਅਗਵਾਈ ਤੇ ਦੇਖ-ਰੇਖ ਵਿਚ ਇਮੀਗਰੇਸ਼ਨ ਏਜੰਟ ਮੈਲਕਮ ਰੀਡ ਨਾਲ ਮਿਲ ਕੇ ਹਿੰਦ ਵਾਸੀਆਂ ਖ਼ਿਲਾਫ਼ ਘਿਨਾਉਣੀਆਂ ਕਾਰਵਾਈਆਂ ਵਿਚ ਰੁੱਝਾ ਹੋਇਆ ਸੀ ਤੇ ਉਨ੍ਹਾਂ ਦੀ ਜਾਨ, ਸਵੈਮਾਣ ਤੇ ਇੱਜ਼ਤ-ਪਤ ਨਾਲ ਖਿਲਵਾੜ ਕਰ ਰਿਹਾ ਸੀ। ਉਹ ਕੈਨੇਡੀਅਨ ਤੇ ਅੰਗਰੇਜ਼ੀ ਸਰਕਾਰ ਦੀ ਸਥਾਪਤ ਤਾਕਤ ਦਾ ਚਿੰਨ੍ਹ ਸੀ। ਉਸ ਉਤੇ ਭਾਈ ਮੇਵਾ ਸਿੰਘ ਵਲੋਂ ਕੀਤਾ ਵਾਰ ਅਸਲ ਵਿਚ ਉਸ ਵਿਵਸਥਾ ਉਤੇ ਵਾਰ ਸੀ, ਜਿਹੜੀ ਵਿਵਸਥਾ ਕੈਨੇਡਾ ਨੂੰ 'ਗੋਰਿਆਂ ਦਾ ਦੇਸ' ਬਣਾਈ ਰੱਖਣ ਲਈ ਬਜ਼ਿਦ ਸੀ।

ਅੱਜ ਕੱਲ੍ਹ ਕੈਨੇਡਾ ਬਹੁ-ਸਭਿਆਚਾਰਕ ਮੁਲਕ ਹੈ ਤੇ ਕੈਨੇਡਾ ਸਰਕਾਰ ਇਸ ਗੱਲ 'ਤੇ ਫ਼ਖ਼ਰ ਵੀ ਕਰਦੀ ਹੈ। ਭਾਈ ਮੇਵਾ ਸਿੰਘ ਕੇਵਲ ਤਦੋਂਕੇ ਗੋਰਿਆਂ ਦੇ ਦੇਸ਼ ਕੈਨੇਡਾ ਦਾ ਕਾਤਲ, ਕਰਿਮੀਨਲ ਜਾਂ ਅਪਰਾਧੀ ਸੀ ਪਰ ਅਜੋਕੇ ਬਹੁ-ਸਭਿਆਚਾਰਕ ਕੈਨੇਡਾ ਦਾ ਅਪਰਾਧੀ ਹਰਗਿਜ਼ ਨਹੀਂ; ਸਗੋਂ ਸੱਚੀ ਗੱਲ ਤਾਂ ਇਹ ਹੈ ਕਿ ਭਾਈ ਮੇਵਾ ਸਿੰਘ ਦੀ ਸ਼ਹਾਦਤ ਅਜੋਕੇ ਬਹੁ-ਸਭਿਆਚਾਰਕ ਕੈਨੇਡਾ ਲਈ ਕੀਤੀ ਮਾਣਯੋਗ ਸ਼ਹਾਦਤ ਹੈ। ਮੇਵਾ ਸਿੰਘ ਦੀ ਸ਼ਹਾਦਤ ਨੂੰ ਬਹੁ-ਸਭਿਆਚਾਰਕ ਕੈਨੇਡਾ ਲਈ ਕੀਤੀ ਸ਼ਹਾਦਤ ਮੰਨ ਕੇ ਕੇਵਲ ਕੈਨੇਡਾ ਵਿਚ ਰਹਿੰਦੇ ਭਾਰਤ ਵਾਸੀਆਂ, ਸਾਡੇ ਸਿਆਸਤਦਾਨਾਂ ਨੂੰ ਹੀ ਨਹੀਂ ਸਗੋਂ ਸਮੁੱਚੇ ਕੈਨੇਡੀਅਨ ਸਮਾਜ ਨੂੰ ਭਾਈ ਮੇਵਾ ਸਿੰਘ ਨੂੰ ਬਹੁ-ਸਭਿਆਚਾਰਕ ਕੈਨੇਡਾ ਦਾ ਸ਼ਹੀਦ ਮੰਨਣ ਤੇ ਮੰਨੇ ਜਾਣ ਲਈ ਯਤਨ ਅਰੰਭ ਕਰਨੇ ਚਾਹੀਦੇ ਹਨ। ਇਸੇ ਕਰ ਕੇ ਮੈਂ ਇਹ ਕਹਿੰਦਾ ਹਾਂ ਕਿ ਭਾਈ ਮੇਵਾ ਸਿੰਘ 'ਹਿੰਦੁਸਤਾਨ ਦਾ ਸ਼ਹੀਦ' ਹੀ ਨਹੀਂ, ਸਗੋਂ 'ਕੈਨੇਡਾ ਦਾ ਸ਼ਹੀਦ' ਵੀ ਹੈ। ਜਿਵੇਂ ਕੈਨੇਡੀਅਨ ਸਰਕਾਰ ਨੇ ਹੁਣ ਕਾਮਾਗਾਟਾ ਮਾਰੂ ਕਾਂਡ ਨੂੰ ਕੈਨੇਡੀਅਨ ਇਤਿਹਾਸ ਦਾ ਹਿੱਸਾ ਮੰਨਦਿਆਂ ਇਸ ਕਾਂਡ ਨਾਲ ਸਬੰਧਤ ਡਾਕ ਟਿਕਟ ਵੀ ਜਾਰੀ ਕੀਤੀ ਹੈ, ਇੰਜ ਹੀ ਭਾਈ ਮੇਵਾ ਸਿੰਘ ਦੀ ਸ਼ਹਾਦਤ ਕੈਨੇਡੀਅਨ ਇਤਿਹਾਸ ਦੀ ਮਾਣਯੋਗ ਘਟਨਾ ਵਜੋਂ ਸਵੀਕਾਰ ਕੀਤੀ ਜਾਣੀ ਚਾਹੀਦੀ ਹੈ।

(ਸਮਾਪਤ)

## ਅੱਜ ਨਜ਼ਰ ਉਤਾਰੋ

ਮੇਰੇ ਸੋਹਣੇ ਖਾਲਸਾ ਪੰਥ ਦੀ ਅੱਜ ਨਜ਼ਰ ਉਤਾਰੋ।
ਉਠੋ ਵੇ ਧਰਮੀ ਯੋਧਿਓ ਸਿੱਖੋ ਸਰਦਾਰੋ।

ਜੋ ਦਿੱਤਾ ਹੁਕਮ ਅਕਾਲ ਨੇ ਭੁੱਲ ਗਏ ਅਕਾਲੀ,
ਇਹ ਧਰਮ ਵੇਚ ਕੇ ਆਪਣਾ ਪਏ ਖਾਣ ਦਲਾਲੀ,
ਇਨ੍ਹਾਂ ਫੁੱਟ ਚੰਦਰੀ ਦੀ ਕੌਮ ਵਿਚ ਅੱਗ ਐਸੀ ਬਾਲੀ,
ਲੈ ਆਏ ਰਾਤਾਂ ਕਾਲੀਆਂ ਮੁੱਕ ਗਈ ਦੀਵਾਲੀ,
ਉਸ ਕਲਗੀਧਰ ਦਸਮੇਸ਼ ਨੂੰ ਅੱਜ ਫੇਰ ਪੁਕਾਰੋ।
ਮੇਰੇ ਸੋਹਣੇ ਖਾਲਸਾ ਪੰਥ ਦੀ ਅੱਜ ਨਜ਼ਰ ਉਤਾਰੋ...

ਤੁਸੀਂ ਕਲਗੀਧਰ ਦੇ ਲਾਡਲੇ ਜੀਤਾਂ ਦੇ ਜਾਏ,
ਜਿਨ੍ਹੇ ਅੰਮ੍ਰਿਤ ਦੇ ਕੇ ਗਿੱਦੜੋਂ ਸੀ ਸ਼ੇਰ ਬਣਾਏ,
ਜਿਨ੍ਹੇ ਦੋ ਬੇਟੇ ਚਮਕੌਰ ਵਿਚ ਸੀ ਘੋਲ ਘੁਮਾਏ,
ਜਿਨ੍ਹੇ ਦੋ ਬੇਟੇ ਸਰਹਿੰਦ ਦੀ ਕੰਧ ਵਿਚ ਚਿਣਾਏ,
ਤੁਸੀਂ ਫਰਜ਼ ਪਛਾਣੋ ਆਪਣੇ ਤੀਰੋ ਤਲਵਾਰੋ।
ਮੇਰੇ ਸੋਹਣੇ ਖਾਲਸਾ ਪੰਥ ਦੀ ਅੱਜ ਨਜ਼ਰ ਉਤਾਰੋ...

ਫਿਰ ਮਹਾਂ ਸਿੰਘ ਸਰਦਾਰ ਵਾਂਗ ਤੁਸੀਂ ਸ਼ੇਰੋ ਗੜ੍ਹਕੋ,
ਸ਼ੇਰ-ਏ-ਪੰਜਾਬ ਰਣਜੀਤ ਵਾਂਗ ਬਣ ਬਿਜਲੀ ਕੜਕੋ,
ਤੁਸੀਂ ਵੀਰ ਹੋ ਨਲੁਏ ਸ਼ੇਰ ਦੇ ਅੱਗ ਬਣ ਕੇ ਭੜਕੋ,
ਤੁਸੀਂ ਦੁਸ਼ਮਣ ਦਲ ਦੀ ਅੱਖ ਵਿਚ ਬਣ ਲਾਲੀ ਰੜਕੋ,
ਅੱਜ ਫਿਰ ਪੰਜਾਬ ਪੁਕਾਰਦਾ ਯੋਧੇ ਬਲਕਾਰੋ।
ਮੇਰੇ ਸੋਹਣੇ ਖਾਲਸਾ ਪੰਥ ਦੀ ਅੱਜ ਨਜ਼ਰ ਉਤਾਰੋ...

ਤੁਸੀਂ ਅਟਕ ਜਿਹੇ ਦਰਿਆ ਨੂੰ ਯੋਧਿਓ ਅਟਕਾਇਆ,
ਬਣ ਉਧਮ ਸਿੰਘ ਅਡਵਾਇਰ ਨੂੰ ਲੰਡਨ ਵਿਚ ਢਾਹਿਆ,
ਕਦੀ ਭਗਤ ਸਿੰਘ ਬਣ ਦੇਸ਼ ਦਾ ਤੁਸੀਂ ਨਾ ਚਮਕਾਇਆ,
ਅੱਜ ਫੇਰ ਪੰਜਾਬ ਬਚਾਉਣ ਦਾ ਹੁਣ ਵਕਤ ਹੈ ਆਇਆ,
ਉਠੋ ਅਣਖੀ ਪੰਜਾਬੀਓ ਸ਼ੇਰੋ ਰੂਹਦਾਰੋ।
ਮੇਰੇ ਸੋਹਣੇ ਖਾਲਸਾ ਪੰਥ ਦੀ ਅੱਜ ਨਜ਼ਰ ਉਤਾਰੋ...

ਇਕ ਉਠਿਆ ਸੀ ਨਾਂਦੇੜ 'ਚੋਂ ਬੰਦਾ ਬੈਰਾਗੀ,
ਉਹਨੇ ਪੀਤਾ ਅੰਮ੍ਰਿਤ ਗੁਰਾਂ ਤੋਂ ਉਹਦੀ ਅਣਖ ਸੀ ਜਾਗੀ,
ਓਇ ਅੰਮ੍ਰਿਤਧਾਰੀ ਸੂਰਿਓ ਨਾ ਹੋਵੋ ਬਾਗੀ,
ਨਾ ਲੜੋ ਕੁਰਸੀਆਂ ਵਾਸਤੇ ਬਣ ਜਾਓ ਤਿਆਗੀ,
'ਸੁਰਜੀਤ' ਜਨਮ ਨਾ ਆਪਣਾ ਨਸ਼ਿਆਂ ਵਿਚ ਹਾਰੋ।
ਮੇਰੇ ਸੋਹਣੇ ਖਾਲਸਾ ਪੰਥ ਦੀ ਅੱਜ ਨਜ਼ਰ ਉਤਾਰੋ।
ਉਠੋ ਵੇ ਧਰਮੀ ਯੋਧਿਓ ਸਿੱਖੋ ਸਰਦਾਰੋ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

---

## ਜੋ ਬ੍ਰਹਮੰਡੇ ਸੋਈ ਪਿੰਡੇ

ਖਰਬਾਂ ਹੀ ਤਾਰਿਆਂ 'ਚੋਂ, ਤਾਰਾ ਸਾਡੀ ਧਰਤੀ ਹੈ,
ਜਿਹਦੇ ਉਤੇ ਬੰਦਾ ਨਿੱਜੀ ਹੋਂਦ ਪਿੱਛੇ ਅੜੀ ਜਾਂਦਾ।
ਹਵਾ, ਪਾਣੀ, ਤੱਤਾਂ ਦੇ ਸੰਜੋਗ ਨਾਲ ਬਣਦਾ ਜੋ,
ਉਸੇ ਹਵਾ-ਪਾਣੀ ਨੂੰ ਪਲੀਤ ਰੋਜ਼ ਕਰੀ ਜਾਂਦਾ।

ਜੜ ਵਲੋਂ ਚੇਤਨ ਨੂੰ ਜੀਵਨ ਦੀ ਧਾਰਾ ਵਗੇ,
ਇੱਕ ਪਾਸੇ ਵਧੀ ਜਾਵੇ ਦੂਜੇ ਪਾਸੇ ਝੜੀ ਜਾਂਦਾ।
ਜੀਵ ਦਾ ਆਹਾਰ ਸਦਾ ਜੀਵਨ ਹੀ ਹੋਂਵਦਾ ਹੈ,
ਜੀਵਨ ਸਮੇਟ ਜੀਵ ਪੌੜੀ ਅੱਗੇ ਚੜ੍ਹੀ ਜਾਂਦਾ।

ਸਾਰੀਆਂ ਜੂਨਾਂ ਦਾ ਸਾਂਝਾ ਜੀਵਨ ਹੀ ਜੀਵ ਇੱਕੋ,
ਕਦੇ ਬਾਹਰ ਫੈਲੀ ਜਾਂਦਾ ਕਦੇ ਵਿਚੇ ਵੜੀ ਜਾਂਦਾ।

ਹੋਰਾਂ ਵਲੋਂ ਕੀਤੀ ਵੀ ਤਰੱਕੀ ਇਹਦੀ ਆਪਣੀ ਹੈ,
ਹੋ ਕੇ ਅਣਜਾਣ ਇਹ ਤਾਂ ਦੇਖ ਦੇਖ ਸੜੀ ਜਾਂਦਾ।


ਕੁਦਰਤ ਜੀਵ ਨੂੰ ਅਸੂਲ ਜਿਹੜੇ ਬਖ਼ਸ਼ੇ ਨੇ,
ਉਸੇ ਦੇ ਵਿਰੋਧ 'ਚ ਅਸੂਲ ਇਹ ਤਾਂ ਘੜੀ ਜਾਂਦਾ।

ਗੁਰੂ-ਉਪਦੇਸ਼ਾਂ ਨੂੰ ਨਾ ਜ਼ਿੰਦਗੀ 'ਚ ਧਾਰਦਾ ਹੈ,
ਕਰਮ-ਕਾਂਡਾਂ ਦੇ ਵਾਂਗ ਬੱਸ ਬੈਠਾ ਪੜ੍ਹੀ ਜਾਂਦਾ।

ਪਿੰਡ ਬ੍ਰਹਿਮੰਡ ਨੂੰ ਇਹ ਇੱਕ ਸਾਰ ਕਿੰਜ ਜਾਣੇ,
ਅਜੇ ਸਿੱਖ ਮਾਸ ਦੇ ਸਵਾਲ ਉਤੇ ਲੜੀ ਜਾਂਦਾ।

-ਡਾ. ਗੁਰਮੀਤ ਸਿੰਘ ਬਰਸਾਲ

ਹਮਾਸ ਦਾ ਬੇਟਾ-3




*ਫਲਸਤੀਨੀਆਂ ਦੀ ਜੁਝਾਰੂ ਜਥੇਬੰਦੀ 'ਹਮਾਸ' ਦੇ ਮੋਢੀ ਲੀਡਰਾਂ ਵਿਚੋਂ ਇਕ, ਸ਼ੇਖ ਹਸਨ ਯੂਸਫ ਦੇ ਪੁੱਤਰ ਮੋਸਾਬ ਹਸਨ ਯੂਸਫ (ਜਨਮ 1978) ਨੇ ਛੋਟੀ ਉਮਰ ਵਿਚ ਹੀ ਆਪਣੀ ਸਵੈ-ਜੀਵਨੀ 'ਸਨ ਆਫ ਹਮਾਸ' ਲਿਖ ਦਿੱਤੀ ਹੈ। ਫਲਸਤੀਨ ਲਈ ਜੂਝ ਰਹੇ ਲੋਕਾਂ ਨੇ ਇਸ ਕਿਤਾਬ ਨੂੰ ਮੁੱਢੋਂ-ਸੁੱਢੋਂ ਰੱਦ ਕੀਤਾ ਹੈ ਪਰ ਪੱਛਮੀ ਜਗਤ ਨੇ ਇਸ ਕਿਤਾਬ ਦਾ ਭਰਵਾਂ ਸਵਾਗਤ ਕੀਤਾ ਹੈ। ਮੋਸਾਬ ਅੱਜ ਕੱਲ੍ਹ ਅਮਰੀਕਾ ਵਿਚ ਰਹਿੰਦਾ ਹੈ ਅਤੇ ਉਸ ਦੇ ਇਜ਼ਰਾਈਲ ਲਈ ਜਸੂਸੀ ਕਰਨ ਦੇ ਕਿੱਸੇ ਵੀ ਚਰਚਾ ਵਿਚ ਰਹੇ ਹਨ। ਸਾਲ 2012 ਵਿਚ ਛਪੀ ਇਸ ਕਿਤਾਬ ਬਾਰੇ ਲੰਮਾ ਲੇਖ ਉਘੇ ਸਿੱਖ ਚਿੰਤਕ ਪ੍ਰੋ. ਹਰਪਾਲ ਸਿੰਘ ਪੰਨੂ ਨੇ 'ਪੰਜਾਬ ਟਾਈਮਜ਼' ਨੂੰ ਭੇਜਿਆ ਹੈ। ਇਸ ਲੇਖ ਵਿਚ ਉਨ੍ਹਾਂ ਇਸ ਕਿਤਾਬ, ਲੇਖਕ ਮੋਸਾਬ ਹਸਨ ਯੂਸਫ, ਫਲਸਤੀਨ ਅਤੇ ਇਜ਼ਰਾਈਲ ਦੇ ਪਿਛੋਕੜ ਵਿਚ ਪਏ ਅਹਿਮ ਤੱਥ ਉਜਾਗਰ ਕੀਤੇ ਹਨ। ਤੁਸੀਂ ਪੜ੍ਹ ਚੁੱਕੇ ਹੋ ਕਿ ਸ਼ਾਂਤ ਸੁਭਾਅ ਵਾਲਾ ਸ਼ੇਖ ਹਸਨ ਯੂਸਫ ਕਿਸ ਤਰ੍ਹਾਂ ਹੌਲੀ ਹੌਲੀ ਜਹਾਦ ਵੱਲ ਸਰਕ ਰਿਹਾ ਸੀ ਅਤੇ ਉਸ ਦਾ ਪੁੱਤਰ ਮੋਸਾਬ ਹਸਨ ਯੂਸਫ ਵੀ ਉਸ ਦੇ ਮਗਰ ਮਗਰ ਉਸੇ ਰਾਹ ਤੁਰਿਆ। ਇਸ ਤੀਜੀ ਕਿਸ਼ਤ ਵਿਚ ਚਰਚਾ ਹੈ ਕਿ ਕਿਤਾਬ ਦਾ ਲੇਖਕ ਮੋਸਾਬ ਹਸਨ ਯੂਸਫ, ਹਮਾਸ ਵੱਲੋਂ ਵਿੱਢੇ ਜਹਾਦ ਦੀਆਂ ਤੱਦੀਆਂ ਦੇਖ-ਸੁਣ ਕੇ ਵਿਲਕ ਉਠਦਾ ਹੈ ਅਤੇ ਫਿਰ ਹੌਲੀ ਹੌਲੀ ਹਰ ਤਰ੍ਹਾਂ ਦੀ ਹਿੰਸਾ ਦੇ ਖਿਲਾਫ ਹੋ ਜਾਂਦਾ ਹੈ। -ਸੰਪਾਦਕ*

# ਫਲਸਤੀਨ, ਹਮਾਸ ਤੇ ਇਜ਼ਰਾਈਲ

ਗਾਜ਼ਾ ਪੱਟੀ ਵਿਚ ਦਸ ਲੱਖ ਰਫਿਊਜੀ ਸਨ, ਇਨ੍ਹਾਂ ਕੋਲ ਗੁਆਉਣ ਲਈ ਕੁਝ ਨਹੀਂ ਸੀ। ਇਨ੍ਹਾਂ ਵਿਚੋਂ ਹਮਾਸ ਲਈ ਭਰਤੀ ਆਸਾਨ ਕੰਮ ਸੀ। ਇਮਾਦ ਨਾਮ ਦੇ ਮੁੰਡੇ ਨੇ ਕਿਤਿਓਂ ਬੰਦੂਕ ਲੈ ਲਈ ਤਾਂ ਕਿ ਇਜ਼ਰਾਈਲੀ ਸਿਪਾਹੀ ਨੂੰ ਮਾਰ ਕੇ ਉਸ ਦੇ ਹਥਿਆਰ ਖੋਹ ਸਕੇ। ਨਿੱਕਾ ਜਿਹਾ ਹਥਿਆਰਬੰਦ ਦਸਤਾ ਬਣ ਗਿਆ। ਲੀਡਰਾਂ ਨੇ ਹਮਾਸ ਵਿਚ ਲੜਾਕੂ ਵਿੰਗ ਥਾਪ ਕੇ ਇਮਾਦ ਨੂੰ ਕਮਾਂਡਰ ਬਣਾ ਦਿੱਤਾ। ਉਹ ਕਿਸੇ ਅੱਗੇ ਜਵਾਬਦੇਹ ਨਹੀਂ ਸੀ।

13 ਦਸੰਬਰ 1992 ਨੂੰ ਤਲਅਵੀਵ ਨੇੜੇ ਇਜ਼ਰਾਈਲੀ ਸਿਪਾਹੀ ਨੂੰ ਅਗਵਾ ਕਰ ਲਿਆ ਗਿਆ, ਤੇ ਹਮਾਸ ਨੇ ਇਸ ਬਦਲੇ ਆਪਣੇ ਨੇਤਾ ਸ਼ੇਖ ਅਹਿਮਦ ਯਾਸੀਨ ਦੀ ਰਿਹਾਈ ਮੰਗੀ। ਇਜ਼ਰਾਈਲ ਨੇ ਨਾਂਹ ਕਰ ਦਿੱਤੀ। ਦੋ ਦਿਨ ਬਾਅਦ ਸਿਪਾਹੀ ਦੀ ਲਾਸ਼ ਮਿਲੀ। ਇਜ਼ਰਾਈਲ ਨੇ ਹਮਾਸ ਦੀ ਕਮਰ



**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਤੋੜਨ ਦਾ ਫੈਸਲਾ ਕੀਤਾ। 1600 ਮੈਂਬਰ ਗ੍ਰਿਫਤਾਰ ਕਰ ਲਏ, 415 ਲੀਡਰ ਦੇਸ਼ ਤੋਂ ਬਾਹਰ ਦੀਆਂ ਜੇਲ੍ਹਾਂ ਵਿਚ ਲੈ ਗਏ। ਸ਼ੇਖ ਹਸਨ ਵੀ ਇਨ੍ਹਾਂ ਵਿਚ ਸੀ, ਉਸ ਦੇ ਤਿੰਨ ਭਰਾ ਵੀ। ਛੇ ਮਹੀਨਿਆਂ ਬਾਅਦ ਖਬਰ ਮਿਲੀ ਕਿ 101 ਜਲਾਵਤਨੀ ਰਿਹਾ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚ ਸ਼ੇਖ ਹਸਨ ਨਹੀਂ ਸੀ। ਅਗਲੇ ਤਿੰਨ ਮਹੀਨਿਆਂ ਬਾਅਦ ਸਾਰੇ ਬੰਦੀ ਰਿਹਾ ਕਰ ਦਿੱਤੇ।

ਆਪੋ ਆਪਣੇ ਰਿਸ਼ਤੇਦਾਰਾਂ ਨੂੰ ਲੋਕ ਲੈਣ ਗਏ ਹੋਏ ਸਨ। ਸਭ ਆ ਗਏ, ਸ਼ੇਖ ਹਸਨ ਨਹੀਂ ਆਇਆ। ਅੱਧੀ ਰਾਤ ਤਕ ਪਰਿਵਾਰ ਉਡੀਕਦਾ ਰਿਹਾ। ਰਿਹਾਈ ਹੋਣ ਵਾਲੇ ਬੰਦਿਆਂ ਨੂੰ ਵੀ ਉਸ ਦਾ ਪਤਾ ਨਹੀਂ। ਬਾਅਦ ਵਿਚ ਵਕੀਲਾਂ ਨੇ ਪਤਾ ਕੀਤਾ, ਰਿਹਾਈ ਹੋਣ ਸਾਰ ਮੁੜ ਸ਼ੇਖ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਸੀ।

9 ਸਤੰਬਰ 1993 ਨੂੰ ਯਾਸਰ ਅਰਾਫਾਤ ਨੇ ਇਜ਼ਰਾਈਲ ਨਾਲ ਸੁਲ੍ਹਾ ਕਰ ਲਈ ਅਤੇ ਪ੍ਰਧਾਨ ਮੰਤਰੀ ਰਾਬਿਨ ਨੂੰ ਖਤ ਲਿਖਿਆ, "ਇਜ਼ਰਾਈਲ ਸਟੇਟ ਨੂੰ ਕਾਇਮ ਰਹਿਣ ਦਾ ਹਰ ਹੱਕ ਹੈ ਅਤੇ ਮੈਂ ਅਤਿਵਾਦ ਸਮੇਤ ਹਰ ਕਿਸਮ ਦੀ ਹਿੰਸਾ ਦੀ ਨਿਖੇਧੀ ਕਰਦਾ ਹਾਂ।" ਇਸ ਬਦਲੇ ਰਾਬਿਨ ਨੇ ਕਿਹਾ, "ਪੀ.ਐਲ.ਓ. ਫਲਸਤੀਨੀ ਲੋਕਾਂ ਦੀ ਸਹੀ ਪ੍ਰਤੀਨਿਧ ਜਥੇਬੰਦੀ ਹੈ।" ਅਮਰੀਕਾ ਦੇ ਰਾਸ਼ਟਰਪਤੀ ਬਿਲ ਕਲਿੰਟਨ ਨੇ ਪੀ.ਐਲ.ਓ. ਉਪਰੋਂ ਪਾਬੰਦੀ ਹਟਾ ਲਈ, 13 ਸਤੰਬਰ ਨੂੰ ਦੁਨੀਆਂ ਨੇ ਵ੍ਹਾਈਟ ਹਾਊਸ ਵਿਚ ਅਰਾਫਾਤ ਅਤੇ ਰਾਬਿਨ ਦੀ ਹੱਥ ਮਿਲਾਉਂਦਿਆਂ ਦੀ ਤਸਵੀਰ ਦੇਖੀ। ਜਲਾਵਤਨੀ ਖਤਮ ਹੋਈ, ਅਰਾਫਾਤ ਟਿਊਨੀਸ਼ੀਆ ਤੋਂ ਫਲਸਤੀਨ ਪਰਤਿਆ।

ਸ਼ੇਖ ਹਸਨ ਨੂੰ ਅਰਾਫਾਤ ਅਤੇ ਰਾਬਿਨ ਉਤੇ ਕੋਈ ਭਰੋਸਾ ਨਹੀਂ ਸੀ। ਕੁਝ ਨੇਤਾ ਇਸ ਕਰ ਕੇ ਵੀ ਇਸ ਸੰਧੀ ਦੇ ਵਿਰੁਧ ਸਨ ਕਿ ਇਸ ਨਾਲ ਤਾਂ ਅਮਨ ਪਰਤ ਆਏਗਾ, ਫਿਰ ਹਮਾਸ ਕੀ ਕਰੇਗੀ? ਜਿਥੇ ਹਰ ਇਕ ਦੀ ਵੱਖੋ ਵੱਖਰੀ ਤੂਤੀ ਹੋਵੇ, ਉਥੇ ਅਮਨ ਕਿਵੇਂ ਥਿਰ ਹੋ ਸਕਦਾ ਹੈ? ਮਾੜੀਆਂ-ਮੋਟੀਆਂ ਹਿੰਸਕ ਵਾਰਦਾਤਾਂ ਜਾਰੀ ਰਹੀਆਂ।

25 ਫਰਵਰੀ 1994 ਨੂੰ ਵੱਡੀ ਵਾਰਦਾਤ ਹੋਈ। ਰਮਜ਼ਾਨ ਦੇ ਮਹੀਨੇ ਜਦੋਂ ਮੁਸਲਮਾਨ ਅਲ-ਹਰਮ ਮਸੀਤ ਵਿਚ ਹੇਬਰੋਨ ਵਿਖੇ ਨਮਾਜ਼ ਪੜ੍ਹ ਰਹੇ ਸਨ ਤਾਂ ਗੋਲਡਸਟੀਨ ਨਾਂ ਦਾ ਅਮਰੀਕਾ ਵਿਚ ਜੰਮਿਆ ਯਹੂਦੀ ਡਾਕਟਰ ਬੰਦੂਕ ਲੈ ਕੇ ਮਸੀਤ ਵਿਚ ਦਾਖਲ ਹੋਇਆ। ਇਸ ਮਸੀਤ ਦੇ ਵਿਹੜੇ ਵਿਚ ਆਦਮ-ਈਵ, ਅਬਰਾਹਮ-ਸਾਰਾਹ, ਇਸਹਾਕ-ਰਿਬੇਕਾ, ਯਾਕੂਬ-ਲੀਹ ਪੈਗੰਬਰਾਂ ਅਤੇ ਉਨ੍ਹਾਂ ਦੀਆਂ ਬੀਵੀਆਂ ਦੀਆਂ ਕਬਰਾਂ ਹਨ। ਅਕਾਰਨ ਹੀ ਉਸ ਨੇ ਅੰਧਾਧੁੰਦ ਫਾਇਰਿੰਗ ਖੋਲ੍ਹ ਦਿੱਤੀ। 29 ਫਲਸਤੀਨੀ ਮਾਰ ਦਿੱਤੇ, 100 ਤੋਂ ਵੱਧ ਜ਼ਖਮੀ ਹੋ ਗਏ। ਗੁੱਸੇ ਵਿਚ ਆਈ ਭੀੜ ਨੇ ਹਮਲਾਵਰ ਕੁੱਟ-ਕੁੱਟ ਕੇ ਮਾਰ ਦਿੱਤਾ। ਮਸਜਿਦ ਵਿਚੋਂ ਇਕ ਇਕ ਲਾਸ਼ ਬਾਹਰ ਲਿਜਾਈ ਜਾਂਦੀ ਟੀ.ਵੀ. ਵਿਚ ਦਿਖਾਈ ਗਈ। ਫਲਸਤੀਨੀ ਲੋਕ ਸੁੰਨ ਹੋ ਗਏ। ਹਮਾਸ ਕੜਕੀ- ਇਸ ਕਤਲੇਆਮ ਦਾ ਬਦਲਾ ਲਵਾਂਗੇ। ਹਮਲਾਵਰ, ਇਜ਼ਰਾਈਲੀ ਫੌਜ ਦੀ ਵਰਦੀ ਵਿਚ ਸੀ। ਸਮਝਿਆ ਗਿਆ ਸਰਕਾਰ ਨੇ ਕਾਰਾ ਕਰਵਾਇਆ।

6 ਅਪਰੈਲ ਨੂੰ ਕਾਰ ਵਿਚ ਬੰਬ ਫਟਿਆ; ਅੱਠ ਮਰੇ, 44 ਜ਼ਖਮੀ ਹੋਏ। ਉਸੇ ਦਿਨ ਹਮਾਸ ਨੇ ਦੋ ਇਜ਼ਰਾਈਲੀ ਮਾਰੇ, ਚਾਰ ਜ਼ਖਮੀ ਹੋਏ। 13 ਅਪਰੈਲ ਨੂੰ ਪਹਿਲਾ ਮਨੁੱਖੀ ਬੰਬ ਫਟਿਆ, ਇਸੇ ਦਿਨ ਸ਼ੇਖ ਹਸਨ ਰਿਹਾ ਹੋਇਆ। ਉਪਰੰਤ ਥਾਂ ਥਾਂ ਧਮਾਕੇ-ਦਰ-ਧਮਾਕੇ ਹੋਏ। ਸ਼ੇਖ ਨੇ ਕਿਹਾ- ਇਹ ਹੇਬਰੋਨ ਦੁਰਘਟਨਾ ਦੇ ਫਲ ਹਨ।

ਇਜ਼ਰਾਈਲ ਵਿਚ ਸਮਾਜਸੇਵੀ ਜਥੇਬੰਦੀ 'ਜ਼ਾਕਾ' ਦੇ ਵਲੰਟੀਅਰ ਪੀਲੀਆਂ ਵਰਦੀਆਂ ਪਾ ਕੇ ਦੁਰਘਟਨਾ ਵਾਲੀ ਥਾਂ ਆਉਂਦੇ, ਖਿੱਲਰੀਆਂ ਲੱਤਾਂ-ਬਾਹਾਂ-ਸਿਰ ਇਕੱਠੇ ਕਰਦੇ, ਫਿਰ ਇਨ੍ਹਾਂ ਅੰਗਾਂ ਨੂੰ ਮ੍ਰਿਤਕਾਂ ਦੇ ਸਰੀਰਾਂ ਨਾਲ ਜੋੜ ਕੇ ਦਫਨ ਵਾਸਤੇ ਰਿਸ਼ਤੇਦਾਰਾਂ ਨੂੰ ਦੇ ਦਿੰਦੇ। ਸਮਾਜਸੇਵੀ ਆਖਦੇ- ਆਪਣੇ ਮ੍ਰਿਤਕ ਪਿਆਰਿਆਂ ਨੂੰ ਦੇਖਣ ਨਾ ਜਾਉ, ਉਨ੍ਹਾਂ ਦੀ ਜਿਉਂਦੇ ਜੀਅ ਦੀ ਤਸਵੀਰ ਤੁਹਾਡੀ ਯਾਦ ਵਿਚ ਰਹਿਣੀ ਚਾਹੀਦੀ ਹੈ, ਪਰ ਕੌਣ ਰੁਕਦੈ?

ਯਾਹੀਆ ਅੱਯਾਸ਼ ਬੰਬ ਬਣਾਉਣ ਦਾ ਮਾਹਿਰ ਸੀ। ਉਹ ਕੋਈ ਕੱਟੜਪੰਥੀ ਅਤਿਵਾਦੀ ਨਹੀਂ ਸੀ। ਇੰਜੀਨੀਅਰਿੰਗ ਦਾ ਵਿਦਿਆਰਥੀ ਸੀ ਤੇ ਵਿਦੇਸ਼ ਜਾ ਕੇ ਪੜ੍ਹਨਾ ਚਾਹੁੰਦਾ ਸੀ। ਇਜ਼ਰਾਈਲ ਨੇ ਆਗਿਆ ਨਹੀਂ ਦਿੱਤੀ। ਕ੍ਰੋਧ ਵਿਚ ਆ ਗਿਆ ਤੇ ਬੰਬ ਬਣਾਉਣ ਲੱਗਾ। ਇਹ ਫਲਸਤੀਨੀਆਂ ਦਾ ਹੀਰੋ ਬਣ ਗਿਆ ਤੇ ਇਜ਼ਰਾਈਲ ਸਰਕਾਰ ਉਸ ਦੀ ਤਲਾਸ਼ ਵਿਚ ਸੀ। ਵੱਖ ਵੱਖ ਧਮਾਕਿਆਂ ਦੌਰਾਨ ਉਸ ਨੇ 39 ਬੰਦੇ ਮਾਰੇ। ਮੋਸਾਬ ਨੂੰ ਇਹ ਖਬਰਾਂ ਸੁਣ ਕੇ ਜੋਸ਼ ਵੀ ਆਉਂਦਾ, ਸੁਆਦ ਵੀ।

ਯਾਸਰ ਅਰਾਫਾਤ ਨੇ ਕੁਵੈਤ ਉਪਰ ਹਮਲੇ ਵੇਲੇ ਇਰਾਨ ਦੀ ਹਮਾਇਤ ਵਿਚ ਬਿਆਨ ਦੇ ਦਿੱਤਾ ਜਿਸ ਨਾਲ ਅਮਰੀਕਾ ਅਤੇ ਅਰਬ ਦੇਸ਼ ਉਸ ਤੋਂ ਪਰੇ ਹਟ ਗਏ। ਅਰਾਫਾਤ ਨੂੰ ਫੰਡ ਦੇਣ ਦੀ ਥਾਂ ਹਮਾਸ ਦੀ ਸਹਾਇਤਾ ਕਰਨ ਲੱਗੇ। ਹਮਾਸ ਅਰਾਫਾਤ ਦੇ ਵਿਰੁਧ ਸੀ ਕਿਉਂਕਿ ਉਸ ਦੀ ਇਜ਼ਰਾਈਲੀ ਵਜ਼ੀਰਾਂ ਨਾਲ ਨੇੜਤਾ ਸੀ। ਅਰਾਫਾਤ ਇਜ਼ਰਾਈਲ ਵਿਚ ਰਹਿੰਦਿਆਂ ਫਲਸਤੀਨ ਲਈ ਖੁਦਮੁਖਤਾਰੀ ਮੰਗਦਾ ਸੀ ਪਰ ਹਮਾਸ ਦਾ ਫੈਸਲਾ ਸੀ ਕਿ ਇਜ਼ਰਾਈਲ 1948 ਤੋਂ ਪਹਿਲਾਂ ਵਾਲੀ ਸਾਰੀ ਧਰਤੀ ਖਾਲੀ ਕਰੇ।

ਸ਼ੇਖ ਹਸਨ ਨੂੰ ਮਿਲਣ ਅਰਾਫਾਤ ਰਮੱਲਾ ਨਗਰ ਆਇਆ। ਪਤਵੰਤਿਆਂ ਨੇ ਉਸ ਦਾ ਸਵਾਗਤ ਕੀਤਾ। ਅਰਾਫਾਤ ਨੇ ਹਮਾਸ ਦੇ ਬਾਨੀਆਂ ਨਾਲ ਹੱਥ ਮਿਲਾਇਆ ਪਰ ਸ਼ੇਖ ਹਸਨ ਦਾ ਹੱਥ ਚੁੰਮਿਆ, ਯਾਨਿ ਉਸ ਨੂੰ ਧਾਰਮਿਕ ਤੇ ਸਿਆਸੀ ਨੇਤਾ ਮੰਨਿਆ। ਇਸ ਪਿਛੋਂ ਗਾਜ਼ਾ ਸ਼ਹਿਰ ਵਿਚ ਵੀ ਦੋਵਾਂ ਦੀਆਂ ਮੀਟਿੰਗਾਂ ਹੋਈਆਂ ਪਰ ਪੀ.ਐਲ.ਓ. ਅਤੇ ਹਮਾਸ ਵਿਚ ਏਕਤਾ ਨਾ ਹੋਈ, ਹੋ ਹੀ ਨਹੀਂ ਸਕਦੀ ਸੀ! ਹਮਾਸ ਇਸਲਾਮ ਦੇ ਪੌੜੀ ਦੇ ਆਖਰੀ ਡੰਡੇ ਉਤੇ ਚੜ੍ਹ ਗਈ ਸੀ ਤੇ ਕੁਰਾਨ ਉਸ ਨੂੰ ਜਹਾਦ ਕਰਨ ਦੀ ਪ੍ਰੇਰਨਾ ਦਿੰਦਾ ਸੀ। ਸ਼ੇਖ ਹਸਨ ਕਤਲ ਦੀਆਂ ਸਾਜ਼ਿਸ਼ਾਂ ਨਹੀਂ ਰਚਦਾ ਸੀ, ਇਹ ਕੰਮ ਜੁਆਨ ਆਪੇ ਕਰਦੇ; ਉਹ ਬੱਸ ਰੋਕਦਾ ਨਹੀਂ ਸੀ। ਸਰਕਾਰ ਖਾੜਕੂਆਂ ਨੂੰ ਲੱਭ ਨਾ ਸਕਦੀ, ਸ਼ੇਖ ਵਰਗੇ ਲੀਡਰਾਂ ਨੂੰ ਫੜ ਲੈਂਦੀ। ਹਿੰਸਕ ਵਾਰਦਾਤਾਂ ਵਾਸਤੇ ਕੋਈ ਇਕ ਨੇਤਾ ਜ਼ਿੰਮੇਵਾਰ ਨਹੀਂ ਸੀ। ਹਮਾਸ ਦਾ ਕੋਈ ਵਿਧੀ ਵਿਧਾਨ ਨਹੀਂ ਸੀ; ਹਮਾਸ ਕੇਵਲ ਖਿਆਲ ਦਾ ਨਾਮ ਸੀ, ਉਸ ਚਪਟੇ ਕੀੜੇ ਵਰਗਾ ਖਿਆਲ ਜਿਸ ਦਾ ਸਿਰ ਕੱਟ ਦਿਉ, ਤਾਂ ਥੋੜ੍ਹੀ ਦੇਰ ਬਾਅਦ ਨਵਾਂ ਸਿਰ ਉਗ ਆਉਂਦਾ ਹੈ। ਸ਼ੇਖ ਹਸਨ ਦੀ ਹਰ ਗ੍ਰਿਫਤਾਰੀ ਨਾਲ ਵਾਰਦਾਤਾਂ ਵਧ ਜਾਂਦੀਆਂ। ਕਿਸੇ ਨੂੰ ਯਕੀਨ ਨਹੀਂ ਸੀ ਕਿ ਯਹੂਦੀ, ਫਲਸਤੀਨ ਵਿਚੋਂ ਚਲੇ ਜਾਣਗੇ, ਪਰ ਅੱਲਾ ਕਰਾਮਾਤ ਕਰ ਕੇ ਕੱਢੇਗਾ। ਪੀ.ਐਲ.ਓ. ਸਿਆਸੀ ਜਥੇਬੰਦੀ ਸੀ; ਸੋ, ਇਸ ਨਾਲ ਬੈਠ ਕੇ ਕੋਈ ਰਸਤਾ ਨਿਕਲ ਸਕਦਾ ਹੈ ਪਰ ਹਮਾਸ ਧਾਰਮਿਕ ਇਸਲਾਮਿਕ ਜਥੇਬੰਦੀ ਹੈ, ਇਸ ਦਾ ਕੀ ਇਲਾਜ?



**ਫਲਸਤੀਨੀ ਬੱਚਿਆਂ ਉਤੇ ਇਜ਼ਰਾਈਲੀ ਫੌਜੀਆਂ ਦੀ ਜ਼ਿਆਦਤੀ ਦੀਆਂ ਮੂੰਹ ਬੋਲਦੀਆਂ ਤਸਵੀਰਾਂ**

ਇਕ ਦਿਨ ਮਨੁੱਖੀ ਬੰਬ ਨੇ ਮਾਸੂਮ ਬੱਚਿਆਂ, ਔਰਤਾਂ ਦੀਆਂ ਕਈ ਜਾਨਾਂ ਲਈਆਂ। ਖਬਰ ਸੁਣ ਕੇ ਮੋਸਾਬ ਨੇ ਪੁੱਛਿਆ, "ਅੱਬੂ, ਤੁਹਾਨੂੰ ਚੰਗੇ ਲਗਦੇ ਨੇ ਇਹ ਕੰਮ?" ਅੱਬੂ ਨੇ ਕਿਹਾ, "ਮੈਂ ਘਰੋਂ ਬਾਹਰ ਨਿਕਲਿਆ ਤਾਂ ਬਿੱਛੂ ਜਾਂਦਾ ਦੇਖਿਆ। ਮੈਂ ਸੋਚੀਂ ਪੈ ਗਿਆ, ਇਸ ਨੂੰ ਮਾਰਾਂ ਕਿ ਨਾ। ਮੈਥੋਂ ਮਾਰਿਆ ਨਹੀਂ ਗਿਆ।"

"ਤਾਂ ਕੀ ਇਜ਼ਰਾਈਲੀ ਬਿੱਛੂ ਨੇ ਅੱਬੂ?" ਅੱਬੂ ਖਾਮੋਸ਼ ਬੈਠਾ ਰਿਹਾ।

ਟੀ.ਵੀ. 'ਤੇ ਵੱਡੀ ਖਬਰ ਸੁਣੀ- ਇਜ਼ਰਾਈਲ ਦਾ ਪ੍ਰਧਾਨ ਮੰਤਰੀ ਰਾਬਿਨ ਕਤਲ। ਫਲਸਤੀਨੀ ਖੁਸ਼ ਹੋ ਗਏ, ਹਮਾਸ ਏਡਾ ਕਾਰਨਾਮਾ ਵੀ ਕਰ ਸਕਦੀ ਹੈ? ਅਰਾਫਾਤ ਨੇ ਸ਼ੇਖ ਹਸਨ ਨੂੰ ਫੋਨ ਕੀਤਾ। ਸ਼ੇਖ ਹੂੰ ਹਾਂ ਕਰਦਾ ਰਿਹਾ। ਅਰਾਫਾਤ ਨੇ ਦੱਸਿਆ ਕਿ ਇਹ ਕਾਰਾ ਹਮਾਸ ਨੇ ਨਹੀਂ, ਕਿਸੇ ਯਹੂਦੀ ਜੁਆਨ ਨੇ ਕੀਤਾ ਹੈ। ਹਮਾਸ ਦੇ ਯੋਧੇ ਦੁਖੀ ਹੋਏ ਕਿ ਬਹਾਦਰੀ ਦਾ ਕਾਰਨਾਮਾ ਯਹੂਦੀ ਕਰ ਗਿਆ।

ਦੁਨੀਆਂ ਨੇ ਅਰਾਫਾਤ 'ਤੇ ਦਬਾਉ ਪਾਇਆ ਕਿ ਖਾੜਕੂਆਂ ਨੂੰ ਕਾਬੂ ਕਰੇ। ਸ਼ੇਖ ਹਸਨ ਨੂੰ ਗ੍ਰਿਫਤਾਰ ਕਰ ਕੇ ਅਰਾਫਾਤ ਦੀ ਸਪੁਰਦਗੀ ਵਿਚ ਉਸ ਦੇ ਹੀ ਮਹਿਲ ਦੇ ਇਕ ਹਿਸੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਹੁਣ ਯਹੂਦੀ ਨਹੀਂ, ਫਲਸਤੀਨੀ ਫਲਸਤੀਨੀਆਂ ਨੂੰ ਗ੍ਰਿਫਤਾਰ ਕਰਨਗੇ। ਅਰਾਫਾਤ ਨੇ ਸ਼ੇਖ ਨੂੰ ਸਤਿਕਾਰ ਨਾਲ ਰੱਖਿਆ, ਤੇ ਗਾਹੇ-ਬਗਾਹੇ ਸਲਾਹ ਮਸ਼ਵਰਾ ਕਰਨ ਆਉਂਦਾ ਜਾਂਦਾ। ਬਹੁਤ ਗ੍ਰਿਫਤਾਰੀਆਂ ਹੋਈਆਂ, ਭੇਤ ਲੈਣ ਵਾਸਤੇ ਤਸੀਹਿਆਂ ਦੌਰਾਨ ਮੌਤਾਂ ਹੋਈਆਂ ਤੇ ਬਹੁਤ ਸਾਰੇ ਖਾੜਕੂ ਅੰਡਰਗ੍ਰਾਊਂਡ ਹੋ ਕੇ ਵਾਰਦਾਤਾਂ ਕਰਦੇ ਰਹੇ।

ਮੋਸਾਬ ਇਜ਼ਰਾਈਲ ਦੇ ਵਿਰੁਧ ਸੀ ਕਿਉਂਕਿ ਉਸ ਨੇ ਅੱਲਾਹ ਦੇ ਬੰਦਿਆਂ ਦੀ ਜ਼ਮੀਨ ਖੋਹੀ ਸੀ। ਉਹ ਅਰਾਫਾਤ ਵਰਗੇ ਨਾਸਤਿਕ ਦੇ ਵਿਰੁਧ ਸੀ ਜਿਹੜਾ ਮੁਸਲਮਾਨਾਂ ਦੇ ਹੱਕ ਵਿਚ ਨਹੀਂ, ਯਹੂਦੀਆਂ ਦੇ ਹੱਕ ਵਿਚ ਭੁਗਤ ਰਿਹਾ ਸੀ; ਜਿਸ ਨੇ ਭਲੇਮਾਣਸ ਅੱਬੂ ਸ਼ੇਖ ਹਸਨ ਵਰਗੇ ਆਦਰਸ਼ਕ ਮੁਸਲਮਾਨ ਨੂੰ ਗ੍ਰਿਫਤਾਰ ਕਰ ਰੱਖਿਆ ਹੈ। ਉਹ ਸਤਾਰਾਂ ਸਾਲ ਕੁਝ ਮਹੀਨੇ ਦਾ ਹੋ ਗਿਆ। ਕਦੀ ਕਦਾਈਂ ਅੱਬੂ ਨਾਲ ਮੁਲਾਕਾਤ ਕਰਨ ਜਾਂਦਾ, ਅੱਬੂ ਹਰ ਵਾਰ ਇਹੀ ਆਖਦਾ, "ਤੇਰਾ ਕੰਮ ਕੇਵਲ ਪੜ੍ਹਨਾ ਹੈ, ਸਮਝਿਆ? ਕੇਵਲ ਪੜ੍ਹਾਈ ਕਰ।" ਮੋਸਾਬ ਹਾਂ ਹੂੰ ਕਰਦਾ ਰਹਿੰਦਾ ਪਰ ਉਸ ਦਾ ਮਨ ਹਥਿਆਰ ਲੈ ਕੇ ਇਜ਼ਰਾਈਲ ਅਤੇ ਪੀ.ਐਲ.ਓ. ਵਿਰੁਧ ਲੜਨ ਦਾ ਬਣ ਰਿਹਾ ਸੀ। ਨਾ ਸਫਲ ਹੋਵਾਂਗਾ, ਨਾ ਸਹੀ; ਸ਼ਹੀਦ ਤਾਂ ਅਖਵਾਵਾਂਗਾ। ਅੱਬੂ ਨੇ ਕਿਹਾ, "ਮੇਰੇ ਬਾਅਦ ਪਰਿਵਾਰ ਦੀ ਜ਼ਿੰਮੇਵਾਰੀ ਤੇਰੀ ਹੈ। ਮਾਂ ਦਾ ਆਖਾ ਮੰਨੀਂ, ਨਮਾਜ਼ ਵਿਚ ਕਦੀ ਨਾਗਾ ਨਾ ਪਾਈਂ।" ਮੋਸਾਬ ਉਪਰ ਅੱਬੂ ਦੀ ਸਿੱਖਿਆ ਅਸਰਅੰਦਾਜ਼ ਨਹੀਂ ਸੀ ਹੋ ਰਹੀ। ਉਹ ਘਰੋਂ ਖਾਣਾ ਲੈ ਕੇ ਜਾਂਦਾ, ਲਜ਼ੀਜ਼ ਖਾਣਾ ਅੱਬੂ ਸਿਪਾਹੀਆਂ ਨਾਲ ਵੰਡ ਕੇ ਖਾਂਦਾ। ਗਾਰਦ ਉਸ ਦਾ ਪੂਰਾ ਸਤਿਕਾਰ ਕਰਦੀ। ਮੋਸਾਬ ਨੂੰ ਇਹ ਸਭ ਅਜੀਬ ਲਗਦਾ। ਵੈਰੀ ਨਾਲ ਪਿਆਰ ਦਾ ਕੀ ਮਤਲਬ?

ਉਸ ਨੇ ਆਪਣੇ ਦੋਸਤ ਇਬ੍ਰਾਹੀਮ ਨੂੰ ਕਿਹਾ, "ਮੇਰਾ ਜੀ ਕਰਦੈ...ਬੰਦੂਕ ਖਰੀਦਾਂ ਪਰ ਪੈਸੇ ਨਹੀਂ। ਬਹੁਤ ਮਹਿੰਗੀ ਨਾ ਸਹੀ, ਸਸਤੀ ਖਰੀਦ ਲਾਂਗੇ, ਪਿਸਤੌਲ ਵੀ ਠੀਕ ਐ।" ਇਬ੍ਰਾਹੀਮ ਨੇ ਕਿਹਾ, ਉਹ ਪੈਸਿਆਂ ਦਾ ਬੰਦੋਬਸਤ ਕਰ ਦਏਗਾ। ਫਿਰ ਆਪਣੇ ਚਚੇਰੇ ਭਰਾ ਦਾਊਦ ਨੂੰ ਪੁੱਛਿਆ, "ਹਥਿਆਰ ਕਿਥੋਂ ਮਿਲ ਸਕਦਾ?" ਉਸ ਨੇ ਕਿਹਾ, "ਦੱਸ ਦਿਆਂਗਾ, ਪਰ ਤੂੰ ਕਰਨਾ ਕੀ ਐ?" ਮੋਸਾਬ ਨੇ ਕਿਹਾ, "ਹਰ ਘਰ ਵਿਚ ਹਥਿਆਰ ਐ, ਮੈਂ ਪਰਿਵਾਰ ਦੀ ਰਾਖੀ ਕਰਾਂਗਾ।"

ਆਪਣੇ ਆਪ ਨੂੰ ਸਵਾਲ ਕੀਤਾ, 'ਸਕੂਲ ਦਾ ਕੀ ਬਣੇਗਾ?' ਫਿਰ ਆਪੇ ਜਵਾਬ ਦੇ ਲਿਆ, 'ਪਾਗਲਾਂ ਦੇ ਦੇਸ਼ ਵਿਚ ਸਕੂਲ ਦੀ ਕੀ ਲੋੜ?'

ਅੱਬੂ ਵਾਲੀ ਛੋਟੀ ਜਿਹੀ ਕਾਰ ਚਲਾਉਣੀ ਸਿੱਖ ਲਈ ਸੀ। ਚਚੇਰੇ ਭਰਾ ਦੇ ਦੱਸੇ ਸਿਰਨਾਵੇਂ 'ਤੇ ਇਕ ਪਿੰਡ ਕਿਸੇ ਦੇ ਘਰ ਇਬ੍ਰਾਹੀਮ ਸਣੇ ਪੁੱਜ ਗਿਆ। ਦੋਵਾਂ ਨੇ ਦੋ ਰਫਲਾਂ ਖਰੀਦ ਲਈਆਂ। ਡਿੱਕੀ ਵਿਚ ਕੱਪੜੇ ਹੇਠ ਲੁਕੋਣ ਬਾਅਦ ਘਰ ਵਾਲੇ ਨੂੰ ਕਿਹਾ- ਕਾਲੀ ਮਿਰਚ ਦਾ ਪਾਊਡਰ ਦੇਹ। ਉਸ ਨੇ ਪੁੱਛਿਆ- ਕੀ ਕਰਨੈ? ਮੋਸਾਬ ਨੇ ਕਿਹਾ- ਡਿੱਕੀ ਵਿਚ ਧੂੜਨੈ। ਕੋਈ ਇਜ਼ਰਾਈਲੀ ਕੁੱਤਾ ਸੁੰਘਣ ਲੱਗਾ ਤਾਂ ਨਿੱਛਾਂ ਮਾਰੇਗਾ।

ਕਦੀ ਕਦਾਈਂ ਇਬ੍ਰਾਹੀਮ ਨਾਲ ਫੋਨ 'ਤੇ ਗੱਲ ਕਰ ਲੈਂਦਾ। ਇਮਤਿਹਾਨਾਂ ਵਿਚ ਦੋ ਹਫਤੇ ਰਹਿ ਗਏ। ਇਕ ਸ਼ਾਮ ਘਰ ਆਇਆ ਤਾਂ ਭਰਾ ਨੇ ਦੱਸਿਆ, "ਮੋਸਾਬ ਪੁਲਿਸ ਆਈ ਸੀ, ਤੈਨੂੰ ਲੱਭ ਰਹੀ ਸੀ।" ਅੱਬੂ ਨੂੰ ਮਿਲਣ ਗਿਆ, ਅੱਬੂ ਨੂੰ ਪੁਲਿਸ ਦਾ ਪਤਾ ਲੱਗ ਗਿਆ। ਪੁੱਛਿਆ, "ਸੱਚ ਦੱਸ ਕੀ ਗੱਲ ਐ?" ਸੱਚ ਦੱਸ ਦਿੱਤਾ। ਸ਼ਾਂਤ ਸੁਭਾਅ ਦਾ ਅੱਬੂ ਦੁਖੀ ਵੀ ਹੋਇਆ, ਕ੍ਰੋਧਵਾਨ ਵੀ, "ਕਿਹੜਾ ਰਸਤਾ ਫੜ ਲਿਐ ਤੂੰ? ਸਿਰ ਵਿਚ ਗੋਲੀ ਦਾਗ ਦੇਣਗੇ। ਤੂੰ ਘਰ ਵਿਚ ਜੇਠਾ ਬੇਟਾ ਹੈਂ, ਤੂੰ ਕੀ ਕਰਨ ਲੱਗੈਂ?"

ਇਮਤਿਹਾਨ ਤੱਕ ਮੋਸਾਬ ਇਧਰ ਉਧਰ ਲੁਕ ਛੁਪ ਕੇ ਰਹਿਣ ਲੱਗਾ। ਫਿਰ ਪਤਾ ਲੱਗਾ, ਇਬ੍ਰਾਹੀਮ ਦੇ ਘਰ ਛਾਪਾ ਪਿਆ, ਗੰਨ ਫੜੀ ਗਈ, ਅਗਲੇ ਗ੍ਰਿਫਤਾਰ ਕਰ ਕੇ ਲੈ ਗਏ। ਸਕੂਲੋਂ ਪਰਤਦਿਆਂ ਮੋਸਾਬ ਦੀ ਗ੍ਰਿਫਤਾਰੀ ਹੋ ਗਈ। ਪੁਲਿਸ ਦੇ ਖੁਫੀਆ ਵਿੰਗ ਨੇ ਦੋਹਾਂ ਦੀ ਗੁਫਤਗੂ ਰਿਕਾਰਡ ਕਰ ਲਈ ਸੀ। ਥੋੜ੍ਹੇ ਦਿਨਾਂ ਬਾਅਦ ਦਾਊਦ ਵੀ ਕਾਬੂ ਕਰ ਲਿਆ।

ਜਿਸ ਤਫਤੀਸ਼ ਕੇਂਦਰ ਵਿਚ ਸ਼ੇਖ ਹਸਨ ਨੂੰ ਤਸੀਹੇ ਦਿੱਤੇ ਸਨ, ਉਸੇ ਵਿਚ ਆਖਰ ਮੋਸਾਬ ਪੁੱਜ ਗਿਆ। ਉਚੀ ਆਵਾਜ਼ ਵਿਚ ਸੀ.ਡੀ. ਵੱਜ ਰਹੀ ਸੀ ਤਾਂ ਕਿ ਬੰਦੀਆਂ ਦੀਆਂ ਚੀਕਾਂ ਬਾਹਰ ਸੁਣਾਈ ਨਾ ਦੇਣ। ਤਸ਼ੱਦਦ ਝੱਲਦਿਆਂ ਮੋਸਾਬ ਨੂੰ ਲਗਦਾ, ਗਲਤ ਉਤਰ ਸੁਣ ਕੇ ਮੁਨਕਿਰ ਤੇ ਨਕੀਰ ਫਰਿਸ਼ਤੇ ਸਿਰ ਵਿਚ ਹਥੌੜੇ ਮਾਰ ਰਹੇ ਸਨ।

ਇਕ ਦਿਨ ਉਸ ਨੂੰ ਕਿਸੇ ਹੋਰ ਕਮਰੇ ਵਿਚ ਲਿਜਾਇਆ ਗਿਆ ਜਿਥੇ ਖੁਫੀਆ ਪੁਲਿਸ ਅਫਸਰ ਬੈਠਾ ਸੀ। ਮੋਸਾਬ ਵੱਲ ਦੇਖ ਕੇ ਕਿਹਾ, "ਅੱਖ ਕਿਉਂ ਸੁੱਜੀ ਹੋਈ ਐ?"

"ਉਨ੍ਹਾਂ ਨੇ ਰਫਲ ਦਾ ਬੱਟ ਮਾਰਿਆ।"

"ਕਿਨ੍ਹਾਂ ਨੇ?"

"ਜਿਹੜੇ ਸਿਪਾਹੀ ਮੈਨੂੰ ਜੀਪ ਵਿਚ ਸੁੱਟ ਕੇ ਲਿਆਏ ਸਨ...ਉਨ੍ਹਾਂ ਨੇ।"

"ਇਹ ਤਾਂ ਗ਼ੈਰ-ਕਾਨੂੰਨੀ ਕੰਮ ਹੈ, ਮੈਂ ਖਬਰ ਲਵਾਂਗਾ ਉਨ੍ਹਾਂ ਦੀ। ਹਾਂ, ਇਹ ਦੱਸ ਤੈਨੂੰ ਇਥੇ ਕਿਉਂ ਲਿਆਂਦਾ ਗਿਆ?"

"ਪਤਾ ਨਹੀਂ।"

"ਤੈਨੂੰ ਸਭ ਪਤੈ। ਮੈਂ ਖੁਫੀਆ ਪੁਲਿਸ ਕਪਤਾਨ ਲੋਈ ਹਾਂ, ਤੇਰੇ ਇਲਾਕੇ ਦਾ ਇੰਚਾਰਜ। ਤੇਰੇ ਪਰਿਵਾਰ, ਤੇਰੇ ਸਾਥੀਆਂ ਬਾਰੇ ਸਭ ਪਤਾ ਹੈ ਮੈਨੂੰ। ਦੇਖ, ਮੈਂ ਉਨ੍ਹਾਂ ਅਫਸਰਾਂ ਵਰਗਾ ਨਹੀਂ ਜਿਹੜੇ ਤੈਨੂੰ ਟਾਰਚਰ ਕਰਦੇ ਰਹੇ। ਮੇਰੀ ਦਿਲਚਸਪੀ ਤੈਨੂੰ ਸੁਧਾਰਨ ਵਿਚ ਹੈ। ਹੁਣ ਜੋ ਤੈਨੂੰ ਪਤਾ ਹੈ, ਉਗਲ ਦੇ।"

"ਤੁਸੀਂ ਕਾਸ ਬਾਰੇ ਪੁੱਛਣੈ?"

"ਹਮਾਸ ਬਾਰੇ, ਹਥਿਆਰਾਂ ਬਾਰੇ, ਇਸਲਾਮਿਕ ਲਹਿਰ ਬਾਰੇ।"

"ਮੈਨੂੰ ਕੋਈ ਜਾਣਕਾਰੀ ਨਹੀਂ।"

"ਮੋਸਾਬ, ਤੂੰ ਮੁਸੀਬਤ ਵਾਲੇ ਰਾਹ ਪੈ ਰਿਹੈਂ। ਤੇਰੇ ਅੱਬੂ ਨੂੰ ਮੈਂ ਪੁੱਛ-ਗਿਛ ਲਈ ਲਿਆਂਦਾ

*(ਬਾਕੀ ਅਗਲੇ ਸਫੇ 'ਤੇ)*

ਸੀ। ਉਹ ਭਲਾ ਆਦਮੀ ਹੈ, ਤੇਰੇ ਵਾਂਗ ਹਥਿਆਰਾਂ ਦਾ ਸ਼ੁਕੀਨ ਨਹੀਂ। ਤੂੰ ਇਜ਼ਰਾਈਲੀ ਲੋਕਾਂ ਦੇ ਖਿਲਾਫ ਹੈਂ। ਦੇਖ ਛੋਕਰੇ, ਇਜ਼ਰਾਈਲ ਨਿੱਕਾ ਜਿਹਾ ਦੇਸ ਐ ਜੋ ਅਸੀਂ ਬੜੀ ਮੁਸ਼ਕਿਲ ਨਾਲ ਹਾਸਲ ਕੀਤੈ। ਜਿਹੜਾ ਬੰਦਾ ਇਜ਼ਰਾਈਲ ਦੇ ਵਸਨੀਕਾਂ ਨਾਲ ਬੁਰਾ ਕਰੇਗਾ, ਅਸੀਂ ਛੱਡਾਂਗੇ ਨਹੀਂ। ਅਸੀਂ ਬੜੇ ਦੁਖ ਦੇਖੇ ਹਨ, ਹੁਣ ਬੱਸ।"

ਇਹ ਕਹਿ ਕੇ ਕਪਤਾਨ ਕਿਧਰੇ ਚਲਾ ਗਿਆ, ਥੋੜ੍ਹੀ ਦੇਰ ਬਾਅਦ ਮੀਟ-ਚੌਲਾਂ ਦੀ ਭਰੀ ਪਲੇਟ ਲੈ ਕੇ ਆ ਗਿਆ।

"ਤੈਨੂੰ ਭੁੱਖ ਲਗੀ ਹੋਣੀ ਮੋਸਾਬ, ਖਾ ਲੈ।"

ਪਲੇਟ ਫੜ ਲਈ, ਸੋਹਣੀ ਖੁਸ਼ਬੂ ਸੀ। ਇਹ ਕੈਦੀਆਂ ਲਈ ਨਹੀਂ, ਅਫਸਰਾਂ ਲਈ ਤਿਆਰ ਕੀਤਾ ਖਾਣਾ ਸੀ। ਖਾ ਗਿਆ।

ਕਪਤਾਨ ਨੇ ਕਿਹਾ, "ਹਾਂ, ਹੁਣ ਦੱਸ ਤੂੰ ਇਜ਼ਰਾਈਲੀਆਂ ਦਾ ਦੁਸ਼ਮਣ ਕਿਉਂ ਹੈਂ?"

"ਮੈਂ ਅਜ ਤੱਕ ਕਿਸੇ ਇਜ਼ਰਾਈਲੀ ਨੂੰ ਤੰਗ ਨਹੀਂ ਕੀਤਾ, ਸਗੋਂ ਤੁਸੀਂ ਮੇਰੇ ਬੇਕਸੂਰ ਅੱਬੂ ਨੂੰ ਅਨੇਕ ਵਾਰ ਗ੍ਰਿਫਤਾਰ ਕੀਤਾ, ਟਾਰਚਰ ਕੀਤਾ, ਹੁਣ ਤੱਕ ਬੰਦ ਹੈ।"

"ਮੋਸਾਬ, ਤੈਨੂੰ ਆਖਰੀ ਮੌਕਾ ਦਿਤੈ। ਫੇਰ ਟਾਰਚਰ ਚੈਂਬਰ ਵਿਚ ਜਾਣਾ ਚਾਹੁਨੈ...ਤੇਰੀ ਮਰਜ਼ੀ। ਤੂੰ ਅਜੇ ਬੱਚਾ ਹੈਂ, ਮੈਨੂੰ ਤੇਰੇ 'ਤੇ ਤਰਸ ਆਉਂਦੈ। ਮੈਂ ਤੈਨੂੰ ਬਚਾਉਣਾ ਚਾਹੁੰਨਾ। ਬਚਣੈ ਤਾਂ ਸਾਰੀ ਗੱਲ ਦੱਸ ਦੇਹ।"

ਮੋਸਾਬ ਨੇ ਬੰਦੂਕ ਖਰੀਦਣ ਦੀ ਸਾਰੀ ਗੱਲ ਦੱਸ ਦਿੱਤੀ। ਇਹ ਨਹੀਂ ਦੱਸਿਆ ਕਿ ਕਿਸ ਵਾਸਤੇ ਖਰੀਦੀ ਸੀ। ਕਿਹਾ, ਆਪਣੇ ਘਰਦਿਆਂ ਦੀ ਰਾਖੀ ਵਾਸਤੇ ਲਿਆਂਦੀ, ਪਰ ਇਹ ਤੱਥ ਦੱਸਦਿਆਂ ਚਚੇਰੇ ਭਰਾ ਦਾ ਨਾਮ ਵੀ ਲੈਣਾ ਪਿਆ। ਇਸ ਕਰ ਕੇ ਉਹ ਵੀ ਦਬੋਚ ਲਿਆ। ਵੱਖ ਵੱਖ ਅਤੇ ਇਕੱਠਿਆਂ ਕੀਤੀ ਪੜਤਾਲ ਤੋਂ ਪਤਾ ਲੱਗਾ, ਅਜੇ ਕੋਈ ਵਾਰਦਾਤ ਨਹੀਂ ਕੀਤੀ। ਕਪਤਾਨ ਲੋਈ ਕੁਝ ਹਫਤਿਆਂ ਬਾਅਦ ਫਿਰ ਆ ਗਿਆ।

"ਮੋਸਾਬ, ਜੇ ਤੂੰ ਸਾਡੇ ਨਾਲ ਮਿਲ ਕੇ ਚੱਲੇਂਗਾ ਤਾਂ ਸੰਕਟ ਤੋਂ ਬਚ ਸਕਦੈਂ। ਜੇਲ੍ਹ ਵਿਚ ਵੀ ਲੰਮਾ ਸਮਾਂ ਨਹੀਂ ਰਹੇਂਗਾ। ਫਲਸਤੀਨੀ, ਇਜ਼ਰਾਈਲੀਆਂ ਨਾਲ ਲੜਦੇ ਰਹੇ ਹਨ, ਅੱਜ ਉਹ ਇਕ ਟੇਬਲ 'ਤੇ ਬੈਠੇ ਅਮਨ ਦਾ ਰਸਤਾ ਲੱਭ ਰਹੇ ਹਨ।"

"ਪਰ ਇਸਲਾਮ ਮੈਨੂੰ ਤੁਹਾਡੇ ਨਾਲ ਮਿਲਣ ਨਹੀਂ ਦਿੰਦਾ।"

"ਇਹ ਗੱਲ ਨੀ ਮੋਸਾਬ, ਤੇਰਾ ਅੱਬੂ ਘੰਟਿਆਂ ਬੱਧੀ ਸਾਡੇ ਨਾਲ ਸਹੀ ਗੱਲ, ਸਭ ਦੇ ਭਲੇ ਦੀ ਗੱਲ ਕਰਦਾ ਰਿਹੈ। ਹੁਣ ਵੀ ਕਰ ਰਿਹੈ।"

ਮੋਸਾਬ ਸੋਚ ਰਿਹਾ ਸੀ, ਦੁਸ਼ਮਣ ਨਾਲ ਮਿਲ ਕੇ ਚੱਲਣ ਦਾ ਮਤਲਬ ਹੈ ਰੱਬ ਦੀਆਂ ਨਜ਼ਰਾਂ ਵਿਚ ਡਿਗ ਜਾਣਾ, ਦੋਜਖਾਂ ਵਿਚ ਸੁਟਿਆ ਜਾਣਾ, ਪਤਾ ਲੱਗ ਗਿਆ ਤਾਂ ਫਲਸਤੀਨੀ ਉਸ ਨੂੰ ਗੋਲੀ ਮਾਰ ਦੇਣਗੇ। ਇਕ ਰਸਤਾ ਹੋਰ ਵੀ ਹੈ। ਇਨ੍ਹਾਂ ਇਜ਼ਰਾਈਲੀਆਂ ਨਾਲ ਰਲ ਕੇ ਕੰਮ ਸ਼ੁਰੂ ਕਰੋ, ਅਸਲੀ ਰਫਲ ਮਿਲ ਜਾਏਗੀ, ਉਸੇ ਰਫਲ ਨਾਲ ਇਨ੍ਹਾਂ ਨੂੰ ਮਾਰ ਕੇ ਹੋਰ ਹਥਿਆਰ ਕਾਬੂ ਕਰੋ।

ਕੁਝ ਦਿਨਾਂ ਬਾਅਦ ਲੋਈ ਫਿਰ ਆਇਆ, "ਦੱਸ ਮੋਸਾਬ, ਕੀ ਫੈਸਲਾ ਕੀਤਾ।"

"ਮੈਂ ਤਾਂ ਤਿਆਰ ਹਾਂ, ਪਰ ਮੈਨੂੰ ਜੇ ਉਨ੍ਹਾਂ ਮਾਰ ਦਿੱਤਾ?"

"ਮੈਂ 18 ਸਾਲ ਤੋਂ ਪੁਲਿਸ ਵਿਚ ਹਾਂ। ਅਸੀਂ ਅਕਲ ਨਾਲ ਆਪਣੇ ਕੰਮ ਸਿਰੇ ਚਾੜ੍ਹਦੇ ਹਾਂ। ਸਾਡੀ ਫਲਸਤੀਨੀਆਂ ਨਾਲ ਦੁਸ਼ਮਣੀ ਨਹੀਂ, ਅਸੀਂ ਬੱਸ ਆਪਣੀ ਖੈਰ ਚਾਹੁੰਦੇ ਹਾਂ।"

"ਠੀਕ ਹੈ ਫਿਰ, ਮੈਂ ਤੁਹਾਡੇ ਨਾਲ ਕੰਮ ਕਰਨ ਲਈ ਤਿਆਰ ਹਾਂ। ਹੁਣ ਘਰ ਜਾਵਾਂ?"

ਲੋਈ ਹੱਸ ਪਿਆ, "ਓ ਬੱਚੂ, ਮੇਰਾ ਜੀ ਕਰਦੈ ਹੁਣੇ ਤੈਨੂੰ ਘਰ ਭੇਜ ਦਿਆਂ ਪਰ ਤੇਰੀ ਤੇ ਤੇਰੇ ਸਾਥੀਆਂ ਦੀ ਗ੍ਰਿਫਤਾਰੀ ਅਖਬਾਰਾਂ ਦੇ ਪਹਿਲੇ ਪੰਨੇ 'ਤੇ ਛਪੀ ਸੀ। ਤੁਹਾਨੂੰ ਤਕੜੇ ਖਾੜਕੂ ਸਮਝਿਆ ਗਿਆ ਸੀ। ਹੁਣੇ ਤੈਨੂੰ ਰਿਹਾ ਕਰ ਦਿੱਤਾ ਤਾਂ ਲੋਕ ਸਮਝਣਗੇ ਤੂੰ ਸਾਡੇ ਨਾਲ ਰਲ ਗਿਐਂ। ਤੈਨੂੰ ਸੁਰੱਖਿਅਤ ਰੱਖਣ ਵਾਸਤੇ ਜੇਲ੍ਹ ਠੀਕ ਐ। ਜੇਲ੍ਹ ਵਿਚ ਤੈਨੂੰ ਹਮਾਸ ਦੇ ਹੋਰ ਬੰਦੀ ਮਿਲਣਗੇ, ਤੇਰੀ ਇਜ਼ਤ ਕਰਨਗੇ, ਆਖਰ ਤੂੰ ਸ਼ੇਖ ਹਸਨ ਦਾ ਫਰਜ਼ੰਦ ਐਂ।"

ਜੇਲ੍ਹ ਭੇਜਣ ਵਾਸਤੇ ਹੱਥਾਂ ਵਿਚ ਹੱਥਕੜੀ ਲਾ ਦਿੱਤੀ, ਡੇਢ ਮਹੀਨੇ ਬਾਅਦ ਸੂਰਜ ਦੇਖਿਆ। ਇਸ ਵਾਰੀ ਜੀਪ ਦੇ ਫਰਸ਼ ਉਪਰ ਨਹੀਂ ਸੀਟ 'ਤੇ ਬਿਠਾਇਆ। ਜੇਲ੍ਹ ਪੁੱਜੇ ਡਾਕਟਰ ਨੇ ਮੁਆਇਨਾ ਕਰ ਕੇ ਕਿਹਾ, "ਠੀਕ ਐ, ਲੈ ਜਾਉ।" ਦਫਤਰ ਵਿਚ ਪੁੱਛਿਆ, "ਕਿਸ ਜਥੇਬੰਦੀ ਲਈ ਕੰਮ ਕਰਦੈਂ?"

"ਹਮਾਸ ਲਈ।" ਉਤਰ ਦਿੱਤਾ।

ਵੱਖੋ ਵੱਖ ਗਰੁਪਾਂ ਨੂੰ ਵੱਖ ਵੱਖ ਬੰਦ ਕੀਤਾ ਜਾਂਦਾ। ਜਿਥੇ ਹਮਾਸ ਦੇ ਬੰਦੀ ਹਨ, ਉਥੇ ਮੋਸਾਬ ਨੂੰ ਭੇਜਣਾ ਹੈ। ਅੰਦਰਲਾ ਪ੍ਰਬੰਧ ਵੀ ਬੰਦੀ ਆਪ ਕਰਨ। ਇਜ਼ਰਾਈਲੀਆਂ ਨਾਲ ਟੱਕਰ ਹੋ ਸਕਦੀ ਹੈ, ਆਪਸ ਵਿਚ ਵੀ ਟਕਰਾਉਣਗੇ, ਤਾਂ ਵੀ ਠੀਕ; ਇਸ ਨਾਲ ਕਮਜ਼ੋਰ ਹੋਣਗੇ। ਜੇਲ੍ਹ ਵਿਚ ਹਮਾਸ ਦੇ ਬੰਦੀ ਸਭ ਤੋਂ ਵਧ ਸਨ। ਹਮਾਸ ਜੇਲ੍ਹ ਵਿਚਲੇ ਨਿਯਮ ਲਾਗੂ ਕਰਦੀ, ਸਭ ਨੂੰ ਮੰਨਣੇ ਪੈਂਦੇ।

ਸਵੇਰੇ ਚਾਰ ਵਜੇ ਨਮਾਜ਼ ਵਾਸਤੇ ਜਗਾ ਲਿਆ ਜਾਂਦਾ, ਦਿਨ ਵਿਚ ਦੋ ਵਾਰ ਇਮਾਮ ਉਪਦੇਸ਼ ਕਰਨ ਆਉਂਦਾ। ਟੀ.ਵੀ. ਉਪਰ ਰੱਸੇ ਨਾਲ ਬੰਨ੍ਹਿਆ ਫੱਟਾ ਲਟਕਦਾ। ਜਦੋਂ ਇਸ਼ਤਿਹਾਰ ਵਿਚ ਕੋਈ ਕੁੜੀ ਨੰਗੇ ਸਿਰ ਦਿਸਦੀ, ਫੱਟਾ ਠਾਹ ਕਰ ਕੇ ਹੇਠਾਂ ਡਿਗ ਕੇ ਟੀ.ਵੀ. ਢਕ ਲੈਂਦਾ।

"ਇਹ ਕੀ ਬਕਵਾਸ ਐ?" ਮੋਸਾਬ ਨੇ ਇਮਾਮ ਨੂੰ ਪੁੱਛਿਆ, "ਕੀ ਘਰਾਂ ਵਿਚ ਅਸੀਂ ਟੀ.ਵੀ. ਉਪਰ ਨੰਗੇ ਸਿਰ ਵਾਲੀਆਂ ਕੁੜੀਆਂ ਨਹੀਂ ਦੇਖਦੇ?"

"ਉਥੇ ਹੋਰ ਗੱਲ ਐ", ਇਮਾਮ ਨੇ ਕਿਹਾ, "ਉਥੇ ਔਰਤਾਂ, ਮਰਦ ਇਕੱਠੇ ਰਹਿੰਦੇ ਨੇ। ਇਥੇ ਕੇਵਲ ਮਰਦ ਹਨ। ਇਹੋ ਜਿਹੇ ਸੀਨ ਦੇਖ ਕੇ ਸਹਿਵਾਸ ਹੋਣ ਦਾ ਡਰ ਰਹਿੰਦੈ।" ਇਸ ਬੈਰਕ ਵਿਚ ਤਾਸ਼ ਖੇਡਣ 'ਤੇ ਪਾਬੰਦੀ ਸੀ। ਕੁਰਾਨ ਤੋਂ ਇਲਾਵਾ ਕੋਈ ਕਿਤਾਬ ਨਾ ਪੜ੍ਹੋ। ਭਿਆਨਕ ਚੀਕਾਂ ਸੁਣੀਆਂ, ਪੁੱਛਿਆ, "ਕੀ ਗੱਲ ਐ?" ਦੱਸਿਆ ਗਿਆ, "ਹਮਾਸ ਦਾ ਆਪਣਾ ਖੁਫੀਆ ਵਿੰਗ ਹੈ। ਉਹ ਮਾੜੇ ਬੰਦਿਆਂ ਨੂੰ ਟਾਰਚਰ ਕਰਦੈ।"

"ਇਸ ਨੇ ਕੀ ਬੁਰਾ ਕੀਤਾ?"

"ਜੇਲ੍ਹ ਵਿਚ ਕੋਈ ਬੁਰਾ ਨਹੀਂ ਕੀਤਾ, ਕਹਿੰਦੇ ਨੇ ਜਦੋਂ ਬਾਹਰ ਸੀ, ਇਸ ਨੇ ਕਿਸੇ ਖਾੜਕੂ ਦੀ ਇਤਲਾਹ ਇਜ਼ਰਾਈਲੀ ਪੁਲਿਸ ਨੂੰ ਦਿੱਤੀ ਸੀ।"

"ਇਹ ਕੀ ਕਰਦੇ ਨੇ?"

"ਨਹੁੰਆਂ ਦੇ ਹੇਠਲੇ ਪਾਸੇ ਹੱਥਾਂ-ਪੈਰਾਂ ਵਿਚ ਸੂਈਆਂ ਖਭੋਂਦੇ ਨੇ। ਜ਼ਰੂਰੀ ਨਹੀਂ ਇਤਲਾਹ ਸਹੀ ਹੋਵੇ, ਸ਼ੱਕ ਸ਼ੱਕ ਵਿਚ ਤਸੀਹੇ ਦੇਈ ਜਾਂਦੇ ਨੇ। ਜਿਸ ਕਿਸੇ 'ਤੇ ਮੁਖਬਰੀ ਦਾ ਇਲਜ਼ਾਮ ਲੱਗਾ, ਸਮਝੋ ਉਸ ਦੀ ਜ਼ਿੰਦਗੀ ਖਤਮ। ਉਸ ਦੀ ਬੀਵੀ, ਬੱਚੇ, ਮਾਪੇ ਸਭ ਉਸ ਨੂੰ ਛੱਡ ਦਿੰਦੇ ਨੇ। ਸਾਲ 1993 ਤੋਂ 96 ਤੱਕ 150 ਸ਼ੱਕੀ ਮੁਖਬਰ ਟਾਰਚਰ ਹੋਏ ਜਿਨ੍ਹਾਂ ਵਿਚੋਂ 16 ਮਰ ਗਏ। ਇਹ ਸਭ ਜ਼ੁਲਮ ਜੇਲ੍ਹ ਅੰਦਰ ਹੁੰਦਾ ਸੀ।

ਮੋਸਾਬ ਦੀ ਲਿਖਾਈ ਬੜੀ ਵਧੀਆ ਸੀ। ਹਮਾਸ ਦੇ ਖੁਫੀਆ ਦਸਤੇ ਨੇ ਕਿਹਾ, "ਤੂੰ ਸਾਡੀ ਸੂਚਨਾ ਸਾਫ ਸਾਫ ਲਿਖ ਦਿਆ ਕਰ। ਇਹ ਕੇਵਲ ਤੇਰੇ ਤੱਕ ਰਹਿਣੀ ਚਾਹੀਦੀ ਹੈ।" ਮੋਸਾਬ ਸੋਚਣ ਲੱਗਾ, 'ਇਹ ਸੂਚਨਾ ਹੈ ਕਿ ਲੁੱਚਪੁੱਣਾ?' ਤਸੀਹਿਆਂ ਦੌਰਾਨ ਕੋਈ ਮੰਨ ਰਿਹਾ ਹੈ ਕਿ ਉਸ ਦੇ ਆਪਣੇ ਪਰਿਵਾਰ ਦੀ ਫਲਾਣੀ ਔਰਤ ਨਾਲ ਨਾਜਾਇਜ਼ ਸਬੰਧ ਹਨ। ਕੋਈ ਦੱਸ ਰਿਹਾ ਹੈ, ਉਸ ਨੇ ਗਾਂ ਨਾਲ ਜਬਰ-ਜਨਾਹ ਕੀਤਾ। ਅਜੇ ਇਕ ਫਾਈਲ ਤਿਆਰ ਹੋਈ ਸੀ, ਲੱਗਣ ਲੱਗਾ ਜਿਵੇਂ ਸਾਰੇ ਫਲਸਤੀਨੀ ਮੁਖਬਰ ਹਨ। ਦੁੱਖ ਤੋਂ ਬਚਣ ਵਾਸਤੇ ਤਸੀਹੇ ਝੱਲਦਾ ਬੰਦਾ ਉਹ ਕੁਝ ਮੰਨੀ ਜਾਂਦਾ ਜੋ ਉਸ ਨੇ ਨਹੀਂ ਕੀਤਾ ਹੁੰਦਾ। ਟਾਰਚਰ ਦਾ ਦੁੱਖ ਨਾ ਸਹਾਰਦਾ ਹੋਇਆ ਇਕ ਦਿਨ ਕੈਦੀ ਬਾਹਰ ਵੱਲ ਭੱਜਿਆ ਤੇ ਕੰਡਿਆਲੀ ਤਾਰ ਵਿਚ ਉਲਝ ਕੇ ਲਹੂ-ਲੁਹਾਣ ਹੋ ਗਿਆ। ਇਜ਼ਰਾਈਲੀ ਸਿਪਾਹੀ ਨੇ ਬੰਦੂਕ ਤਾਣ ਲਈ, ਜ਼ਖਮੀ ਚਿੱਲਾਇਆ, "ਮਾਰੋ ਨਾ, ਮੈਂ ਜੇਲ੍ਹੋਂ ਭੱਜਣ ਨਹੀਂ, ਤਸੀਹਿਆਂ ਤੋਂ ਦੁਖੀ ਹੋ ਕੇ ਇਧਰ ਆਇਆਂ।" ਸਿਪਾਹੀ ਨੇ ਉਸ ਨੂੰ ਧੌਣ ਤੋਂ ਫੜ ਲਿਆ ਤੇ ਆਪਣੇ ਨਾਲ ਕਿਸੇ ਹੋਰ ਪਾਸੇ ਲੈ ਗਿਆ। ਹਮਾਸ ਦੇ ਬੰਦੇ ਆਪਣੇ ਹੀ ਲਾਚਾਰ ਮੈਂਬਰਾਂ ਨਾਲ ਜਲਾਦਾਂ ਵਾਲਾ ਵਿਹਾਰ ਕਰ ਰਹੇ ਹਨ! ਮੋਸਾਬ ਆਪਣੇ ਆਪ ਨੂੰ ਪੁੱਛਦਾ, "ਇਹ ਹੈ ਇਸਲਾਮ?"

ਡੇਢ ਸਾਲ ਦੀ ਕੈਦ ਕੱਟ ਕੇ ਮੋਸਾਬ ਰਿਹਾ ਹੋਇਆ, ਲੱਗਾ ਨਰਕ ਵਿਚੋਂ ਸੁਰਗ ਵਿਚ ਆ ਗਿਆ ਹੋਵੇ। ਪਹਿਲੀ ਵਾਰ ਆਜ਼ਾਦੀ ਦੀ ਕੀਮਤ ਦਾ ਪਤਾ ਲੱਗਾ। ਅੱਬੂ ਰਿਹਾ ਹੋ ਗਿਆ ਸੀ, ਹੱਜ ਵਾਸਤੇ ਤੁਰ ਪਿਆ। ਬਾਰਡਰ ਪਾਰ ਨਹੀਂ ਕਰਨ ਦਿੱਤਾ, ਮੁੜ ਗ੍ਰਿਫਤਾਰ ਕਰ ਲਿਆ। ਅੱਬੂ ਨੇ ਕਿਸੇ ਨੂੰ ਨਹੀਂ ਦੱਸਿਆ ਸੀ, ਕੀ ਕੀ ਤਸੀਹੇ ਝੱਲੇ, ਨਾ ਮੋਸਾਬ ਨੇ ਕੁਝ ਦੱਸਿਆ।

ਦੋ ਮਹੀਨਿਆਂ ਬਾਅਦ ਕੈਪਟਨ ਲੋਈ ਦਾ ਫੋਨ ਆਇਆ, "ਰਿਹਾਈ ਦੀ ਮੁਬਾਰਕ ਮੋਸਾਬ। ਫੋਨ 'ਤੇ ਵਧੀਕ ਗੱਲ ਨੀ ਹੋ ਸਕਦੀ, ਮਿਲਣ ਆ ਸਕਦੈਂ?"

"ਹਾਂ, ਕਿਉਂ ਨਹੀਂ। ਕਿੱਥੇ?"

"ਫਲਾਣੇ ਹੋਟਲ ਦੇ ਗੇਟ 'ਤੇ।"

ਪੁੱਜ ਗਿਆ, ਕਾਰ ਆਈ। ਕਿਹਾ ਗਿਆ- ਸੀਟ 'ਤੇ ਨਾ ਬੈਠ, ਹੇਠਾਂ ਬੈਠ। ਹੇਠਾਂ ਬੈਠੇ ਉਤੇ ਕੰਬਲ ਪਾ ਕੇ ਲੁਕਾ ਦਿੱਤਾ। ਇਕ ਘੰਟੇ ਮਗਰੋਂ ਕਾਰ ਵਿਚੋਂ ਨਿਕਲੇ ਤਾਂ ਕਿਸੇ ਦੇ ਘਰ ਪੁੱਜੇ। ਡਰਾਇੰਗ ਰੂਮ ਵਿਚ ਬੈਠ ਗਏ, ਥੋੜ੍ਹੀ ਦੇਰ ਬਾਅਦ ਕਪਤਾਨ ਲੋਈ ਆ ਗਿਆ। ਹੱਥ ਮਿਲਾਇਆ, ਫਿਰ ਜੱਫੀ ਪਾਈ।

"ਕਿਵੇਂ ਰਿਹਾ ਜੇਲ੍ਹ ਵਿਚਲਾ ਸਮਾਂ?"

"ਬੁਰਾ। ਤੁਸੀਂ ਕਹਿੰਦੇ ਸੀ ਜਲਦੀ ਰਿਹਾਈ ਕਰ ਦਿਆਂਗੇ?"

"ਤੇਰੇ ਭਲੇ ਲਈ ਕੀਤਾ, ਤੇਰਾ ਬਚਾਉ ਕਰਨਾ ਸੀ।"

"ਪਰ ਤੁਹਾਨੂੰ ਪਤੈ...ਜੇਲ੍ਹ ਵਿਚ ਹਮਾਸ ਦੇ ਬੰਦੇ ਹਮਾਸ ਦੇ ਮੈਂਬਰਾਂ ਨੂੰ ਤਸੀਹੇ ਦਿੰਦੇ ਨੇ? ਤੁਸੀਂ ਰੋਕਦੇ ਕਿਉਂ ਨੀ?"

"ਅਸੀਂ ਕਿਉਂ ਰੋਕੀਏ? ਹਮਾਸ ਖੁਦਕੁਸ਼ੀ ਕਰਦੀ ਹੈ, ਕਰੇ।"

ਕਪਤਾਨ ਨੇ ਸੌ ਸੌ ਡਾਲਰਾਂ ਦੇ ਕੁਝ ਨੋਟ ਦਿੱਤੇ ਤੇ ਕਿਹਾ, "ਜਾਹ ਨਵੇਂ ਕੱਪੜੇ ਖਰੀਦ ਲੈ।" ਦੂਜੀ ਮੀਟਿੰਗ ਵਿਚ ਹੋਰ ਡਾਲਰ ਦਿੱਤੇ। ਇਕ ਮਹੀਨੇ ਵਿਚ ਅੱਠ ਸੌ ਡਾਲਰ ਵੀਹ ਸਾਲ ਦੇ ਮੁੰਡੇ ਲਈ ਬਹੁਤ ਜ਼ਿਆਦਾ ਰਕਮ ਸੀ। ਉਸ ਨੂੰ ਹਦਾਇਤ ਦਿੱਤੀ ਗਈ ਕਿ ਵਿਆਹੀ ਹੋਈ ਆਪਣੀ ਬੀਵੀ ਤੋਂ ਬਗੈਰ ਕਿਸੇ ਕੁੜੀ ਨਾਲ ਦੋਸਤੀ ਨਾ ਕਰੇ, ਇਹ ਸਭ ਤੋਂ ਵਧੀਕ ਖਤਰਨਾਕ ਹੋਵੇਗਾ। ਦੂਜੀ ਹਦਾਇਤ ਇਹ ਕਿ ਡਬਲ ਏਜੰਟ ਵਾਲੀ ਗੱਲ ਮੁੜ ਕੇ ਨਾ ਕਿਸੇ ਕੋਲ ਕਰੀਂ। ਪੜ੍ਹ ਲਿਖ ਕੇ ਚੰਗਾ ਮੁਸਲਮਾਨ ਬਣ। ਬੀ.ਏ. ਕਰ ਲੈ।

ਮੋਸਾਬ ਸੋਚਣ ਲੱਗਾ, ਇਨ੍ਹਾਂ ਬੰਦਿਆਂ ਨੂੰ ਮਾਰਨ ਦੀ ਸਕੀਮ ਘੜੀ ਸੀ ਮੈਂ? ਇਹ ਜੋ ਮੈਨੂੰ ਨੇਕ ਮੁਸਲਮਾਨ ਬਣਨ ਲਈ ਪ੍ਰੇਰ ਰਹੇ ਹਨ, ਦੁਸ਼ਮਣ ਕਿਵੇਂ ਹੋਏ? ਠੀਕ ਹੈ, ਇਨ੍ਹਾਂ ਨੇ ਮੈਨੂੰ ਜੀਪ ਵਿਚ ਸੁੱਟਿਆ, ਤਸੀਹਾ ਕੇਂਦਰ ਵਿਚ ਤੰਗ ਕੀਤਾ ਪਰ ਇਹੋ ਕੁਝ ਹਮਾਸ ਆਪਣੇ ਹੀ ਬੰਦੀਆਂ ਵਿਰੁਧ ਕਰ ਰਹੀ ਹੈ। ਫਿਰ ਮੇਰਾ ਦੋਸਤ ਕੌਣ ਤੇ ਵੈਰੀ ਕੌਣ? ਇਕ ਦਿਨ ਕਪਤਾਨ ਲੋਈ ਨੇ ਕਿਹਾ, "ਅਸੀਂ ਤੇਰੇ ਕਰ ਕੇ ਤੇਰੇ ਅੱਬੂ ਨੂੰ ਰਿਹਾ ਕਰ ਰਹੇ ਹਾਂ। ਨੇੜੇ ਰਿਹਾ ਕਰੀਂ। ਅਸੀਂ ਹੋਰ ਕਾਸੇ ਵਿਚ ਰੁਚਿਤ ਨਹੀਂ, ਹਿੰਸਾ ਰੋਕਣੀ ਹੈ। ਕਿਤੇ ਹਿੰਸਾ ਦੀ ਸਕੀਮ ਪਤਾ ਲੱਗੇ, ਸਾਨੂੰ ਦੱਸੀਂ। ਠੀਕ ਹੈ?"

"ਠੀਕ ਹੈ।" ਮੋਸਾਬ ਨੇ ਕਿਹਾ।

ਇਸ ਵੇਲੇ ਤਕ ਮੋਸਾਬ ਸੰਭਲ ਚੁੱਕਾ ਸੀ। ਉਹ ਹਰ ਇਕ ਧਿਰ ਵਲੋਂ ਕੀਤੀ ਹਿੰਸਾ ਵਿਰੁਧ ਹੋ ਗਿਆ। ਜਦੋਂ ਮਿਲਦੇ, ਇਜ਼ਰਾਈਲੀ ਅਫਸਰ ਉਸ ਅੱਗੇ ਕੋਈ ਅਜਿਹੀ ਹਰਕਤ ਨਾ ਕਰਦੇ ਜੋ ਇਸਲਾਮ ਦੇ ਅਨੁਕੂਲ ਨਾ ਹੋਵੇ। ਉਸ ਨੂੰ ਖਾਣ ਲਈ ਕਦੀ ਵਰਜਤ ਵਸਤੂ ਨਾ ਦਿੰਦੇ।

ਇਕ ਅੰਗਰੇਜ਼ ਈਸਾਈ ਨੇ ਅਰਬੀ ਅਤੇ ਅੰਗਰੇਜ਼ੀ ਜ਼ਬਾਨ ਵਿਚ ਛਪੀ ਬਾਈਬਲ ਮੋਸਾਬ ਨੂੰ ਦਿੱਤੀ। ਅੱਬੂ ਨੇ ਸਿਖਾਇਆ ਹੋਇਆ ਸੀ ਸਭ ਧਰਮ ਗ੍ਰੰਥ ਚੰਗੇ ਹਨ, ਦਿਲਚਸਪ ਲੱਗਣ ਲੱਗੀ। ਯਸੂ ਆਖ ਰਿਹੈ, ਤੁਹਾਨੂੰ ਦੱਸਿਆ ਗਿਆ ਸੀ ਗੁਆਂਢੀ ਨੂੰ ਪਿਆਰ ਕਰੋ, ਵੈਰੀ ਨੂੰ ਨਫਰਤ। ਮੈਂ ਤੁਹਾਨੂੰ ਦੱਸਣੈ...ਦੁਸ਼ਮਣ ਨੂੰ ਵੀ ਪ੍ਰੇਮ ਕਰੋ। ਜਿਸ ਨੇ ਤੁਹਾਨੂੰ ਦੁੱਖ ਦਿੱਤੇ, ਉਸ ਵਾਸਤੇ ਅਰਦਾਸ ਕਰੋ, ਉਸ ਦਾ ਭਲਾ ਕਰੋ। ਤੁਹਾਡੇ ਦੁਸ਼ਮਣ ਬਾਹਰ ਨਹੀਂ, ਤੁਹਾਡੇ ਅੰਦਰ ਹਨ- ਗੁੱਸਾ, ਲੋਭ, ਨਫਰਤ; ਇਹ ਹਨ ਵੈਰੀ। ਇਨ੍ਹਾਂ ਤੋਂ ਦੂਰ ਰਹੋ।

ਮੋਸਾਬ ਵਿਚ ਬਦਲਾਉ ਆਉਣ ਲੱਗਾ- ਕੀ ਇਜ਼ਰਾਈਲੀ ਮੇਰੇ ਦੁਸ਼ਮਣ ਹਨ? ਮੇਰੇ ਕਲਚਰ ਨੇ ਮੈਨੂੰ ਇਹੀ ਸਿਖਾਇਆ ਸੀ। ਤੇ ਹਮਾਸ ਮੇਰੀ ਦੋਸਤ ਹੈ? ਮਾਸੂਮਾਂ ਨੂੰ ਮਾਰਨਾ ਕਿਧਰ ਦੀ ਸੂਰਮਗਤੀ ਹੋਈ? ਮੈਨੂੰ ਜਿਉਣ ਦਾ ਹੱਕ ਮਿਲੇ ਤਾਂ ਯਹੂਦੀਆਂ ਨੂੰ ਕਿਉਂ ਨਹੀਂ? ਪੜ੍ਹਿਆ- ਫਤਵੇ ਨਾ ਦਿਉ, ਤੁਹਾਡੇ ਖਿਲਾਫ ਵੀ ਫਤਵਾ ਮਿਲ ਸਕਦਾ ਹੈ। ਸੋਚਣ ਲੱਗਾ- ਇਸਲਾਮ ਵਿਚ ਤਾਂ ਫਤਵਾ-ਦਰ-ਫਤਵਾ ਚਲਦਾ ਰਹਿੰਦੈ। ਉਸ ਨੂੰ ਦਿਨ-ਬਦਿਨ ਯਸੂ ਮਸੀਹ ਚੰਗਾ ਲੱਗਣ ਲੱਗਾ।

***(ਚਲਦਾ)***



***ਯਾਸਰ ਅਰਾਫਾਤ ਨੇ ਕੁਵੈਤ 'ਤੇ ਹਮਲੇ ਵੇਲੇ ਇਰਾਨ ਦੀ ਹਮਾਇਤ 'ਚ ਬਿਆਨ ਦੇ ਦਿੱਤਾ ਜਿਸ ਨਾਲ ਅਮਰੀਕਾ ਤੇ ਅਰਬ ਦੇਸ਼ ਉਸ ਤੋਂ ਪਰੇ ਹਟ ਗਏ। ਉਸ ਨੂੰ ਫੰਡ ਦੇਣ ਦੀ ਥਾਂ ਹਮਾਸ ਦੀ ਸਹਾਇਤਾ ਕਰਨ ਲੱਗੇ। ਹਮਾਸ ਅਰਾਫਾਤ ਦੇ ਵਿਰੁੱਧ ਸੀ, ਕਿਉਂਕਿ ਉਸ ਦੀ ਇਜ਼ਰਾਈਲੀ ਵਜ਼ੀਰਾਂ ਨਾਲ ਨੇੜਤਾ ਸੀ। ਅਰਾਫਾਤ ਇਜ਼ਰਾਈਲ 'ਚ ਰਹਿੰਦਿਆਂ ਫਲਸਤੀਨ ਲਈ ਖੁਦਮੁਖਤਾਰੀ ਮੰਗਦਾ ਸੀ, ਪਰ ਹਮਾਸ ਦਾ ਫੈਸਲਾ ਸੀ ਕਿ ਇਜ਼ਰਾਈਲ 1948 ਤੋਂ ਪਹਿਲਾਂ ਵਾਲੀ ਸਾਰੀ ਧਰਤੀ ਖਾਲੀ ਕਰੇ।***

# 'ਚੌਥੇ ਪਰਵਾਸੀ ਪੰਜਾਬੀ ਕਹਾਣੀ-ਸੰਗ੍ਰਹਿ' ਲਈ ਰਚਨਾਵਾਂ ਦੀ ਮੰਗ

ਪਰਵਾਸੀ ਲੇਖਕਾਂ ਵਿਚ ਕਹਾਣੀ ਵਿਧਾ ਪ੍ਰਤੀ ਵਧਦੇ ਸਿਰਜਣਾਤਮਕ ਉਤਸ਼ਾਹ ਨੂੰ ਵੇਖਦਿਆਂ ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਅਤੇ ਪ੍ਰੋ. ਹਰਭਜਨ ਸਿੰਘ ਦੇ ਸੰਪਾਦਕੀ ਬੋਰਡ ਵਲੋਂ ਇਕ ਹੋਰ ਕਹਾਣੀ-ਸੰਗ੍ਰਹਿ ਛਾਪਣ ਦਾ ਫੈਸਲਾ ਲਿਆ ਗਿਆ ਹੈ। ਇਸ ਵਿਚ ਪਰਵਾਸੀ ਕਹਾਣੀਕਾਰਾਂ ਦੀਆਂ ਅਣਛਪੀਆਂ ਚੋਣਵੀਆਂ ਅਤੇ ਸ਼ਾਹਕਾਰ ਰਚਨਾਵਾਂ ਸ਼ਾਮਲ ਕੀਤੀਆਂ ਜਾਣਗੀਆਂ।

ਸੰਪਾਦਕੀ ਬੋਰਡ ਦੀ ਸਹਾਇਤਾ ਲਈ ਇਕ ਛੇ ਮੈਂਬਰੀ ਸਹਿਯੋਗੀ ਟੀਮ ਦਾ ਗਠਨ ਕੀਤਾ ਗਿਆ ਹੈ ਜਿਸ ਵਿਚ ਅਮਰਜੀਤ ਚਾਹਲ (ਸਰੀ, ਕੈਨੇਡਾ ਫੋਨ: 604-825-9240), ਨਛੱਤਰ ਸਿੰਘ ਗਿੱਲ (ਸਰੀ, ਕੈਨੇਡਾ ਫੋਨ:604-580-3877), ਸੁਰਜੀਤ ਕੌਰ (ਟੋਰਾਂਟੋ, ਕੈਨੇਡਾ ਫੋਨ:905-216-4981), ਮਹਿੰਦਰ ਪਾਲ ਸਿੰਘ ਧਾਲੀਵਾਲ (ਸਲੋਹ, ਇੰਗਲੈਂਡ ਫੋਨ:0795-685-7764), ਦਰਸ਼ਨ ਸਿੰਘ ਧੀਰ (ਵੁਲਵਰਹੈਂਪਟਨ, ਇੰਗਲੈਂਡ ਫੋਨ:190-265-9956) ਅਤੇ ਸੰਤੋਖ ਸਿੰਘ ਧਾਲੀਵਾਲ (ਨੌਟਿੰਗਮ, ਇੰਗਲੈਂਡ ਫੋਨ:0115-916-9426) ਨੂੰ ਸ਼ਾਮਲ ਕੀਤਾ ਗਿਆ ਹੈ।

ਸੰਪਾਦਕੀ ਮੰਡਲ ਨੇ ਕਹਾਣੀ ਸੰਗ੍ਰਹਿ ਲਈ ਆਪਣੀਆਂ ਰਚਨਾਵਾਂ ਭੇਜਣ ਵਾਲੇ ਕਹਾਣੀਕਾਰਾਂ ਨੂੰ ਗੁਜਾਰਿਸ਼ ਕੀਤੀ ਹੈ ਕਿ ਸੰਪਾਦਕੀ ਮੰਡਲ ਨੂੰ ਆਪਣੀ ਕੋਈ ਨਵੀਂ, ਮੌਲਿਕ ਅਤੇ ਅਪ੍ਰਕਾਸ਼ਤ ਕਹਾਣੀ ਹੀ ਭੇਜੀ ਜਾਵੇ। ਵਿਸ਼ੇ-ਵਸਤੂ ਪਖੋਂ ਪਰਵਾਸੀ ਸਰੋਕਾਰ ਅਤੇ ਵਿਸ਼ਵ ਪਰਿਪੇਖ ਵਾਲੀਆਂ ਲੋਕ-ਪੱਖੀ ਤੇ ਅਗਾਂਹ ਵਧੂ ਪਹੁੰਚ ਵਾਲੀਆਂ ਰਚਨਾਵਾਂ ਨੂੰ ਪਹਿਲ ਦਿਤੀ ਜਾਵੇਗੀ। ਨਿਰੋਲ ਦੇਸੀ ਸਥਾਨਕ ਸਰੋਕਾਰ ਵਾਲੀ ਕਹਾਣੀ ਨਾ ਭੇਜੀ ਜਾਵੇ। ਸਾਡਾ ਮਕਸਦ ਪਰਵਾਸੀ ਸਮਸਿਆਵਾਂ ਦੇ ਨਾਲ-ਨਾਲ ਦੁਨੀਆਂ ਭਰ ਦੇ ਸ਼ੋਸ਼ਿਤ, ਪੀੜਤ ਅਤੇ ਪਛੜੇ ਹੋਏ ਲੋਕਾਂ ਦੀਆਂ ਸਮਸਿਆਵਾਂ ਉਪਰ ਫੋਕਸ ਕਰਨਾ ਹੈ। ਇਹ ਸ਼ੋਸ਼ਣ ਸਰੀਰਕ-ਮਾਨਸਿਕ-ਲਿੰਗਕ ਹੋਵੇ ਚਾਹੇ ਆਰਥਕ, ਸਮਾਜਕ, ਰਾਜਨੀਤਕ, ਸਭਿਆਚਾਰਕ, ਜੰਗਾਂ ਦੀ ਤਬਾਹੀ ਅਤੇ ਕਾਰਪੋਰੇਟ ਵਿਸ਼ਵੀਕਰਨ ਦੇ ਨਵ-ਬਸਤੀਵਾਦੀ ਮਨਸੂਬਿਆਂ ਕਾਰਨ ਭਿਆਨਕ ਆਰਥਕ ਮੰਦਵਾੜਾ ਜਾਂ ਫਿਰ ਖਪਤ ਸਭਿਆਚਾਰ ਦਾ ਹਮਲਾ ਹੋਵੇ। ਸੰਪਾਦਕੀ ਬੋਰਡ ਪਾਠਕ ਦੇ ਮਨ ਵਿਚ ਸਿਹਤਮੰਦ ਕਦਰਾਂ ਕੀਮਤਾਂ ਦੀ ਬਹਾਲੀ ਅਤੇ ਬਿਹਤਰ ਦੁਨੀਆਂ ਦਾ ਸੁਪਨਾ ਸਜਾਉਣਾ ਚਾਹੁੰਦਾ ਹੈ। ਰਚਨਾ ਸੰਪਾਦਕੀ ਮੰਡਲ ਦੇ ਇਨ੍ਹਾਂ ਪਤਿਆਂ 'ਤੇ ਭੇਜੀ ਜਾ ਸਕਦੀ ਹੈ,

**Surinder Sohal: 15 Remsen Ave, Valley Stream, NY 11580, USA**
***(Email: surindersohal@hotmail.com, Ph: 646-220-2586 )***

**Harjinder Pandher: 3974 Chatsworth Circle, Stockton, CA 95209**
***(Email:- Pandher@gmail.com, Ph: 209-610-5055)***

**Prof. Harbhajan Singh: 486 Ridge Creek Lane, Patterson, CA 95363**
***(Email profhssangha@gmail.com, Ph: 209-222-3866)***

**ਰਚਨਾਵਾਂ 31 ਦਸੰਬਰ 2015 ਤਕ ਭੇਜੀਆਂ ਜਾ ਸਕਦੀਆਂ ਹਨ।**

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਚਾਰ ਪੰਜਾਬੀ ਕਹਾਣੀ ਸੰਗ੍ਰਹਿ- 'ਸੁਪਨੇ ਤੇ ਸੰਤਾਪ', 'ਪੰਖ,ਪਿੰਜਰਾ ਤੇ ਪਰਵਾਜ਼', 'ਅਮਰੀਕੀ ਪੰਜਾਬੀ ਕਹਾਣੀ' ਅਤੇ 'ਪਰਵਾਸ ਤੋਂ ਆਵਾਸ ਵਲ' (ਉਤਰੀ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ) ਛਾਪੇ ਜਾ ਚੁਕੇ ਹਨ। ਇਨ੍ਹਾਂ ਵਿਚੋਂ ਪਹਿਲੇ ਦੋ ਦਾ ਸੰਪਾਦਨ ਪ੍ਰੋ. ਗੁਰਬਖਸ਼ ਸਿੰਘ ਸਚਦੇਵ, ਅਮਰਜੀਤ ਦਰਦੀ ਅਤੇ ਪ੍ਰੋ. ਹਰਭਜਨ ਸਿੰਘ ਨੇ ਕੀਤਾ ਸੀ। ਇਹ ਦੋਵੇਂ ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ ਵਲੋਂ ਛਾਪੇ ਗਏ ਹਨ। ਤੀਜਾ ਸੰਗ੍ਰਹਿ ਪੰਜਾਬੀ ਅਕਾਦਮੀ, ਦਿੱਲੀ ਵਲੋਂ ਛਾਪਿਆ ਗਿਆ ਹੈ, ਜਿਸ ਦਾ ਸੰਪਾਦਨ ਪ੍ਰੋ. ਹਰਭਜਨ ਸਿੰਘ ਨੇ ਕੀਤੀ ਸੀ।

**ਜਾਰੀ ਕਰਤਾ: ਸੰਪਾਦਕੀ ਬੋਰਡ 'ਪਰਵਾਸੀ ਪੰਜਾਬੀ ਕਹਾਣੀ-ਸੰਗ੍ਰਹਿ'**
**ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ ਅਤੇ ਹਰਜਿੰਦਰ ਪੰਧੇਰ**



ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

*ਸ਼ਬਦਾਂ ਦੇ ਜਾਦੂਗਰ ਬਲਵੰਤ ਗਾਰਗੀ ਨੇ ਪੰਜਾਬੀ ਲੇਖਕਾਂ ਅਤੇ ਹੋਰ ਕਲਾਕਾਰਾਂ ਬਾਰੇ ਬੜੇ ਚਰਚਿਤ ਰੇਖਾ ਚਿੱਤਰ ਲਿਖੇ। ਇਨ੍ਹਾਂ ਉਤੇ ਵਿਵਾਦ ਵੀ ਬਥੇਰੇ ਛਿੜਦੇ ਰਹੇ। ਉਹਦੇ ਲਿਖੇ ਰੇਖਾ ਚਿੱਤਰਾਂ ਬਾਰੇ ਇਹ ਗੱਲ ਧੁੰਮ ਗਈ ਸੀ ਕਿ ਉਹ ਰੇਖਾ ਚਿੱਤਰ ਨੂੰ 'ਸੁਆਦਲਾ' ਬਣਾਉਣ ਲਈ ਸਬੰਧਤ ਲੇਖਕ ਬਾਰੇ ਕਾਫੀ ਕੁਝ ਆਪਣੇ ਕੋਲੋਂ ਜੋੜ ਲੈਂਦਾ ਹੈ ਪਰ ਲਿਖਤ ਵਿਚ ਇਹ ਜ਼ਿਕਰ ਇੰਨੀ ਜਾਨ ਨਾਲ ਗੁੰਦਦਾ ਕਿ ਉਸ ਜ਼ਿਕਰ ਤੋਂ ਬਗੈਰ ਲਿਖਤ ਅਧੂਰੀ ਜਾਪਦੀ। ਇਸ ਤੋਂ ਐਨ ਉਲਟ ਕਾਨਾ ਸਿੰਘ ਨੇ ਗਾਰਗੀ ਬਾਰੇ ਲਿਖੇ ਰੇਖਾ ਚਿੱਤਰ '...ਤੇ ਬਾਹਰ ਤਾਲਾ ਸੀ' ਵਿਚ ਐਨ ਸੱਚੋ-ਸੱਚ ਬਿਆਨ ਕਰ ਕੇ ਜਿਹੜਾ ਗਾਰਗੀ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ਹੈ, ਉਹ ਕੋਈ ਵੱਖਰਾ ਹੀ ਗਾਰਗੀ ਹੈ। ਪੂਰੇ 52 ਸਾਲ ਪਹਿਲਾਂ ਹੋਈ ਨਿੱਘੀ ਮਿਲਣੀ...ਇਸ ਲਿਖਤ ਵਿਚ ਕੁੜੀਆਂ ਦੀ ਸੰਗਤ ਵਿਚ ਬਲਦੀ ਮੋਮਬੱਤੀ ਵਾਂਗ ਪਿਘਲਦੇ ਬਲਵੰਤ ਗਾਰਗੀ ਦੇ ਭਰਪੂਰ ਦਰਸ਼ਨ ਹੁੰਦੇ ਹਨ। ਪਹਿਲੀ ਕਿਸ਼ਤ ਵਿਚ ਕਾਨਾ ਸਿੰਘ ਦੇ ਗਾਰਗੀ ਨਾਲ ਹੋਏ ਅਦਭੁੱਤ ਪਰ ਦਿਲਚਸਪ ਮੇਲ ਦਾ ਜ਼ਿਕਰ ਸੀ। ਇਸ ਦੇ ਨਾਲ-ਨਾਲ ਗਾਰਗੀ ਦੀ ਉਸ ਬਾਰੀਕ ਅੱਖ ਦੀ ਵੀ ਚਰਚਾ ਸੀ ਜਿਸ ਦਾ ਰੰਗ ਉਹਦੇ ਨਾਟਕਾਂ ਦਾ ਬੜਾ ਜ਼ੋਰਦਾਰ ਪੱਖ ਹੈ। ਲੇਖ ਦੀ ਦੂਜੀ ਅਤੇ ਆਖਰੀ ਕਿਸ਼ਤ ਵਿਚ ਕਾਨਾ ਸਿੰਘ ਨੇ ਗਾਰਗੀ ਦੀ ਗੈਰ-ਹਾਜ਼ਰੀ ਵਿਚ ਲਗਾਤਾਰ ਲਗਦੀ ਹਾਜ਼ਰੀ ਦੀ ਗੱਲਾਂ-ਬਾਤਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ*

## ... ਤੇ ਬਾਹਰ ਤਾਲਾ ਸੀ-2

# ਗਾਰਗੀ ਦੇ ਹਿਤ ਵਿਚ

ਸ਼ਾਦੀ ਤੋਂ ਬਾਅਦ ਪਹਿਲੀ ਪੇਕੇ ਫੇਰੀ ਤੋਂ ਜਦੋਂ ਮੈਂ ਵਾਪਸ ਮੁੰਬਈ ਪਰਤੀ, ਕਿਤਾਬਾਂ ਵਾਲੀ ਪੇਟੀ ਵਿਚੋਂ ਸਭ ਪੰਜਾਬੀ ਪੁਸਤਕਾਂ ਗਾਇਬ ਸਨ; ਸਿਵਾਇ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਅਤੇ 'ਰੰਗਮੰਚ' ਦੇ।

"ਐਵੇਂ ਵਾਧੂ ਗੰਦ ਪਿਆ ਹੋਇਆ ਸੀ, ਮੈਂ ਸਭ ਰੱਦੀ ਵਿਚ ਕੱਢ ਦਿੱਤੀਆਂ।" ਮੇਰੇ ਪੁੱਛਣ ਉਤੇ ਜੀਤ ਨੇ ਦੱਸਿਆ।

ਬਹੁਤ ਦੇਰ ਤਕ ਤਾਂ ਮੈਂ ਇਹੋ ਸਮਝਦੀ ਰਹੀ ਸਾਂ ਕਿ ਜੀਤ ਪੰਜਾਬੀ ਨੂੰ ਗੰਵਾਰਾਂ ਦੀ ਭਾਸ਼ਾ ਤੇ ਪੰਜਾਬੀ ਸਾਹਿਤ ਨੂੰ ਲੱਚਰ ਸਾਹਿਤ ਸਮਝਦਾ ਸੀ, ਇਸੇ ਲਈ ਉਸ ਨੇ ਮੇਰੀ ਪੰਜਾਬੀ ਲਾਇਬ੍ਰੇਰੀ ਖਤਮ ਕਰ ਦਿੱਤੀ ਹੋਵੇਗੀ ਪਰ ਇਕ ਅਰਸੇ ਮਗਰੋਂ ਜਦੋਂ ਉਸ ਨੇ ਮੇਰੀ ਮੌਜੂਦਗੀ ਵਿਚ ਹੀ ਆਪਣੇ ਇਕ ਮਿੱਤਰ ਨੂੰ ਉਸ ਦੀ ਉਘੀ ਨਰਤਕੀ ਬੀਵੀ ਨੂੰ ਕਾਬੂ ਕਰਨ ਵਜੋਂ ਸਲਾਹ ਦਿੱਤੀ ਕਿ ਉਹ ਉਸ ਉਤੇ ਕੇਵਲ ਸਟੇਜ ਉਤੇ ਹੀ ਨੱਚਣ ਦੀ ਰੋਕ ਨਾ ਲਗਾਵੇ, ਸਗੋਂ ਘਰ ਵਿਚ ਵੀ ਉਸ ਦਾ ਨੱਚਣਾ ਬੰਦ ਕਰ ਦਏ, ਸਾਜ਼ ਵੇਚ ਦਏ, ਘੁੰਗਰੂ ਸੁੱਟ ਦਏ...'ਇਨ੍ਹਾਂ ਪਰਾਂ ਦੇ ਕੱਟਣ ਨਾਲ ਉਹ ਸਦਾ ਕਾਬੂ ਵਿਚ ਰਹੇਗੀ'; ਤਾਂ ਮੈਨੂੰ ਜੀਤ ਦੇ ਉਸ ਕਰਮ ਪਿੱਛੇ ਲੁਕੀ ਭਾਵਨਾ ਦੀ ਸਮਝ ਆ ਗਈ।

ਮੌਕਾ ਪਾ ਕੇ ਮੈਂ 'ਰੰਗ ਮੰਚ' ਨੂੰ ਨਿੱਕ-ਸੁੱਕ ਵਾਲੇ ਸੰਦੂਕ ਵਿਚ ਲੁਕਾਅ ਦਿੱਤਾ। ਮੁੰਬਈ ਦੇ ਪੱਚੀ-ਸਾਲਾ ਜੀਵਨ ਦੌਰਾਨ ਬੇਸ਼ਕ ਮੇਰੇ ਘਰ ਵਿਚ ਇਕ ਵੀ ਪੰਜਾਬੀ ਪੁਸਤਕ ਨਹੀਂ ਸੀ, ਪਰ ਹੌਲੀ-ਹੌਲੀ ਮੇਰਾ ਅੰਗਰੇਜ਼ੀ ਕਿਤਾਬਾਂ ਦੀ ਲਾਇਬ੍ਰੇਰੀ ਦਾ ਆਕਾਰ ਵਧਦਾ ਗਿਆ। ਘਰ ਦਾ ਤਾਲਾਬ ਤਾਂ ਸੁੱਕ-ਪੜੁੱਕ ਸੀ, ਪਰ ਸੰਸਾਰ ਸਾਹਿਤ ਦੇ ਮਹਾਨ ਸਾਗਰ ਦੀਆਂ ਚੁੱਭੀਆਂ ਮੇਰੇ ਵੱਸ 'ਚ ਸਨ।

ਮੁੰਬਈ ਦੇ ਨਿੱਕੇ-ਨਿੱਕੇ ਫਲੈਟਾਂ ਵਿਚ ਜਗ੍ਹਾ ਦੀ ਥੁੜ੍ਹ ਕਾਰਨ ਤੇ ਪਾਠਕਾਂ ਦੀ ਖਰੀਦ-ਸ਼ਕਤੀ ਤਕੜੀ ਹੋਣ ਕਾਰਨ ਲੋਕੀਂ ਕਿਤਾਬਾਂ ਪੜ੍ਹ ਕੇ ਛੇਤੀ ਹੀ ਰੱਦੀ ਵਿਚ ਕੱਢ ਦਿੰਦੇ ਹਨ। ਜਗ੍ਹਾ-ਜਗ੍ਹਾ ਲੱਗੀਆਂ ਪਟੜੀਆਂ ਉਤੇ ਗਿਆਨ-ਵਿਗਿਆਨ ਦੀਆਂ ਸਰਬੋਤਮ ਤੇ ਸ੍ਰੇਸ਼ਟ ਪੁਸਤਕਾਂ ਬਹੁਤ ਸਸਤੀ ਕੀਮਤ ਉਤੇ ਮਿਲ ਜਾਂਦੀਆਂ। ਸ਼ਾਮੀ ਸੌਦਾ-ਸਬਜ਼ੀ ਖਰੀਦਣ ਗਈ ਮੈਂ ਅਕਸਰ ਕੋਈ ਕਿਤਾਬ ਖਰੀਦ ਲੈਂਦੀ।

ਜਦੋਂ ਮੁੰਬਈ ਨੂੰ ਹਮੇਸ਼ਾਂ ਲਈ ਅਲਵਿਦਾ ਕਹਿਣ ਦੀ ਘੜੀ ਆਈ, ਮੈਂ ਆਪਣੀਆਂ ਸਾਰੀਆਂ ਕਿਤਾਬਾਂ ਸਾਹਿਤਕ ਰੁਚੀਆਂ ਰੱਖਣ ਵਾਲੇ ਸਨੇਹੀਆਂ ਮਿੱਤਰਾਂ ਨੂੰ ਵੰਡ ਆਈ; ਸਿਵਾਇ 'ਰੰਗ ਮੰਚ' ਦੇ ਜੋ ਘਰ ਖਾਲੀ ਕਰਨ ਵੇਲੇ ਸੇਜਲ ਤੇ ਸਿਉਂਕ ਦੀ ਮਾਰੀ ਮੈਨੂੰ ਪੜਛੱਤੀ ਦੇ ਭੁੱਲੇ-ਵਿਸਰੇ ਟਰੰਕ ਵਿਚੋਂ ਲੱਭੀ ਜਿਸ ਤੋਂ ਮੇਰਾ ਮੁੜ ਪੰਜਾਬੀ ਦੀ ਲਾਇਬ੍ਰੇਰੀ ਦਾ ਆਰੰਭ ਹੋਇਆ।...ਸ਼ੁਕਰ ਹੈ, ਗਾਰਗੀ ਨੇ ਪੁਸਤਕ ਉਪਰ ਦਸਤਖਤ ਨਹੀਂ ਸਨ ਕੀਤੇ!

...ਮੁੜ ਪਿੱਛੇ ਪਰਤਦੀ ਹਾਂ, ਉਸ ਮੁਲਾਕਾਤ ਵੱਲ। ਮੈਂ ਗਾਰਗੀ ਨੂੰ ਦੱਸਿਆ ਕਿ ਉਸ ਦੀ 'ਪੱਤਣ ਦੀ ਬੇੜੀ' ਨੂੰ ਮੁੱਖ ਰੱਖ ਕੇ ਮੈਂ ਐਮ.ਏ. ਦੀ ਪੜ੍ਹਾਈ ਦੌਰਾਨ ਉਸ ਦੀ ਨਾਟਕ ਕਲਾ ਉਤੇ ਲੇਖ ਲਿਖਿਆ ਸੀ।

"ਕੀ ਲਿਖਿਆ ਸੀ ਤੂੰ ਉਸ ਵਿਚ? ਲੈ ਕੇ ਕਿਉਂ ਨਹੀਂ ਆਈ? ਅਗਲੀ ਵਾਰ ਜ਼ਰੂਰ ਲੈ ਕੇ ਆਵੀਂ?" ਗਾਰਗੀ ਡਾਢਾ ਉਤਾਵਲਾ ਜਾਪਿਆ।

"ਫੇਰ ਕਦੋਂ ਆਵੇਂਗੀ?"

"ਪਤਾ ਨਹੀਂ ਆ ਸਕਾਂ ਕਿ ਨਾ।" ਤੇ ਮੈਂ ਉਸ ਨੂੰ ਦੱਸਿਆ ਕਿ ਆਉਂਦੀ ਚਾਰ ਫਰਵਰੀ ਨੂੰ ਮੈਂ ਮੁੰਬਈ ਲਈ ਰਵਾਨਾ ਹੋ ਰਹੀ ਸਾਂ। ਉਥੇ ਜੀਵਨ ਬੀਮਾ ਨਿਗਮ ਦੇ ਕੇਂਦਰੀ ਦਫਤਰ ਵਿਚ ਮੈਂ ਭਾਸ਼ਾ ਅਧਿਕਾਰੀ ਦੇ ਤੌਰ 'ਤੇ ਨਿਯੁਕਤ ਹੋ ਚੁੱਕੀ ਸਾਂ।

ਨਿਗਮ ਦੇ ਇਸ਼ਤਿਹਾਰ ਵਿਭਾਗ ਵਿਚ ਦੇਸ਼ ਦੀ ਹਰ ਬੋਲੀ ਦਾ ਮਾਹਿਰ ਹੁੰਦਾ ਹੈ ਜਿਸ ਨੇ ਜੀਵਨ ਬੀਮਾ ਲਈ ਆਪਣੀ ਬੋਲੀ ਵਿਚ ਇਸ਼ਤਿਹਾਰ ਲਿਖਣ, ਰੂਪਾਂਤਰਨ ਤੇ ਅਨੁਵਾਦ ਕਰਨ ਤੋਂ ਇਲਾਵਾ ਬੀਮੇ ਸਬੰਧੀ ਮੌਲਿਕ ਲੇਖ ਤੇ ਰਚਨਾਵਾਂ ਵੀ ਲਿਖਣੀਆਂ ਹੁੰਦੀਆਂ ਹਨ। ਨਿਗਮ ਦੇ ਦਿੱਲੀ ਕੇਂਦਰ ਵਿਚ ਹੋਏ ਇੰਟਰਵਿਊ ਵਿਚ ਮੈਂ ਚੁਣ ਲਈ ਗਈ ਸਾਂ। ਮੁੰਬਈ ਵਿਚ ਮੈਨੂੰ ਰਿਹਾਇਸ਼ ਦੇ ਨਾਲ-ਨਾਲ ਸਹਾਇਕ ਸੰਪਾਦਕ ਦੇ ਗਰੇਡ ਮੁਤਾਬਕ ਤਨਖਾਹ ਮਿਲਣੀ ਸੀ, ਤੇ ਜਾਣ ਲਈ ਰੇਲ ਦਾ ਫਸਟ ਕਲਾਸ ਦਾ ਕਿਰਾਇਆ ਵੀ।

"ਫਸਟ ਕਲਾਸ ਵਿਚ ਨਾ ਜਾਈਂ। ਇਕੱਲੀ ਕੁੜੀ ਲਈ ਸੇਫ਼ ਨਹੀਂ। ਤੂੰ ਡਿਲੈਕਸ ਗੱਡੀ ਵਿਚ ਜਾਹ, ਤੇ ਕਲ੍ਹ ਹੀ ਸਟੇਸ਼ਨ ਜਾ ਕੇ ਚੇਅਰ ਕਾਰ ਵਿਚ ਸੀਟ ਬੁੱਕ ਕਰਾ ਲੈ। ਤੇਰੇ ਲਈ ਇਹੀ ਠੀਕ ਰਹੇਗਾ।" ਗਾਰਗੀ ਨੇ ਸੁਝਾਅ ਦਿੱਤਾ।

ਆਪਣੀ ਹੋਸ਼ ਵਿਚ ਉਹ ਮੇਰਾ ਪਹਿਲਾ, ਇਕੱਲਾ ਤੇ ਲੰਮਾ ਸਫਰ ਸੀ। ਨਾ ਮੈਨੂੰ ਚੇਅਰ ਕਾਰ ਬਾਰੇ ਕੁਝ ਪਤਾ ਸੀ, ਤੇ ਨਾ ਹੀ ਪਹਿਲਾਂ ਤੋਂ ਬੁਕਿੰਗ ਕਰਾਉਣ ਬਾਰੇ।

"ਉਥੇ ਕਿਥੇ ਰਹੇਂਗੀ?" ਵਿਦਾ ਹੋਣ ਲਈ ਉਠਦਿਆਂ ਮੈਥੋਂ ਗਾਰਗੀ ਨੇ ਪੁੱਛਿਆ।

"ਜਦ ਤਕ ਨਿਗਮ ਵੱਲੋਂ ਫਲੈਟ ਨਹੀਂ ਮਿਲ ਜਾਂਦਾ, ਆਪਣੀ ਭੈਣ ਦੇ ਘਰ, ਖਾਰ।"

"ਰਾਜਿੰਦਰ ਸਿੰਘ ਬੇਦੀ ਨੂੰ ਜ਼ਰੂਰ ਮਿਲੀਂ, ਤੇ ਉਸ ਨਾਲ ਸੰਪਰਕ ਵੀ ਰੱਖੀਂ, ਪਰ ਮੇਰੇ ਨਾਲ ਹੋਈ ਇਸ ਮੁਲਾਕਾਤ ਦਾ ਉਕਾ ਜ਼ਿਕਰ ਨਾ ਕਰੀਂ। ਮੈਂ ਅਗਲੇ ਮਹੀਨੇ ਮੁੰਬਈ ਆਵਾਂਗਾ, ਤੇ ਬੇਦੀ ਮੈਨੂੰ ਤੇਰੇ ਨਾਲ ਰਸਮੀ ਤੌਰ 'ਤੇ ਪਰੀਚਿਤ ਕਰਾਵੇਗਾ।"

"ਕਿਉਂ?"

"ਤੇਰੇ ਹਿਤ ਵਿਚ ਇਹੀ ਠੀਕ ਹੋਵੇਗਾ।" ਉਹਦਾ ਉਤਰ ਸੀ।

ਮੁੰਬਈ ਦੀ ਨੌਕਰੀ ਸ਼ੁਰੂ ਕਰਨ 'ਤੇ ਕੁਝ ਦਿਨਾਂ ਵਿਚ ਹੀ ਮੈਨੂੰ ਉਥੋਂ ਦੇ ਸਾਹਿਤਕ ਖੇਤਰ ਵਿਚੋਂ ਫੋਨ 'ਤੇ ਸੱਦੇ ਆਉਣ ਲੱਗੇ। ਨਵ-ਵਿਆਹੀ ਕਹਾਣੀਕਾਰ ਜੋੜੀ ਕੁਲਦੀਪ ਬੱਗਾ ਤੇ ਰਾਜਿੰਦਰ ਕੌਰ, ਪ੍ਰੀਤਮ ਬੇਲੀ, ਸਾਗਰ ਸਰਹੱਦੀ, ਹਰਬੰਸ ਦੋਸਤ, ਮਿੰਨੀ ਗਰੇਵਾਲ ਤੇ ਫਿਲਮ ਨਿਰਦੇਸ਼ਕ ਗੁਲਜ਼ਾਰ (ਉਦੋਂ ਉਹ ਗੁਲਜ਼ਾਰ ਦੀਨਵੀ ਅਖਵਾਉਂਦਾ ਸੀ), ਸਾਰੇ ਵਾਰੋ-ਵਾਰੀ ਮੇਰੇ ਦਫਤਰ ਵਿਚ ਮੈਨੂੰ ਮਿਲਣ ਆਏ।

ਇਹ ਸਾਰੇ ਸਵਰਨ ਦੇ ਮਿੱਤਰ ਸਨ, ਤੇ ਸਵਰਨ ਨੇ ਸਭ ਨੂੰ ਚਿੱਠੀਆਂ ਪਾ ਦਿੱਤੀਆਂ ਸਨ ਮੈਨੂੰ ਮਿਲਣ ਲਈ, ਮੇਰਾ ਖਿਆਲ ਰੱਖਣ ਲਈ।

ਇਕ ਅੱਧ ਮਹੀਨੇ ਵਿਚ ਹੀ ਰਾਜਿੰਦਰ ਕੌਰ ਤੇ ਪ੍ਰੀਤਮ ਬੇਲੀ ਹੋਰਾਂ ਦੇ ਘਰ ਇਕ ਐਤਵਾਰ ਮਨਾ ਕੇ ਮੈਂ ਸ਼ਾਮੀਂ ਉਨ੍ਹਾਂ ਨਾਲ ਰਾਜਿੰਦਰ ਸਿੰਘ ਬੇਦੀ ਨੂੰ ਮਿਲਣ ਚਲੀ ਗਈ। ਉਥੇ ਗੱਲਬਾਤ ਦੌਰਾਨ ਗਾਰਗੀ ਦਾ ਜ਼ਿਕਰ ਆਉਂਦਿਆਂ ਹੀ ਮੇਰੇ ਮੂੰਹੋਂ ਨਿਕਲ ਗਿਆ: "ਉਹ ਅਗਲੇ ਮਹੀਨੇ ਮੁੰਬਈ ਆ ਰਿਹੈ।"

"ਪਰ ਅਚਲਾ (ਸਚਦੇਵ) ਨੂੰ ਤਾਂ ਇਸ ਦੀ ਕੋਈ ਖ਼ਬਰ ਨਹੀਂ। ਉਹ ਹੁਣੇ ਹੀ ਮਿਲ ਕੇ ਗਈ ਹੈ।" ਬੇਦੀ ਨੇ ਹੈਰਾਨੀ ਪ੍ਰਗਟ ਕੀਤੀ।

...

ਆਪਣੀ ਹਰ ਵਾਦੀ ਦਾ ਮੂਲ ਆਪਣੇ ਬਚਪਨ ਵਿਚੋਂ ਲੱਭਣ ਦੀ ਮੇਰੀ ਆਦਤ ਜਿਹੀ ਹੈ।...ਮੇਰੇ ਦੇਸ਼ ਭਗਤ ਭਾਪਾ ਜੀ ਨੂੰ ਗਹਿਣਿਆਂ ਤੋਂ ਵੀ ਉਤਨੀ ਹੀ ਨਫਰਤ ਸੀ ਜਿਤਨੀ ਵਿਦੇਸ਼ੀ ਮਾਲ ਤੋਂ।

"ਕੁੜੀਆਂ ਦੇ ਨੱਕ-ਕੰਨ ਸਲਾ ਕੇ ਸਰੂਪਨੱਖਾ ਬਣਾਣ ਨੀਂ ਕੋਈ ਲੋੜ ਨਹੀਂ।" ਉਨ੍ਹਾਂ ਦਾ ਮਾਂ ਨੂੰ ਪੱਕਾ ਆਦੇਸ਼ ਸੀ।

ਜੋ ਵਰਜਿਤ ਹੋਵੇ, ਉਸ ਲਈ ਲਲਚਾਣਾ ਇਨਸਾਨੀ, ਤੇ ਖਾਸ ਕਰ ਕੇ ਬਾਲ ਮਨ ਲਈ ਸੁਭਾਵਕ ਹੀ ਹੈ।...ਬੱਚੀ ਸਾਂ ਮੈਂ ਪੰਜ ਸੱਤ ਸਾਲ ਦੀ ਕਿ ਇਕ ਦਿਨ ਗਲੀ ਵਿਚ ਕੰਨ ਸੱਲਣ ਵਾਲੇ ਡੰਗੋਤਰੇ ਦਾ ਹੋਕਰਾ ਸੁਣ ਕੇ ਮੈਂ ਬੇਚੈਨ ਹੋ ਗਈ। ਗਲੀ ਦੀਆਂ ਮਾਵਾਂ ਆਟੇ ਦੀ ਇਕ-ਇਕ ਪੜੋਪੀ ਬਦਲੇ ਆਪਣੀਆਂ ਬੱਚੀਆਂ ਦੇ ਕੰਨ ਸਲਾਅ ਰਹੀਆਂ ਸਨ। ਮੈਂ ਵੀ ਅੜੀ ਕਰਨ ਲੱਗੀ। ਮਾਂ ਨੇ ਬਥੇਰਾ ਸਮਝਾਇਆ ਪਰ ਮੇਰੀ ਜ਼ਿਦ ਅੱਗੇ ਪੇਸ਼ ਨਾ ਜਾਂਦੀ ਵੇਖ ਕੇ ਬੋਲੀ, "ਅੱਛਾ ਬਾਬਾ ਸਲਾਅ ਦੇਨੀ ਆਂ, ਪਰ ਵਾਹਿਦਾ ਕਰ ਕਿ ਪੀਊ ਕੀ ਉੱਕਾ ਨਾ ਦਸਸੇਂ। ਉਸ ਨੇ ਆਣੇ ਤੂੰ ਪਹਿਲਾਂ ਹੀ ਰੁਮਾਲ ਵਲ੍ਹੇਟ ਕੈ ਸੌਂ ਜਾਵੀਂ। ਨਹੀਂ ਤੈ ਉਹ ਮੇਰੀ ਬੁਰੀ ਬਾਬ ਕਰਸੀ।"

ਸਿੱਕੇ ਦੀ ਤਾਰ ਦੀਆਂ ਮੁਰਕੀਆਂ ਮੇਰੇ ਕੰਨਾਂ ਵਿਚ ਪੈ ਗਈਆਂ। ਬਸ ਦੋ ਚਾਰ ਦਿਨ ਹੀ ਭਾਪਾ ਜੀ ਦੇ ਘਰ ਪਰਤਣ ਤੋਂ ਪਹਿਲਾਂ ਮੈਂ ਬਿਸਤਰੇ ਵਿਚ ਵੜ ਜਾਣਾ ਸੀ, ਤੇ ਫੇਰ ਛੇਦ ਮੌਲਣ ਉਤੇ ਬੇਜੀ ਨੂੰ ਕੰਨਾਂ ਦੇ ਬੂੰਦੇ ਲੈ ਕੇ ਦੇਣ ਲਈ ਰਾਜ਼ੀ ਕਰ ਲੈਣਾ ਸੀ। ਬੇਜੀ ਦੇ ਪੂਰੇ ਦੇ ਪੂਰੇ ਕੰਨ ਛੇਦੇ ਹੋਏ ਸਨ ਤੇ ਉਨ੍ਹਾਂ ਵਿਚ ਲਟਕ ਰਹੀਆਂ ਹੁੰਦੀਆਂ ਸਨ ਸੋਨੇ ਦੀਆਂ ਵਾਲੀਆਂ। ਜਦੋਂ ਹੱਸਦੇ ਤਾਂ ਨਾਲ-ਨਾਲ ਡੋਲਦੀਆਂ ਮਾਨੋਂ ਬੇਜੀ ਦੀਆਂ ਗੱਲਾਂ ਦਾ ਹੁੰਗਾਰਾ ਭਰ ਰਹੀਆਂ ਹੋਣ।

ਬੇਜੀ ਦੇ ਸਾਹਵੇਂ ਭਾਪਾ ਜੀ ਨੇ ਕੋਈ ਹੀਲ-ਹੁੱਜਤ ਨਹੀਂ ਸੀ ਕਰਨੀ, ਇਹ ਮੇਰਾ ਪੱਕਾ ਨਿਸਚਾ ਸੀ। ਕੰਨ ਵਿੰਨ੍ਹਾਂ ਕੇ ਕੋਠੇ ਦੀ ਬਾਰੀ ਉਪਰ ਰੱਖੇ ਸ਼ੀਸ਼ੇ ਦੇ ਟੁਕੜੇ ਵਿਚੋਂ ਵਾਰ-ਵਾਰ ਆਪਣਾ ਅਕਸ ਵੇਖਦੀ ਨੇ ਹਜ਼ਾਰਾਂ ਸੁਪਨੇ ਬੁਣ ਲਏ। ਮਨ ਨੂੰ ਵੀ ਨਾਲ ਨਾਲ ਪੱਕਾ ਕਰਦੀ ਰਹੀ।

"ਨਹੀਂ ਦਸਣਾ, ਨਹੀਂ ਦਸਣਾ; ਮੈਂ ਭਾਪਾ ਜੀ ਕੀ ਉਕਾ ਨਹੀਂ ਦਸਣਾ। ਉਨ੍ਹਾਂ ਨੇ ਆਣੈ ਤੂ ਪਹਿਲਾਂ ਹੀ ਰੁਮਾਲ ਬੰਨ੍ਹ ਕੈ ਸੌਂ ਜਾਸਾਂ।"

ਭਾਪਾ ਜੀ ਰਾਤ ਦੀ ਗੱਡੀ ਉਤੇ ਆਉਂਦੇ ਸਨ ਤੇ ਸਵੇਰੇ ਸਰਘੀ ਵੇਲੇ ਮੁੜ ਸਟੇਸ਼ਨ ਚਲੇ ਜਾਂਦੇ ਸਨ, ਗੱਡੀ ਫੜਨ। ਮੰਧਰੇ ਲਈ। ਪੈਟਰੋਲ ਪੰਪ 'ਤੇ ਹਾਜ਼ਰ ਹੋਣ।

ਰੱਬ ਸਬੱਬੀ ਭਾਪਾ ਜੀ ਉਸ ਦਿਨ ਜਲਦੀ ਹੀ ਆ ਗਏ। ਹਮੇਸ਼ਾਂ ਵਾਂਗ ਫਲਾਂ ਤੇ ਮਿਠਾਈਆਂ ਦੇ ਝੋਲਿਆਂ ਸਮੇਤ, ਤੇ ਹਮੇਸ਼ਾਂ ਵਾਂਗ ਹੀ ਮੈਂ 'ਭਾਪਾ ਜੀ ਆ ਗਏ' 'ਭਾਪਾ ਜੀ ਆ ਗਏ' ਕਰਦੀ, ਛਲਾਂਗਾਂ ਮਾਰਦੀ ਉਨ੍ਹਾਂ ਦੀਆਂ ਲੱਤਾਂ ਨਾਲ ਚੰਬੜ ਗਈ ਤੇ ਫਿਰ ਜਿਉਂ ਹੀ ਕੰਨਾਂ ਦਾ ਖਿਆਲ ਆਇਆ ਤਾਂ ਕੰਨਾਂ ਉਤੇ ਹੱਥ ਧਰ ਕੇ ਬੋਲ ਪਈ: "ਨਾਂਹ ਦਸਨੀ ਨਾਂਹ ਦਸਨੀ, ਮੈਂ ਕੰਨ ਸਲਾਏ ਨੁ ਤੁਸਾਂ ਕੀ ਨਾਂਹ ਦਸਨੀ।"

"ਕਿਉਂ ਬਣਾ ਦਿਤਾ ਈ ਕੁੜੀ ਕੀ ਸਰੂਪ ਨੱਖਾਂ", ਆਖਦਿਆਂ ਉਸੇ ਵੇਲੇ ਹੀ ਭਾਪਾ ਜੀ ਨੇ ਮੇਰੇ ਕੰਨਾਂ ਵਿਚੋਂ ਉਹ ਸਿੱਕੇ ਦੀਆਂ ਮੁਰਕੀਆਂ ਧਰੂ ਦਿੱਤੀਆਂ।

"ਨਿੱਜ ਨਾ ਜੰਮਨੀਏਂ ਜਿੰਨਣੀਏਂ", ਆਖਦੀ ਮਾਂ ਦਾ ਹਾਸਾ ਨਿਕਲ ਗਿਆ ਤੇ ਭਾਪਾ ਜੀ ਦਾ ਵੀ।

"ਇਸ ਨੇ ਢਿੱਡੇ 'ਚ ਦਾਦੀ ਹਾਰ ਕੋਈ ਗੱਲ ਨਹੀਂ ਪਚਨੀ। ਜਿਹੜੀ ਗੱਲ ਮਨ੍ਹਾਂ ਕਰੋ, ਉਹ ਤੈ ਜ਼ਰੂਰ ਹੀ ਦੱਸ ਕੈ ਛੋੜਸੀ", ਮਾਂ ਆਖਦੀ ਹੁੰਦੀ ਸੀ।...

...ਗਾਰਗੀ ਦੇ ਵਰਜਿਤ ਕਰਨ ਦੇ ਬਾਵਜੂਦ ਮੈਂ ਉਸ ਨਾਲ ਹੋਈ ਆਪਣੀ ਪਛਾਣ ਦਾ ਭੇਤ ਬੇਦੀ ਨੂੰ ਦੱਸ ਬੈਠੀ ਸਾਂ। ਇਸ ਸ਼ਰਮਿੰਦਗੀ ਕਾਰਨ ਮੈਂ ਮੁੜ ਕੇ ਨਾ ਕਦੇ ਰਾਜਿੰਦਰ ਸਿੰਘ ਬੇਦੀ ਨਾਲ ਹੀ ਕੋਈ ਸੰਪਰਕ ਰੱਖਿਆ, ਤੇ ਨਾ ਹੀ ਗਾਰਗੀ ਨਾਲ।

ਆਉਂਦੀ ਤੇਰਾਂ ਅਪਰੈਲ ਨੂੰ ਵੀਰ ਜੀ ਦੀ ਸ਼ਾਦੀ ਹੋ ਗਈ, ਤੇ ਹਫਤੇ ਮਗਰੋਂ ਹੀ ਉਹ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ। ਉਸ ਉਪਰੰਤ ਮਾਪਿਆਂ ਦੀਆਂ ਮਿੰਨਤਾਂ ਅੱਗੇ ਝੁਕਦੀ ਛੇਤੀ ਹੀ ਮੈਂ ਮੰਗਣੀ ਲਈ ਰਾਜ਼ੀ ਹੋ ਗਈ, ਤੇ ਬਾਰਾਂ ਸਤੰਬਰ ਨੂੰ ਵਿਆਹ ਲਈ ਵੀ। ਸ਼ਾਦੀ ਹੁੰਦਿਆਂ ਹੀ ਮੈਂ ਨੌਕਰੀ ਤੋਂ ਅਸਤੀਫਾ ਦੇ ਦਿੱਤਾ, ਤੇ ਘਰ ਦੀ ਚਾਰਦੀਵਾਰੀ ਨੂੰ ਕਬੂਲ ਕਰ ਲਿਆ।

ਜੀਤ ਨਾਲ ਤਬਾਹੀ ਦੀ ਹੱਦ ਤਕ ਮੇਰੀ ਇਕਪਾਸੜ ਮੁਹੱਬਤ ਅਤੇ ਸੁਪਨਿਆਂ ਦੇ ਆਦਰਸ਼ ਲਈ ਸਹਿਕ-ਉਮਰ, ਚੱਕੀ ਦੇ ਇਨ੍ਹਾਂ ਦੋਹਾਂ ਪੁੜਾਂ ਵਿਚ ਪਿਸਦੀ ਮੁੰਬਈ ਦੇ ਵਰਸੋਵਾ ਤਟ ਉਤੇ ਰਹਿੰਦੀ, ਆਪਣੇ ਅੰਦਰਲੇ ਤੇ ਬਾਹਰਲੇ ਤੂਫਾਨਾਂ ਨਾਲ ਭਿੜਦੀ ਤੇ ਹਰ ਮੰਝਧਾਰ ਵਿਚ ਡਗਮਗਾਉਂਦੀ ਮੇਰੀ ਜੀਵਨ ਬੇੜੀ ਵਿਚ ਗਾਰਗੀ ਮਾਨੋ ਅਛੋਪਲੇ ਹੀ ਪ੍ਰਵੇਸ਼ ਕਰ ਜਾਂਦਾ ਤੇ ਮੈਨੂੰ ਧੀਰਜ ਬੰਨ੍ਹਾ, ਕਿਨਾਰੇ 'ਤੇ ਲਗਾ ਲੋਪ ਹੋ ਜਾਂਦਾ।

ਜੀਤ ਦੇ ਸ਼ੱਕੀ ਸੁਭਾਅ ਕਾਰਨ ਕਦਮ-ਕਦਮ ਉਤੇ ਹਰ ਨਜ਼ਰ ਤੋਂ ਤ੍ਰਹਿਕਦੀ ਤੇ ਆਪਣੇ ਆਪ ਵਿਚ ਸੁੰਗੜਦੀ ਦੇ ਕੰਨਾਂ ਵਿਚ ਗਾਰਗੀ ਜਿਵੇਂ ਫੂਕਦਾ ਰਿਹਾ ਹੋਵੇ-'ਜੋ ਕੁਝ ਵੀ ਵਾਪਰਦਾ ਹੈ, ਉਹ ਨਾਮੁਕਿਨ ਨਹੀਂ ਤੇ ਜੇ ਉਹ ਮੁਮਕਿਨ ਹੀ ਹੈ ਤੇ ਕਦੇ ਵੀ, ਕਿਧਰੇ ਵੀ, ਕਿਸੇ ਵੀ ਦੀਪੋ ਨਾਲ ਹੁੰਦਾ ਥੀਂਦਾ ਰਿਹਾ ਹੈ ਤੇ ਰਹੇਗਾ ਤਾਂ ਫਿਰ ਗ਼ਮ ਕਾਹਦਾ?' ...ਗਾਰਗੀ ਵਲੋਂ ਇਨ੍ਹਾਂ ਆਪ ਸਿਰਜੇ ਸ਼ਬਦਾਂ ਦੇ ਚੱਪੂ ਸੰਗ ਮੈਂ ਆਪਣੀ ਗ੍ਰਹਿਸਥ-ਨਈਆ ਠ੍ਹੇਲਦੀ ਰਹੀ।

ਨੌਂ ਸਾਲ ਵਰਸੋਵਾ ਤਟ ਦੀ ਖੂਬਸੂਰਤ ਬਸਤੀ 'ਸਾਤ ਬੰਗਲਾ' ਵਿਚ ਰਹਿਣ ਮਗਰੋਂ ਅਸੀਂ ਪੂਰਬੀ ਸਾਂਤਾਕਰੂਜ਼ ਆ ਗਏ, ਆਪਣੇ ਫਲੈਟ ਵਿਚ।...ਕਿੱਥੇ ਸਾਗਰ ਕੰਢੇ ਸਥਿਤ ਗਵਾਲੀਅਰ ਪੈਲੇਸ ਦੇ ਮੋਕਲੇ ਕਮਰੇ ਦੀਆਂ ਸਮੁੰਦਰ ਵੱਲ ਖੁੱਲ੍ਹਦੀਆਂ ਉਹ ਆਦਮਕੱਦ ਖਿੜਕੀਆਂ, ਸਾਗਰ ਛੱਲਾਂ ਦਾ ਉਹ ਜਵਾਰਭਾਟਾ, ਸਮੁੰਦਰੀ 'ਵਾਵਾਂ ਨਾਲ ਬੰਗਲੇ ਦੇ ਵਿਸ਼ਾਲ ਮੈਦਾਨ ਵਿਚ ਸਾਂ-ਸਾਂ ਕਰਦੇ ਨਾਰੀਅਲ, ਚੀਕੂ, ਅਮਰੂਦ, ਸਿੰਗਾਫਲੀ ਤੇ ਜੰਗਲੀ ਬਦਾਮਾਂ ਦੇ ਬਿਰਛ ਤੇ ਕਿੱਥੇ ਇਹ ਘੁੱਗ ਵੱਸਦੀ ਵਾਕੋਲਾ ਦੀ ਉਦਯੋਗਿਕ ਬਸਤੀ ਦੀ ਪ੍ਰਦੂਸ਼ਿਤ ਹਵਾ ਦੀ ਸੜ੍ਹਾਂਦ, ਮੱਖੀਆਂ ਤੋਂ ਵੀ ਵੱਡੇ ਮੱਛਰ ਤੇ ਮਾਚਿਸ-ਡੱਬੀਆਂ ਵਰਗੇ ਫਲੈਟਾਂ ਦੀ ਘੁਟਣ!

ਫਲੈਟ ਦੇ ਪਿਛਲੇ ਸੌਣ ਕਮਰੇ ਨਾਲ ਲਗਦੀ ਬਾਲਕੋਨੀ ਨੂੰ ਛੱਤ ਕੇ ਅਸਾਂ ਰਸੋਈ ਬਣਾ ਲਈ ਤੇ ਰਸੋਈ ਨੂੰ ਬੱਚਿਆਂ ਦੇ ਨਿਵੇਕਲੇ ਕਮਰੇ ਵਿਚ ਤਬਦੀਲ ਕਰ ਲਿਆ ਪਰ ਮੂਹਰਲੀ ਬੈਠਕ ਵਾਲੀ ਗੈਲਰੀ ਨੂੰ, ਸਾਡਾ ਖੁੱਲ੍ਹਿਆਂ ਹੀ ਛੱਡਣ ਦਾ ਇਰਾਦਾ ਸੀ, ਤਾਂ ਜੁ ਅੰਦਰੋਂ ਹੁਸੜ ਕੇ ਕਦੇ ਬਾਹਰ ਆਣ ਖਲੋਈਏ, ਤੇ ਸੜਕ 'ਤੇ ਲੰਘਦੇ-ਪਲੰਘਦੇ ਲੋਕਾਂ ਨੂੰ ਵੇਖ ਸਕੀਏ।


ਸਾਡੇ ਫਲੈਟ ਦੇ ਐਨ ਸਾਹਮਣੇ ਕਿਸ਼ੋਰ ਦਾ ਘਰ ਸੀ। ਪੁਰਤਗਾਲੀ ਤੇ ਗੁਜਰਾਤੀ ਨਸਲਾਂ ਦੇ ਮੇਲ 'ਚੋਂ ਪੈਦਾ ਹੋਇਆ ਤੇ ਵਿਗਸਿਆ, ਪਿਆਨੋ ਦੀ ਕਾਰੀਗਰੀ ਵਿਚ ਪ੍ਰਬੀਨ ਸਾਰੀ ਮੁੰਬਈ ਵਿਚ ਉਹ ਇਕ ਮਾਤਰ ਘਰਾਣਾ ਸੀ, ਤੇ ਕਿਸ਼ੋਰ ਮਿਸਤਰੀ (ਮਿਸਤਰੀ ਗੋਤ ਹੈ) ਇਸ ਘਰਾਣੇ ਦਾ ਸਿਰਕੱਢ ਕਾਰੀਗਰ। ਬਾਈ ਤੇਈ ਸਾਲਾਂ ਦਾ ਨੱਢਾ, ਗਜ਼ਬ ਦਾ ਸੁਹਣਾ, ਚੌੜੀ ਛਾਤੀ, ਸੁਹਣੇ ਨੈਣ-ਨਕਸ਼ ਤੇ ਸੁਡੌਲ ਬਦਨ, ਦਸਤੀ ਕੰਮ ਨਾਲ ਕਮਾਈਆਂ ਹੋਈਆਂ ਉਸ ਦੀਆਂ ਬਾਹਵਾਂ ਦੀ ਬਣਾਵਟ ਵੇਖਦਿਆਂ ਹੀ ਬਣਦੀ। ...

ਲੌਂਢਾ ਵੇਲਾ ਸੀ। ਇਕੱਲੀ, ਉਦਾਸ ਬਾਲਕੋਨੀ ਵਿਚ ਖੜੋਤੀ ਪਤਾ ਨਹੀਂ ਕਿਹੜੇ ਖਿਆਲਾਂ ਵਿਚ ਗੁਆਚੀ ਹੋਈ ਸਾਂ ਪਰ ਨਜ਼ਰ ਮੇਰੀ ਕਿਸ਼ੋਰ ਉਤੇ ਸੀ। ਰੰਦਾ ਮਾਰਦੇ ਉਸ ਦੇ ਡੌਲਿਆਂ ਦੀਆਂ ਉਭਰਦੀਆਂ ਤੇ ਡੁੱਬਦੀਆਂ ਮੱਛੀਆਂ ਦੀ ਖੇਡ ਵਿਚ ਲੀਨ...ਮੇਰੇ ਅੰਦਰ ਦੇ ਦੀਪੋ ਦੀ ਮਾਸੂਮ ਜਿਹੀ ਭਾਵਨਾ!

ਪਤਾ ਹੀ ਨਾ ਲੱਗਾ ਕਦੋਂ ਜੀਤ ਮੇਰੇ ਮਗਰ ਆ ਖਲੋਤਾ, ਮੇਰੀ ਨੀਝ ਨੂੰ ਘੋਖਦਾ।

ਕਿਸ਼ੋਰ ਮੇਰੀ ਤੱਕਣੀ ਤੋਂ ਬੇਖਬਰ ਸੀ ਤੇ ਮੈਂ ਜੀਤ ਦੀ ਤੋਂ। ਅਚਾਨਕ ਪਿੱਛੇ ਪਰਤ ਕੇ ਜੁ ਵੇਖਿਆ ਤਾਂ ਜੀਤ ਦੇ ਚਿਹਰੇ ਦੀ ਕਾਲੀ ਕਰੂਰ

*(ਬਾਕੀ ਅਗਲੇ ਸਫੇ 'ਤੇ)*



*ਬਲਵੰਤ ਗਾਰਗੀ*




*ਚੰਦ ਸਾਲਾਂ ਮਗਰੋਂ (1986-87) ਮੁਹਾਲੀ ਵਿਚ ਆ ਵੱਸਣ ਮਗਰੋਂ ਸਾਹਿਤਕ ਖੇਤਰ ਵਿਚ ਪੈਰ ਪਾਉਣ ਉਤੇ ਮੈਨੂੰ 'ਨੰਗੀ ਧੁੱਪ' ਬਾਰੇ ਸਾਹਿਤਕਾਰਾਂ ਦੀ ਕਰੜੀ ਆਲੋਚਨਾ ਸੁਣਨ ਨੂੰ ਮਿਲੀ। ਬਹੁਤਿਆਂ ਦਾ ਕਹਿਣਾ ਸੀ ਕਿ ਗਾਰਗੀ ਨੇ ਉਸ 'ਦੂਜੀ ਔਰਤ' ਨਾਲ ਬੇਇਨਸਾਫੀ ਕੀਤੀ ਹੈ। ਉਸ ਨੂੰ ਕਿਧਰੇ ਮੂੰਹ ਦੇਣ ਜੋਗਾ ਨਹੀਂ ਛੋੜਿਆ, ਆਦਿ। ਪਰ ਮੈਨੂੰ ਇਹ ਸਭ ਵਕਤੀ ਤੇ ਇਕਪਾਸੜ ਪ੍ਰਤੀਕਰਮ ਜਾਪਦੇ। ਇਹ ਸੱਚ ਉਨ੍ਹਾਂ ਦਾ ਹੈ ਜੋ ਉਸ ਦੂਜੀ ਔਰਤ ਨੂੰ ਜਾਣਦੇ ਹਨ। ਖਾਸ ਸਮੇਂ ਤੇ ਸਥਾਨ ਦੀ ਸੀਮਾ ਵਿਚ ਰੱਖ ਕੇ ਸਾਹਿਤ ਦਾ ਮੁੱਲਾਂਕਣ ਕਰਨਾ ਕਿਤਨਾ ਕੁ ਵਾਜਬ ਹੈ?*

ਰੰਗਤ ਤੋਂ ਸਹਿਮ ਗਈ।

ਕੁਝ ਦਿਨਾਂ ਮਗਰੋਂ ਹਰ ਸਾਲ ਵਾਂਗ ਬੱਚਿਆਂ ਸਮੇਤ ਦੀਵਾਲੀ ਦੀਆਂ ਤਿੰਨ ਹਫਤਿਆਂ ਦੀਆਂ ਛੁੱਟੀਆਂ ਪੇਕੇ ਦਿੱਲੀ ਗੁਜ਼ਾਰ ਕੇ ਜਦੋਂ ਵਾਪਸ ਘਰ ਪਰਤੀ, ਤਾਂ ਬਾਲਕੋਨੀ ਵਿਚ ਕੇਵਲ ਲੋਹੇ ਦੀ ਭਾਰੀ ਗਰਿਲ ਹੀ ਨਹੀਂ ਸੀ ਲੱਗੀ ਹੋਈ, ਸਗੋਂ ਸਾਗਵਾਨ ਦੀਆਂ ਖਿੜਕੀਆਂ ਦੇ ਬੰਦ ਪੱਲੇ ਵੀ ਸਨ; ਨਾ ਜਾਲੀ ਤੇ ਨਾ ਕੱਚ ਨਾਲ ਬੀੜੇ, ਸਗੋਂ ਨਿਰੋਲ ਲੱਕੜੀ ਦੇ...!

ਗਾਰਗੀ ਦੀ 'ਪੱਤਣ ਦੀ ਬੇੜੀ' ਮੈਨੂੰ ਕੀਕੂੰ ਵਿਸਰਦੀ?

ਮੇਰੀ ਸਮੁੱਚੀ ਵਿਆਹੁਤਾ ਜ਼ਿੰਦਗੀ ਧਾਗੇ ਨਾਲ ਲਟਕੀ ਤਲਵਾਰ ਵਰਗੀ ਸੀ। ਅਸੁਰੱਖਿਆ ਦੀ ਭਾਵਨਾ ਹਮੇਸ਼ਾ ਬਣੀ ਰਹਿੰਦੀ। ਚੰਗੇ ਪਲਾਂ ਵਿਚ ਵੀ ਧੁੜਕੂ ਜਿਹਾ ਲੱਗਾ ਰਹਿੰਦਾ ਕਿ ਜੇ ਜੀਤ ਨੂੰ ਫੇਰ ਘਰ ਛੱਡਣ ਦਾ ਦੌਰਾ ਪੈ ਗਿਆ ਤਾਂ? ਕੀਕੂੰ ਕਰਾਂਗੀ ਬੱਚਿਆਂ ਦੀ ਪਰਵਰਿਸ਼?

ਚਾਲੀਆਂ ਵਿਚ ਪ੍ਰਵੇਸ਼ ਕਰ ਚੁੱਕੀ ਸਾਂ ਤੇ ਇਕ ਪੈਸਾ ਵੀ ਕਮਾ ਸਕਣ ਦਾ ਸਵੈ-ਵਿਸ਼ਵਾਸ ਮੇਰੇ ਵਿਚ ਨਹੀਂ ਸੀ।

ਇਧਰ ਜੀਤ ਦੇ ਸੈਰ-ਸਪਾਟੇ ਵਧ ਰਹੇ ਸਨ। ਕਦੇ ਸ੍ਰੀਨਗਰ ਦੀ ਸੈਰ ਨੂੰ ਘਰੋਂ ਨਿਕਲਿਆ ਉਹ ਕੰਨਿਆ ਕੁਮਾਰੀ ਤੋਂ ਆਣ ਪਰਤਦਾ ਤੇ ਕਦੇ ਨੇਪਾਲ ਲਈ ਕਹਿ ਕੇ ਗਿਆ, ਹਾਂਗਕਾਂਗ ਤੋਂ।

ਦਸੰਬਰ, ਉਨੀ ਸੌ ਉਨਾਸੀ ਦੀ ਗੱਲ ਹੈ। ਜੀਤ ਸਿੰਘਾਪੁਰ ਗਿਆ ਹੋਇਆ ਸੀ। ਸਾਂਤਾਕੂਰਜ਼ ਬਾਜ਼ਾਰ ਵਿਚੋਂ ਸਬਜ਼ੀ-ਭਾਜੀ ਖਰੀਦਦਿਆਂ ਮੇਰਾ ਟਾਕਰਾ ਰਮਾ ਕੰਚਨ ਨਾਲ ਹੋ ਗਿਆ।

ਰਮਾ ਦਾ ਪਤੀ ਟਾਟਾ ਕੰਪਨੀ ਵਿਚ ਕਲਰਕ ਸੀ ਤੇ ਸ਼ਾਮ ਨੂੰ ਘਰ ਵਿਚ ਸ਼ੌਕੀਆ ਹੋਮਿਉਪੈਥੀ ਦੀ ਚਕਿਤਸਾ ਵੀ ਕਰਦਾ ਹੁੰਦਾ ਸੀ। ਇਕ ਸਾਲ ਪਹਿਲਾਂ ਉਹ ਅਚਾਨਕ ਦਿਲ ਦੇ ਦੌਰੇ ਨਾਲ ਸੁਰਗਵਾਸ ਹੋ ਗਿਆ ਸੀ। ਪੈਂਤੀ ਕੁ ਸਾਲਾਂ ਦੀ ਉਮਰ ਦੀ, ਮਿਡਲ ਪਾਸ ਤੇ ਦੋ ਬੱਚਿਆਂ ਦੀ ਮਾਂ ਰਮਾ ਪੁਰਾਣੀ ਜਿਹੀ ਚਾਲ ਦੇ ਇਕ ਕਮਰੇ ਵਿਚ ਰਹਿੰਦੀ ਸੀ। ਉਸ ਕੋਲ ਨਾ ਤੇ ਕੋਈ ਪੈਸਾ-ਧੇਲਾ ਹੀ ਸੀ ਤੇ ਨਾ ਹੀ ਕੋਈ ਕਮਾਈ ਦਾ ਸਾਧਨ। ਅਸਾਂ ਲੋਕਾਂ ਨੇ ਰਲ-ਮਿਲ ਕੇ ਉਸ ਨੂੰ ਇਕ ਲੱਖ ਰੁਪਇਆ ਇਕੱਠਾ ਕਰ ਕੇ ਦਿੱਤਾ ਸੀ ਜਿਸ ਦੇ ਵਿਆਜ ਨਾਲ ਉਸ ਰੋਟੀ ਚਲਾਉਣੀ ਸੀ।

ਅੱਜ ਇਕ ਸਾਲ ਮਗਰੋਂ ਦੀ ਰਮਾ ਨੂੰ ਵੇਖ ਕੇ ਮੈਂ ਦੰਗ ਰਹਿ ਗਈ। ਸੋਹਣੀ, ਬਣੀ ਸੰਵਰੀ, ਖਿੜੀ ਤੇ ਸਵੈ-ਵਿਸ਼ਵਾਸ ਨਾਲ ਭਰਪੂਰ! ਉਹਨੇ ਦੱਸਿਆ ਕਿ ਬਿਊਟੀਸ਼ਨ ਦਾ ਕੋਰਸ ਕਰ ਕੇ ਘਰ ਦੀ ਬਾਲਕੋਨੀ ਵਿਚ ਬਿਊਟੀ ਪਾਰਲਰ ਖੋਲ੍ਹ ਲਿਆ ਸੀ ਤੇ ਹੁਣ ਵਾਹਵਾ ਕਮਾ ਰਹੀ ਸੀ।

"ਮੈਂ ਵੀ ਇਹ ਕੰਮ ਸਿੱਖ ਸਕਦੀ ਹਾਂ?" ਮੈਂ ਕਦੇ ਕਿਸੇ ਬਿਊਟੀ ਪਾਰਲਰ ਵਿਚ ਨਹੀਂ ਸਾਂ ਵੜੀ।

"ਕਿਉਂ ਨਹੀਂ ਦੀਦੀ, ਤੁਸੀਂ ਤਾਂ ਇੰਨੇ ਪੜ੍ਹੇ-ਲਿਖੇ ਹੋ, ਯੋਗ ਸਾਧਨ ਵਿਚ ਪ੍ਰਬੀਨ ਹੋ। ਇੰਨੀ ਸੋਹਣੀ ਅੰਗਰੇਜ਼ੀ ਬੋਲ ਲੈਂਦੇ ਹੋ। ਤੁਸੀਂ ਤਾਂ ਮੈਥੋਂ ਵਧੀਆ ਚਲਾਵੋਗੇ। ਸ਼ੁਰੂ ਤਾਂ ਕਰੋ, ਮੈਂ ਵੀ ਤੁਹਾਡੀ ਪੂਰੀ ਮਦਦ ਕਰਾਂਗੀ।"

ਰਮਾ ਦੇ ਉਤਸ਼ਾਹ ਸਦਕੇ ਦੂਜੇ ਦਿਨ ਹੀ ਮੈਂ ਸਾਂਤਾਕਰੂਜ਼ ਦੇ ਮਾਡਰਨ ਬਿਊਟੀ ਸੈਂਟਰ ਵਿਚ ਟ੍ਰੇਨਿੰਗ ਲਈ ਭਰਤੀ ਹੋ ਗਈ। ਦੋ ਤਿੰਨ ਮਹੀਨਿਆਂ ਵਿਚ ਹੀ ਪਹਿਲਾਂ ਮੁਫ਼ਤ ਤੇ ਫਿਰ ਬਹੁਤ ਘੱਟ ਕੀਮਤ 'ਤੇ ਆਂਢਣਾਂ-ਗੁਆਂਢਣਾਂ ਨੂੰ ਆਪਣੀ ਸੇਵਾ ਦੇਣ ਲੱਗ ਪਈ।


ਮਾਰਚ ਉਨੀ ਸੌ ਅੱਸੀ ਵਿਚ ਤੀਹ ਰੁਪਏ ਕਮਾ ਕੇ ਮੈਂ ਇੰਜ ਮਹਿਸੂਸ ਕੀਤਾ, ਮਾਨੋ ਕਾਰੂੰ ਦਾ ਖਜ਼ਾਨਾ ਮਿਲ ਗਿਆ ਹੋਵੇ! ਮੇਰੀਆਂ ਅੱਖਾਂ ਭਰ ਆਈਆਂ। ਫਿਰ ਤਾਂ ਚਲ ਸੌ ਚਲ।

ਦਸੰਬਰ ਅੱਸੀ ਤਕ ਮੇਰੀ ਮਾਸਿਕ ਕਮਾਈ ਚਾਰ ਹਿੰਦਸੀ ਸੀਮਾ ਪਾਰ ਕਰ ਗਈ। ਮੈਂ ਅਗਲੀ ਬਾਲਕੋਨੀ ਵਿਚ ਬਿਊਟੀ ਪਾਰਲਰ ਦਾ ਜ਼ਰੂਰੀ ਜੁਗਾੜ ਕਰ ਲਿਆ। ਇਹ ਕੰਮ ਜੀਤ ਨੂੰ ਵੀ ਮਾਫ਼ਕ ਸੀ ਕਿਉਂਕਿ ਇਸ ਵਿਚ ਮੇਰਾ ਕੇਵਲ ਤੇ ਕੇਵਲ ਇਸਤਰੀਆਂ ਨਾਲ ਹੀ ਵਾਹ ਪੈਣਾ ਸੀ।

ਜਿਉਂ-ਜਿਉਂ ਕਮਾਈ ਵਧਦੀ ਗਈ, ਮੇਰਾ ਆਤਮ-ਵਿਸ਼ਵਾਸ ਪੁਨਰ ਸਥਾਪਿਤ ਹੁੰਦਾ ਗਿਆ...।

ਮੈਂ ਤੇ ਸੋਚਿਆ ਸੀ ਕਿ ਮੇਰੇ ਆਪਣੇ ਪੈਰਾਂ ਉਤੇ ਖੜੋਣ ਨਾਲ ਮੇਰੀ ਸ਼ਾਦੀ ਦੀ ਗੱਡੀ ਮੁੜ ਸਹੀ ਪਟੜੀ ਉਤੇ ਆ ਜਾਵੇਗੀ, ਪਰ ਉਹ ਤਾਂ ਹੋਰ ਵੀ ਡਿਗੂੰ-ਡਿਗੂੰ ਕਰਨ ਲੱਗੀ। ਮੇਰੇ ਰੁਝੇਵੇਂ ਦੇ ਬਹਾਨੇ ਜੀਤ ਹੋਰ ਵੀ ਘਰੋਂ ਬਾਹਰ ਰਹਿਣ ਲੱਗ ਪਿਆ।

ਬਿਊਟੀ ਪਾਰਲਰ ਦੇ ਨਾਲ-ਨਾਲ ਟਰੇਨਿੰਗ ਸੈਂਟਰ ਵੀ ਖੋਲ੍ਹ ਲਿਆ। ਹੁਣ ਤਾਂ ਪੈਸਿਆਂ ਦੀ ਬਰਸਾਤ ਹੀ ਹੋਣ ਲੱਗੀ। ਜਿੰਨਾ ਚਾਹਵਾਂ ਕਮਾ ਸਕਦੀ ਸਾਂ। ਸਿਰ ਸੁੱਟੀ ਲੱਗੀ ਹੀ ਰਹਿੰਦੀ। ਦੋ ਤਿੰਨ ਸਾਲਾਂ ਵਿਚ ਮੇਰੇ ਉਤੇ ਡਾਢੀ ਥਕਾਵਟ ਹਾਵੀ ਹੋਣ ਲੱਗੀ। ਮੈਨੂੰ ਲੱਗਦਾ ਕਿ ਮੈਂ ਬਸ ਪੈਸੇ ਕਮਾਉਣ ਦੀ ਮਸ਼ੀਨ ਬਣ ਗਈ ਹਾਂ। ਸਾਹਿਤ ਨਾ ਪੜ੍ਹ ਸਕਣ ਕਾਰਨ ਘੁਟਣ ਹੋਰ ਵਧਦੀ ਗਈ। ਆਖ਼ਰ ਕੰਮ ਸੀਮਿਤ ਕਰਨ ਦਾ ਫੈਸਲਾ ਕਰ ਲਿਆ। ਪਾਰਲਰ ਸਵੇਰੇ ਅਤੇ ਟ੍ਰੇਨਿੰਗ ਦਾ ਸਮਾਂ ਸ਼ਾਮ ਨੂੰ ਮੁਕੱਰਰ ਕਰ ਕੇ ਦੁਪਹਿਰ ਦਾ ਇਕ ਤੋਂ ਪੰਜ ਵਜੇ ਦਾ ਵਕਤ ਮੈਂ ਆਪਣੇ ਆਰਾਮ ਅਤੇ ਪੜ੍ਹਨ ਮਨਨ ਲਈ ਰੱਖ ਲਿਆ।



*ਇਕ ਅੱਧ ਮਹੀਨੇ ਵਿਚ ਹੀ ਰਾਜਿੰਦਰ ਕੌਰ ਤੇ ਪ੍ਰੀਤਮ ਬੇਲੀ ਹੋਰਾਂ ਦੇ ਘਰ ਇਕ ਐਤਵਾਰ ਮਨਾ ਕੇ ਮੈਂ ਸ਼ਾਮੀਂ ਉਨ੍ਹਾਂ ਨਾਲ ਰਾਜਿੰਦਰ ਸਿੰਘ ਬੇਦੀ ਨੂੰ ਮਿਲਣ ਚਲੀ ਗਈ। ਉਥੇ ਗੱਲਬਾਤ ਦੌਰਾਨ ਗਾਰਗੀ ਦਾ ਜ਼ਿਕਰ ਆਉਂਦਿਆਂ ਹੀ ਮੇਰੇ ਮੂੰਹੋਂ ਨਿਕਲ ਗਿਆ: "ਉਹ ਅਗਲੇ ਮਹੀਨੇ ਮੁੰਬਈ ਆ ਰਿਹੈ।" "ਪਰ ਅਚਲਾ (ਸਚਦੇਵ) ਨੂੰ ਤਾਂ ਇਸ ਦੀ ਕੋਈ ਖ਼ਬਰ ਨਹੀਂ। ਉਹ ਹੁਣੇ ਹੀ ਮਿਲ ਕੇ ਗਈ ਹੈ।" ਬੇਦੀ ਨੇ ਹੈਰਾਨੀ ਪ੍ਰਗਟ ਕੀਤੀ।...*

*...ਗਾਰਗੀ ਦੇ ਵਰਜਿਤ ਕਰਨ ਦੇ ਬਾਵਜੂਦ ਮੈਂ ਉਸ ਨਾਲ ਹੋਈ ਆਪਣੀ ਪਛਾਣ ਦਾ ਭੇਤ ਬੇਦੀ ਨੂੰ ਦੱਸ ਬੈਠੀ ਸਾਂ। ਇਸ ਸ਼ਰਮਿੰਦਗੀ ਕਾਰਨ ਮੈਂ ਮੁੜ ਕੇ ਨਾ ਹੀ ਕਦੇ ਰਾਜਿੰਦਰ ਸਿੰਘ ਬੇਦੀ ਨਾਲ ਹੀ ਕੋਈ ਸੰਪਰਕ ਰੱਖਿਆ, ਤੇ ਨਾ ਹੀ ਗਾਰਗੀ ਨਾਲ।*

1984 ਦੇ ਲਗਭਗ, ਇਕ ਵੇਰਾਂ ਮੈਂ ਖਾਲਸਾ ਕਾਲਜ ਚਲੀ ਗਈ ਤੇ ਉਥੋਂ ਦੇ ਪ੍ਰਿੰਸੀਪਲ, ਸਾਹਿਤਕਾਰ ਕੇ. ਜਗਜੀਤ ਸਿੰਘ ਨੂੰ ਮਿਲ ਕੇ ਕਾਲਜ ਦੀ ਲਾਇਬਰੇਰੀ ਵਿਚੋਂ ਇਕੋ ਵੇਰਾਂ ਮਹੀਨੇ ਭਰ ਲਈ ਮਨਮਰਜ਼ੀ ਦੀਆਂ ਦਸ ਬਾਰਾਂ ਕਿਤਾਬਾਂ ਕਢਵਾਉਣ ਦਾ ਜੁਗਾੜ ਬਣਾ ਲਿਆ।

ਲਾਇਬ੍ਰੇਰੀ ਦੇ ਪੰਜਾਬੀ ਵਿਭਾਗ ਵਿਚ ਇਕੋ ਥਾਂ ਤੇ ਇਕੋ ਵੇਰਾਂ ਬੇਸ਼ੁਮਾਰ ਪੰਜਾਬੀ ਦੀਆਂ ਪੁਸਤਕਾਂ, ਪਰ ਲੱਪ-ਲੱਪ ਧੂੜ ਲੱਦੀਆਂ। ਕੋਈ ਵਿਰਲਾ ਹੀ ਵੜਦਾ ਸੀ ਇਸ ਪਾਸੇ। ਉਦੋਂ ਹੀ ਮੇਰੇ ਹੱਥ ਵਿਚ ਗਾਰਗੀ ਦੀ 'ਨੰਗੀ ਧੁੱਪ' ਆਈ।

ਇਸ ਬੀਤੇ ਅਰਸੇ ਦੌਰਾਨ ਗਾਰਗੀ ਦਾ ਵਿਆਹ ਹੋ ਗਿਆ ਸੀ, ਬੱਚੇ ਵੀ ਤੇ ਤਲਾਕ ਵੀ; ਇਹ ਮੈਨੂੰ 'ਨੰਗੀ ਧੁੱਪ' ਪੜ੍ਹਨ ਤੋਂ ਹੀ ਪਤਾ ਲੱਗਾ।

ਮੈਨੂੰ ਜਾਪਿਆ ਕਿ ਗਾਰਗੀ ਨੇ ਆਪਣੀ ਸਵੈ-ਜੀਵਨੀ ਵਿਚ ਆਪਣੀਆਂ ਕਮਜ਼ੋਰੀਆਂ ਦਾ ਇਕਬਾਲ ਕਰ ਕੇ ਆਪਣੀ ਪਤਨੀ ਜੀਨੀ ਨਾਲ ਪੂਰਾ ਨਿਆਂ ਕੀਤਾ ਹੈ।

ਲੰਮੇ ਸਮੇਂ ਮਗਰੋਂ ਪੰਜਾਬੀ ਦੀ ਇੰਨੀ ਅਨੂਠੀ ਪੁਸਤਕ ਪੜ੍ਹਨ ਨੂੰ ਮਿਲੀ ਤੇ ਉਹ ਵੀ ਗਾਰਗੀ ਦੀ।...ਚੰਦ ਸਾਲਾਂ ਮਗਰੋਂ (1986-87) ਮੁਹਾਲੀ ਵਿਚ ਆ ਵੱਸਣ ਮਗਰੋਂ ਸਾਹਿਤਕ ਖੇਤਰ ਵਿਚ ਪੈਰ ਪਾਉਣ ਉਤੇ ਮੈਨੂੰ 'ਨੰਗੀ ਧੁੱਪ' ਬਾਰੇ ਸਾਹਿਤਕਾਰਾਂ ਦੀ ਆਲੋਚਨਾ ਸੁਣਨ ਨੂੰ ਮਿਲੀ। ਬਹੁਤਿਆਂ ਦਾ ਕਹਿਣਾ ਸੀ ਕਿ ਗਾਰਗੀ ਨੇ ਉਸ 'ਦੂਜੀ ਔਰਤ' ਨਾਲ ਬੇਇਨਸਾਫੀ ਕੀਤੀ ਹੈ। ਉਸ ਨੂੰ ਕਿਧਰੇ ਮੂੰਹ ਦੇਣ ਜੋਗਾ ਨਹੀਂ ਛੋੜਿਆ, ਆਦਿ; ਪਰ ਮੈਨੂੰ ਇਹ ਸਭ ਵਕਤੀ ਤੇ ਇਕਪਾਸੜ ਪ੍ਰਤੀਕਰਮ ਜਾਪਦੇ। ਇਹ ਸੱਚ ਉਨ੍ਹਾਂ ਦਾ ਹੈ ਜੋ ਉਸ ਦੂਜੀ ਔਰਤ ਨੂੰ ਜਾਣਦੇ ਹਨ। ਇਕ ਖਾਸ ਸਮੇਂ ਤੇ ਸਥਾਨ ਦੀ ਸੀਮਾ ਵਿਚ ਰੱਖ ਕੇ ਸਾਹਿਤ ਦਾ ਮੁਲੰਕਣ ਕਰਨਾ ਕਿਤਨਾ ਕੁ ਵਾਜਬ ਹੈ?

ਕੀ 'ਨੰਗੀ ਧੁੱਪ' ਦਾ ਧਰਾਤਲ ਕੇਵਲ ਚੰਡੀਗੜ੍ਹ ਤਕ ਹੀ ਸੀਮਿਤ ਹੈ?...ਮੈਂ ਸੋਚਦੀ।

ਗੱਲ ਕਿਸੇ ਇਕ ਜੀਨੀ ਤੇ ਕਿਸੇ ਦੂਜੀ ਔਰਤ ਦੀ ਨਹੀਂ, ਗੱਲ ਇਨਸਾਨੀ ਰਿਸ਼ਤਿਆਂ ਦੀ ਹੈ, ਮਾਨਵੀ ਮਨੋ-ਦਵੰਦਾਂ ਦੀ। ਵਕਤ ਲੰਘ ਜਾਏਗਾ। ਨਾ ਗਾਰਗੀ ਦਾ ਭੌਤਕ ਸਰੀਰ ਰਿਹਾ ਹੈ, ਨਾ ਜੀਨੀ ਦਾ ਰਹਿਣਾ ਤੇ ਨਾ ਹੀ ਉਸ ਦੂਜੀ ਔਰਤ ਦਾ; ਪਰ ਧੁੱਪ ਇੱਦਾਂ ਹੀ ਨੰਗੀ ਰਹੇਗੀ, ਤੇ ਹਰ ਪਾਠਕ ਉਸ ਨਾਲ ਆਪਣੇ ਸੱਚ ਨੂੰ ਆਤਮਸਾਤ ਕਰਦਾ ਰਹੇਗਾ।

ਇਹ ਦੂਜੀ ਔਰਤ ਕੌਣ ਹੈ?

ਮੈਂ ਲੋਕਾਂ ਤੋਂ ਉਸ ਬਾਰੇ ਸੁਣ ਕੇ ਉਤਸੁਕ ਹੁੰਦੀ ਰਹੀ ਪਰ ਵੇਖਣ, ਮਿਲਣ ਦਾ ਇਤਫਾਕ ਕਦੇ ਨਾ ਹੋਇਆ।

ਜੂਨ ਇਕਾਨਵੇਂ ਦੀ ਸ਼ਾਮ ਪੰਜਾਬ ਸਾਹਿਤ ਅਕਾਦਮੀ ਵਲੋਂ ਕਲਾ ਭਵਨ, ਚੰਡੀਗੜ੍ਹ ਵਿਖੇ ਜੁੜੀ ਸਾਹਿਤਕ ਮਿਲਣੀ ਵਿਚ ਮੈਂ ਯਾਦ ਚਿੱਤਰ ਪੜ੍ਹ ਰਹੀ ਸਾਂ- 'ਸਿਰਜਣਾ ਦੀ ਸਾਂਝ ਸਾਹਿਰ' ਅੱਧ ਵਿਚਾਲੇ ਹੀ ਕਿਤੇ ਚਿੱਟੇ ਲਿਬਾਸ ਵਿਚ, ਥੁਲਕ-ਥੁਲਕ ਭਰਵੀਂ ਤੇ ਸੁਨੱਖੀ ਇਸਤਰੀ ਦਾਖ਼ਲ ਹੋਈ ਤੇ ਬੜੇ ਧਿਆਨ ਨਾਲ ਮੈਨੂੰ ਸੁਣਦੀ ਰਹੀ। ਲੇਖ-ਪਾਠ ਦੇ ਖ਼ਤਮ ਹੁੰਦਿਆਂ ਹੀ ਉਸ ਉਠ ਕੇ ਮੇਰੇ ਦੋਵੇਂ ਹੱਥ ਨਿੱਘ ਨਾਲ ਘੁੱਟਦਿਆਂ ਮੈਨੂੰ ਵਧਾਈ ਦਿੱਤੀ, ਤੇ ਬੋਲੀ, 'ਬਹੁਤ ਖੂਬ! ਮੈਨੂੰ ਅਫ਼ਸੋਸ ਹੈ ਕਿ ਮੈਂ ਇਹ ਲੇਖ ਮੁੱਢ ਤੋਂ ਨਹੀਂ ਸੁਣ ਸਕੀ।'

ਸਭਾ ਬਰਖਾਸਤ ਹੋਣ 'ਤੇ ਹੌਲੀ-ਹੌਲੀ ਸਭ ਬਿਖਰਨ ਲੱਗੇ। ਮੇਰੇ ਨਾਲ ਦੀ ਕੁਰਸੀ ਉਤੇ ਇਕ ਨਾਟਕਕਾਰ ਬੈਠਾ ਸੀ। ਯਾਦ ਨਹੀਂ ਕਿਵੇਂ ਉਸ ਨਾਲ ਚੰਡੀਗੜ੍ਹ ਦੇ ਨਾਟਕ ਇਤਿਹਾਸ ਬਾਰੇ ਗੱਲ ਕਰਦਿਆਂ ਬਲਵੰਤ ਗਾਰਗੀ ਦਾ ਤੇ ਫਿਰ 'ਨੰਗੀ ਧੁੱਪ' ਦਾ ਜ਼ਿਕਰ ਚੱਲ ਪਿਆ ਤੇ ਮੇਰੇ ਮੂੰਹੋਂ ਨਿਕਲਿਆ: "ਉਹ ਦੂਜੀ ਔਰਤ ਕੌਣ ਹੈ, ਮੈਂ ਨਹੀਂ ਜਾਣਦੀ ਪਰ ਮੈਂ ਚੰਡੀਗੜ੍ਹ ਦੇ ਲੋਕਾਂ ਨਾਲ ਸਹਿਮਤ ਨਹੀਂ ਹਾਂ। ਜੇ 'ਨੰਗੀ ਧੁੱਪ' ਨੂੰ ਸਮੇਂ ਤੇ ਸਥਾਨ ਤੋਂ ਉਪਰ ਕਰ ਕੇ ਵੇਖਿਆ ਜਾਵੇ ਤਾਂ ਇਸ ਵਿਚ ਨਿਆਂ-ਅਨਿਆਂ ਵਾਲੀ ਕਿਹੜੀ ਗੱਲ ਰਹਿ ਜਾਂਦੀ ਹੈ?"


"ਕਮਾਲ ਹੈ, ਉਹੀ ਤਾਂ ਹੁਣੇ-ਹੁਣੇ ਤੁਹਾਨੂੰ ਵਧਾਈ ਦੇ ਕੇ ਗਈ ਹੈ।" ਨਾਟਕਕਾਰ ਦੇ ਸ਼ਬਦ ਸਨ।...ਮੈਂ ਅਵਾਕ ਰਹਿ ਗਈ।

ਨਵੰਬਰ ਅਠਾਸੀ ਵਿਚ ਜਦੋਂ ਮੈਂ ਰੂਸ ਦੀ ਯਾਤਰਾ ਤੋਂ ਪਰਤੀ ਤਾਂ ਦਿੱਲੀ ਵਿਚ ਦੋ ਕੁ ਦਿਨ ਠਹਿਰਨਾ ਪਿਆ। ਇਸ ਦੌਰਾਨ ਬਲਵੰਤ ਗਾਰਗੀ ਦਾ ਨੰਬਰ ਘੁਮਾਇਆ ਪਰ 'ਹੈਨਾ' ਦਾ ਕੋਈ ਹਵਾਲਾ ਨਾ ਦਿੱਤਾ। ਬੱਸ, ਉਤਸੁਕ ਸਾਂ ਕਿ ਗਾਰਗੀ ਮੈਨੂੰ ਪਛਾਣਦਾ ਵੀ ਹੈ ਕਿ ਨਹੀਂ।

ਛੱਬੀ ਸਾਲ ਤੇ ਦਸ ਮਹੀਨਿਆਂ ਬਾਅਦ ਅਤੀਤ ਵਿਚ ਗੁਆਚੀ ਨੇ ਮੁੜ ਮਿਥੇ ਸਮੇਂ ਉਤੇ ਬੈਲ ਦਿੱਤੀ। ਠੀਕ ਸਾਢੇ ਗਿਆਰਾਂ ਵਜੇ।

ਉਹੀ ਘਰ...ਉਹੀ ਤਰਤੀਬ...ਤੇ ਉਹੀ ਗਾਰਗੀ, ਚੁਸਤ ਲਿਬਾਸ ਵਿਚ।

ਅਸਾਂ ਭਾਰਤੀਆਂ ਵਿਚ ਇਕ ਕਮਾਲ ਦੀ ਸਿਫ਼ਤ ਹੈ। ਅਸੀਂ ਮਹੀਨਿਆਂ ਬੱਧੀ, ਸਾਲਾਂ ਬੱਧੀ, ਉਮਰਾਂ ਬੱਧੀ ਉਂਜ ਦੇ ਉਂਜ ਹੀ ਰਹਿੰਦੇ, ਜਿਉਂਦੇ ਹਾਂ। ਸਾਡਾ ਚਿੰਤਨ ਖੰਡਾਂ, ਬ੍ਰਹਿਮੰਡਾਂ ਤੇ ਪੁਲਾੜਾਂ ਨੂੰ ਗਾਹ ਲੈਂਦਾ ਹੈ, ਅਸੀਂ ਬਠਿੰਡੇ ਦੇ ਇਕ ਪਿੰਡ ਵਿਚੋਂ ਫੈਲ ਕੇ ਸਾਰੀ ਦੁਨੀਆਂ ਵਿਚ ਛਾ ਜਾਂਦੇ ਹਾਂ, ਕਿੰਨਾ ਪਾਣੀ ਲੰਘ ਜਾਂਦਾ ਹੈ, ਕਿੰਨੇ ਮਿੱਤਰ ਮਿਲ ਕੇ ਵਿਛੜ ਜਾਂਦੇ ਹਨ, ਕਿਤਨੇ ਜੰਮ ਕੇ ਮਰ ਖਪ ਜਾਂਦੇ ਹਨ, ਪਰ ਪੂਰਾਂ ਦੇ ਪੂਰ ਲੰਘਾ ਕੇ ਵੀ ਸਾਡੇ ਘਰਾਂ ਵਿਚ ਮੇਜ਼ ਉਥੇ ਹੀ ਰਹਿੰਦਾ ਹੈ, ਦੀਵਾਨ ਵੀ ਉਥੇ ਹੀ, ਸ਼ੈਲਫ ਵੀ ਉਥੇ ਹੀ ਤੇ ਉਸ ਵਿਚ ਪਈਆਂ ਕਿਤਾਬਾਂ ਦੀ ਤਰਤੀਬ ਵੀ ਉਂਜ ਦੀ ਉਂਜ। ਰਤਾ ਕੁ ਕੁਝ ਇਧਰੋਂ-ਉਧਰ ਹੋਇਆ ਨਹੀਂ ਕਿ ਅਸੀਂ ਉਖੜੇ ਨਹੀਂ।




*ਜਦੋਂ ਮੁੰਬਈ ਨੂੰ ਹਮੇਸ਼ਾ ਲਈ ਅਲਵਿਦਾ ਕਹਿਣ ਦੀ ਘੜੀ ਆਈ ਤਾਂ ਮੈਂ ਆਪਣੀਆਂ ਸਾਰੀਆਂ ਕਿਤਾਬਾਂ ਸਾਹਿਤਕ ਰੁਚੀਆਂ ਰੱਖਣ ਵਾਲੇ ਸਨੇਹੀਆਂ ਮਿੱਤਰਾਂ ਨੂੰ ਵੰਡ ਆਈ, ਸਿਵਾਇ 'ਰੰਗ ਮੰਚ' ਦੇ, ਜੋ ਘਰ ਖਾਲੀ ਕਰਨ ਵੇਲੇ ਸੇਜਲ ਤੇ ਸਿਉਂਕ ਦੀ ਮਾਰੀ ਮੈਨੂੰ ਪੜਛੱਤੀ ਦੇ ਭੁੱਲੇ-ਵਿਸਰੇ ਟਰੰਕ ਵਿਚੋਂ ਲੱਭੀ, ਜਿਸ ਤੋਂ ਮੇਰਾ ਮੁੜ ਪੰਜਾਬੀ ਦੀ ਲਾਇਬ੍ਰੇਰੀ ਦਾ ਅਰੰਭ ਹੋਇਆ।*

ਕਿੰਨੇ ਵੀ ਇਨਕਲਾਬੀ ਕਿਉਂ ਨਾ ਹੋ ਜਾਈਏ, ਪਰ ਅੰਦਰੋਂ ਅਸੀਂ ਪਰੰਪਰਾਵਾਦੀ ਹਾਂ, ਇਕ ਖਾਸ ਢੰਗ ਨਾਲ ਜਿਉਣ ਤੇ ਜਿਉਂਦੇ ਰਹਿਣ ਦੇ ਆਦੀ।

ਮੈਨੂੰ ਲੱਗਿਆ ਜਿਵੇਂ ਮੈਂ ਕੱਲ੍ਹ ਹੀ ਗਾਰਗੀ ਦੇ ਘਰ ਆਈ ਸਾਂ ਤੇ ਉਸ ਤੋਂ ਬਾਅਦ ਅੱਜ।

ਟਾਈਪਰਾਈਟਰ ਦੀ ਟਿਕ-ਟਿਕ ਚਾਲੂ ਸੀ। ਬੰਦ ਗਲੇ ਵਾਲੀ ਲਾਲ ਨੀਲੀ ਚਾਰਖਾਨੀ ਕਮੀਜ਼ ਅਤੇ ਜੀਨ ਵਿਚ ਸਜਿਆ ਬੈਠਾ ਗਾਰਗੀ ਕਿਸੇ ਨੂੰ ਡਿਕਟੇਸ਼ਨ ਦੇ ਰਿਹਾ ਸੀ, ਦੋਵੇਂ ਹੱਥ ਜੋੜੀ, ਅੱਖਾਂ ਮੀਟੀ, ਇਕਾਗਰ ਚਿੱਤ, ਉਵੇਂ ਹੀ ਜਿਵੇਂ ਮੇਰੀ ਨਜ਼ਮ 'ਲੋਹਿਓਂ ਪਾਰਸ' ਨੂੰ ਸੁਣਨ ਵੇਲੇ ਸੀ।

ਚੌੜੇ ਹੱਡਾਂ ਵਾਲੀ, ਤਾਂਬੇ ਰੰਗੀ ਉਚੀ ਲੰਮੀ, ਤੱਖਰ ਜਿਹੀ ਅੱਧਖੜ ਇਸਤਰੀ ਵੀ ਸੀ ਜਿਸ ਦੇ ਚਿਹਰੇ ਉਪਰ ਕੁਝ ਨਿਸ਼ਾਨ ਸਨ।

"ਬੱਸ ਪੰਜ ਮਿੰਟ ਕਾਨਾ ਸਿੰਘ", ਗਾਰਗੀ ਨੇ ਮੈਨੂੰ ਖੱਬੇ ਹੱਥ ਵੱਲ ਵਿਛੇ ਕਾਲੀਨ ਉਤੇ ਬੈਠਣ ਲਈ ਇਸ਼ਾਰਾ ਕਰਦਿਆਂ ਕਿਹਾ।

'ਸਭ ਕੁਝ ਉਹੀ ਹੈ, ਇਕ ਸੰਤੋਖ ਤੋਂ ਬਿਨਾ।'...ਬਿੰਦ ਕੁ ਮਗਰੋਂ ਗਾਰਗੀ ਦੇ ਮੇਰੇ ਵੱਲ ਮੁਸਕਰਾ ਕੇ ਵੇਖਣ ਉਤੇ ਮੈਥੋਂ ਕਹਿ ਹੋ ਗਿਆ। ਉਸ ਦੀ ਮੁਸਕਰਾਹਟ ਫੈਲ ਗਈ ਪਰ ਮੇਰੇ ਇੰਜ ਕਹਿਣ ਨਾਲ ਜਾਂ ਰੱਬ ਜਾਣੇ ਪਹਿਲਾਂ ਤੋਂ ਹੀ ਕਿਸੇ ਗੱਲੋਂ ਔਖੀ ਹੋਣ ਕਾਰਨ ਉਸ ਤੀਵੀਂ ਦਾ ਚਿਹਰਾ ਮੈਨੂੰ ਤਮਤਮਾਇਆ ਜਿਹਾ ਜਾਪਿਆ।

ਫੋਨ ਵੱਜਿਆ। ਮੁੰਬਈ ਤੋਂ ਕਾਲ ਆਈ ਤੇ ਫਿਰ ਇਕ ਹੋਰ ਤੇ ਹੋਰ ਕਾਲ।

ਗਾਰਗੀ ਕੁਝ ਭਾਜੜ ਜਿਹੀ 'ਚ ਲੱਗਾ। ਉਸ ਨੂੰ ਕੁਝ ਲੱਭ ਨਹੀਂ ਸੀ ਰਿਹਾ, ਕੋਈ ਕਿਤਾਬ, ਕੋਈ ਫਾਈਲ ਜਾਂ ਕੋਈ ਜ਼ਰੂਰੀ ਲਿਖਤ; ਉਸ ਨੇ ਉਸ ਇਸਤਰੀ ਨੂੰ ਲੱਭਣ ਵਿਚ ਮਦਦ ਕਰਨ ਲਈ ਬੇਨਤੀ ਕੀਤੀ, ਪਰ ਉਹ ਔਖੀ ਜਿਹੀ ਸੀ ਤੇ ਉਸ ਦੀ ਗੱਲ ਦਾ ਹੁੰਗਾਰਾ ਨਹੀਂ ਸੀ ਭਰ ਰਹੀ। ਗਾਰਗੀ ਦੀ ਸੁਰ ਧੀਮੀ ਸੀ। ਮੱਧਮ, ਸ਼ਾਂਤ ਪਰ ਕੁਝ ਸ਼ਰਮਿੰਦਾ ਸ਼ਰਮਿੰਦਾ।

"ਮਾਫ਼ ਕਰਨਾ ਕਾਨਾ, ਕੁਝ ਮਿੰਟ ਹੋਰ।" ਗਾਰਗੀ ਨੇ ਮੈਨੂੰ ਹੋਰ ਉਡੀਕਣ ਲਈ ਕਿਹਾ।

ਉਹ ਇਸਤਰੀ ਮੇਰੇ ਕੋਲ ਆ ਕੇ ਬਹਿ ਗਈ। ਮੈਨੂੰ ਸਾਥ ਦੇਣ ਲਈ ਜਾਂ ਘਰ ਦੀ ਗ੍ਰਹਿਣੀ ਵਾਂਗ ਆਪਣੀ ਹੋਂਦ ਜਤਾਉਣ ਲਈ। ਉਸ ਆਪਣਾ ਨਾਂ ਦੱਸਿਆ ਜੋ ਹੁਣ ਮੈਨੂੰ ਯਾਦ ਨਹੀਂ। ਉਸ ਇਹ ਵੀ ਦੱਸਿਆ ਕਿ ਉਹ ਗਾਰਗੀ ਦੇ ਆਉਂਦੇ ਸੀਰੀਅਲ ਵਿਚ ਕੰਮ ਕਰ ਰਹੀ ਸੀ।

ਮੈਂ ਟੀ.ਵੀ. ਘੱਟ ਵੱਧ ਹੀ ਵੇਖਦੀ ਹਾਂ। ਪਤਾ ਨਹੀਂ ਉਹ ਕਿਹੜਾ ਸੀਰੀਅਲ ਸੀ ਤੇ ਉਸ ਨੇ ਉਸ ਵਿਚ ਕੰਮ ਕੀਤਾ ਵੀ ਸੀ ਜਾਂ ਨਹੀਂ।

ਮੇਰੇ ਨਾਲ ਉਸ ਇਸਤਰੀ ਦਾ ਵਤੀਰਾ ਕੁਝ ਇੰਜ ਦਾ ਸੀ ਜਿਵੇਂ ਰੇਲਗੱਡੀ ਦੇ ਸਾਧਾਰਨ ਡੱਬੇ ਵਿਚ ਆਪਣੀ ਸੀਟ ਉਤੇ ਡਟਿਆ ਕੋਈ ਮੁਸਾਫਰ ਨਾਲ ਦੀ ਖਾਲੀ ਸੀਟ ਉਤੇ ਵੀ ਆਪਣਾ ਹੱਕ ਜਮਾਉਣ ਲਈ ਕਿਸੇ ਨਵੇਂ ਪ੍ਰਵੇਸ਼ ਕਰਦੇ ਯਾਤਰੀ ਨੂੰ ਘੂਰਦਾ ਹੈ।

ਗਾਰਗੀ ਨੇ ਫਿਰ ਕੁਝ ਲੱਭਣ ਵਿਚ ਮਦਦ ਕਰਨ ਲਈ ਉਸ ਨੂੰ ਪੁਰਜ਼ੋਰ ਬੇਨਤੀ ਕੀਤੀ। ਉਹ ਉਠੀ ਤਾਂ ਸਹੀ ਪਰ ਚਿੜ੍ਹੀ ਹੋਈ।

ਇਹ ਦੱਸਣ ਲਈ ਕਿ ਮੈਂ ਇਹ ਸਭ ਨੋਟ ਨਹੀਂ ਕਰ ਰਹੀ, ਮੈਂ ਆਪਣਾ ਧਿਆਨ ਨਾਲ ਲਗਦੇ ਕਿਤਾਬਾਂ ਦੇ ਸ਼ੈਲਫ ਵੱਲ ਮੋੜ ਲਿਆ। ਵਿਚਕਾਰਲੇ ਫੱਟੇ ਉਤੇ ਕਿਤਾਬਾਂ ਦੇ ਅੱਗੇ ਕਰ ਕੇ ਸਾਹਮਣੇ ਹੀ ਕੰਨਾਂ ਦੀਆਂ ਵਾਲੀਆਂ ਦਾ ਜੋੜਾ ਪਿਆ ਸੀ; ਭਾਰੀਆਂ, ਚਾਂਦੀ ਜਾਂ ਗਿਲਟ ਦੀਆਂ ਵਾਲੀਆਂ ਜਿਨ੍ਹਾਂ ਨੂੰ ਅੱਜ ਕੱਲ੍ਹ ਗੋ-ਗੋ ਜਿਊਲਰੀ ਕਹਿੰਦੇ ਨੇ, ਚਲੰਤ ਜਿਹੀ।

ਅਚਲਾ ਸਚਦੇਵ, ਪ੍ਰਵੀਨ ਬੋਬੀ, ਰਮਾ ਵਿੱਜ ਤੇ ਉਸ 'ਦੂਜੀ ਔਰਤ' ਵਰਗੀਆਂ ਭਰੀਆਂ, ਚੌੜੇ-ਚਕਲੇ ਚਿਹਰਿਆਂ, ਮੋਟੇ ਨਕਸ਼ਾਂ, ਭਰਪੂਰ ਹੋਠਾਂ ਤੇ ਚਮਕਦੇ ਦੰਦਾਂ ਵਾਲੀਆਂ ਥੁਲਕ-ਥੁਲਕ ਇਸਤਰੀਆਂ ਨਾਲ ਤਾਂ ਮੈਂ ਗਾਰਗੀ ਨੂੰ ਸਬੰਧਤ ਵੇਖ ਸਕਦੀ ਸਾਂ ਪਰ ਕੁਝ ਹੱਦ ਤੱਕ ਇਹ ਸਭ ਹੁੰਦਿਆਂ ਹੋਇਆਂ ਵੀ ਇਹ ਇਸਤਰੀ ਮੇਰੇ ਮਨ ਦੇ ਚੌਖਟੇ ਵਿਚ ਗਾਰਗੀ ਦੇ ਨਾਲ ਫਿੱਟ ਨਹੀ ਸੀ ਹੋ ਰਹੀ।

ਕੁਝ ਦੇਰ ਮਗਰੋਂ ਗਾਰਗੀ ਵੀ ਫਾਰਗ ਹੋ ਕੇ ਮੇਰੇ ਕੋਲ ਆ ਬੈਠਾ। ਥੱਲੇ, ਕਾਲੀਨ ਉਤੇ। ਉਸੇ ਤਰ੍ਹਾਂ ਚਾਹ ਦੀ ਟਰੇ ਵੀ ਹਾਜ਼ਰ ਸੀ। ਖੁਲ੍ਹੇ ਰੂਸੀ ਪਿਆਲੇ, ਦੁੱਧ ਵੱਖਰਾ, ਕਾਹਵਾ ਵੱਖਰਾ।

"ਕਿੰਨੀ ਖੰਡ ਪਾਵਾਂ?" ਉਸੇ ਤਰ੍ਹਾਂ ਮੁਸਕਰਾਉਂਦੇ ਗਾਰਗੀ ਨੇ ਪੁੱਛਿਆ, ਪਰ ਉਸ ਮੁਸਕਰਾਹਟ ਵਿਚ ਕੁਝ ਸੀ ਜੋ ਨਹੀਂ ਸੀ। ਕੀ ਇਹ ਉਹੀ ਗਾਰਗੀ ਸੀ?

"ਮੈਂ ਤੁਹਾਨੂੰ ਆਪਣੀ ਨਜ਼ਮਾਂ ਦੀ ਕਿਤਾਬ ਭੇਜੀ ਸੀ 'ਲੋਹਿਓਂ ਪਾਰਸ'...।" ਸੋਚਿਆ ਸ਼ਾਇਦ ਗਾਰਗੀ ਨੂੰ ਅਤੀਤ ਵਿਚੋਂ ਕੁਝ ਯਾਦ ਆ ਜਾਵੇ।

"ਉਹ ਤੇਰੀ ਸੀ? ਪਰ ਉਸ ਵਿਚ ਯੋਗ ਨਾਲ ਸਬੰਧਤ ਕੋਈ ਸਿਰਨਾਵਾਂ ਕਾਰਡ ਸੀ, ਮੈਂ ਸਮਝਿਆ ਉਹ ਕੋਈ ਯੋਗ ਬਾਰੇ ਕਿਤਾਬ ਹੋਣੀ ਹੈ। ਮੈਂ ਖੋਲ੍ਹੀ ਹੀ ਨਹੀਂ, ਹੁਣ ਪੜ੍ਹਾਂਗਾ। ਤੈਨੂੰ ਸਾਹਿਤ ਦੀ ਕਿਤਾਬ ਵਿਚ ਆਪਣੇ ਕਿੱਤੇ ਵਾਲਾ ਕਾਰਡ ਨਹੀਂ ਸੀ ਪਾਉਣਾ ਚਾਹੀਦਾ।" ਗਾਰਗੀ ਉਹੀ ਸੀ, ਸਪਸ਼ਟ ਸੁਹਿਰਦ, ਮੱਤਾਂ ਦੇਣ ਵਾਲਾ।

ਮੈਨੂੰ ਚੰਗਾ ਲੱਗਾ।

ਉਹ ਇਸਤਰੀ ਵੀ ਚਾਹ ਦੇ ਪਿਆਲੇ ਉਤੇ ਸ਼ਾਮਲ ਹੋ ਗਈ। ਸਾਧਾਰਨ ਸਹਿਜ ਗੱਲਾਂ ਮੁੰਬਈ ਬਾਰੇ, ਰੂਸ ਬਾਰੇ ਜੋ ਸਹਿਜ ਨਹੀਂ ਸਨ...

ਮੈਂ ਮੁੰਬਈ ਵਰਗੀ ਸਵਰਗੀ-ਧਰਤੀ ਛੱਡ ਕੇ ਮੁਹਾਲੀ ਵਿਚ ਕਿਵੇਂ ਆ ਵਸੀ, ਇਹ ਗਾਰਗੀ ਦੀ ਸਮਝ ਤੋਂ ਪਾਰ ਸੀ ਤੇ ਮੇਰੇ ਸਮਝਾਉਣ ਤੋਂ ਉਰਾਰ। ਮੈਂ ਮਹਿਸੂਸ ਕਰ ਰਹੀ ਸਾਂ ਕਿ ਗਾਰਗੀ ਨੇ ਬੜੀ ਮੁਸ਼ਕਲ ਨਾਲ ਮੇਰੇ ਲਈ ਵਕਤ ਕੱਢਿਆ ਸੀ। ਉਸ ਦੀ ਮਸਰੂਫੀਅਤ ਵਿਚ ਦਖ਼ਲ ਦੇ ਕੇ ਮੈਂ ਮਨ ਹੀ ਮਨ ਪਛਤਾ ਰਹੀ ਸਾਂ। ਸੋ ਛੇਤੀ ਹੀ ਵਿਦਾ ਲੈਣੀ ਚਾਹੀ। ਦਰਵਾਜ਼ੇ ਤਕ ਗਾਰਗੀ ਛੱਡਣ ਆਇਆ। ਬੂਹਿਓਂ ਬਾਹਰ ਹੁੰਦਿਆਂ ਹੀ ਉਸ ਮੇਰੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਘੁੱਟ ਲਏ। ਪੀਡੀ ਤੇ ਨਿੱਘੀ ਘੁੱਟਣੀ।

"ਮਾਫ ਕਰੀਂ 'ਹੈਨਾਂ', ਮੈਂ ਤੈਨੂੰ ਖਾਸ ਵਕਤ ਨਹੀਂ ਦੇ ਸਕਿਆ। ਤੂੰ ਫਿਰ ਨਹੀਂ ਆ ਸਕਦੀ? ਫਿਰ ਦਿੱਲੀ ਕਦੋਂ ਆਵੇਂਗੀ?"

ਮੈਨੂੰ ਹੁਣ ਆਪਣਾ ਚੱਕਰ ਅਜਾਈਂ ਨਾ ਲੱਗਾ।

"ਮੈਂ ਫਰਵਰੀ ਵਿਚ ਆਵਾਂਗੀ। ਛੇ ਫਰਵਰੀ ਨੂੰ ਮੇਰੇ ਮਾਪਿਆਂ ਦੀ ਬਰਸੀ ਹੈ।"

"ਠੀਕ ਹੈ, ਤੂੰ ਸੱਤ ਫਰਵਰੀ ਦੀ ਸਵੇਰ ਨੂੰ ਇਥੇ ਹੋਵੇਂਗੀ। ਠੀਕ ਸਾਢੇ ਗਿਆਰਾਂ ਵਜੇ। ਉਹ ਦਿਨ ਮੈਂ ਸਿਰਫ ਤੇਰੇ ਲਈ ਰੱਖਾਂਗਾ। ਪੂਰਾ।"

"ਠੀਕ ਹੈ।" ਕਹਿਣ ਨੂੰ ਤਾਂ ਮੈਂ ਕਹਿ ਦਿੱਤਾ ਪਰ ਕੀ ਇਹ ਗਾਰਗੀ ਦੇ ਹਿਤ ਵਿਚ ਹੋਵੇਗਾ?

... ਮੈਂ ਸੋਚ ਰਹੀ ਸਾਂ।

***(ਸਮਾਪਤ)***

## ਇਹ ਵੀ ਅਜ਼ਮਾਓ

* ਇਲਾਇਚੀ ਅਤੇ ਆਂਵਲੇ ਦਾ ਚੂਰਨ ਬਰਾਬਰ ਮਾਤਰਾ 'ਚ ਮਿਲਾ ਕੇ ਲੈਣ ਨਾਲ ਪੇਸ਼ਾਬ ਦੀ ਜਲਣ ਦੂਰ ਹੁੰਦੀ ਹੈ।

* ਜੇਕਰ ਤੁਹਾਨੂੰ ਕਬਜ਼ ਦੀ ਸ਼ਿਕਾਇਤ ਰਹਿੰਦੀ ਹੈ ਤਾਂ ਰੋਜ਼ਾਨਾ ਭੋਜਨ ਤੋਂ ਮਗਰੋਂ ਤੁਲਸੀ ਦੀਆਂ ਕੁਝ ਪੱਤੀਆਂ ਪਾਣੀ ਨਾਲ ਲਵੋ।

* ਤੁਲਸੀ ਦਾ ਰਸ ਅਤੇ ਨਾਰੀਅਲ ਦਾ ਤੇਲ ਮਿਲਾ ਕੇ ਅੱਗ ਨਾਲ ਸੜੀ ਹੋਈ ਜਗ੍ਹਾ 'ਤੇ ਲਗਾਉਣ ਨਾਲ ਛੇਤੀ ਆਰਾਮ ਮਿਲਦਾ ਹੈ ਅਤੇ ਜਲਣ ਵੀ ਘੱਟ ਹੁੰਦੀ ਹੈ।

* ਸਿਰਦਰਦ ਹੋਵੇਂ ਤਾਂ ਤੁਲਸੀ ਦੀਆਂ ਪੱਤੀਆਂ ਦਾ ਰਸ ਥੋੜ੍ਹੇ ਜਿਹੇ ਕਫ਼ੂਰ ਨਾਲ ਮਿਲਾ ਕੇ ਸਿਰ 'ਤੇ ਲਗਾਓ। ਸਿਰਦਰਦ ਹਟ ਜਾਵੇਗਾ।

ਗਲੇ ਵਿਚ ਬਲਗਮ ਜਮ ਜਾਣ 'ਤੇ ਕਫ਼ੂਰ, ਤੁਲਸੀ ਅਤੇ ਸ਼ਹਿਦ ਮਿਲਾ ਕੇ ਵਰਤੋ। ਇਸ ਨਾਲ ਤੁਰੰਤ ਫਾਇਦਾ ਹੋਵੇਗਾ।

* ਜੇਕਰ ਤੁਹਾਡੇ ਬੁੱਲ੍ਹ ਸਰਦੀ ਕਰਕੇ ਜਾਂ ਕਿਸੇ ਹੋਰ ਕਾਰਨ ਕਰਕੇ ਫਟ ਗਏ ਹਨ ਤਾਂ ਸ਼ਹਿਦ ਅਤੇ ਗੁਲਾਬ-ਜਲ ਵਿਚ ਤੁਲਸੀ ਦੀਆਂ ਪੱਤੀਆਂ ਦਾ ਰਸ ਮਿਲਾ ਕੇ ਬੁੱਲ੍ਹਾਂ 'ਤੇ ਲਗਾਓ।

* ਜਹਿਰੀਲੇ ਕੀੜੇ ਮਕੌੜੇ ਦੇ ਕੱਟਣ 'ਤੇ ਤੁਲਸੀ ਦਾ ਰਸ ਲਾਉਣ ਨਾਲ ਜ਼ਹਿਰ ਦਾ ਪ੍ਰਭਾਵ ਦੂਰ ਹੋ ਜਾਂਦਾ ਹੈ।

***-ਪੰਜਾਬ ਟਾਈਮਜ਼ ਫੀਚਰ***

ਕਹਾਣੀ

# ਇਕਲਵਿਅ

*ਇਸ ਕਹਾਣੀ ਦੀ ਪਿਠਭੂਮੀ ਅੱਜ ਤੋਂ ਤਕਰੀਬਨ ਚਾਰ ਹਜ਼ਾਰ ਵਰ੍ਹੇ ਪਹਿਲਾਂ ਤ੍ਰੈਗਾਰਤਾ ਰਾਜ ਦੀ ਹੈ ਜਿਸ ਦਾ ਖੇਤਰ ਅੱਜ ਕੱਲ੍ਹ ਦੇ ਹੁਸ਼ਿਆਰਪੁਰ ਅਤੇ ਕਾਂਗੜਾ ਦੇ ਆਲੇ-ਦੁਆਲੇ ਦਾ ਖੇਤਰ ਸੀ। ਇਕਲਵਿਅ ਹੁਸ਼ਿਆਰਪੁਰ ਅਤੇ ਦਸੂਹਾ ਵਿਚਕਾਰ ਵਸਦੇ ਢੋਲਬਾਹ (ਅੱਜ ਕੱਲ੍ਹ ਦਾ ਢੋਲਬਾਹਾ) ਦਾ ਰਹਿਣ ਵਾਲਾ ਸੀ। ਮਿਤਾਨੀ ਜਾਤੀ ਦਾ ਦੇਸ਼ ਪ੍ਰਚੀਨ ਕਾਲ ਵਿਚ ਅੱਜ ਦਾ ਇਰਾਕ ਸੀ। ਮੱਧ ਪ੍ਰਦੇਸ਼ ਦੀਆਂ ਕਈ ਆਦਿਵਾਸੀ ਜਾਤੀਆਂ ਦੇ ਲੋਕ ਅੱਜ ਵੀ ਇਕਲਵਿਅ ਵਾਂਗ ਚਾਰ ਉਂਗਲਾਂ ਨਾਲ ਹੀ ਤੀਰ ਚਲਾਉਂਦੇ ਹਨ। -ਸੰਪਾਦਕ*

ਮੇਰਾ ਨਾਂ ਇਕਲਵਿਅ ਹੈ। ਅਸੁਰਾਂ ਦੀ ਕਿਰਾਤ ਜਾਤੀ ਦੇ ਸਰਦਾਰ ਹਿਰਨਧਾਨੂੰ ਦਾ ਪੁੱਤਰ ਇਕਲਵਿਅ। ਜੇ ਮੈਂ ਆਰੀਆ ਹੁੰਦਾ, ਛੱਤਰੀ-ਪੁੱਤਰ ਹੁੰਦਾ ਤਾਂ ਸ਼ਾਇਦ ਮੇਰੇ ਬਾਰੇ ਮਹਾਂਭਾਰਤ ਵਿਚ ਬਹੁਤ ਕੁਝ ਲਿਖਿਆ ਜਾਣਾ ਸੀ। ਇਹ ਵੀ ਸੰਭਵ ਹੈ ਕਿ ਦ੍ਰੋਣਾਚਾਰੀਆ ਗੁਰੂ ਦੱਖਣਾ ਦੇ ਬਹਾਨੇ ਮੇਰੇ ਕੋਲੋਂ ਮੇਰਾ ਅੰਗੂਠਾ ਨਾ ਮੰਗਦੇ, ਤੇ ਮੈਂ ਅਰਜੁਨ ਵਾਂਗ ਜਾਂ ਉਸ ਤੋਂ ਵੀ ਵੱਡਾ ਧਨੁਖਧਾਰੀ ਕਹਾਇਆ ਜਾਂਦਾ।

ਪਰ ਇਹ ਸਭ ਕੁਝ ਮੇਰੇ ਭਾਗਾਂ ਵਿਚ ਨਹੀਂ ਸੀ। ਆਪਣਾ ਅੰਗੂਠਾ ਕਟਵਾ ਕੇ ਮੈਂ ਘਰ ਬੈਠ ਗਿਆ ਹੋਵਾਂ ਜਾਂ ਮੱਝਾਂ ਚਰਾਉਂਦਿਆਂ ਆਪਣਾ ਜੀਵਨ ਬਿਤਾ ਦਿੱਤਾ ਹੋਵੇ, ਇਹ ਵੀ ਨਹੀਂ ਹੋਇਆ। ਤੁਸੀਂ ਚਾਹੇ ਜੋ ਵੀ ਕਹੋ ਪਰ ਮੈਂ ਅਰੁਜਨ ਵਰਗਾ ਘਟੀਆ ਬੰਦਾ ਬਹੁਤ ਘੱਟ ਵੇਖਿਆ ਹੈ ਜੋ ਉਪਰੋਂ ਕੁਝ ਹੋਰ ਅਤੇ ਅੰਦਰੋਂ ਕੁਝ ਹੋਰ ਸੀ। ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਮੈਂ ਜੀਅ ਭਰ ਕੇ ਅਰੁਜਨ ਤੋਂ ਬਦਲਾ ਲਿਆ। ਜੇ



ਮਨਮੋਹਨ ਬਾਵਾ

ਸ਼ਿਕਾਇਤ ਹੈ ਤਾਂ ਮੈਨੂੰ ਵਿਆਸ ਰਿਸ਼ੀ ਤੋਂ, ਕਿ ਉਨ੍ਹਾਂ ਨੇ ਮੇਰੀ ਉਸ ਅੰਗੂਠੇ ਵਾਲੀ ਘਟਨਾ ਉਪਰੰਤ ਕਿਤੇ ਵੀ ਮੇਰਾ ਜ਼ਿਕਰ ਕਰਨਾ ਉਚਿਤ ਨਹੀਂ ਸਮਝਿਆ ਕਿਉਂਕਿ ਉਸ ਨਾਲ ਉਨ੍ਹਾਂ ਦੇ ਆਰੀਆ ਅਭਿਮਾਨ ਨੂੰ ਠੇਸ ਪਹੁੰਚਦੀ ਸੀ।

ਹੁਣ ਮੈਂ ਤੁਹਾਨੂੰ ਸੰਖੇਪ ਵਿਚ ਦੱਸਦਾ ਹਾਂ ਕਿ ਮੇਰੇ ਨਾਲ ਕੀ ਕੀ ਬੀਤੀ ਅਤੇ ਕਿਵੇਂ ਮੈਂ ਮਹਾਭਾਰਤ ਯੁੱਧ ਵਿਚ ਅਰਜੁਨ ਤੋਂ ਬਦਲਾ ਲਿਆ ਅਤੇ ਉਸ ਦੇ ਪੁੱਤਰ ਅਭਿਮੰਨਯੂ ਦੀ ਮੌਤ ਦਾ ਕਾਰਨ ਬਣਿਆ।

ਮੈਂ ਤੁਹਾਨੂੰ ਸ਼ੁਰੂ ਤੋਂ ਹੀ ਦੱਸਦਾ ਹਾਂ। ਬਚਪਨ ਤੋਂ ਮੈਨੂੰ ਧਨੁਖ-ਬਾਣ ਚਲਾਉਣ ਅਤੇ ਸ਼ਿਕਾਰ ਖੇਡਣ ਦਾ ਸ਼ੌਕ ਸੀ। ਗੁਆਂਢੀ ਆਰੀਆ ਰਾਜਿਆਂ ਅਤੇ ਕਦੀ-ਕਦੀ ਆਪਣੇ ਹੀ ਅਸੁਰ ਰਾਜਿਆਂ ਨਾਲ ਲੜਾਈਆਂ ਹੁੰਦੀਆਂ ਰਹਿੰਦੀਆਂ ਸਨ। ਮੇਰੇ ਪਿਤਾ ਚਾਹੁੰਦੇ ਸਨ ਕਿ ਮੈਂ ਨਿਪੁੰਨ ਧਨੁਖਧਾਰੀ ਅਤੇ ਵੀਰ ਯੋਧਾ ਬਣਾਂ। ਉਨ੍ਹੀਂ ਦਿਨੀਂ ਹਿਮਾਚਲ ਦੇ ਪਰਬਤਾਂ ਤੋਂ ਪਾਰ, ਕਿਸੇ ਦੂਰ ਦੇਸ ਤੋਂ ਮਿਤਾਨੀ ਜਾਤੀ ਦੇ ਕੁਝ ਯੋਧਾ ਇਸ ਪਾਸੇ ਆ ਨਿਕਲੇ। ਉਨ੍ਹਾਂ ਵਿਚੋਂ ਹੀ 'ਮਹਾਸੁਰ' ਨਾਂ ਦੇ ਬਿਰਧ ਧਨੁਖਧਾਰੀ ਤੋਂ ਮੈਂ ਸ਼ਸਤਰ ਵਿਦਿਆ ਪ੍ਰਾਪਤ ਕੀਤੀ ਅਤ ਚੌਦਾਂ ਵਰ੍ਹੇ ਦਾ ਹੋਣ ਤੱਕ ਮੈਂ ਨਿਪੁੰਨ ਧਨੁਖਧਾਰੀ ਬਣ ਗਿਆ।

ਜਿਨ੍ਹਾਂ ਦਿਨਾਂ ਦੀ ਇਹ ਗੱਲ ਹੈ, ਉਨ੍ਹੀਂ ਦਿਨੀਂ ਮੈਂ ਆਪਣੇ ਪਿੰਡ ਢੋਲਬਾਹ ਤੋਂ ਜਮਨਾ ਨਦੀ ਕੰਢੇ ਵਸਦੇ ਆਪਣੇ ਮਾਮੇ ਦੇ ਪਿੰਡ ਗਿਆ ਹੋਇਆ ਸੀ। ਇਕ ਦਿਨ ਮੈਂ ਅਤੇ ਮੇਰੇ ਮਾਮੇ ਦਾ ਪੁੱਤਰ ਲੂਮੜੀ ਦਾ ਪਿੱਛਾ ਕਰਦਿਆਂ ਜਮਨਾ ਨਦੀ ਤੱਕ ਪਹੁੰਚ ਗਏ। ਉਥੇ ਨਦੀ ਕੰਢੇ ਮੈਂ ਗਰੀਬੜਾ ਜਿਹਾ ਬ੍ਰਾਹਮਣ ਪਰਿਵਾਰ ਵੇਖਿਆ। ਇਨ੍ਹਾਂ ਵਿਚ ਦੋ ਛੋਟੇ-ਛੋਟੇ ਬੱਚੇ ਵੀ ਸਨ। ਇਕ ਬੱਚਾ ਰੋ ਰਿਹਾ ਸੀ ਅਤੇ ਦੁੱਧ ਪੀਣ ਦੀ ਜ਼ਿੱਦ ਕਰ ਰਿਹਾ ਸੀ।

ਮੈਨੂੰ ਉਨ੍ਹਾਂ 'ਤੇ ਬਹੁਤ ਤਰਸ ਆਇਆ। ਮੈਂ ਜਾ ਕੇ ਆਖਿਆ, "ਤੁਸੀਂ ਐਵੇਂ ਕਿਉਂ ਰੁਆਈ ਜਾ ਰਹੇ ਹੋ ਇਸ ਬਾਲ ਨੂੰ?"

ਉਨ੍ਹਾਂ ਦੱਸਿਆ ਕਿ ਉਹ ਗਰੀਬ ਮੁਸਾਫਰ ਹਨ ਅਤੇ ਚੌਲਾਂ ਦੇ ਕੁਝ ਦਾਣਿਆਂ ਦੇ ਇਲਾਵਾ ਉਨ੍ਹਾਂ ਕੋਲ ਖਾਣ ਲਈ ਹੋਰ ਕੁਝ ਨਹੀਂ। ਉਹ ਚੌਲਾਂ ਦੀ ਪਿੱਛ ਕੱਢ ਕੇ ਆਪਣੇ ਬੱਚੇ ਨੂੰ ਦੁੱਧ ਦਾ ਭੁਲੇਖਾ ਪਾਉਣ ਦਾ ਯਤਨ ਕਰ ਰਹੇ ਸਨ ਤੇ ਬੱਚਾ ਕਹਿ ਰਿਹਾ ਸੀ ਕਿ ਉਹ ਜਾਣਦਾ ਹੈ, ਇਹ ਦੁੱਧ ਨਹੀਂ, ਚੌਲਾਂ ਦੀ ਪਿੱਛ ਹੈ।

ਮੈਂ ਦੌੜਿਆ-ਦੌੜਿਆ ਆਪਣੇ ਮਾਮੇ ਕੋਲ ਗਿਆ ਅਤੇ ਉਸ ਨੂੰ ਉਨ੍ਹਾਂ ਗਰੀਬ ਬ੍ਰਾਹਮਣਾਂ ਦੀ ਦੁਰਦਸ਼ਾ ਬਾਰੇ ਦੱਸਿਆ।

ਕੁਝ ਖਾਣ-ਪੀਣ ਦੀ ਸਮੱਗਰੀ ਲੈ ਕੇ ਮੈਂ ਆਪਣੇ ਮਾਮੇ ਨਾਲ ਜਮਨਾ ਕੰਢੇ ਪਹੁੰਚਿਆ ਤਾਂ ਵੇਖਿਆ, ਬ੍ਰਾਹਮਣ ਦਾ ਮੁੰਡਾ ਧਰਤੀ ਉਤੇ ਬੇਸੁਧ ਪਿਆ ਸੀ। ਉਸ ਦੀ ਪਤਨੀ ਵਿਰਲਾਪ ਕਰ ਰਹੀ ਸੀ ਅਤੇ ਉਹ ਬ੍ਰਾਹਮਣ ਆਪਣੇ ਪੁੱਤਰ ਨੂੰ ਮਰ ਗਿਆ ਜਾਣ ਕੇ, ਇਸ ਦੁੱਖ ਨੂੰ ਨਾ ਸਹਿਣ ਕਰਦਿਆਂ ਜਮਨਾ ਨਦੀ ਵਿਚ ਛਾਲ ਮਾਰ ਕੇ ਆਤਮ ਹੱਤਿਆ ਕਰਨ ਵਾਲਾ ਸੀ।

ਮੇਰੇ ਮਾਮੇ ਨੇ ਭੁੰਜੇ ਪਏ ਮੁੰਡੇ ਦੀ ਨਬਜ਼ ਟਟੋਲੀ ਤੇ ਫਿਰ ਬ੍ਰਾਹਮਣ ਨੂੰ ਸੰਬੋਧਨ ਹੋ ਕੇ ਬੋਲਿਆ, "ਇਹ ਮਰਿਆ ਨਹੀਂ, ਬੇਸੁਧ ਹੋ ਗਿਆ ਹੈ ਭੁੱਖ ਕਾਰਨ।"

ਅਸੀਂ ਉਸ ਬੱਚੇ ਅਤੇ ਸਾਰੇ ਪਰਿਵਾਰ ਨੂੰ ਦੁੱਧ ਪਿਲਾਇਆ ਅਤੇ ਆਪਣੇ ਘਰ ਲੈ ਆਏ।

ਇਸ ਆਰੀਆ ਬ੍ਰਾਹਮਣ ਦਾ ਨਾਮ ਦ੍ਰੋਣ, ਉਸ ਦੀ ਪਤਨੀ ਦਾ ਨਾਮ ਕਿਰਪੀ ਅਤੇ ਪੁੱਤਰ ਦਾ ਨਾਮ ਅਸ਼ਵਥਾਮਾ ਸੀ।

ਇਹ ਜਿਸ ਆਸ਼ਰਮ ਵਿਚ ਰਹਿੰਦੇ ਸਨ, ਉਥੇ ਭੁੱਖਮਰੀ ਦੇ ਹਾਲਾਤ ਹੋਣ ਕਾਰਨ ਇਹ ਬ੍ਰਾਹਮਣ ਦ੍ਰੋਣ ਆਪਣੇ ਪੁਰਾਣੇ ਮਿੱਤਰ, ਪੰਚਾਲ ਦੇਸ਼ ਦੇ ਰਾਜਾ ਦਰੋਪਦ ਕੋਲ ਜਾ ਰਹੇ ਸਨ। ਇਹ ਬਹੁਤ ਦਿਨ ਤੱਕ ਸਾਡੇ ਪਿੰਡ ਪਾਸ ਰਹੇ। ਸਾਡੇ ਪਾਸ ਬਹੁਤ ਗਾਈਆਂ-ਮੱਝਾਂ ਸਨ। ਜੰਗਲ ਵਿਚ ਨਾ ਸ਼ਿਕਾਰ ਦੀ ਘਾਟ, ਨਾ ਫਲਾਂ ਦੀ। ਦ੍ਰੋਣ ਆਪ ਬਹੁਤ ਨਿਪੁੰਨ ਧਨੁਖਧਾਰੀ ਸਨ। ਧਨੁਖ ਵਿਦਿਆ ਵਿਚ ਮੇਰੀ ਇੰਨੀ ਰੁਚੀ ਦੇਖ ਕੇ ਉਨ੍ਹਾਂ ਮੈਨੂੰ ਬਹੁਤ ਕੁਝ ਸਿਖਾਇਆ ਅਤੇ ਅੱਗੇ ਲਈ ਅਭਿਆਸ ਕਰਨ ਲਈ ਬਹੁਤ ਕੁਝ ਦੱਸ ਕੇ ਪੰਚਾਲ ਦੇਸ਼ ਵੱਲ ਤੁਰ ਪਏ। ਕੁਝ ਦਿਨ ਬਾਅਦ ਮੈਂ ਵੀ ਆਪਣੇ ਪਿੰਡ ਢੋਲਬਾਹ ਆ ਗਿਆ।

ਮੇਰਾ ਮਿਤਾਨੀ ਗੁਰੂ ਮਹਾਸੁਰ ਮੈਥੋਂ ਬਹੁਤ ਪ੍ਰਸੰਨ ਸੀ। ਉਸ ਨੇ ਮੈਨੂੰ ਉਹ ਸਭ ਕੁਝ ਸਿਖਾਇਆ ਜੋ ਉਸ ਨੇ ਪਿਛਲੇ ਕਈ ਵਰ੍ਹਿਆਂ ਦੇ ਤਜਰਬਿਆਂ ਅਤੇ ਖਸ਼ਾਂ, ਮਿਤਾਨੀਆਂ, ਹਿਟਾਇਟਾਂ, ਮਿਸਰੀਆਂ ਕੋਲੋਂ ਸਿੱਖਿਆ ਸੀ। ਦਰਅਸਲ ਉਹ ਆਪ ਵੀ ਮਿਤਾਨੀ ਰਾਜਕੁਮਾਰਾਂ ਦਾ ਗੁਰੂ ਰਹਿ ਚੁਕਾ ਸੀ ਅਤੇ ਹਿਟਾਇਟਾਂ ਹੱਥੋਂ ਮਿਤਾਨੀ ਰਾਜ ਦੇ ਪਤਨ ਤੋਂ ਬਾਅਦ ਨੱਸ ਕੇ ਇਥੇ ਸ਼ਰਨ ਆ ਲਈ ਸੀ।

ਅੱਠ ਦਸ ਵਰ੍ਹੇ ਬਾਅਦ ਗੁਰੂ ਮਹਾਸੁਰ ਦੇ ਮਰ ਜਾਣ ਤੋਂ ਪਿਛੋਂ ਮੈਂ ਆਪਣੇ ਪਿਤਾ ਦੇ ਕਹਿਣ 'ਤੇ ਬ੍ਰਾਹਮਣ ਦ੍ਰੋਣ ਕੋਲੋਂ ਹੋਰ ਧਨੁਖ ਵਿਦਿਆ ਸਿੱਖਣ ਲਈ ਤੁਰ ਪਿਆ। ਸੁਣਿਆ ਸੀ ਕਿ ਉਨ੍ਹਾਂ ਦੀ ਤਕਦੀਰ ਨੇ ਪਲਟਾ ਖਾਧਾ ਹੈ ਅਤੇ ਉਹ ਹਸਤਿਨਾਪੁਰ ਵਿਚ ਕੌਰਵ ਪਾਂਡਵ ਰਾਜਕੁਮਾਰਾਂ ਦੇ ਰਾਜਗੁਰੂ ਬਣ ਗਏ ਹਨ ਅਤੇ ਗੁਰੂ ਦ੍ਰੋਣਾਚਾਰੀਆ ਦੇ ਨਾਂ ਨਾਲ ਪ੍ਰਸਿੱਧ ਹਨ।

ਗੁਰੂ ਦ੍ਰੋਣਾਚਾਰੀਆ ਅਤੇ ਉਨ੍ਹਾਂ ਦੀ ਪਤਨੀ ਕਿਰਪੀ ਮੈਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਖੂਬ ਟਹਿਲ ਸੇਵਾ ਕੀਤੀ, ਪਰ ਇਕ ਚੀਜ਼ ਜੋ ਮੈਂ ਅਨੁਭਵ ਕਰਨ ਤੋਂ ਨਾ ਰਹਿ ਸਕਿਆ, ਉਹ ਸੀ ਉਨ੍ਹਾਂ ਨੂੰ ਉਚ ਕੁਲ ਆਰੀਆ ਬ੍ਰਾਹਮਣ ਅਤੇ ਰਾਜਗੁਰੂ ਹੋਣ ਦਾ ਅਭਿਮਾਨ! ਮੈਨੂੰ ਅਸੁਰ, ਨੀਵੀਂ ਜਾਤ ਦਾ ਸਮਝਦਿਆਂ ਮੇਰੇ ਨਾਲ ਅਜੀਬ ਜਿਹਾ ਵਿਹਾਰ। ਅਸ਼ਵਥਾਮਾ ਤਾਂ ਮੇਰੇ ਨਾਲ ਗੱਲ ਕਰ ਕੇ ਵੀ ਰਾਜ਼ੀ ਨਹੀਂ ਸੀ।

ਮੇਰਾ ਜੀਅ ਤੇ ਨਹੀਂ ਸੀ ਕਰਦਾ ਕਿ ਮੈਂ ਇਨ੍ਹਾਂ ਅੱਗੇ ਬੇਨਤੀ ਕਰਾਂ ਪਰ ਐਡੀ ਦੂਰੋਂ ਆਇਆ ਸਾਂ, 'ਪੁੱਛਣ ਵਿਚ ਕੀ ਹਰਜ ਹੈ?' ਮੈਂ ਮਨ ਹੀ ਮਨ ਸੋਚਿਆ।

ਜਦ ਮੈਂ ਆਪਣੀ ਇੱਛਾ ਦ੍ਰੋਣਾਚਾਰੀਆ ਸਾਹਮਣੇ ਪ੍ਰਗਟ ਕੀਤੀ ਤਾਂ ਉਨ੍ਹਾਂ ਸਾਫ਼ ਇਨਕਾਰ ਕਰ ਦਿੱਤਾ, ਤੇ ਬੋਲੇ ਕਿ ਉਹ ਕੌਰਵ ਪਾਂਡਵ ਰਾਜਕੁਮਾਰਾਂ ਦੇ ਇਲਾਵਾ ਹੋਰ ਕਿਸੇ ਨੂੰ ਵੀ ਸ਼ਸਤਰ ਵਿਦਿਆ ਨਾ ਸਿਖਾਉਣ ਲਈ ਵਚਨਬੱਧ ਹਨ ਪਰ ਉਨ੍ਹਾਂ ਦੀ ਪਤਨੀ ਕਿਰਪੀ ਦੇ ਮਨ ਵਿਚ ਦਯਾ ਆ ਗਈ। ਕਿਰਪੀ ਨੇ ਕਿਹਾ, "ਉਨ੍ਹਾਂ ਵਚਨ ਦਿੱਤਾ ਹੋਇਆ ਹੈ ਕਿ ਉਹ ਹੋਰ ਕਿਸੇ ਨੂੰ ਸ਼ਸਤਰ ਵਿਦਿਆ ਨਹੀਂ ਸਿਖਾਉਣਗੇ ਪਰ ਤੂੰ ਹੁਸ਼ਿਆਰ ਏਂ, ਉਨ੍ਹਾਂ ਦੇ ਬਿਨਾਂ ਸਿਖਾਇਆ ਵੀ ਸਿੱਖ ਸਕਦਾ ਏਂ।"

"ਉਹ ਕਿਵੇਂ?"

"ਜਦ ਉਹ ਕੌਰਵ ਪਾਂਡਵਾਂ ਨੂੰ ਸਿਖਾਉਣ, ਤੂੰ ਉਨ੍ਹਾਂ ਨੂੰ ਲੁਕ-ਲੁਕ ਕੇ ਵੇਖਦਾ ਰਹੀਂ।"

"ਪਰ...ਪਰ ਇਹ ਤੇ ਚੋਰੀ ਹੋਵੇਗੀ?"

"ਵਿਦਿਆ ਦੀ ਚੋਰੀ ਕੋਈ ਚੋਰੀ ਨਹੀਂ ਹੁੰਦੀ।" ਮਾਂ ਕਿਰਪੀ ਨੇ ਮੁਸਕਰਾਉਂਦਿਆਂ ਆਖਿਆ।

ਸੋ ਮੈਂ ਉਸ ਜੰਗਲ ਵਿਚ ਕੁਟੀਆ ਬਣਾ ਕੇ ਰਹਿਣ ਲੱਗਾ ਜਿਥੇ ਆ ਕੇ ਦ੍ਰੋਣਾਚਾਰੀਆ ਰਾਜਕੁਮਾਰਾਂ ਨੂੰ ਸ਼ਸਤਰ ਚਲਾਉਣਾ ਸਿਖਾਉਂਦੇ ਸਨ। ਮਾਂ ਕਿਰਪੀ ਨੇ ਆਖਿਆ ਕਿ ਮੈਂ ਦ੍ਰੋਣਾਚਾਰੀਆ ਦੀ ਮਿੱਟੀ ਦੀ ਮੂਰਤੀ ਬਣਾ ਕੇ ਆਪਣੀ ਕੁਟੀਆ ਵਿਚ ਰੱਖ ਲਵਾਂ। ਇਸ ਨਾਲ ਮੈਨੂੰ ਗੁਰੂ ਅਸ਼ੀਰਵਾਦ ਦਾ ਫਲ ਮਿਲੇਗਾ। ਇਹ ਸੱਚ ਸੀ ਜਾਂ ਝੂਠ? ਮੈਂ ਉਨ੍ਹਾਂ ਦੀ ਮੂਰਤੀ ਜਿਹੀ ਬਣਾ ਕੇ ਆਪਣੀ ਕੁਟੀਆ ਵਿਚ ਰੱਖ ਲਈ ਅਤੇ ਜਦ ਮੈਂ ਸ਼ਸਤਰ ਅਭਿਆਸ ਲਈ ਬਾਹਰ ਨਿਕਲਦਾ, ਉਸ ਮੂਰਤੀ ਨੂੰ ਪ੍ਰਣਾਮ ਕਰ ਲੈਂਦਾ। ਮੈਨੂੰ ਕੀ ਪਤਾ ਸੀ ਕਿ ਮਿੱਟੀ ਦੀ ਇਹੀ ਮੂਰਤੀ ਅਸ਼ੀਰਵਾਦ ਦੀ ਥਾਂ ਮੇਰੇ ਲਈ ਸਰਾਪ ਦਾ ਕਾਰਨ ਬਣ ਜਾਏਗੀ!

ਕੌਰੋ-ਪਾਂਡੋ ਪੁੱਤਰ ਜਦ ਵੀ ਇਸ ਪਾਸੇ ਸ਼ਸਤਰ ਵਿਦਿਆ ਲਈ ਆਉਂਦੇ ਤਾਂ ਖੂਬ ਰੌਲਾ ਪਾਉਂਦੇ। ਮੈਨੂੰ ਇਹ ਜਾਣਨ ਵਿਚ ਕੋਈ ਔਖਿਆਈ ਨਾ ਹੁੰਦੀ ਕਿ ਉਹ ਕਿਸ ਪਾਸੇ ਹਨ। ਮੈਂ ਲੁਕ-ਲੁਕ ਕੇ ਸਭ ਕੁਝ ਵੇਖਦਾ ਰਹਿੰਦਾ।

ਦ੍ਰੋਣਾਚਾਰੀਆ ਜੋ ਕੁਝ ਵੀ ਉਨ੍ਹਾਂ ਨੂੰ ਸਿਖਾਉਂਦੇ, ਉਹ ਸਭ ਕੁਝ ਵੇਖਣ ਤੋਂ ਬਾਅਦ ਅਭਿਆਸ ਕਰਨ ਵਿਚ ਮੈਨੂੰ ਕੋਈ ਕਠਿਨਾਈ ਨਾ ਹੁੰਦੀ, ਪਰ ਇਹ ਅਨੁਭਵ ਕਰਦਿਆਂ ਮੈਂ ਖੁਸ਼ ਸਾਂ ਕਿ ਉਨ੍ਹਾਂ ਵਿਚੋਂ ਕੋਈ ਵੀ ਰਾਜਕੁਮਾਰ ਧਨੁਖ ਵਿਦਿਆ ਵਿਚ ਮੇਰੇ ਮੁਕਾਬਲੇ ਖੜ੍ਹਾ ਨਹੀਂ ਸੀ ਹੋ ਸਕਦਾ। ਇਸ ਦੇ ਤਿੰਨ ਕਾਰਨ ਸਨ,

ਇਕ ਤੇ ਇਹ, ਕਿ ਮੇਰੇ ਕੋਲ ਤਿੰਨ ਗੁਰੂਆਂ ਦੀ ਸਿੱਖਿਆ ਸੀ। ਤਿੰਨ ਵੱਡੀਆਂ ਜਾਤੀਆਂ ਦੀ। ਪਹਿਲੇ ਮੇਰੇ ਕਿਰਾਤ ਜਾਤੀ ਦੇ ਪਿਤਾ, ਦੂਜੇ ਮਿਤਾਨੀ ਜਾਤੀ ਦੇ ਮਹਾਸੁਰ ਤੇ ਤੀਜੇ ਦ੍ਰੋਣਾਚਾਰੀਆ। ਇਹ ਵੀ ਕਿ ਮੇਰੇ ਕੋਲ ਪਰਬਤਾਂ ਵਿਚ ਰਹਿੰਦਿਆਂ ਮੇਰਾ ਸਰੀਰ ਉਨ੍ਹਾਂ ਤੋਂ ਵੱਧ ਕਠੋਰ, ਫੁਰਤੀਲਾ ਅਤੇ ਸਹਿਣ ਸ਼ਕਤੀ ਰੱਖਦਾ ਸੀ।

ਤੁਹਾਨੂੰ ਮੇਰੀਆਂ ਇਹ ਅਤੇ ਅਗਲੀਆਂ ਗੱਲਾਂ ਅਤਿਕਥਨੀ ਲੱਗ ਰਹੀਆਂ ਹੋਣਗੀਆਂ ਜਾਂ ਲੱਗਣਗੀਆਂ। ਤੁਹਾਡੇ ਲਈ ਇਹ ਯਕੀਨ ਕਰ ਲੈਣਾ ਕਿ ਪੰਜੇ ਪਾਂਡਵ ਪੁੱਤਰ ਹਵਾ ਵਿਚੋਂ ਹੀ ਪੈਦਾ ਹੋ ਗਏ, ਜਾਂ ਉਨ੍ਹਾਂ ਦੀਆਂ ਮਾਂਵਾਂ ਆਪਣੇ ਪਤੀ ਨਾਲ ਭੋਗ ਵਿਲਾਸ ਕੀਤੇ ਬਿਨਾਂ ਗਰਭਵਤੀ ਹੋ ਗਈਆਂ, ਸੰਭਵ ਹੈ; ਪਰ ਮੇਰੀ ਗੱਲ ਉਤੇ ਯਕੀਨ ਕਰ ਲੈਣਾ ਕਠਿਨ ਤੇ ਕੌੜਾ ਲੱਗੇਗਾ।

ਜੀਵਨ ਵਿਚ ਕੁਝ ਛੋਟੀਆਂ-ਛੋਟੀਆਂ ਘਟਨਾਵਾਂ ਐਸੀਆਂ ਵਾਪਰਦੀਆਂ ਹਨ ਜੋ ਜੀਵਨ ਨੂੰ ਹੀ ਨਹੀਂ, ਬਲਕਿ ਸਮੁੱਚੀ ਜਾਤੀ ਜਾਂ ਸਮਾਜ ਨੂੰ ਬਹੁਤ ਵੱਡਾ ਮੋੜ ਦੇ ਜਾਂਦੀਆਂ ਹਨ।

...ਤੇ ਮੇਰੇ ਜੀਵਨ ਨੂੰ ਵੱਡਾ ਮੋੜ ਦੇਣ ਵਾਲਾ ਕੁੱਤਾ ਸੀ। ਭੀਮ ਦਾ ਉਹ ਲੰਮੀਆਂ ਜਤਾਂ ਵਾਲਾ ਕਾਲੇ ਰੰਗ ਦਾ ਕੁੱਤਾ ਜੋ ਉਸ ਦਿਨ ਮੈਨੂੰ ਵੇਖ ਕੇ ਨਾ ਭੌਂਕਦਾ, ਤਾਂ ਸ਼ਾਇਦ ਕਿਸੇ ਦਿਨ ਮੈਂ ਚੁੱਪ-ਚਾਪ ਪਰਤ ਜਾਣਾ ਸੀ। ਤੇ ਨਾ ਫਿਰ ਅਰਜੁਨ-ਪੁੱਤਰ ਅਭਿਮੰਨਯੂ ਚੱਕਰਵਿਊਹ ਵਿਚ ਫਸਦਾ, ਤੇ ਨਾ ਹੀ ਕੌਰਵਾਂ ਹੱਥੋਂ ਮਾਰਿਆ ਜਾਂਦਾ।

ਉਸ ਦਿਨ ਭੀਮ ਦਾ ਉਹ ਦੇਵਕਾਇਆ ਕੁੱਤਾ ਉਨ੍ਹਾਂ ਦੇ ਪਿੱਛੇ-ਪਿੱਛੇ ਆ ਗਿਆ। ਮੈਂ ਵੀ ਰੁੱਖਾਂ ਦੀ ਓਟ ਲੈਂਦਿਆਂ ਉਨ੍ਹਾਂ ਦੇ ਮਗਰ-ਮਗਰ ਜਾ ਰਿਹਾ ਸਾਂ। ਉਹ ਸ਼ਾਇਦ ਮੇਰਾ ਪੱਕਾ ਰੰਗ, ਤੇਂਦੁਏ ਚੀਤੇ ਦੀ ਖੱਲ ਦੇਖ ਕੇ ਭੌਂਕਿਆ ਪਰ ਇਸ ਤੋਂ ਪਹਿਲਾਂ ਕਿ ਉਹ ਮੂੰਹ ਬੰਦ ਕਰਦਾ, ਜਾਂ ਮੇਰੇ ਉਤੇ ਝਪਟਦਾ, ਮੈਂ ਸੱਤ ਬਾਣ ਉਸ ਦੇ ਮੂੰਹ ਵਿਚ ਖਿੱਚ ਮਾਰੇ। ਕੁੱਤੇ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ।

ਅਰਜੁਨ ਨੇ ਜਦ ਪਿੱਛੇ ਮੁੜ ਕੇ ਵੇਖਿਆ ਤਾਂ ਹੈਰਾਨ ਰਹਿ ਗਿਆ ਕਿ ਉਨ੍ਹਾਂ ਦੇ ਇਲਾਵਾ ਇਸ ਤਰ੍ਹਾਂ ਦਾ ਧਨੁਖਧਾਰੀ ਕੌਣ ਆ ਗਿਆ ਇਥੇ? ਥੋੜ੍ਹੀ ਜਿਹੀ ਵਿੱਥ 'ਤੇ ਮੈਨੂੰ ਖੜ੍ਹਿਆ ਵੇਖ ਕੇ ਉਹ ਸਮਝ ਗਿਆ, ਤੇ ਪੁੱਛਿਆ ਕਿ ਮੈਂ ਕੌਣ ਹਾਂ ਅਤੇ ਤੀਰ-ਅੰਦਾਜ਼ੀ ਦੇ ਇਹ ਕਮਾਲ ਕਿਸ ਤੋਂ ਸਿੱਖੇ? ਉਸ ਵੇਲੇ ਦ੍ਰੋਣਾਚਾਰੀਆ ਵੀ ਉਥੇ ਆ ਗਏ ਸਨ।

ਮੈਂ ਬੜੇ ਅਭਿਮਾਨ ਨਾਲ ਛਾਤੀ ਫੁਲਾਉਂਦਿਆਂ ਆਖਿਆ, "ਮੈਂ ਕਿਰਾਤ ਜਾਤੀ ਦੇ ਸਰਦਾਰ ਹਿਰਨਧਾਨੂੰ ਦਾ ਪੁੱਤਰ ਹਾਂ। ਫਿਰ ਗੁਰੂ ਦ੍ਰੋਣਾਚਾਰੀਆ ਵੱਲ ਹੱਥ ਜੋੜਦਿਆਂ ਪ੍ਰਣਾਮ ਕਰਦਿਆਂ ਆਖਿਆ, "ਇਹੀ ਨੇ ਮੇਰੇ ਗੁਰੂ ਅਤੇ ਇਨ੍ਹਾਂ ਦੀ ਮੂਰਤੀ ਤੋਂ ਅਸ਼ੀਰਵਾਦ ਲੈ ਕੇ ਮੈਂ ਸ਼ਸਤਰ ਅਭਿਆਸ ਕਰਦਾ ਹਾਂ...।"

"ਤਾਂ ਤੇ ਤੂੰ ਇਨ੍ਹਾਂ ਨੂੰ ਹੀ ਆਪਣਾ ਗੁਰੂ ਮੰਨਦਾ ਏ?" ਅਰਜੁਨ ਬੋਲਿਆ।

"ਹਾਂ ਕਿਉਂ ਨਹੀਂ!" ਮੈਂ ਖੁਸ਼ ਹੁੰਦਿਆਂ ਆਖਿਆ। ਮੈਨੂੰ ਕੀ ਪਤਾ ਸੀ, ਮੈਂ ਇਸ ਜਾਲ ਵਿਚ ਫਸ ਜਾਵਾਂਗਾ। ਅਰਜੁਨ ਨੇ ਸ਼ਿਕਾਇਤ ਅਤੇ ਕ੍ਰੋਧ ਭਰੀਆਂ ਨਜ਼ਰਾਂ ਨਾਲ ਗੁਰੂ ਦ੍ਰੋਣਾਚਾਰੀਆਂ ਵੱਲ ਤੱਕਿਆ ਤੇ ਬੋਲਿਆ, "ਤੁਸੀਂ ਤੇ ਵਚਨ ਦਿੱਤਾ ਸੀ ਕਿ ਮੈਥੋਂ ਵੱਡਾ ਧਨੁਖਧਾਰੀ ਇਸ ਧਰਤੀ 'ਤੇ ਕੋਈ ਨਹੀਂ ਹੋਵੇਗਾ...ਤਾਂ ਫਿਰ ਇਹ ਕੌਣ?"



*ਮੁੰਬਈ ਵੱਸਦੇ ਬੁੱਤਸਾਜ਼ ਗੀਵ ਪਟੇਲ ਵਲੋਂ ਇਕਲਵਿਅ ਦੇ ਕੱਟੇ ਅੰਗੂਠੇ ਦੀ ਬਣਾਈ ਕਲਾਕ੍ਰਿਤ*

ਦ੍ਰੋਣਾਚਾਰੀਆ ਨੇ ਮੇਰੇ ਵੱਲ ਚਲਾਕੀ ਭਰੀਆਂ ਅੱਖਾਂ ਨਾਲ ਤੱਕਿਆ ਅਤੇ ਬੋਲੇ, "ਜੇ ਤੂੰ ਮੈਨੂੰ ਆਪਣਾ ਗੁਰੂ ਮੰਨਦਾ ਏਂ ਤਾਂ ਤੈਨੂੰ ਗੁਰੂ ਦੱਖਣਾ ਵੀ ਦੇਣੀ ਪਵੇਗੀ।" ਤੇ ਫਿਰ ਉਹਨੇ ਗੁਰੂ ਦੱਖਣਾ ਵਜੋਂ ਮੇਰੇ ਸੱਜੇ ਹੱਥ ਕਾ ਅੰਗੂਠਾ ਮੰਗ ਲਿਆ। ਮੈਂ ਉਸੇ ਵੇਲੇ ਕਟਾਰ ਕੱਢ ਕੇ ਆਪਣਾ ਅੰਗੂਠਾ ਕੱਟ ਕੇ ਉਨ੍ਹਾਂ ਦੀ ਹਥੇਲੀ ਉਤੇ ਰੱਖ ਦਿੱਤਾ। ਮੇਰੀ ਰੱਤ ਨਾਲ ਉਨ੍ਹਾਂ ਦਾ ਹੱਥ ਰੰਗਿਆ ਗਿਆ। ਉਨ੍ਹਾਂ ਦੇ ਚਿਹਰੇ ਉਤੇ ਖੁਸ਼ੀ ਦੀ ਥਾਂ ਅਪਰਾਧ ਦੀ ਭਾਵਨਾ ਸੀ। ਅਰਜੁਨ, ਭੀਮ ਆਦਿ ਸਾਰੇ ਮੇਰੇ ਵੱਲ ਹੈਰਾਨੀ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਸਨ। ਇਕ ਅਸੁਰ ਐਡਾ ਬਲੀਦਾਨ ਹੱਸਦੇ-ਹੱਸਦੇ ਕਰ ਸਕਦਾ ਹੈ? ਇਹ ਵੀ ਉਨ੍ਹਾਂ ਦੀ ਸੋਚ ਸ਼ਕਤੀ ਤੋਂ ਬਾਹਰ ਸੀ। ਮੈਨੂੰ ਬੇਸ਼ੱਕ ਦੁੱਖ ਸੀ ਆਪਣੇ ਅੰਗੂਠੇ ਦੇ ਕੱਟੇ ਜਾਣ ਦਾ, ਪਰ ਅੰਤਰਮੁਖੀ ਖੁਸ਼ੀ ਵੀ ਸੀ; ਮਾਨਸਿਕ, ਆਤਮਿਕ ਅਤੇ ਨੈਤਿਕ ਜਿੱਤ ਦੀ; ਇਨ੍ਹਾਂ ਅਭਿਮਾਨੀ ਰਾਜਕੁਮਾਰਾਂ ਉਤੇ।

ਗੁਰੂ ਦ੍ਰੋਣਾਚਾਰੀਆ ਨੇ ਮੇਰੇ ਵੱਲ ਹਮਦਰਦੀ ਅਤੇ ਸ਼ਲਾਘਾ ਭਰੀਆਂ ਨਜ਼ਰਾਂ ਨਾਲ ਤੱਕਿਆ ਅਤੇ ਬੋਲੇ, "ਸ਼ਸਤਰ ਸਿੱਖਿਆ ਦੇ ਉਪਰੰਤ ਤੂੰ ਮੰਗ ਜੋ ਵੀ ਮੰਗਣਾ ਚਾਹੁੰਦਾ ਏਂ?"

ਮੈਂ ਹਕਾਰਤ ਭਰੀਆਂ ਨਜ਼ਰਾਂ ਨਾਲ ਅਰਜੁਨ ਵੱਲ ਤੱਕਿਆ ਅਤੇ ਆਖਿਆ, "ਜੇ ਸੱਚਮੁੱਚ ਹੀ ਤੁਸੀਂ ਕੁਝ ਦੇਣਾ ਚਾਹੁੰਦੇ ਹੋ ਤਾਂ ਵਰਦਾਨ ਦੇਵੋ ਕਿ ਇਕ ਦਿਨ ਮੈਂ ਇਸ ਅਰਜੁਨ ਦੇ ਸਾਹਮਣੇ ਖੜ੍ਹਾ ਹੋ ਕੇ ਆਪਣੀ ਤੀਰ-ਅੰਦਾਜ਼ੀ ਦੇ ਜੌਹਰ ਵਿਖਾ ਸਕਾਂ ਅਤੇ ਇਸ ਤੋਂ ਬਦਲਾ ਲੈ ਸਕਾਂ।"

"ਤਥਾ ਅਸਤੂ। ਇਸ ਤਰ੍ਹਾਂ ਹੀ ਹੋਵੇਗਾ।" ਉਨਾਂ ਦੇ ਬੁੱਲ੍ਹਾਂ ਵਿਚੋਂ ਹੌਲੀ ਦੇਣੀ ਨਿਕਲਿਆ।

---

ਕਈ ਵਰ੍ਹੇ ਬੀਤ ਗਏ। ਅੰਗੂਠੇ ਦਾ ਜ਼ਖਮ ਭਰਨ ਤੋਂ ਬਾਅਦ ਮੈਂ ਅੰਗੂਠੇ ਦੇ ਬਿਨਾਂ ਹੀ ਸਿਰਫ਼ ਚਾਰ ਉਂਗਲਾਂ ਦੀ ਸਹਾਇਤਾ ਨਾਲ ਤੀਰ ਚਲਾਉਣ ਦਾ ਅਭਿਆਸ ਕਰਨ ਲੱਗਾ। ਕੁਝ ਹੀ ਮਹੀਨਿਆਂ ਵਿਚ ਮੈਂ ਪਹਿਲਾਂ ਵਾਂਗ ਹੀ ਧਨੁਖ 'ਤੇ ਬਾਣ ਚੜ੍ਹਾ ਕੇ ਨਿਸ਼ਾਨਾ ਸਾਧਣ ਵਿਚ ਨਿਪੁੰਨ ਹੋ ਗਿਆ।

ਇਹ ਤੇ ਹੋਣਾ ਹੀ ਸੀ। ਇਹ ਆਫਰੇ ਅਤੇ ਹੰਕਾਰੇ ਹੋਏ ਰਾਜਕੁਮਾਰਾਂ ਤੋਂ ਇਹੀ ਸੰਭਵ ਸੀ। ਰਾਜ ਸੱਤਾ, ਇਸਤਰੀ ਤੇ ਜ਼ਮੀਨ- ਤਿੰਨ ਹੀ ਤੇ ਕਾਰਨ ਹੁੰਦੇ ਹਨ ਕਿਸੇ ਵੀ ਯੁੱਧ ਦੇ। ਇਸ ਦੇ ਇਲਾਵਾ ਜੂਏ ਦੀ ਲਤ, ਈਰਖਾ, ਲਾਲਚ ਤੇ ਬਦਲੇ ਦੀ ਭਾਵਨਾ ਇਨ੍ਹਾਂ ਰਾਜਕੁਮਾਰਾਂ ਦੇ ਮਨਾਂ ਵਿਚ ਜ਼ਹਿਰੀਲੇ ਸੱਪ ਵਾਂਗ ਕੁੰਡਲੀਆਂ ਮਾਰੀ ਬੈਠੀ ਸੀ।

ਤ੍ਰੈਗਾਰਤਾ ਦੇ ਕਿਰਾਤ ਜਾਤੀ ਦੇ ਰਾਜੇ ਸੁਸਰਮਨ ਕੋਲ ਜਦ ਕੁਰੂ-ਪੁੱਤਰ ਦਰਯੋਧਨ ਦਾ ਸੱਦਾ ਆਇਆ ਤਾਂ ਮੈਨੂੰ ਬੜੀ ਖੁਸ਼ੀ ਹੋਈ। ਕੁਝ ਦਿਨਾਂ ਬਾਅਦ ਰਾਜਾ ਸੁਸਰਮਨ ਦੀ ਸੈਨਾ ਨਾਲ ਮੈਂ ਕੁਰੂਖੇਤਰ ਜਾ ਪੁੱਜਾ ਜਿਥੇ ਕੌਰਵਾਂ ਅਤੇ ਪਾਂਡਵਾਂ ਦੀਆਂ ਸ਼ਸਤਰਬਧ ਸੈਨਾ ਇਕ ਦੂਜੇ ਦੇ ਸਾਹਮਣੇ ਖੜ੍ਹੀਆਂ ਸਨ।

ਲੜਾਈ ਸ਼ੁਰੂ ਹੋਈ ਤੇ ਕਈ ਦਿਨ ਤੱਕ ਚਲਦੀ ਰਹੀ। ਰਾਜਾ ਸੁਸਰਮਨ, ਉਸ ਦਾ ਭਰਾ ਸਮਸਪਤਕ ਅਤੇ ਉਸ ਦੀ ਸੈਨਾ, ਯੁੱਧ ਵਿਚ ਦਰਯੋਧਨ ਦੀ ਸਹਾਇਤਾ ਕਰਦੀ ਲੜ ਰਹੀ ਸੀ ਪਰ ਮੈਂ ਯੁੱਧ ਵਿਚ ਕੋਈ ਹਿੱਸਾ ਨਹੀਂ ਲਿਆ। ਮੈਂ ਤਾਂ ਸਿਰਫ਼ ਅਰਜੁਨ ਨਾਲ ਲੜਨਾ ਚਾਹੁੰਦਾ ਸਾਂ ਤੇ ਉਸ ਨਾਲ ਲੜਨ ਲਈ ਜ਼ਰੂਰੀ ਸੀ ਕਿ ਮੈਂ ਵੀ ਕੋਈ ਮਹਾਂਰਥੀ ਹੁੰਦਾ। ਭੀਸ਼ਮ ਪਿਤਾਮਾ ਨੇ ਯੁੱਧ ਦੇ ਅਰੰਭ ਵਿਚ ਹੀ ਇਹ ਸ਼ਰਤ ਲਾ ਦਿਤੀ ਸੀ ਕਿ ਮਹਾਂਰਥੀ ਦੇ ਮੁਕਾਬਲੇ ਉਤੇ ਮਹਾਂਰਥੀ ਹੀ ਲੜ ਸਕਦਾ ਹੈ। ਮੇਰੇ ਵਰਗੇ ਪੈਦਲ ਜਾਂ ਘੋੜਸਵਾਰ ਸੈਨਿਕ ਨੂੰ ਉਨ੍ਹਾਂ ਨਾਲ ਲੜਨ ਦਾ ਹੱਕ ਹੀ ਖੋਹ ਲਿਆ ਗਿਆ ਸੀ। ਮੈਂ ਕੀ ਕਰਾਂ? ਕੁਝ ਵੀ ਸਮਝ ਨਹੀਂ ਸੀ ਆ ਰਿਹਾ।

ਕੌਰਵ ਸੈਨਾਪਤੀ ਭੀਸ਼ਮ ਪਿਤਾਮਾ ਦੇ ਹਾਰ ਜਾਣ ਤੋਂ ਬਾਅਦ ਦ੍ਰੋਣਾਚਾਰੀਆ ਸੈਨਾਪਤੀ ਬਣੇ ਤਾਂ ਦਰਯੋਧਨ ਨੇ ਉਨ੍ਹਾਂ ਸਾਹਮਣੇ ਵਿਉਂਤ ਰੱਖੀ ਕਿ ਜੇ ਕਿਸੇ ਤਰ੍ਹਾਂ ਯੁਧਿਸ਼ਟਰ ਨੂੰ ਜਿਉਂਦਿਆਂ ਫੜ ਲਿਆ ਜਾਵੇ ਤਾਂ ਅਸੀਂ ਪਾਂਡਵਾਂ ਨੂੰ ਹਥਿਆਰ ਸੁੱਟਣ ਲਈ ਮਜਬੂਰ ਕਰ ਸਕਦੇ ਹਾਂ। ਦ੍ਰੋਣਾਚਾਰੀਆ ਨੇ ਕਿਹਾ ਕਿ ਇਹ ਤਦ ਹੀ ਸੰਭਵ ਹੋ ਸਕਦਾ ਹੈ, ਜੇ ਅਰਜੁਨ ਉਸ ਨੂੰ ਬਚਾਉਣ ਲਈ ਉਥੇ ਨਾ ਹੋਵੇ ਤੇ ਕਿਸੇ ਤਰ੍ਹਾਂ ਅਰਜੁਨ ਨੂੰ ਯੁੱਧ ਭੂਮੀ ਤੋਂ ਦੂਰ ਲਿਜਾਇਆ ਜਾ ਸਕੇ।

ਉਸ ਵੇਲੇ ਰਾਜਾ ਸੁਸਰਮਨ ਨਾਲ ਮੈਂ ਵੀ ਉਥੇ ਮੌਜੂਦ ਸਾਂ ਜਿਥੇ ਇਹ ਯੋਜਨਾਵਾਂ ਬਣ ਰਹੀਆਂ ਸਨ। ਮੈਂ ਰਾਜਾ ਸੁਸਰਮਨ ਨਾਲ ਸਲਾਹ-ਮਸ਼ਵਰਾ ਕੀਤਾ ਅਤੇ ਹੱਥ ਜੋੜ ਦੇ ਦ੍ਰੋਣਾਚਾਰੀਆ ਨੂੰ ਅਰਜ਼ ਕੀਤੀ, "ਐ ਗੁਰੂ ਦ੍ਰੋਣਾਚਾਰੀਆ! ਤੁਹਾਨੂੰ ਯਾਦ ਹੋਵੇਗਾ ਕਿ ਬਹੁਤ ਵਰ੍ਹੇ ਪਹਿਲਾਂ ਤੁਸੀਂ ਇਕ ਅਸੁਰ ਧਨੁਖਧਾਰੀ ਨੂੰ ਵਰਦਾਨ ਦਿੱਤਾ ਸੀ, ਅੱਜ ਉਹੀ ਅਸੁਰ ਇਕਲਵਿਅ ਤੁਹਾਡੇ ਕੋਲੋਂ ਇਹ ਆਗਿਆ ਮੰਗਦਾ ਹੈ ਕਿ ਅਰਜੁਨ ਨੂੰ ਯੁੱਧ ਖੇਤਰ ਤੋਂ ਬਾਹਰ ਲੈ ਜਾਣ ਅਤੇ ਉਸ ਨਾਲ ਲੜਨ ਦਾ ਅਵਸਰ ਮੈਨੂੰ ਦਿੱਤਾ ਜਾਏ...ਅਤੇ ਇਸ ਨੂੰ ਸੰਭਵ ਬਣਾਉਣ ਲਈ ਮੈਨੂੰ ਸਿਰਫ਼ ਇਕ ਦਿਨ ਲਈ ਮਹਾਂਰਥੀ ਬਣਨ ਦਾ ਸੁਭਾਗ ਪ੍ਰਾਪਤ ਹੋਵੇ।

ਉਨ੍ਹਾਂ ਦਰਯੋਧਨ, ਕਰਨ, ਸੁਸਰਮਨ ਅਤੇ ਹੋਰ ਮਹਾਂਰਥੀਆਂ ਨਾਲ ਸਲਾਹ ਕੀਤੀ ਤੇ ਫਿਰ ਮੈਨੂੰ ਇਕ ਦਿਨ ਲਈ ਮਹਾਂਰਥੀ ਬਣਾ ਦਿੱਤਾ ਗਿਆ।

ਮੈਂ ਆਪਣੇ ਸਰੀਰ ਉਤੇ ਪਿੱਤਲ ਦਾ ਬਣਿਆ ਭਾਰੀ ਕਵਚ ਧਾਰਨ ਕੀਤਾ ਅਤੇ ਅਨੇਕ ਪ੍ਰਕਾਰ ਦੇ ਤੀਰਾਂ-ਸ਼ਸਤਰਾਂ ਨਾਲ ਰੱਥ ਭਰ ਕੇ ਰਾਜਾ ਸੁਸਰਮਨ ਨਾਲ ਅਰਜੁਨ ਦੇ ਸਾਹਮਣੇ ਜਾ ਖੜ੍ਹਾ ਹੋਇਆ। ਸੁਸਰਮਨ ਨੇ ਅਰਜੁਨ ਨੂੰ ਯੁੱਧ ਕਰਨ ਲਈ ਵੰਗਾਰਿਆ। ਕੋਈ ਵੀ ਛੱਤਰੀ ਇਸ ਤਰ੍ਹਾਂ ਦੀ ਵੰਗਾਰ ਨੂੰ ਅਣਦੇਖਿਆ ਨਹੀਂ ਸੀ ਕਰ ਸਕਦਾ। ਅਰਜੁਨ ਨੇ ਆਪਣਾ 'ਦੇਵਦਤ' ਨਾਮ ਦਾ ਸ਼ੰਖ ਵਜਾਇਆ। ਸੁਸਰਮਨ ਨੇ ਵੀ ਆਪਣੇ ਨਗਾਰੇ

*(ਬਾਕੀ ਅਗਲੇ ਸਫੇ 'ਤੇ)*

# ਕਦੀ ਮੁੱਕਦੀ ਨਾ ਜਿੰਦੜੀ ਦੀ ਦੌੜ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਕਰਮੂ ਦੀ ਅਰਦਾਸ ਵਾਹਿਗੁਰੂ ਨੇ ਸੁਣ ਲਈ ਸੀ। ਦਸ ਸਾਲ ਬਾਅਦ ਉਸ ਦੇ ਪੇਪਰਾਂ ਵਾਲਾ ਕਾਰਜ ਸੰਪੂਰਨ ਹੋ ਗਿਆ ਸੀ। ਅਮਰੀਕਾ ਛੱਡ ਕੇ ਜਾਣ ਦੀਆਂ ਗੱਲਾਂ ਕਰਨ ਵਾਲਾ ਕਰਮੂ ਧਰਤੀ ਪੈਰ ਨਹੀਂ ਸੀ ਲਾ ਰਿਹਾ। ਫੋਨ ਦੀ ਘੰਟੀ ਨਾਲ ਖਬਰ ਪਿੰਡ ਪਹੁੰਚ ਗਈ। ਸਾਰਾ ਪਰਿਵਾਰ ਖੁਸ਼ੀ ਵਿਚ ਨੱਚ ਉਠਿਆ। ਕਰਮੂ ਦੇ ਪਿਛੇ ਮਾਂ-ਪਿਉ ਤੇ ਘਰਵਾਲੀ ਸੀ। ਦੋ ਬੋਟ ਸਨ ਜੋ ਹੁਣ ਉਡਾਰੀ ਭਰਨ ਜੋਗੇ ਹੋ ਗਏ ਸਨ। ਕਰਮੂ ਨੇ ਟਰੱਕ ਚਲਾ ਕੇ ਵਧੀਆ ਕਮਾਈ ਕੀਤੀ ਸੀ। ਬੱਸ, ਉਸ ਨੂੰ ਤਾਂ ਪੇਪਰਾਂ ਦੀ ਹੀ ਉਡੀਕ ਰਹਿੰਦੀ ਜੋ ਹੁਣ ਮਸਾਂ ਮੁੱਕੀ ਸੀ। ਫਿਰ ਪੇਪਰਾਂ ਦੇ ਤਬਾਦਲੇ ਹੁੰਦੇ ਗਏ ਅਤੇ ਕਰਮੂ ਦੀ ਘਰਵਾਲੀ ਪ੍ਰੀਤ, ਧੀ ਤੇ ਪੁੱਤ ਨੂੰ ਲੈ ਕੇ ਅਮਰੀਕਾ ਪਹੁੰਚ ਗਈ। ਕਰਮੂ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਛਲਕ ਪਏ। ਵੱਡੇ ਹੋਏ ਬੱਚੇ ਦੇਖ ਕੇ ਉਹ ਖੁਸ਼ ਹੋ ਗਿਆ। ਉਸ ਨੇ ਅੱਖਾਂ ਰਾਹੀਂ ਪ੍ਰੀਤ ਦਾ ਧੰਨਵਾਦ ਕੀਤਾ, 'ਤੁਸੀਂ ਬੱਚਿਆਂ ਦਾ ਚੰਗਾ ਪਾਲਣ-ਪੋਸ਼ਣ ਕੀਤਾ ਹੈ।' ਬੱਚੇ ਵੀ ਅਮਰੀਕਾ ਦੀਆਂ ਉਚੀਆਂ ਬਿਲਡਿੰਗਾਂ ਤੇ ਚੌੜੀਆਂ ਸੜਕਾਂ ਦੇਖ ਕੇ ਖੁਸ਼ ਅਤੇ ਹੈਰਾਨ ਹੋ ਰਹੇ ਸਨ।

ਕਰਮੂ ਤੇ ਪ੍ਰੀਤ ਦੀਆਂ ਗੱਲਾਂ ਸਾਰੀ ਰਾਤ ਨਾ ਮੁੱਕੀਆਂ। ਫਿਰ ਗੱਡੀ ਰਿੜ੍ਹੀ। ਕਰਮੂ ਨੇ ਬੱਚਿਆਂ ਨੂੰ ਪੜ੍ਹਨ ਲਾ ਦਿੱਤਾ। ਪ੍ਰੀਤ ਦੀ ਜੌਬ ਬੱਚਿਆਂ ਦੀ ਦੇਖਭਾਲ ਦੀ ਹੀ ਸੀ। ਉਨ੍ਹਾਂ ਨੂੰ ਸਕੂਲ ਛੱਡਣਾ ਤੇ ਲਿਆਉਣਾ। ਕਰਮੂ ਟਰੱਕ 'ਤੇ ਚਲਾ ਜਾਂਦਾ। ਉਂਜ, ਅਕਸਰ ਉਸ ਦਾ ਚੇਤਾ ਪਿੰਡ ਜਾ ਵੜਦਾ। ਪਿੰਡ ਮਾਂ ਸੀ, ਰਿਟਾਇਰਡ ਫੌਜੀ ਪਿਉ ਸੀ, ਉਸ ਦੀ ਪੈਨਸ਼ਨ ਆ ਜਾਂਦੀ ਸੀ। ਪੰਜ ਕਿੱਲਿਆਂ ਦਾ ਮਾਮਲਾ ਦੋਹਾਂ ਤੋਂ ਮੁੱਕਦਾ ਨਹੀਂ ਸੀ। ਕਰਮੂ ਦੀ ਵੱਡੀ ਭੈਣ ਵਿਆਹੀ ਹੋਈ ਸੀ ਤੇ ਉਹ ਆਪਣੇ ਘਰ ਬਹੁਤ ਖੁਸ਼ ਸੀ।

ਕਰਮੂ ਨੇ ਹੋਰ ਡਾਲਰ ਜੋੜ ਕੇ ਚੰਗਾ ਘਰ ਖਰੀਦ ਲਿਆ। ਬੱਚੇ ਪੜ੍ਹਦੇ ਗਏ। ਪ੍ਰੀਤ ਸਾਰਾ ਸਮਾਂ ਆਪਣੇ ਬੱਚਿਆਂ ਨਾਲ ਬਿਤਾਉਂਦੀ। ਪਤੀ ਦੇ ਦਸ ਸਾਲ ਦੇ ਵਿਛੋੜੇ ਨੇ ਉਸ ਨੂੰ ਸਾਹਿਤ ਨਾਲ ਜੋੜ ਦਿੱਤਾ ਸੀ। ਉਸ ਨੇ ਗੁਰਬਾਣੀ ਪੜ੍ਹਨ ਦੇ ਨਾਲ-ਨਾਲ ਗੁਰ-ਇਤਿਹਾਸ ਵੀ ਪੜ੍ਹ ਲਿਆ ਸੀ। ਉਹ ਆਪਣੇ ਬੱਚਿਆਂ ਨੂੰ ਗੁਰੂਆਂ ਦੀ ਕੁਰਬਾਨੀ ਅਤੇ ਸਿੰਘਾਂ-ਸਿੰਘਣੀਆਂ ਦੇ ਸਿਦਕ ਦੇ ਉਹ ਪਲ ਸੁਣਾਉਂਦੀ ਜਿਥੇ ਉਨ੍ਹਾਂ ਨੇ ਜਾਨ ਦੀ ਪ੍ਰਵਾਹ ਨਾ ਕਰਦਿਆਂ ਸਿੱਖੀ ਸਿਦਕ, ਕੇਸਾਂ ਸੰਗ ਨਿਭਾਅ ਦਿੱਤਾ ਸੀ। ਪ੍ਰੀਤ ਦੀ ਬਦੌਲਤ ਬੱਚੇ ਸਿੱਖੀ ਨਾਲ ਜੁੜੇ ਹੋਏ ਸਨ। ਕਰਮੂ ਵੀ ਇਹੀ ਚਾਹੁੰਦਾ ਸੀ।

ਦੋਵੇਂ ਬੱਚੇ ਕਾਲਜ ਪੜ੍ਹਨ ਲੱਗੇ। ਦੋਵੇਂ ਹੀ ਪੜ੍ਹਨ ਨੂੰ ਹੁਸ਼ਿਆਰ। ਕਰਮੂ ਦੀ ਧੀ ਆਪਣੀ ਮਾਂ ਦੀ ਦਿੱਤੀ ਸਿੱਖਿਆ 'ਤੇ ਅਡੋਲ ਖੜ੍ਹੀ ਸੀ ਪਰ ਪੁੱਤਰ ਕਾਲਜ ਦੀ ਹਵਾ ਨਾਲ ਸਭ ਕੁਝ ਭੁੱਲਣ ਲੱਗ ਪਿਆ। ਮਾਂ ਪਿਆਰ ਨਾਲ ਸਮਝਾਉਂਦੀ, ਉਹ ਅੱਗਿਉਂ 'ਹਾਂ ਜੀ' ਕਹਿ ਛੱਡਦਾ, ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਧੀ ਦੇ ਨੰਬਰ ਵਧੀਆ ਆਉਂਦੇ ਪਰ ਪੁੱਤ ਦੇ ਨੰਬਰ ਜ਼ੀਰੋ ਵੱਲ ਵਧਣ ਲੱਗੇ। ਕਰਮੂ ਤੇ ਪ੍ਰੀਤ ਚੌਵੀ ਘੰਟੇ ਚਿੰਤਾ ਵਿਚ ਰਹਿੰਦੇ। ਉਹ ਆਪਣੇ ਪੁੱਤ ਨੂੰ ਲੋਕਾਂ ਕੋਲ ਮਾੜਾ ਵੀ ਨਹੀਂ ਸੀ ਦੱਸਣਾ ਚਾਹੁੰਦੇ। ਖੈਰ! ਪੁੱਤ ਇੱਕੀ ਸਾਲ ਦਾ ਹੋ ਗਿਆ। ਕਰਮੂ ਨੇ ਟਰੱਕ ਦਾ ਲਾਇਸੈਂਸ ਦਿਵਾ ਕੇ ਟਰੱਕ 'ਤੇ ਚਾੜ੍ਹ ਲਿਆ। ਹੁਣ ਪੁੱਤ ਕਰਮੂ ਦੀ ਅੱਖ ਹੇਠ ਰਹਿੰਦਾ। ਦੋਵੇਂ ਟਰੱਕ 'ਤੇ ਰਹਿੰਦੇ, ਤੇ ਹਫ਼ਤੇ ਬਾਅਦ ਘਰ ਆਉਂਦੇ। ਟਰੱਕ ਦੀ ਬੰਦਿਸ਼ ਵਾਲੇ ਕੰਮ ਨੇ ਪੁੱਤ ਨੂੰ ਕੁਝ ਕੁ ਤਾਂ ਸੁਧਾਰ ਹੀ ਦਿੱਤਾ ਸੀ। ਕਰਮੂ ਵੀ ਸੋਚਦਾ ਕਿ ਬੱਚਾ ਹੈ, ਆਪੇ ਠੀਕ ਹੋ ਜਾਊਗਾ। ਇਸੇ ਦੌਰਾਨ ਕਰਮੂ ਦੀ ਧੀ ਨੇ ਕਾਲਜ ਦੀ ਪੜ੍ਹਾਈ ਪੂਰੀ ਕਰ ਕੇ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ। ਉਹ ਹੋਰ ਕੁੜੀਆਂ ਨਾਲੋਂ ਵੱਖਰੀ ਸੀ। ਪਿਆਰੀ ਤੇ ਸਿਆਣੀ ਧੀ। ਇਕ ਦਿਨ ਪ੍ਰੀਤ ਨੇ ਧੀ ਨੂੰ ਵਿਆਹ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, "ਮੰਮੀ, ਅਜੇ ਦੋ ਸਾਲ ਨਹੀਂ। ਪੜ੍ਹਾਈ ਪੂਰੀ ਕਰ ਕੇ ਵਿਆਹ ਕਰਵਾਂਗੀ।"

ਸਾਰਾ ਪਰਿਵਾਰ ਸਿਟੀਜ਼ਨ ਹੋ ਚੁਕਾ ਸੀ। ਕਰਮੂ ਨੇ ਮਾਤਾ-ਪਿਤਾ ਨੂੰ ਮਿਲਣ ਲਈ ਇੰਡੀਆ ਜਾਣ ਦਾ ਪ੍ਰੋਗਰਾਮ ਬਣਾ ਲਿਆ ਪਰ ਧੀ-ਪੁੱਤ ਵੀ ਜਾਣ ਨੂੰ ਤਿਆਰ ਹੋ ਗਏ। ਕਰਮੂ ਨੇ ਚਾਰ ਟਿਕਟਾਂ ਲੈ ਲਈਆਂ ਤੇ ਤਿਆਰੀ ਕਰਨ ਲੱਗੇ। ਕਰਮੂ ਦੀ ਮਾਂ ਦੇ ਬੁੱਢੇ ਅੰਗਾਂ ਨੇ ਉਸ ਨੂੰ ਗਲਵੱਕੜੀ ਵਿਚ ਲੈ ਲਿਆ। ਪਿਉ ਨੇ ਵੀ ਫੌਜੀ ਜੱਫ਼ਾ ਪਾ ਲਿਆ। ਕਰਮੂ ਨੇ ਨਮ ਅੱਖਾਂ ਨਾਲ ਪਿਆਰ ਕਬੂਲਿਆ। ਫਿਰ ਕਰਮੂ ਨੇ ਮਕਾਨ ਦੀ ਮੁਰੰਮਤ ਬਗੈਰਾ ਕਰਵਾ ਕੇ ਅਖੰਡ ਪਾਠ ਕਰਵਾਇਆ। ਸਾਰੇ ਸਾਕ-ਸਬੰਧੀ ਸੱਦੇ। ਸਾਰੇ ਰਿਸ਼ਤੇਦਾਰਾਂ ਦੀ ਇਕੋ ਮੰਗ ਸੀ ਕਿ ਮੁੰਡੇ ਦਾ ਰਿਸ਼ਤਾ ਸਾਡੇ ਵੱਲ ਕਰ ਦੇਵੋ, ਕੋਈ ਧੀ ਦਾ ਰਿਸ਼ਤਾ ਮੰਗ ਰਿਹਾ ਸੀ। ਕਰਮੂ ਨੇ ਗੱਲ ਬੱਚਿਆਂ ਦੀ ਮੰਗ 'ਤੇ ਛੱਡ ਦਿੱਤੀ ਸੀ। ਅਖੰਡ ਪਾਠ ਦੀ ਸਮਾਪਤੀ ਤੋਂ ਬਾਅਦ ਸਾਰਾ ਪਰਿਵਾਰ ਤੀਰਥ ਯਾਤਰਾ ਲਈ ਰਵਾਨਾ ਹੋ ਗਿਆ।

ਦੋ ਮਹੀਨਿਆਂ ਬਾਅਦ ਪਰਿਵਾਰ ਵਾਪਸ ਆ ਗਿਆ। ਕਰਮੂ ਨੇ ਪੁੱਤ ਨੂੰ ਵੱਖਰਾ ਟਰੱਕ ਲੈ ਦਿੱਤਾ। ਧੀ ਦੀ ਪੜ੍ਹਾਈ ਪੂਰੀ ਹੋ ਗਈ। ਉਹਦੇ ਵਿਆਹ ਦੀ ਗੱਲ ਤੁਰੀ। ਮਾਂ ਨੇ ਪੁੱਛਿਆ, "ਧੀਏ, ਸਾਨੂੰ ਤੇਰੇ 'ਤੇ ਮਾਣ ਵੀ ਹੈ ਤੇ ਭਰੋਸਾ ਵੀ; ਫਿਰ ਵੀ ਮਾਂ ਹੋਣ ਦੇ ਨਾਤੇ ਪੁੱਛਦੀ ਹਾਂ...ਜੇ ਤੇਰੀ ਜ਼ਿੰਦਗੀ ਵਿਚ ਕੋਈ ਮੁੰਡਾ ਆਇਆ ਹੈ, ਜਾਂ ਤੂੰ ਕਿਸੇ ਨੂੰ ਪਸੰਦ ਕਰਦੀ ਹੈਂ, ਤਾਂ ਦੱਸ ਦੇ।"

"ਮੰਮੀ ਜੀ! ਮੇਰਾ ਮਕਸਦ ਸੀ ਪੜ੍ਹਾਈ ਪੂਰੀ ਕਰਨ ਦਾ, ਅਗਲੀ ਜੌਬ ਹੁਣ ਤੁਹਾਡੀ ਹੈ... ਜਿਥੇ ਤੋਰੋਗੇ, ਤੁਰ ਜਾਵਾਂਗੀ; ਪਰ ਮੈਂ ਵਿਆਹ ਇਥੇ ਤੇ ਸਰਦਾਰ ਮੁੰਡੇ ਨਾਲ ਕਰਵਾਉਣਾ ਹੈ।"

ਮਾਂ ਨੇ ਧੀ ਨੂੰ ਘੁੱਟ ਕੇ ਗਲਵੱਕੜੀ ਵਿਚ ਲੈ ਲਿਆ। ਉਸ ਨੂੰ ਲੱਗੇ ਬੂਰ ਵਿਚੋਂ ਮਿੱਠੇ ਫਲ ਲੱਗਣ ਦੀ ਆਸ ਬੱਝ ਗਈ ਸੀ। ਫਿਰ ਉਹ ਧੀ ਲਈ ਯੋਗ ਵਰ ਲੱਭਣ ਲੱਗੇ। ਛੇਤੀ ਹੀ ਉਨ੍ਹਾਂ ਨੂੰ ਸਰਦਾਰ ਮੁੰਡਾ ਮਿਲ ਗਿਆ ਜੋ ਇੰਡੀਆ ਤੋਂ ਡਾਕਟਰ ਬਣਨ ਲਈ ਆਇਆ ਸੀ ਤੇ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਸੀ। ਮੁੰਡੇ ਦਾ ਪਰਿਵਾਰ ਵੀ ਗੁਰਸਿੱਖ ਸੀ। ਸਾਰਾ ਕੁਝ ਦੇਖਣ-ਪਰਖਣ ਤੋਂ ਬਾਅਦ ਮੰਗਣੀ ਹੋ ਗਈ। ਮੁੰਡੇ ਦੇ ਮਾਤਾ-ਪਿਤਾ ਵਿਆਹ ਵਿਚ ਸ਼ਾਮਲ ਹੋਣ ਲਈ ਪਹੁੰਚ ਗਏ। ਸਾਦਾ ਅਤੇ ਗੁਰ-ਮਰਿਆਦਾ ਅਨੁਸਾਰ ਵਿਆਹ ਹੋਇਆ। ਕਰਮੂ ਦੀ ਧੀ ਆਪਣੇ ਸਹੁਰੇ ਘਰ ਚਲੀ ਗਈ। ਕਰਮੂ ਨੇ ਆਪਣੇ ਮਾਤਾ-ਪਿਤਾ ਵੀ ਵਿਆਹ ਵਿਚ ਸੱਦੇ ਸਨ ਪਰ ਮਾਤਾ ਦੀ ਸਿਹਤ ਠੀਕ ਨਾ ਹੋਣ ਕਾਰਨ ਉਹ ਪਹੁੰਚ ਨਹੀਂ ਸਕੇ।

ਧੀ ਬਿਨਾਂ ਘਰ ਸੁੰਨਾ-ਸੁੰਨਾ ਲੱਗਦਾ। ਪ੍ਰੀਤ ਇਕੱਲੀ ਬੈਠ ਕੇ ਰੋ ਲੈਂਦੀ, ਜਾਂ ਧੀ ਨੂੰ ਫੋਨ ਕਰ ਲੈਂਦੀ। ਕਿਸੇ ਨੇ ਸੱਚ ਹੀ ਕਿਹਾ ਹੈ ਕਿ 'ਧੀਆਂ ਅਤੇ ਧਰੇਕਾਂ ਰੌਣਕ ਹੁੰਦੀਆਂ ਵਿਹੜੇ ਦੀ।' ਮਾਂ ਸਬਰ ਕਰ ਕੇ ਕੰਮ ਲੱਗ ਜਾਂਦੀ। ਹੁਣ ਪ੍ਰੀਤ, ਧੀ ਦੀ ਥਾਂ ਨੂੰਹ ਲਿਆਉਣਾ ਚਾਹੁੰਦੀ ਸੀ। ਪੁੱਤ ਨੂੰ ਕਈ ਵਾਰ ਕਿਹਾ ਕਿ ਵਿਆਹ ਕਰਵਾ ਲਵੇ ਪਰ ਉਹ ਅੱਗਿਉਂ ਆਖਦਾ ਕਿ ਜਦੋਂ ਟਰੱਕ ਫਰੀ ਹੋ ਗਿਆ, ਵਿਆਹ ਕਰਵਾ ਲਵਾਂਗਾ। ਫਿਰ ਇਕ ਦਿਨ ਪੁੱਤ ਨੇ ਇੰਡੀਆ ਜਾਣ ਲਈ ਮਾਂ ਨੂੰ ਪੁੱਛਿਆ। ਉਹਦੇ ਕਿਸੇ ਮਿੱਤਰ ਦਾ ਵਿਆਹ ਸੀ। ਮਾਪਿਆਂ ਨੇ ਸਲਾਹ ਕਰ ਕੇ ਉਸ ਨੂੰ ਇਕ ਮਹੀਨੇ ਲਈ ਇੰਡੀਆ ਤੋਰ ਦਿੱਤਾ।

ਪੁੱਤ ਮਿੱਤਰ ਦੇ ਵਿਆਹ ਵਿਚ ਸ਼ਾਮਲ ਹੋਇਆ। ਰੰਗਾ-ਰੰਗ ਪ੍ਰੋਗਰਾਮ ਚੱਲਿਆ। ਪੁੱਤ ਦੀ ਅੱਖ ਨੱਚ ਰਹੀ ਇਕ ਕੁੜੀ ਨਾਲ ਲੜ ਗਈ। ਪਰੀਆਂ ਵਰਗੀ ਕੁੜੀ ਨੇ ਤਾਂ ਮੁੰਡੇ ਨੂੰ ਸ਼ੁਦਾਈ ਹੀ ਕਰ ਦਿੱਤਾ ਸੀ। ਦੋਹਾਂ ਨੇ ਫੋਨ ਨੰਬਰ ਵਟਾ ਲਏ। ਵਿਆਹ ਦੀ ਸਮਾਪਤੀ ਤੋਂ ਬਾਅਦ ਮੁੰਡੇ ਨੇ ਕੁੜੀ ਨੂੰ ਕੌਫ਼ੀ ਹੱਟ 'ਤੇ ਬੁਲਾ ਲਿਆ। ਪਹਿਲੀ ਮੁਲਾਕਾਤ ਵਿਚ ਹੀ ਉਹ ਜਨਮਾਂ ਤੱਕ ਸਾਥ ਨਿਭਾਉਣ ਦਾ ਵਾਅਦਾ ਕਰ ਗਏ। ਕੁੜੀ ਨੇ ਉਠਣ ਲੱਗਿਆਂ ਕਿਹਾ, "ਮੈਂ ਸਰਦਾਰਾਂ ਦੀ ਧੀ ਨਹੀਂ, ਮਲੇਰ ਕੋਟਲੇ ਦੇ ਵਸਨੀਕ ਮੀਆਂ ਦੀ ਧੀ ਹਾਂ।" ਮੁੰਡੇ ਨੂੰ ਤਾਜ਼ੇ ਇਸ਼ਕ ਨੇ ਸਭ ਕੁਝ ਭੁਲਾ ਦਿੱਤਾ ਕਿ ਕੱਲ੍ਹ ਨੂੰ ਇਸ ਪਿਆਰ ਵਿਚ ਧਰਮ ਨੇ ਵੀ ਦੀਵਾਰ ਬਣਨਾ ਹੈ।

"ਬੰਦੇ ਦਾ ਧਰਮ ਇਨਸਾਨੀਅਤ ਹੈ। ਤੂੰ ਫ਼ਿਕਰ ਨਾ ਕਰ। ਤੂੰ ਕੀ ਸਮਝਦੀ ਏਂ ਕਿ ਸਰਦਾਰ ਤੈਨੂੰ ਧੋਖਾ ਦਊਗਾ...ਨਹੀਂ ਕਦੇ ਨਹੀਂ।"

ਕੁੜੀ ਨੇ ਆਪਣਾ ਸਿਰ ਮੁੰਡੇ ਦੀ ਹਿੱਕ 'ਤੇ ਰੱਖ ਦਿੱਤਾ, ਤੇ ਮੁੰਡੇ ਨੇ ਕੁੜੀ ਨੂੰ ਬਾਹਾਂ ਵਿਚ ਘੁੱਟ ਕੇ ਜਿੱਤ ਦਾ ਸਬੂਤ ਦੇ ਦਿੱਤਾ।

ਮੁੰਡੇ ਨੇ ਪਹਿਲੇ ਪਿਆਰ ਦੀ ਖਬਰ ਪਹਿਲਾਂ ਆਪਣੀ ਮਾਂ ਨੂੰ ਫੋਨ 'ਤੇ ਸੁਣਾਈ। ਮਾਂ ਡਰ ਗਈ ਕਿ ਪੁੱਤ ਨੇ ਕੀ ਚੰਦ ਚਾੜ੍ਹ ਦਿੱਤਾ ਹੈ। ਜਦੋਂ ਉਸ ਨੂੰ ਪਤਾ ਲੱਗਾ ਕਿ ਧੀ ਮੁਸਲਮਾਨ ਭਾਈਚਾਰੇ ਦੀ ਹੈ, ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਮਾਂ ਨੇ ਜਲਦੀ ਵਾਪਸ ਆਉਣ ਲਈ ਕਿਹਾ ਪਰ ਮੁੰਡਾ ਚਾਰ ਦਿਨ ਦੇ ਪਿਆਰ ਅੱਗੇ ਮਾਂ ਦੇ ਪੰਝੀ ਸਾਲਾਂ ਦਾ ਪਿਆਰ ਝੱਟ ਭੁੱਲ ਗਿਆ। ਪਿਉ ਨੇ ਤੁਰੰਤ ਟਿਕਟ ਲਈ, ਤੇ ਇੰਡੀਆ ਪਹੁੰਚ ਗਿਆ। ਪਿਉ ਦੇ ਪਹੁੰਚਣ ਤੋਂ ਪਹਿਲਾਂ ਮੁੰਡੇ ਨੇ ਮੰਗਣੀ ਦੀ ਰਸਮ ਪੂਰੀ ਕਰ ਲਈ ਸੀ। ਜਿਥੇ ਮੁੰਡੇ ਨੇ ਮਾਪਿਆਂ ਤੋਂ ਬਾਗੀ ਹੋ ਕੇ ਦੂਜੇ ਮਜ਼ਹਬ ਦੀ ਕੁੜੀ ਨਾਲ ਪਿਆਰ ਕੀਤਾ ਸੀ, ਉਥੇ ਧੀ ਵੀ ਸ਼ਰਮ-ਹਯਾ ਵਾਲੀ ਦਹਿਲੀਜ਼ ਟੱਪ ਆਈ ਸੀ। ਮੁੰਡੇ ਨੇ ਕੁੜੀ ਦੇ ਪੇਪਰ ਮੰਗੇਤਰ ਦੇ ਤੌਰ 'ਤੇ ਭਰ ਦਿੱਤੇ, ਤੇ ਵਾਪਸ ਆ ਗਿਆ, ਪਿਛੇ ਗਏ ਪਿਉ ਦੀ ਇਕ ਨਾ ਸੁਣੀ। ਪਿਉ ਵਾਪਸ ਆਇਆ ਤਾਂ ਪ੍ਰੀਤ ਦੇ ਗਲ ਲੱਗ ਕੇ ਉਚੀ-ਉਚੀ ਰੋਇਆ...ਸੋਚਿਆ, ਅਜਿਹੀ ਔਲਾਦ ਖੁਣੋਂ ਕੀ ਥੁੜ੍ਹਿਆ ਸੀ।

ਪੁੱਤ ਨੇ ਰਹਿੰਦੇ ਪੇਪਰ ਵੀ ਭੇਜ ਦਿੱਤੇ ਅਤੇ ਛੇ ਮਹੀਨਿਆਂ ਵਿਚ ਕੁੜੀ ਅਮਰੀਕਾ ਆ ਗਈ। ਕਰਮੂ ਨੇ ਪੁੱਤ ਦਾ ਬੋਰੀਆ-ਬਿਸਤਰਾ ਚੁਕਾ ਦਿੱਤਾ। ਟਰੱਕ ਵੀ ਵਾਪਸ ਲੈ ਲਿਆ। ਪੁੱਤ ਕੋਲ ਹੁਣ ਸਿਫ਼ਰ ਉਸ ਦਾ ਪਿਆਰ ਹੀ ਸੀ। ਉਸ ਨੇ ਕੋਰਟ ਮੈਰਿਜ ਕਰਵਾ ਲਈ। ਦੋਵੇਂ ਜਣੇ ਕੰਮ 'ਤੇ ਜਾਣ ਲੱਗੇ। ਕੁੜੀ ਨੂੰ ਗਰੀਨ ਕਾਰਡ ਮਿਲ ਗਿਆ। ਫਿਰ ਉਸ ਦੇ ਪਿਆਰ ਵਿਚ ਕੁੜੱਤਣ ਆਉਣ ਲੱਗ ਪਈ। ਗੱਲ ਤੂੰ-ਤੂੰ ਮੈਂ-ਮੈਂ 'ਤੇ ਪਹੁੰਚ ਗਈ। ਇਕ ਦਿਨ ਮੁੰਡੇ ਨੇ ਕੁੜੀ 'ਤੇ ਹੱਥ ਚੁੱਕ ਲਿਆ ਤੇ ਕੁੜੀ ਨੇ ਪੁਲਿਸ ਨੂੰ ਕਾਲ ਕਰ ਦਿੱਤੀ। ਮੁੰਡੇ ਨੇ ਥਾਣੇ ਵਿਚੋਂ ਮਾਪਿਆਂ ਨੂੰ ਕਾਲ ਕੀਤੀ। ਮਾਪੇ ਥਾਣੇ ਵੱਲ ਭੱਜੇ ਅਤੇ ਜ਼ਮਾਨਤ 'ਤੇ ਰਿਹਾ ਕਰਵਾਇਆ। ਨਾਲ ਹੀ ਮੁੰਡੇ ਦੀਆਂ ਅੱਖਾਂ ਤੋਂ ਪਿਆਰ ਦੀ ਪੱਟੀ ਲਹਿ ਗਈ। ਕੁੜੀ ਨੇ ਤਲਾਕ ਦੇ ਪੇਪਰ ਮੁੰਡੇ ਅੱਗੇ ਰੱਖ ਦਿੱਤੇ। ਮੁੰਡੇ ਨੇ ਪੁੱਛਿਆ, "ਸਾਡੇ ਪਿਆਰ ਦਾ ਕੀ ਬਣੂੰਗਾ।" ਕੁੜੀ ਨੇ ਕਿਹਾ, "ਮੇਰਾ ਹੁਸਨ ਦੇਖ ਕੇ ਮਾਪਿਆਂ ਦਾ ਪੰਝੀ ਸਾਲ ਦਾ ਪਿਆਰ ਭੁੱਲ ਗਿਆ, ਕੱਲ੍ਹ ਨੂੰ ਕਿਸੇ ਹੋਰ ਕੁੜੀ ਦਾ ਹੁਸਨ ਦੇਖ ਮੇਰੇ ਇਕ ਸਾਲ ਦਾ ਪਿਆਰ ਤਾਂ ਤੂੰ ਝੱਟ ਭੁੱਲ ਜਾਵੇਂਗਾ। ਜਿਹੜੇ ਮੁੰਡੇ ਨੇ ਆਪਣੀ ਕੁੱਖ ਦੀ ਲਾਜ ਨਹੀਂ ਰੱਖੀ, ਉਹ ਮੇਰੇ ਪਿਆਰ ਦੀ ਕੀ ਲਾਜ ਰੱਖ ਸਕਦਾ ਹੈ!"

ਕੁੜੀ ਦੀਆਂ ਸੱਚੀਆਂ ਤੇ ਖਰੀਆਂ ਸੁਣ ਕੇ ਮੁੰਡੇ ਦੀਆਂ ਅੱਖਾਂ ਖੁੱਲ੍ਹ ਗਈਆਂ ਤੇ ਉਹ ਆਪਣੇ ਮਾਪਿਆਂ ਦੇ ਪੈਰੀਂ ਡਿੱਗ ਪਿਆ। ਕਰਮੂ ਨੇ ਪੁੱਤ ਮੋਢੇ ਨਾਲ ਲਾ ਕੇ ਕੁੜੀ ਨੂੰ ਕਿਹਾ, "ਧੀਏ, ਜਿਹੜੇ ਪੁੱਤ ਨੂੰ ਅਸੀਂ ਨਹੀਂ ਸਮਝਾ ਸਕੇ, ਤੂੰ ਸਮਝਾ ਦਿੱਤਾ। ਤੇਰਾ ਧੰਨਵਾਦ, ਤੂੰ ਗਰੀਨ ਕਾਰਡ ਦੇ ਬਦਲੇ ਸਾਡਾ ਪੁੱਤ ਮੋੜ ਦਿੱਤਾ।"

ਕਰਮੂ ਨੇ ਨਵੇਂ ਟਰੱਕ-ਟਰੇਲਰ ਦੀਆਂ ਚਾਬੀਆਂ ਪੁੱਤ ਨੂੰ ਫੜਾ ਦਿੱਤੀਆਂ। ਪੁੱਤ ਛੇਤੀ ਹੀ ਸਾਊ ਪੁੱਤ ਬਣ ਗਿਆ।

# ਇਕਲਵਯ

(ਪਿਛਲੇ ਸਫੇ ਦੀ ਬਾਕੀ)

'ਤੇ ਚੋਟ ਮਾਰੀ ਤੇ ਯੁੱਧ ਸ਼ੁਰੂ ਹੋ ਗਿਆ।

ਯੋਜਨਾ ਅਨੁਸਾਰ ਲੜਦੇ ਅਸੀਂ ਅਰਜੁਨ ਨੂੰ ਰਣਖੇਤਰ ਤੋਂ ਬਹੁਤ ਦੂਰ ਲੈ ਗਏ। ਜਿਉਂ-ਜਿਉਂ ਦਿਨ ਬੀਤਦਾ ਗਿਆ, ਅਰਜੁਨ ਅਤੇ ਸਾਡੇ ਰੱਥ ਯੁੱਧ ਭੂਮੀ ਤੋਂ ਬਹੁਤ ਦੂਰ ਹੁੰਦੇ ਗਏ। ਦੂਜੇ ਪਾਸੇ ਮੈਂ ਜਾਣਦਾ ਸਾਂ ਕਿ ਦ੍ਰੋਣਾਚਾਰੀਆ ਚੱਕਰਵਿਊਹ ਦੀ ਰਚਨਾ ਕਰ ਕੇ ਅੱਗੇ ਵਧਦਿਆਂ ਯੁਧਿਸ਼ਟਰ ਨੂੰ ਕਾਬੂ ਕਰਨ ਦਾ ਯਤਨ ਕਰ ਰਹੇ ਹੋਣਗੇ। ਇਸ ਚੱਕਰਵਿਊਹ ਨੂੰ ਇਸ ਯੁੱਧ ਵਿਚ ਸਿਰਫ ਕ੍ਰਿਸ਼ਨ ਅਤੇ ਅਰਜੁਨ ਹੀ ਕੱਟ ਸਕਦੇ ਸਨ, ਹੋਰ ਕੋਈ ਨਹੀਂ।

ਅਰਜੁਨ ਨੂੰ ਸੂਹੀਆਂ ਕੋਲੋਂ ਪਿਛਲੀ ਰਾਤ ਇਹ ਸੂਹ ਮਿਲ ਗਈ ਸੀ ਕਿ ਅਗਲੇ ਦਿਨ ਯੁਧਿਸ਼ਟਰ ਨੂੰ ਕਿਸੇ ਨਾ ਕਿਸੇ ਤਰ੍ਹਾਂ ਫੜਨ ਦੇ ਯਤਨ ਹੋਣਗੇ। ਉਹ ਸੁਸਰਮਨ ਨੂੰ ਛੇਤੀ ਹੀ ਹਰਾ ਕੇ ਰਣਭੂਮੀ ਵਿਚ ਵਾਪਸ ਪਰਤ ਜਾਣਾ ਚਾਹੁੰਦਾ ਸੀ। ਜਦ ਉਹ ਆਪਣੀ ਕੋਸ਼ਿਸ਼ ਵਿਚ ਕਾਮਯਾਬ ਨਾ ਹੋ ਸਕਿਆ ਤੇ ਸੂਰਜ ਢਲਣ ਲੱਗਾ ਤਾਂ ਕ੍ਰੋਧ ਵਿਚ ਆ ਕੇ ਉਸ ਨੇ ਵਾਯੂ ਅਸਤਰ ਅਤੇ ਹੋਰ ਕਈ ਪ੍ਰਕਾਰ ਦੇ ਅਸਤਰ ਚਲਾਉਣੇ ਸ਼ੁਰੂ ਕੀਤੇ। ਸੁਸਰਮਨ ਜ਼ਖ਼ਮੀ ਹੋ ਗਿਆ।

ਉਸ ਨੂੰ ਜ਼ਖ਼ਮੀ ਕਰ ਕੇ ਜਦ ਅਰਜੁਨ ਨੇ ਕ੍ਰਿਸ਼ਨ ਨੂੰ ਵਾਪਸ ਕੁਰੂ-ਖੇਤਰ ਵਿਚ ਚੱਲਣ ਲਈ ਕਿਹਾ ਤਾਂ ਐਨ ਉਸੇ ਵੇਲੇ ਮੈਂ ਆਪਣਾ ਰੱਥ ਵਧਾ ਕੇ ਉਸ ਸਾਹਮਣੇ ਆ ਖੜ੍ਹਾ ਹੋਇਆ। ਆਪਣੀ ਕਮਾਨ 'ਤੇ ਤੀਰ ਚੜ੍ਹਾਇਆ ਤੇ ਅਰਜੁਨ ਨੂੰ ਲਲਕਾਰ ਕੇ ਬੋਲਿਆ, "ਖਬਰਦਾਰ ਅਰਜੁਨ, ਤਿਆਰ ਹੋ ਜਾ। ਮੈਨੂੰ ਹਰਾਏ ਬਿਨਾਂ ਤੂੰ ਰਣਖੇਤਰ ਵਿਚ ਵਾਪਸ ਨਹੀਂ ਪਰਤ ਸਕਦਾ।"

"ਤੂੰ ਕੌਣ ਏਂ ਜੋ ਆਪਣੀ ਮੌਤ ਨੂੰ 'ਵਾਜਾਂ ਮਾਰ ਰਿਹਾ ਏਂ! ਜਾਹ ਚਲਿਆ ਜਾ ਆਪਣੀ ਜਾਨ ਬਚਾ ਕੇ। ਮੈਂ ਛੇਤੀ ਵਿਚ ਹਾਂ ਅਤੇ ਐਰੇ-ਗੈਰੇ ਨਾਲ ਲੜ ਕੇ ਵਕਤ ਬਰਬਾਦ ਨਹੀਂ ਕਰਨਾ ਚਾਹੁੰਦਾ।"

ਮੈਂ ਉਸ ਨੂੰ ਪੁਰਾਣੀ ਗੱਲ ਯਾਦ ਕਰਵਾਉਂਦਿਆਂ ਆਪਣਾ ਅੰਗੂਠਾ ਕੱਟਿਆ ਹੱਥ ਉਪਰ ਕਰ ਕੇ ਵਿਖਾਇਆ। ਤੇ ਇਹ ਵੀ ਆਖਿਆ ਕਿ ਉਹ ਇਹ ਨਾ ਸਮਝੇ ਕਿ ਘਟੀਆ ਤਰੀਕੇ ਨਾਲ ਮੇਰਾ ਅੰਗੂਠਾ ਕਟਵਾ ਕੇ ਮੈਨੂੰ ਨਕਾਰਾ ਬਣਾ ਦਿੱਤਾ ਹੋਵੇਗਾ।

ਮੇਰਾ ਬਿਨਾਂ ਅੰਗੂਠੇ ਵਾਲਾ ਹੱਥ ਵੇਖ ਕੇ ਉਸ ਦਾ ਜੋਸ਼ ਠੰਢਾ ਪੈ ਗਿਆ ਤੇ ਬੋਲਿਆ, "ਅੱਜ ਇਸ ਵੇਲੇ ਤੂੰ ਕੀ ਚਾਹੁੰਦਾ ਏਂ?"

"ਮੈਂ ਆਪਣੇ ਪੁਰਾਣੇ ਲੇਖੇ ਬਰਾਬਰ ਕਰਨ ਆਇਆ ਹਾਂ।"

ਅਰਜੁਨ ਨੇ ਕ੍ਰਿਸ਼ਨ ਵੱਲ ਵੇਖਿਆ ਤੇ ਬੋਲਿਆ, "ਹੇ ਕ੍ਰਿਸ਼ਨ, ਮੇਰੇ ਬੰਧੂ! ਤੂੰ ਹੀ ਦੱਸ, ਹੁਣ ਮੈਂ ਕੀ ਕਰਾਂ?" ਲੱਗਦਾ ਸੀ, ਉਸ ਨੂੰ ਅਹਿਸਾਸ ਸੀ ਆਪਣੇ ਅਪਰਾਧ ਦਾ।

"ਮੈਂ ਤੇ ਵਿਸ਼ਵਬੰਧੂ ਹਾਂ।" ਕ੍ਰਿਸ਼ਨ ਨੇ ਮੁਸਕਰਾਉਂਦਿਆਂ ਉਤਰ ਦਿੱਤਾ। ਮੈਂ ਤੇਰੇ ਵਿਚ ਵੀ ਹਾਂ ਅਤੇ ਇਕਲਵਯ ਵਿਚ ਵੀ। ਤੇਰਾ ਅੰਗੂਠਾ ਕੱਟੇ ਜਾਣ ਨਾਲ ਵੀ ਮੈਨੂੰ ਉਨਾ ਹੀ ਦਰਦ ਹੋਣਾ ਸੀ, ਜਿੰਨਾ ਇਕਲਵਯ ਦੇ ਅੰਗੂਠਾ ਕੱਟੇ ਜਾਣ 'ਤੇ ਹੋਇਆ ਸੀ। ਜੋ ਪਾਪ ਤੂੰ ਉਸ ਵੇਲੇ ਈਰਖਾ-ਵਸ ਕੀਤਾ ਸੀ, ਉਸ ਦਾ ਫਲ ਤੇ ਭੋਗਣਾ ਹੀ ਪਵੇਗਾ!"

"ਇਹ ਤੁਸੀਂ ਕੀ ਕਹਿ ਰਹੇ ਹੋ ਕ੍ਰਿਸ਼ਨ?"

"ਤਾਂ ਯਾਦ ਕਰ ਫਿਰ ਉਹ ਵਰਦਾਨ ਜੋ ਇਸ ਨੇ ਦ੍ਰੋਣਾਚਾਰੀਆ ਕੋਲੋਂ ਉਸ ਵੇਲੇ ਮੰਗਿਆ ਸੀ। ਉਹ ਵੀ ਤੇ ਪੂਰਾ ਹੋ ਕੇ ਹੀ ਰਹੇਗਾ...!"

ਅਰਜੁਨ ਇਕ ਪਲ ਚੁੱਪ ਰਿਹਾ। ਫਿਰ ਧਨੁਖ 'ਤੇ ਬਾਣ ਚੜ੍ਹਾਉਣ ਲਈ ਹੱਥ ਚੁੱਕਿਆ। ਮੈਂ ਉਸ ਵੇਲੇ ਉਸ ਉਤੇ ਤੀਰਾਂ ਦੀ ਐਸੀ ਵਰਖਾ ਕੀਤੀ ਕਿ ਉਸ ਦੇ ਹੋਸ਼ ਉਡ ਗਏ। ਬਹੁਤ ਦੇਰ ਤੱਕ ਇਸੇ ਤਰ੍ਹਾਂ ਲੜਾਈ ਚਲਦੀ ਰਹੀ।

ਘਿਰਣਾ ਅਤੇ ਬਦਲੇ ਦੀ ਭਾਵਨਾ ਇਕ ਬਹੁਤ ਵੱਡੀ ਸ਼ਕਤੀ ਹੈ- ਪਿਆਰ ਤੋਂ ਵੀ ਵੱਡੀ ਜੋ ਇਕ ਯੋਧਾ ਨੂੰ ਮਨੋਬਲ ਅਤੇ ਉਦੇਸ਼ ਦਿੰਦੀ ਹੈ; ਆਪਣੇ ਵੈਰੀ ਨਾਲ ਲੜਨ ਲਈ। ਘਿਰਣਾ ਇਕ ਅੰਧਵਿਸ਼ਵਾਸ ਹੈ। ਮੈਂ ਅਰਜੁਨ ਨੂੰ ਸਿਰਫ ਇਸ ਲਈ ਨਫ਼ਰਤ ਨਹੀਂ ਸੀ ਕਰਦਾ ਕਿ ਉਸ ਨੇ ਮੇਰਾ ਅੰਗੂਠਾ ਕਟਵਾਇਆ ਸੀ; ਬਲਕਿ ਇਸ ਲਈ ਵੀ ਕਿ ਅਰਜੁਨ ਪ੍ਰਤੀਨਿਧੀ ਸੀ ਆਰੀਆ ਜਾਤੀ ਦਾ, ਜੋ ਅਸੁਰ ਜਾਤੀ ਦੇ ਅੰਗੂਠੇ ਕਟਵਾਉਣ ਅਤੇ ਉਨ੍ਹਾਂ ਨੂੰ ਸ਼ਕਤੀਹੀਣ ਕਰ ਕੇ ਆਪਣੇ ਦਾਸ ਬਣਾਉਣ ਦੀਆਂ ਯੋਜਨਾਵਾਂ ਵਿਚ ਵਿਅਸਥ ਸਨ।

ਜਦ ਵੀ ਕ੍ਰਿਸ਼ਨ ਵਾਪਸ ਪਰਤਣ ਲਈ ਰੱਥ ਘੁਮਾਉਂਦਾ, ਮੈਂ ਰਸਤਾ ਰੋਕ ਕੇ ਸਾਹਮਣੇ ਖੜ੍ਹਾ ਹੋ ਜਾਂਦਾ। ਆਖਰ ਅਰਜੁਨ ਬੋਲਿਆ, ਜੇ ਚਾਹਵਾਂ ਤਾਂ ਇਕ ਪਲ ਵਿਚ ਤੈਨੂੰ ਯਮਲੋਕ ਪੁਚਾ ਦੇਵਾਂ ਪਰ ਤੂੰ ਜਾਣਦਾ ਏਂ ਕਿ ਤੈਨੂੰ ਮਾਰ ਕੇ ਇਕ ਹੋਰ ਪਾਪ ਆਪਣੇ ਸਿਰ ਨਹੀਂ ਲੈਣਾ ਚਾਹੁੰਦਾ। ਆਖਰ ਕਦ ਤੱਕ ਤੂੰ ਮੇਰਾ ਰਸਤਾ ਰੋਕ ਕੇ ਖੜ੍ਹਾ ਰਹੇਗਾ?"

"ਜਦ ਤੱਕ ਅੱਜ ਦਾ ਸੂਰਜ ਦਿਸਹੱਦੇ ਤੋਂ ਪਰ੍ਹੇ ਨਹੀਂ ਹੋ ਜਾਂਦਾ।" ਮੈਂ ਕਹਿਣਾ ਤਾਂ ਨਹੀਂ ਸੀ ਚਾਹੁੰਦਾ ਪਰ ਮੇਰੇ ਮੂੰਹੋਂ ਨਿਕਲ ਹੀ ਗਿਆ, "ਕਿਉਂਕਿ ਉਹੀ ਦ੍ਰੋਣਾਚਾਰੀਆ ਜਿਸ ਨੂੰ ਕਹਿ ਕੇ ਤੂੰ ਮੇਰਾ ਅੰਗੂਠਾ ਕਟਵਾਇਆ ਸੀ, ਅੱਜ ਚੱਕਰਵਿਊਹ ਦੀ ਰਚਨਾ ਕਰ ਕੇ ਤੇਰੇ ਭਰਾ ਯੁਧਿਸ਼ਟਰ ਨੂੰ ਬੰਦੀ ਬਣਾਉਣ ਲਈ ਅਗੇ ਵਧ ਰਹੇ ਹੋਣਗੇ; ਜਾਂ ਸ਼ਾਇਦ ਬੰਦੀ ਬਣਾ...।"

ਮੇਰਾ ਵਾਕ ਹਾਲੇ ਪੂਰਾ ਨਹੀਂ ਸੀ ਹੋਇਆ ਕਿ ਉਸ ਨੇ ਆਪਣੇ ਤਰਕਸ਼ ਵਿਚੋਂ ਇਕ ਵਿਸ਼ੇਸ਼ ਤੀਰ ਚੁਣ ਕੇ ਕੱਢਿਆ, ਗਾਂਡੀਵ 'ਤੇ ਚੜ੍ਹਾਇਆ, ਕੰਨਾਂ ਤੱਕ ਖਿੱਚਿਆ ਅਤੇ ਛੱਡ ਦਿੱਤਾ। ਦਿਲ ਕੰਬਾ ਦੇਣ ਵਾਲੀ ਧੁਨੀ ਗਾਂਡੀਵ ਵਿਚੋਂ ਨਿਕਲੀ ਅਤੇ ਅਗਲੇ ਹੀ ਪਲ ਤੀਰ ਮੇਰੇ ਕਵਚ ਨੂੰ ਕੱਟਦਾ ਹੋਇਆ ਮੇਰੇ ਮੋਢੇ ਵਿਚ ਆ ਖੁੱਭਿਆ। ਮੈਂ ਸੱਜੇ ਹੱਥ ਨਾਲ ਜ਼ੋਰ ਲਾ ਕੇ ਤੀਰ ਬਾਹਰ ਕੱਢਿਆ। ਲਹੂ ਦੀ ਧਾਰ ਬਾਹਰ ਨਿਕਲੀ ਅਤੇ ਮੇਰੇ ਕਵਚ, ਮੇਰੇ ਕੱਪੜਿਆਂ ਉਤੇ ਲਕੀਰ ਜਿਹੀ ਬਣਾਉਂਦੀ ਥੱਲੇ ਵਗ ਤੁਰੀ।

ਮੈਂ ਆਪਣੇ ਮਿਤਾਨੀ ਗੁਰੂ ਦੇ ਦਿੱਤੇ ਹੋਏ ਸੱਤ 'ਕਾਲੀ ਧਾਤੂ' ਦੇ ਬਣੇ ਤੀਰਾਂ ਵਿਚੋਂ ਇਕ ਤੀਰ ਕੱਢਿਆ, ਤੇ ਦੂਜੇ ਹੀ ਪਲ ਉਹ ਤੀਰ ਅਰਜੁਨ ਦੇ ਪਿੱਤਲ ਦੇ ਕਵਚ ਨੂੰ ਕੱਟਦਾ ਖੱਬੀ ਬਾਂਹ ਵਿਚ ਜਾ ਖੁਭਿਆ। ਦੂਜਾ ਕਾਲੇ ਰੰਗ ਦਾ ਤੀਰ ਉਸ ਦੇ ਸੀਨੇ ਵੱਲ ਸਾਧ ਕੇ ਮਾਰਿਆ ਪਰ ਇਸ ਵਾਰੀ ਕ੍ਰਿਸ਼ਨ ਨੇ ਰੱਥ ਘੁਮਾ ਕੇ ਬਚਾ ਲਿਆ। ਫਿਰ ਉਸ ਨੇ ਮੇਰੇ ਦੋ ਘੋੜੇ ਮਾਰ ਦਿੱਤੇ ਅਤੇ ਮੈਂ ਵੀ ਉਸ ਦੇ ਦੋ ਘੋੜਿਆਂ ਨੂੰ ਲੰਮੇ ਪਾ ਦਿੱਤਾ।

ਹੁਣ ਅਸੀਂ ਆਪਣੇ ਰੱਥਾਂ ਤੋਂ ਉਤਰ ਕੇ ਇਕ-ਦੂਜੇ ਦੇ ਸਾਹਮਣੇ ਧਰਤੀ ਉਤੇ ਖੜ੍ਹੇ ਸਾਂ। ਮੈਂ 'ਤੁਆਸ਼ਰ' ਨਾਮ ਦਾ ਬਾਣ ਧਨੁਖ 'ਤੇ ਚੜ੍ਹਾਇਆ। ਇਹ ਬਾਣ ਮੈਨੂੰ ਰਾਜਾ ਸੁਸਰਮਨ ਨੇ ਖਾਸ ਅੱਜ ਦੀ ਲੜਾਈ ਲਈ ਦਿੱਤਾ ਸੀ। ਇਸ ਤੋਂ ਅਰਜੁਨ ਕਿਸੇ ਤਰ੍ਹਾਂ ਨਹੀਂ ਬਚ ਸਕਦਾ, ਮੈਨੂੰ ਪੂਰਾ ਯਕੀਨ ਸੀ। ਭਿਅੰਕਰ ਧੁਨੀ ਪੈਦਾ ਕਰਦਾ ਹੋਇਆ ਬਾਣ ਮੇਰੇ ਧਨੁਖ ਵਿਚੋਂ ਨਿਕਲਿਆ ਪਰ ਐਨ ਉਸੇ ਵੇਲੇ ਕ੍ਰਿਸ਼ਨ ਨੇ ਅਰਜੁਨ ਦੇ ਅੱਗੇ ਆ ਕੇ ਬਾਣ ਆਪਣੀ ਛਾਤੀ ਉਤੇ ਰੋਕ ਲਿਆ। ਫਿਰ ਕ੍ਰਿਸ਼ਨ ਨੇ ਮੈਨੂੰ ਰੁਕਣ ਦਾ ਇਸ਼ਾਰਾ ਕੀਤਾ। ਅਸੀਂ ਦੋਵਾਂ ਨੇ ਆਪੋ-ਆਪਣੇ ਰੱਥਾਂ ਦੇ ਜ਼ਖਮੀ ਘੋੜੇ ਬਦਲੇ।

ਲੜਾਈ ਫਿਰ ਸ਼ੁਰੂ ਹੋ ਗਈ। ਮੇਰੇ ਜ਼ਖ਼ਮੀ ਮੋਢੇ ਵਿਚ ਦਰਦ ਵਧ ਰਿਹਾ ਸੀ, ਤੇ ਤੀਰ ਚਲਾਉਣ ਦੀ ਸ਼ਕਤੀ ਘਟ ਰਹੀ ਸੀ।

ਕ੍ਰਿਸ਼ਨ ਅਰਜੁਨ ਦੇ ਰੱਥ ਨੂੰ ਲੈ ਕੇ ਹੌਲੀ-ਹੌਲੀ ਕੁਰੂ-ਖੇਤਰ ਵੱਲ ਸਰਕਣ ਲੱਗੇ ਪਰ ਜਦ ਤੱਕ ਉਹ ਕੁਰੂ-ਖੇਤਰ ਪਹੁੰਚੇ, ਸੂਰਜ ਡੁੱਬ ਗਿਆ ਸੀ। ਕੌਰਵ ਸੈਨਾ ਯੁਧਿਸ਼ਟਰ ਨੂੰ ਤਾਂ ਬੰਦੀ ਨਾ ਬਣਾ ਸਕੀ ਪਰ ਅਰਜੁਨ ਦਾ ਪੁੱਤਰ ਅਭਿਮੰਨਊ ਉਸ ਚੱਕਰਵਿਊਹ ਵਿਚ ਫਸ ਕੇ ਕੌਰਵ ਮਹਾਂਰਥੀਆਂ ਹੱਥੋਂ ਮਾਰਿਆ ਗਿਆ ਸੀ।

## ਮਿੰਨੀ ਕਹਾਣੀ

### ਮਾਨਸ ਸੋਚ


ਬਾਬਾ ਜੀ ਨੇ ਰੱਬ ਰੂਪੀ ਮਨੁੱਖ ਉਪਰ ਲੰਮੀ ਕਥਾ ਕੀਤੀ ਕਿ ਦੁਨੀਆਂ ਵਿਚ ਮਨੁੱਖ ਜਾਤ ਹੀ ਸਭ ਤੋਂ ਉਤਮ, ਗਿਆਨ ਵਾਲੀ ਤੇ ਸ੍ਰੇਸ਼ਟ ਹੈ। ਇਹ ਜਦੋਂ ਮਨ ਦੀ ਭਟਕਣ ਛੱਡ ਦਿੰਦੀ ਹੈ ਤਾਂ ਇਹ ਰੱਬ ਵਿਚ ਹੀ ਅਭੇਦ ਹੋ ਜਾਂਦੀ ਹੈ ਤੇ ਚੁਰਾਸੀ ਲੱਖ ਜੂਨ 'ਚੋਂ ਨਿਕਲ ਜਾਂਦੀ ਹੈ। ਇਨ੍ਹਾਂ ਪੰਛੀਆਂ, ਪਸ਼ੂਆਂ ਨੂੰ ਕੀ ਪਤੈ ਰੱਬ ਦੀ ਹੋਂਦ ਦਾ। ਇਹ ਮਨੁੱਖ ਰੱਬ ਰੂਪੀ ਵਿਰਸਾ ਹੀ ਏ। ਹੁਣ ਇਹ ਕਥਾ ਲੰਬੀ ਹੁੰਦੀ ਦੇਖ ਬੁੱਢਾ ਸੁੱਚਾ ਫੌਜੀ ਲੰਮੀ ਸੋਚ ਵਿਚ ਵਹਿ ਗਿਆ। ਇਹ ਮਾਨਸ ਜਾਤ ਈ ਆ ਜੋ ਕਤਲ, ਦੰਗੇ, ਫਸਾਦ, ਚੋਰੀਆਂ, ਡਾਕੇ, ਊਚ-ਨੀਚ, ਬੇ-ਜ਼ੁਬਾਨਿਆਂ ਦਾ ਸ਼ਿਕਾਰ ਕਰਨ, ਦੇਸ਼ ਦੀਆਂ ਹੱਦਾਂ, ਸੂਬੇ ਦੀਆਂ ਹੱਦਾਂ, ਪਿੰਡਾਂ ਦੀਆਂ ਵੱਟਾਂ, ਘਰਾਂ ਵਿਚ ਕੰਧਾਂ ਮਾਰ-ਮਾਰ ਕੇ ਇਕ-ਦੂਜੇ 'ਤੇ ਹੱਕ ਜਿਤਾਉਣ ਤੇ ਝੂਠੀ ਸ਼ੁਹਰਤ ਖੱਟਣ ਲਈ ਕੀ ਪਾਪ ਪਾਖੰਡ ਨਹੀਂ ਕਰਦੀ।

ਉਸ ਦੇ ਧੁਰ ਅੰਦਰੋਂ ਇਕ ਰੀਝ ਪੈਦਾ ਹੋਈ ਕਿ ਕਿਉਂ ਨਾ ਮੈਨੂੰ ਮਰਨ ਪਿਛੋਂ ਰੱਬ ਪੰਛੀ ਬਣਾਏ। ਨਾ ਲੜਾਈ, ਨਾ ਵੈਰ, ਨਾ ਹੱਦਾਂ, ਨਾ ਕੰਧਾਂ, ਨਾ ਕੋਈ ਮੇਰਾ ਦੇਸ਼ ਨਾ ਪ੍ਰਦੇਸ, ਨਾ ਕੋਈ ਮੈਨੂੰ ਕਿਧਰੇ ਰੋਕੇ ਪਰ ਝੱਟ ਹੀ ਉਸ ਦੇ ਮਨ ਉਦਾਸੀ ਛਾ ਗਈ ਜਦੋਂ ਉਸ ਨੇ ਸਰਕਸਾਂ, ਪਿੰਜਰਾ-ਘਰਾਂ ਵੱਲ ਝਾਤੀ ਮਾਰੀ ਜਿਥੇ ਮਾਰਖੋਰੇ ਜਾਨਵਰਾਂ ਤੇ ਭੋਲੇ-ਭਾਲੇ ਪੰਛੀਆਂ ਨੂੰ ਬੰਦੇ ਅੱਗੇ ਉਸ ਦੇ ਇਸ਼ਾਰੇ 'ਤੇ ਨਾਚ ਨੱਚਦਿਆਂ ਵੇਖਿਆ ਤੇ ਲੰਮੀਆਂ ਕੈਦਾਂ ਕੱਟਦੇ ਖੁਰ-ਖੁਰ ਮਰਦੇ। ਕੀ ਇਹ ਮਾਨਸ ਜਾਤ ਆਪਣੇ ਧੰਦੇ ਖਾਤਰ ਅਸਮਾਨੀ ਉਡਦੇ ਪੰਛੀਆਂ ਤੱਕ ਨੂੰ ਆਪਣੇ ਜਾਲ ਵਿਚ ਫਾਹੀ ਬੈਠੀ ਆ।

*-ਹਰਦੀਪ ਸਿੰਘ ਕਾਹਲੋਂ*
*ਪਿੰਡ ਸਿਆਲ, ਕਪੂਰਥਲਾ।*

# ਵਿਮਾਨ ਦੀ ਉਡਾਣ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਹਵਾਈ ਮਾਰਗ ਰਾਹੀਂ ਸਵਾਰੀਆਂ ਆਦਿ ਢੋਣ ਵਾਲੇ ਯਾਨ ਲਈ ਅਸੀਂ ਅੱਜ ਕਲ੍ਹ (ਹਵਾਈ) ਜਹਾਜ ਸ਼ਬਦ ਵਰਤਦੇ ਹਾਂ। ਐਰੋਪਲੇਨ ਤੋਂ ਹੂਬਹੂ ਅਨੁਵਾਦਿਆ ਸ਼ਬਦ ਵਾਯੂਯਾਨ ਵੀ ਲਿਖਤੀ ਤੌਰ 'ਤੇ ਵਰਤ ਲਿਆ ਜਾਂਦਾ ਹੈ ਤੇ ਤਕਨੀਕੀ ਜਿਹੇ ਸੰਦਰਭਾਂ ਵਿਚ ਵਿਮਾਨ ਸ਼ਬਦ ਵੀ। ਜਹਾਜ-ਨਿਰਮਾਣ ਲਈ ਵਿਮਾਨਕੀ ਸ਼ਬਦ ਚਲਾਇਆ ਗਿਆ ਹੈ। ਬੰਗਲਾਦੇਸ਼ ਨੇ ਤਾਂ ਆਪਣੀ ਕੌਮੀ ਏਅਰਲਾਈਨ ਦਾ ਨਾਂ ਹੀ 'ਬਿਮਾਨ ਬੰਗਲਾਦੇਸ਼ ਏਰਲਾਈਨਜ਼' ਰੱਖਿਆ ਹੈ ਜਿਸ ਨੂੰ ਬੋਲਚਾਲ ਵਿਚ ਬਿਮਾਨ ਹੀ ਕਿਹਾ ਜਾਂਦਾ ਹੈ। ਵਿਮਾਨ ਸ਼ਬਦ ਦੀ ਮੌਜੂਦਗੀ ਤੋਂ ਭੁਲੇਖਾ ਲੱਗ ਸਕਦਾ ਹੈ ਜਿਵੇਂ ਸਾਡੇ ਦੇਸ਼ ਵਿਚ ਚਿਰਕਾਲ ਤੋਂ ਹਵਾਈ ਜਹਾਜ ਚਲਦੇ ਰਹੇ ਹੋਣ। ਚਰਮਸੀਮਾ ਤੇ ਪੁੱਜੇ ਹਿੰਦੂ ਸ਼ਾਵਨਵਾਦੀ ਕੁਝ ਅਜਿਹਾ ਹੀ ਸੋਚਦੇ ਹਨ। ਇਸ ਵਾਰ ਮੁੰਬਈ ਵਿਚ ਹੋਈ ਭਾਰਤੀ ਸਾਇੰਸ ਕਾਂਗਰਸ ਵਿਚ ਪ੍ਰਾਚੀਨ ਭਾਰਤੀ ਸਾਇੰਸ ਦੀਆਂ ਉਪਲਭਦੀਆਂ ਬਾਰੇ ਕਾਫੀ ਜਭਲੀਆਂ ਸੁਣਨ ਨੂੰ ਮਿਲੀਆਂ। ਅਨੰਦ ਬੋਦਾਸ ਨਾਮੀ ਇਕ ਕੈਪਟਨ ਨੇ ਇਕ ਭਾਸ਼ਨ ਦੌਰਾਨ ਦਾਅਵਾ ਕੀਤਾ ਕਿ ਵੈਦਿਕ ਯੁਗ ਦੌਰਾਨ ਭਾਰਤ ਵਿਚ ਵਿਮਾਨ ਯਾਨਿ ਹਵਾਈ ਜਹਾਜ ਆਮ ਸਨ। ਉਡਾਣ ਭਰਨ ਪਿਛੋਂ ਇਹ 'ਵਿਮਾਨ' ਕਈ ਤਰ੍ਹਾਂ ਦੀਆਂ ਕਲਾਬਾਜ਼ੀਆਂ ਕਰ ਸਕਦੇ ਸਨ ਜਿਵੇਂ ਸਿਧੇ ਅਗਾਂਹ ਨੂੰ ਚੱਲਣਾ, ਇਕ ਦਮ ਪਿਛਲਖੁਰੀ ਮੁੜਨਾ, ਪਾਸਿਆਂ ਨੂੰ ਚੱਲਣਾ, ਹੈਲੀਕਾਪਟਰ ਵਾਂਗ ਥੱਲੇ ਤੋਂ ਉਪਰ ਤੇ ਉਪਰ ਤੋਂ ਥੱਲੇ ਨੂੰ ਮੁਹਾਣ ਮੋੜਨੇ। ਇਹ ਵਿਮਾਨ ਸ਼ਹਿਰਾਂ ਜਾਂ ਦੇਸ਼ਾਂ ਵਿਚਕਾਰ ਹੀ ਨਹੀਂ ਸੀ ਭਾਉਂਦੇ ਫਿਰਦੇ, ਇਕ ਮਹਾਂਦੀਪ ਤੋਂ ਦੂਜੇ ਮਹਾਂਦੀਪ ਅਤੇ ਇਕ ਗ੍ਰਹਿ ਤੋਂ ਦੂਜੇ ਗ੍ਰਹਿ ਤੱਕ ਵੀ ਉਡਾਣ ਭਰਿਆ ਕਰਦੇ ਸਨ। ਯਾਤਰੂ ਵਿਮਾਨ ਵੱਖ ਤੇ ਯੁਧ ਵਿਮਾਨ ਵੱਖ ਹੋਇਆ ਕਰਦੇ ਸਨ। ਪਾਇਲਟਾਂ ਦੇ ਵਿਸ਼ੇਸ਼ ਭੋਜਨ ਤੇ ਵੇਸ਼ਭੂਸ਼ਾ ਹੁੰਦੀ ਸੀ, ਕੰਟਰੋਲ ਕਰਨ ਲਈ ਰੂਪਰਕਰਨਰਹਸਯ ਵੀ ਹੁੰਦੇ ਸਨ ਜੋ ਅੱਜ ਦੇ ਰਡਾਰਾਂ ਨੂੰ ਮਾਤ ਪਾਉਂਦੇ ਸਨ।

ਭਾਸ਼ਨ ਵਿਚ ਦਾਅਵਾ ਕੀਤਾ ਗਿਆ ਕਿ ਵਿਮਾਨਕੀ ਜਾਂ ਵਿਮਾਨ ਸ਼ਾਸਤਰ (ਹਵਾਈ ਜਹਾਜ ਬਣਾਉਣ ਦੀ ਕਲਾ) ਬਾਰੇ ਅੱਜ ਤੋਂ ਸੱਤ ਹਜ਼ਾਰ ਸਾਲ ਪਹਿਲਾਂ ਭਾਰਗਵ ਰਿਸ਼ੀ ਨੇ ਸ਼ਲੋਕ ਲਿਖੇ ਸਨ। ਇਹ ਗੱਲ ਵਖਰੀ ਹੈ ਕਿ ਭਾਰਤ ਵਿਚ ਆਰੀਆ ਦੇ ਆਗਮਨ ਦਾ ਕਾਲ ਤਾਂ ਸੱਤ ਹਜ਼ਾਰ ਸਾਲ ਤੋਂ ਬਹੁਤ ਉਰਾਂਹ ਦਾ ਹੀ ਹੈ ਤੇ ਪੁਰਾਤਤਵ ਵਸੀਲਿਆਂ ਨੇ ਅਜਿਹੇ ਜਹਾਜਾਂ ਦਾ ਕੋਈ ਅਵਸ਼ੇਸ਼ ਨਹੀਂ ਲਭਿਆ। ਮਨੁੱਖ ਦੇ ਹੱਥ ਵਿਚ ਕੋਈ ਗਿਆਨ ਆ ਜਾਵੇ ਤਾਂ ਇਹ ਨਿਰੰਤਰ ਵਧਦਾ ਹੀ ਜਾਂਦਾ ਹੈ, ਘਟਦਾ ਜਾਂ ਖਤਮ ਨਹੀਂ ਹੁੰਦਾ। ਕੁਦਰਤੀ ਤੌਰ 'ਤੇ ਪ੍ਰਾਚੀਨ ਭਾਰਤ ਵਿਚ ਵਿਮਾਨਕੀ ਬਾਰੇ ਅਜਿਹੇ ਫੋਕੇ ਦਾਅਵਿਆਂ ਦਾ ਦੁਨੀਆਂ ਭਰ ਵਿਚ ਮਖੌਲ ਉਡਣਾ ਸੀ।

ਨਾਸਾ ਦੇ ਇਕ ਭਾਰਤੀ ਮੂਲ ਦੇ ਵਿਗਿਆਨੀ ਦੁਆਰਾ 200 ਵਿਗਿਆਨੀਆਂ ਦੇ ਦਸਤਖਤਾਂ ਵਾਲੀ ਇਕ ਪਟੀਸ਼ਨ ਰਾਹੀਂ ਪਹਿਲਾਂ ਹੀ ਮੰਗ ਕੀਤੀ ਗਈ ਸੀ ਕਿ ਮਿਥ ਅਤੇ ਸਾਇੰਸ ਨੂੰ ਰਲਗੱਡ ਕਰਨ ਵਾਲੇ ਇਸ ਲੈਕਚਰ ਨੂੰ ਰੱਦ ਕੀਤਾ ਜਾਵੇ। ਇਸ ਕਾਂਗਰਸ ਦੇ 102 ਸਾਲਾ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਸੰਸਕ੍ਰਿਤ ਵਿਚ ਉਪਲਭਦ ਸ੍ਰੋਤਾਂ ਅਨੁਸਾਰ ਪ੍ਰਾਚੀਨ ਭਾਰਤੀ ਸਾਇੰਸ ਦੇ ਵਿਸ਼ੇ 'ਤੇ ਗੋਸ਼ਟੀ ਕਰਵਾਈ ਗਈ। ਦੁਨੀਆਂ ਭਰ ਦਾ ਕਿਹੜਾ ਮਿਥਹਾਸ ਹੈ ਜਿਸ ਵਿਚ ਉਡਣ-ਖਟੋਲਿਆਂ ਅਤੇ ਹੋਰ ਅਜਿਹੀਆਂ ਕਰਾਮਾਤਾਂ ਦਾ ਬਿਰਤਾਂਤ ਨਹੀਂ ਹੈ? ਵਿਮਾਨਾਂ ਦੀ ਕੀ ਗੱਲ ਕਰਨੀ ਹੈ, ਪਰੀਆਂ ਤੇ ਜਲ-ਪਰੀਆਂ ਦੇ ਰੂਪ ਵਿਚ ਮਨੁੱਖਾਂ ਨੂੰ ਹੀ ਪਰ ਲੱਗੇ ਹੋਏ ਸਨ। ਤੇ ਫਿਰ ਉਡਣ-ਕਾਲੀਨ ਤੇ ਉਡਣ-ਖਟੋਲੇ ਹੀ ਨਹੀਂ ਮਾਣ।




ਪ੍ਰਾਚੀਨ ਭਾਰਤ ਵਿਚ ਵਿਮਾਨਕੀ ਦੀ ਹੋਂਦ ਦਾ ਦਾਅਵਾ ਕਈ ਵਾਰ ਕੀਤਾ ਗਿਆ ਹੈ ਤੇ ਉਸ ਦਾ ਭਾਂਡਾ ਬੜੇ ਪ੍ਰਭਾਵਕ ਢੰਗ ਨਾਲ ਪਹਿਲਾਂ ਹੀ ਭੰਨਿਆ ਜਾ ਚੁੱਕਾ ਹੈ। ਲੈਕਚਰ ਵਿਚ 7000 ਸਾਲ ਪਹਿਲਾਂ ਭਾਰਗਵ ਰਿਸ਼ੀ ਦੁਆਰਾ ਲਿਖੇ ਜਿਸ ਵੈਦਿਕ ਵਿਮਾਨ ਸ਼ਾਸਤਰ ਦਾ ਜ਼ਿਕਰ ਕੀਤਾ ਗਿਆ ਹੈ, ਉਹ ਦਰਅਸਲ 1904 ਵਿਚ ਹੋਂਦ ਵਿਚ ਆਇਆ। ਭਾਰਤੀ ਵਿਗਿਆਨ ਸੰਸਥਾ ਦੇ ਵੈਮਾਨਿਕ ਇੰਜੀਨੀਅਰਾਂ ਨੇ ਇਸ ਝੂਠ ਦੇ ਪੁਲੰਦੇ ਦੀ ਅਸਲੀਅਤ 1974 ਵਿਚ ਹੀ ਖੋਲ੍ਹ ਕੇ ਰੱਖ ਦਿੱਤੀ ਸੀ। ਭਾਂਡਾ-ਫੋੜ ਖੋਜ ਪੱਤਰ ਦੇ ਪੰਜ ਵਿਗਿਆਨੀ ਲੇਖਕਾਂ ਦਾ ਕਹਿਣਾ ਹੈ ਕਿ ਵਿਮਾਨ-ਸ਼ਾਸਤਰ ਦੇ ਨਕਸ਼ਿਆਂ ਵਿਚ ਵਰਣਨ ਕੀਤੇ ਗਏ ਵਿਮਾਨ ਨਿਊਟਨ ਦੇ ਗੁਰੂਤਾ ਸਬੰਧੀ ਅਤੇ ਜਿਉਮੈਟਰੀ ਦੇ ਨਿਯਮਾਂ ਦੀ ਘੋਰ ਉਲੰਘਣਾ ਕਰਦੇ ਹਨ। ਇਸ ਲਈ ਉਨ੍ਹਾਂ ਅਨੁਸਾਰ ਅਜਿਹੀ ਕਪੋਲ ਕਲਪਨਾ ਅਨੁਸਾਰ ਬਣਾਏ ਜਹਾਜਾਂ ਵਿਚ ਉਡਣ ਦੀ ਉਕਾ ਹੀ ਸਮਰਥਾ ਨਹੀਂ ਹੋ ਸਕਦੀ। ਸੱਚੀ ਗੱਲ ਤਾਂ ਇਹ ਹੈ ਕਿ ਬਿਆਨ ਕੀਤੇ ਅਨੁਸਾਰ ਬਣਾਏ ਜਹਾਜ ਨੇ ਉੜਨਾਂ ਤਾ ਕੀ ਉੜਨ ਤੋਂ ਕੋਈ ਉਲਟੀ ਕਾਰਵਾਈ ਜ਼ਰੂਰ ਕਰ ਸਕਦੇ ਹਨ। ਇੰਜੀਨੀਅਰਾਂ ਨੇ ਵਿਗਿਆਨ ਦੇ ਹਰ ਪੱਖ ਤੋਂ ਪ੍ਰਸਤਾਵਤ ਵਿਮਾਨਾਂ ਦੀ ਘੋਖ ਕੀਤੀ। ਸ਼ਕੁਨ ਵਿਮਾਨ ਬਣਾਉਣ ਲਈ ਪਰਣ ਖਾਰ, ਛੋਲੇ, ਪਾਰਾ, ਅਬਰਕ, ਚਾਂਦੀ ਅਤੇ ਪੰਚਅੰਮ੍ਰਿਤ ਦੀ ਵਰਤੋਂ ਸੁਝਾਈ ਗਈ ਹੈ। 12,800 ਮੀਲ ਘੰਟੇ ਦੀ ਰਫਤਾਰ ਨਾਲ ਉਡ ਸਕਣ ਵਾਲੇ ਪੰਜ ਮੰਜ਼ਿਲਾ ਵਿਮਾਨ ਨੂੰ ਚਲਾਉਣ ਲਈ ਪੈਦਾ ਕੀਤੀ ਜਾਣ ਵਾਲੀ ਬਿਜਲੀ ਬਣਾਉਣ ਲਈ ਹੋਰ ਖੇਹ ਸੁਆਹ ਤੋਂ ਬਿਨਾਂ ਗਊਆਂ ਅਤੇ ਹਾਥੀਆਂ ਦੇ ਪਿਸ਼ਾਬ ਦੀ ਵਰਤੋਂ ਸੁਝਾਈ ਗਈ ਹੈ। ਤਰਿਪੁਰਾ ਅਤੇ ਰੁਕਮਣੀ ਜਿਹੇ ਵਿਮਾਨ ਤਾਂ ਹਵਾ ਤੋਂ ਬਿਨਾਂ ਪਾਣੀ ਵਿਚ ਵੀ ਚਲ ਸਕਦੇ ਹਨ। ਹੈ ਨਾ, ਗੋਇਆ ਸਵਰਗ ਜ਼ਮੀਨ 'ਤੇ ਉਤਰ ਆਇਆ!

ਵਿਗਿਆਨੀਆਂ ਦੀ ਖੋਜ ਅਨੁਸਾਰ ਇਹ ਰਚਨਾ ਵਾਸਤਵ ਵਿਚ ਮਹਾਰਿਸ਼ੀ ਭਾਰਦਵਾਜ ਦੀ ਨਹੀਂ ਬਲਕਿ ਸਬਰੱਈਯਾ ਸ਼ਸਤਰੀ ਨਾਂ ਦੇ ਇਕ ਗਪੌੜ ਸੰਖ ਦੀ ਹੈ ਅਤੇ ਇਸ ਦੀ ਰਚਨ ਮਿਤੀ 1904 ਤੋਂ ਪਹਿਲਾਂ ਦੀ ਨਹੀਂ। ਸ਼ਾਸਤਰੀ ਜੀ ਨੇ ਇਹ ਸ਼ਲੋਕ ਪੀਣਕ ਵਿਚ ਆ ਕੇ ਕਿਸੇ ਹੋਰ ਨੂੰ ਡਿਕਟੇਟ ਕਰਾਏ ਸਨ ਤੇ ਨਾਲ ਜੋੜੇ ਵਿਮਾਨਾਂ ਦੇ ਨਕਸ਼ੇ ਇੰਜੀਨੀਅਰਿੰਗ ਕਾਲਜ ਦੇ ਕਿਸੇ ਡਰਾਫਟਸਮੈਨ ਤੋਂ ਬਣਵਾਏ ਸਨ। ਨਕਸ਼ਿਆਂ ਤੋਂ ਆਧੁਨਿਕ ਮਸ਼ੀਨਰੀ ਦੇ ਗਿਆਨ ਦਾ ਕੁਝ ਕੁਝ ਝਾਉਲਾ ਇਸ ਲਈ ਪੈਂਦਾ ਹੈ ਕਿਉਂਕਿ ਇਹ ਪੇਸ਼ਾਵਰ ਡਰਾਫਟਸਮੈਨ ਨੇ ਬਣਾਏ ਸਨ। ਸੋ ਇਹ ਹੈ ਪ੍ਰਾਚੀਨ ਭਾਰਤੀ ਵਿਮਾਨਕੀ ਦੇ ਵਿਕਾਸ ਦਾ ਦਮਗਜਾ ਮਾਰਨ ਵਾਲਿਆਂ ਦੀ ਅਸਲੀਅਤ। ਸਾਇੰਸ ਕਾਂਗਰਸ ਦੇ ਸੰਚਾਲਕਾਂ ਨੇ ਵਿਗਿਆਨ ਦੇ ਖੇਤਰ ਵਿਚ ਭਾਰਤ ਦਾ ਗੁੱਡਾ ਬੰਨ੍ਹਣ ਦੀ ਬਜਾਏ ਇਸ ਦੀ ਬਦਨਾਮੀ ਹੀ ਕਰਵਾਈ ਹੈ।

ਰਾਮਾਇਣ ਵਿਚ ਪੁਸ਼ਪਕ ਵਿਮਾਨ ਦਾ ਜ਼ਿਕਰ ਆਉਂਦਾ ਹੈ ਜਿਸ ਦੀ ਖਾਸੀਅਤ ਇਹ ਸੀ ਕਿ ਇਸ ਵਿਚ ਭਾਵੇਂ ਜਿੰਨੇ ਵੀ ਬੰਦੇ ਬੈਠਣ, ਹਮੇਸ਼ਾ ਇਕ ਸੀਟ ਖਾਲੀ ਰਹਿੰਦੀ ਸੀ। ਪੁਸ਼ਪਕ ਜਹਾਜ ਕੁਬੇਰ ਨੇ ਬਣਾਇਆ ਸੀ ਪਰ ਰਾਵਣ ਨੇ ਇਸ ਨੂੰ ਚੁਰਾ ਲਿਆ। ਜਾਪਦਾ ਹੈ ਮਹਾਭਾਰਤ ਵਿਚ ਵਿਮਾਨ ਦਾ ਹਵਾਲਾ ਬਹੁਤ ਪਿਛੋਂ ਸ਼ਾਮਿਲ ਕੀਤਾ ਗਿਆ ਹੈ। ਕ੍ਰਿਸ਼ਨ ਨੂੰ ਆਪਣੇ ਦੁਸ਼ਮਣ ਨੂੰ ਜਹਾਜ ਵਿਚ ਬੈਠੇ ਦਾ ਪਿਛਾ ਕਰਦੇ ਦੱਸਿਆ ਗਿਆ ਹੈ। ਗੁਰਖਾ ਨੇ ਬੰਬ ਜਿਹੇ ਤਿੰਨ ਹਥਿਆਰ ਗਿਰਾ ਕੇ ਤਿੰਨ ਸ਼ਹਿਰ ਤਬਾਹ ਕਰ ਦਿੱਤੇ। ਪੁਰਾਣਾਂ ਤੇ ਹੋਰ ਸੰਸਕ੍ਰਿਤ ਗ੍ਰੰਥਾਂ ਵਿਚ ਵੀ ਬਿਮਾਨਾਂ ਦਾ ਜ਼ਿਕਰ ਆਉਂਦਾ ਹੈ। ਪਰ ਇਹ ਸਭ ਨਿਰੋਲ ਕਪੋਲ ਕਲਪਨਾ ਹੈ।

ਵਿਮਾਨ ਸ਼ਬਦ ਬਣਿਆ ਹੈ ਵਿ+ਮਾਨ ਤੋਂ। 'ਵਿ' ਅਗੇਤਰ ਦਾ ਅਰਥ ਹੁੰਦਾ ਹੈ ਅਲੱਗ, ਪਰੇ ਆਦਿ ਅਤੇ ਮਾਨ ਸ਼ਬਦ ਵਿਚ ਮਾਪਣਾ, ਨਾਪਣਾ, ਮਿਣਨਾ ਆਦਿ ਦੇ ਭਾਵ ਹਨ। ਸੋ, ਇਸ ਸ਼ਬਦ ਦਾ ਸਿੱਧਾ ਅਰਥ ਹੋਇਆ 'ਮਾਪ ਕੇ ਰੱਖਿਆ', ਹੋਰ ਵਿਸਤ੍ਰਿਤ ਅਰਥ (ਮੰਦਿਰ ਆਦਿ ਦੇ ਨਿਰਮਾਣ ਲਈ) ਮਾਪ ਕੇ ਰੱਖੀ ਭੋਇੰ। ਫਿਰ ਅਰਥ ਬਣਿਆ ਮੰਦਿਰ। ਵਿਮਾਨ ਦੀ ਹੀ ਤਰ੍ਹਾਂ ਵਿਮਾਨ ਸ਼ਬਦ ਦੇ ਅਰਥ ਵੀ ਉਡਾਣ ਭਰਦੇ ਹੀ ਗਏ। ਮੰਦਿਰ ਦੇਵਤਿਆਂ ਆਦਿ ਲਈ ਹੁੰਦਾ ਹੈ ਜੋ ਅਸਮਾਨਾਂ ਵਿਚ ਵਿਚਰਦੇ ਹਨ। ਸੋ, ਇਸ ਦਾ ਅਰਥ ਦੇਵਤਿਆਂ ਆਦਿ ਦਾ ਮਹੱਲ ਵੀ ਬਣਿਆ। ਅਸਮਾਨ ਵਿਚ ਵਿਚਰਦੇ ਇਹ ਮਹੱਲ ਉਡਦੇ ਹੀ ਫਿਰਦੇ ਹਨ, ਇਸ ਲਈ ਸਹਿਜੇ ਹੀ ਜਹਾਜ ਜਿਹੇ ਅਸਮਾਨੀ ਉਡਦੇ ਯਾਨ ਦੀ ਕਲਪਨਾ ਹੋ ਗਈ। ਇਹ ਵਿਮਾਨ ਫਿਰ ਧਰਤੀ 'ਤੇ ਵਿਚਰਦੇ ਰਾਜਿਆਂ ਲਈ ਵੀ ਉਪਲਭਦ ਹੋਣ ਲੱਗ ਗਏ। ਵਿਮਾਨ ਸ਼ਬਦ ਦੀ ਲਾਖਣਿਕ ਵਰਤੋਂ ਘੁੰਮਦੇ ਹੋਰ ਯਾਨਾਂ ਜਿਵੇਂ ਰੱਥ, ਇਥੋਂ ਤੱਕ ਕਿ ਘੋੜੇ ਆਦਿ ਲਈ ਵੀ ਹੋਣ ਲੱਗ ਪਈ। ਧਿਆਨ ਦਿਓ, ਮਰੇ ਹੋਏ ਬ੍ਰਿਧ ਵਿਅਕਤੀ ਦੀ ਸਜਧਜ ਨਾਲ ਕੱਢੀ ਅਰਥੀ ਨੂੰ ਵੀ ਵਿਮਾਨ ਕਿਹਾ ਜਾਂਦਾ ਹੈ। ਸ਼ਾਇਦ ਇਸ ਲਈ ਵੀ ਕਿ ਇਹ ਵਿਮਾਨ ਮ੍ਰਿਤਕ ਨੂੰ ਸਵਰਗ ਵਿਚ ਉਡਾ ਕੇ ਲੈ ਜਾਵੇਗਾ। ਇਸ ਸ਼ਬਦ ਦਾ ਪੰਜਾਬੀ ਤੇ ਹੋਰ ਪਰਦੇਸ਼ਕ ਬੋਲੀਆਂ ਵਿਚ ਇਕ ਰੂਪ ਬਿਮਾਨ, ਬਿਬਾਣ ਜਾਂ ਬੇਬਾਨ ਵੀ ਮਿਲਦਾ ਹੈ। ਦਸਮ ਗ੍ਰੰਥ ਵਿਚ ਇਹ ਸ਼ਬਦ ਇਸ ਤਰ੍ਹਾਂ ਹੈ, "ਜੀਤੇ ਬਜੰਗ ਜਾਲਮ॥ ਕੀਨ ਖਤੰਗ ਪਰਰਾ॥ ਪੁਹਪਕ ਬਿਬਾਨ ਬੈਠੇ॥ ਸੀਤਾ ਰਵਨ ਕਹਾ ਹੈ॥" -ਜਿਸ ਨੇ ਤੀਰ ਮਾਰ ਮਾਰ ਕੇ ਜ਼ਾਲਮਾਂ ਨੂੰ ਹਰਾਇਆ। ਕਿਥੇ ਹੈ ਉਹ ਜੋ ਸੀਤਾ ਨਾਲ ਪੁਸ਼ਪਕ ਵਿਮਾਨ ਵਿਚ ਬੈਠਾ ਸੀ? "ਗਈ ਬੈਕੁੰਠ ਬਿਬਾਣ ਚੜ੍ਹ ਨਾਉ ਨਾਰਾਇਣ ਛੋਤ ਅਛੋਤਾ॥" ਪਰਮਾਤਮਾ ਦਾ ਨਾਮ ਲੈਣ ਨਾਲ ਉਹ ਸਾਰੇ ਪਾਪਾਂ ਤੋਂ ਮੁਕਤ ਹੋ ਗਈ ਅਤੇ ਸਵਰਗ 'ਚ ਜਾ ਚੜ੍ਹੀ। ਕੀਰਤਪੁਰ ਵਿਚ ਗੁਰਦੁਆਰਾ ਬਿਬਾਨਗੜ੍ਹ ਦੇ ਸਥਾਨ ਤੋਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਇਕ ਬਿਬਾਨ ਵਿਚ ਰੱਖ ਕੇ ਸਸਕਾਰ ਲਈ ਇਕ ਜਲੂਸ ਦੀ ਸ਼ਕਲ ਵਿਚ ਲਿਜਾਇਆ ਗਿਆ ਸੀ।

ਵਿਮਾਨ ਸ਼ਬਦ ਦੇ ਸੰਸਕ੍ਰਿਤ ਵਿਚ ਹੋਰ ਕਈ ਅਰਥ ਹਨ। ਕੁਝ ਇਕ ਦਾ ਜ਼ਿਕਰ ਕਰਦੇ ਹਾਂ। ਜਿਵੇਂ ਅਸੀਂ ਸਫਰ ਕਰਨ ਲਈ 'ਧਰਤੀ ਨਾਪਣਾ' ਜਿਹੀ ਉਕਤੀ ਵਰਤ ਲੈਂਦੇ ਹਾਂ, ਇਸੇ ਤਰ੍ਹਾਂ ਵਿਮਾਨ ਵਿਚ ਸਫਰ ਕਰਨ, ਭਾਉਂਦੇ ਫਿਰਨ ਦੇ ਭਾਵ ਵੀ ਹਨ। ਸੱਤ ਮੰਜ਼ਿਲੇ ਮਕਾਨ, ਮੀਨਾਰ, ਬੁਰਜ, ਉਚੇ ਮੰਦਿਰ ਆਦਿ ਨੂੰ ਵੀ ਵਿਮਾਨ ਆਖਦੇ ਹਨ। ਮਾਨ ਸ਼ਬਦ ਦਾ ਧਾਤੂ ਹੈ 'ਮਾ' ਜਿਸ ਵਿਚ ਮਾਪਣ, ਪੈਮਾਇਸ਼ ਆਦਿ ਦੇ ਭਾਵ ਹਨ। ਇਸ ਤੋਂ ਬਹੁਤ ਸਾਰੇ ਸ਼ਬਦ ਬਣੇ ਹਨ ਜਿਨ੍ਹਾਂ ਦਾ ਜ਼ਿਕਰ ਪੈਮਾਨੇ ਵਾਲੇ ਲੇਖ ਵਿਚ ਕਰ ਚੁੱਕੇ ਹਾਂ। ਕੁਝ ਰਹਿ ਗਏ ਸ਼ਬਦ ਗਿਣਾ ਦਿੰਦੇ ਹਾਂ। ਬਣਾਉਣ ਦੇ ਅਰਥਾਂ ਵਾਲਾ ਨਿਰਮਾਣ ਸ਼ਬਦ ਇਸੇ ਤੋਂ ਬਣਿਆ ਹੈ ਜਿਸ ਦਾ ਠੇਠ ਪੰਜਾਬੀ ਰੂਪ ਨਿੰਮਣਾ ਹੈ, "ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਵਾਹੁ॥" ਇਸੇ ਤਰ੍ਹਾਂ 'ਹਾਣ-ਪਰਵਾਣ' ਦੁਰੁਕਤੀ ਵਿਚਲਾ ਪਰਵਾਣ/ਪਰਮਾਣ ਸ਼ਬਦ ਵਿਚ ਵੀ ਇਹ ਧਾਤੂ ਬੋਲਦਾ ਹੈ। ਇਹ ਸ਼ਬਦ ਵੀ ਭਾਰੋਪੀ ਖਾਸੇ ਵਾਲਾ ਹੈ ਤੇ ਇਸ ਦਾ ਮੂਲ ਹੈ 'me' ਜਿਸ ਦਾ ਅਰਥ ਮਾਪਣਾ ਹੀ ਹੈ। ਇਸ ਤੋਂ ਬਹੁਤ ਸਾਰੇ ਅੰਗਰੇਜ਼ੀ ਦੇ ਜਾਣੇ ਪਛਾਣੇ ਸ਼ਬਦ ਬਣੇ ਹਨ ਜਿਵੇਂ ਮੀਟਰ, ਮੈਟਰਿਕ, ਮਈਯਰ, ਡਾਇਮੈਨਸ਼ਨ, ਸਮਿਟਰੀ, ਮੀਲ (ਭੋਜਨ ਦੇ ਅਰਥਾਂ ਵਾਲਾ), ਪੀਸਮੀਲ। ਇਨ੍ਹਾਂ ਸਾਰੇ ਸ਼ਬਦਾਂ ਦਾ ਜ਼ਿਕਰ ਵੀ ਪਹਿਲਾਂ ਹੋ ਚੁੱਕਾ ਹੈ।

# ਕੁਲਵੰਤ ਸਿੰਘ ਵਿਰਕ ਦੀ ਅਣਗੌਲੀ ਪ੍ਰਤਿਭਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਇਸ ਵਰ੍ਹੇ ਦੀ ਪੰਜਾਬੀ ਵਿਕਾਸ ਕਾਨਫਰੰਸ ਦੇ ਉਦਘਾਟਨੀ ਸਮਾਗਮ ਵਿਚ ਕੁਲਵੰਤ ਸਿੰਘ ਵਿਰਕ ਦੀਆਂ ਚੋਣਵੀਆਂ ਰਚਨਾਵਾਂ ਦੀ ਅੰਗਰੇਜ਼ੀ ਪੁਸਤਕ ਰਿਲੀਜ਼ ਕੀਤੀ ਗਈ ਹੈ। ਇਸ ਵਿਚ ਵਿਰਕ ਦੀਆਂ 28 ਕਹਾਣੀਆਂ ਦੇ ਅੰਗਰੇਜ਼ੀ ਅਨੁਵਾਦ ਤੋਂ ਬਿਨਾ ਉਹਦੇ ਵਲੋਂ ਅੰਗਰੇਜ਼ੀ ਦੇ ਸਮਾਚਾਰ ਪੱਤਰਾਂ ਤੇ ਰਸਾਲਿਆਂ ਲਈ ਲਿਖੇ 20 ਲੇਖ ਤੇ ਓਨੇ ਹੀ ਮਿਡਲ (ਨਿੱਕੇ ਲੇਖ) ਸ਼ਾਮਲ ਹਨ। ਯੂਨੀਵਰਸਿਟੀ ਵਲੋਂ ਪ੍ਰਕਾਸ਼ਤ ਇਹ ਪੁਸਤਕ 'ਏਲਏਚਟਏਦ 'ਰਟਿਨਿਗਸੋ'ਾ ਖੁਲੱਅਨਟ 'ਨਿਗਹ ਝਰਿਕ (ਪੰਨੇ 360, ਮੁੱਲ 400 ਰੁਪਏ) ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਮੂੰਹ ਬੋਲਦੀ ਤਸਵੀਰ ਹੈ।

ਸ਼ੇਖਪੁਰਾ (ਪਾਕਿਸਤਾਨ) ਦਾ ਜਨਮ, ਸੰਤਾਲੀ ਦੀ ਵੰਡ ਪਿੱਛੋਂ ਪਹਿਲਾਂ ਉਹ ਹਰਿਆਣਾ ਵਿਚ ਕਰਨਾਲ ਤੇ ਫੇਰ ਉਤਰ ਪ੍ਰਦੇਸ਼ ਵਿਚ ਤਰਾਈ ਦੇ ਇਲਾਕੇ ਦਾ ਹੱਕਦਾਰ ਹੋਣ ਸਦਕਾ ਉਹ ਓਧਰਲੇ ਤੇ ਏਧਰਲੇ ਪੰਜਾਬ ਦੇ ਚੱਪੇ-ਚੱਪੇ ਤੋਂ ਜਾਣੂ ਸੀ। ਉਸ ਦੇ ਲੇਖਾਂ ਵਿਚ 19ਵੀਂ ਸਦੀ ਦੇ ਅਖੰਡ ਪੰਜਾਬ ਤੇ ਵੀਹਵੀਂ ਸਦੀ ਦੇ ਖੰਡਤ ਪੰਜਾਬ ਨੂੰ ਜੋੜਨ ਵਾਲੀ ਜਰਨੈਲੀ ਸੜਕ (ਸ਼ੇਰ ਸ਼ਾਹ ਸੂਰੀ ਮਾਰਗ) ਦੀਆਂ ਬਰਕਤਾਂ ਹੀ ਨਹੀਂ, ਅਪਰ ਬਾਰੀ ਦੁਆਬਾ ਤੇ ਸਰਹਿੰਦ ਨਹਿਰ ਦੀਆਂ ਬਖਸ਼ਿਸ਼ਾਂ ਵੀ ਸ਼ਾਮਲ ਹਨ। ਖਾਲਸਾ ਪੰਥ ਦੇ ਇੰਗਲੈਂਡ ਪਹੁੰਚੇ ਸਿਮ੍ਰਤੀ ਚਿੰਨ ਅਤੇ ਨਨਕਾਣਾ ਸਾਹਿਬ ਦੀਆਂ ਪ੍ਰਭਾਵੀ ਯਾਦਾਂ ਵੀ। ਪੰਜਾਬੀ ਜੀਵਨ ਤੇ ਲੋਕਯਾਨ ਯੋਗਦਾਨ ਹੀ ਨਹੀਂ, ਨਸ਼ੇ ਦੀ ਬੰਦ ਬੋਤਲ ਦਾ ਮਹੱਤਵ ਵੀ ਪੜ੍ਹਨ ਵਾਲਾ ਹੈ। ਕੋਹੇਨੂਰ ਦੀ ਅੰਤਮ ਮਾਲਕੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਅੰਤਮ ਸਸਕਾਰ ਬਾਰੇ ਕਹਾਣੀਕਾਰ ਵਿਰਕ ਦੀ ਪੇਸ਼ਕਾਰੀ ਪੰਜਾਬੀਅਤ ਦੇ ਨੈਣ ਨਕਸ਼ ਚਿਤਵਨ ਵਿਚ ਪਾਠਕ ਨੂੰ ਆਪਣੇ ਨਾਲ ਬਹਾ ਕੇ ਲੈ ਜਾਂਦੀ ਹੈ। ਨਿਸਚੇ ਹੀ ਦੋਹਾਂ ਪੰਜਾਬਾਂ ਦੇ ਅੰਗਰੇਜ਼ੀ ਪੜ੍ਹਨ ਵਾਲੇ ਪਾਠਕ ਇਸ ਵਿਚੋਂ ਆਪਣੀ ਵਿਰਾਸਤ ਦੇ ਰੰਗ ਪੜ੍ਹ ਅਤੇ ਮਾਣ ਸਕਦੇ ਹਨ।

ਪੁਸਤਕ ਦੇ ਦੂਜੇ ਕਾਂਡ ਵਿਚ ਪੰਜਾਬੀ ਸਾਹਿਤ ਤੇ ਸਭਿਆਚਾਰ ਨਾਲ ਸਬੰਧਤ ਲੇਖ ਹਨ। ਭਾਰਤੀ ਸਾਹਿਤ ਵਿਚ ਭਾਰਤੀਅਤਾ ਤੋਂ ਲੈ ਕੇ ਵਾਰਿਸ ਦੀ ਹੀਰ ਤੇ ਪੰਜਾਬੀ ਸਾਹਿਤ ਵਿਚ ਤੇਜਾ ਸਿੰਘ, ਮੋਹਨ ਸਿੰਘ ਤੇ ਸੰਤ ਸਿੰਘ ਸੇਖੋਂ ਦੀ ਦੇਣ ਨੂੰ ਉਘਾੜਨ ਵਾਲੇ। ਦੇਸ਼ ਵੰਡ ਕਾਰਨ ਪੰਜਾਬੀ ਭਾਸ਼ਾ ਦੀ ਬਦਕਿਸਮਤੀ ਸਾਹਿਤ ਦੀ ਦੁਨੀਆਂ ਵਿਚ ਪੰਜਾਬੀ ਲੇਖਕ ਦੀ ਹੋਂਦ ਕਿੱਥੇ ਖੜੀ ਹੈ, ਉਤੇ ਵੀ ਮਹਤਵਪੂਰਨ ਟਿੱਪਣੀ ਹੈ।

ਅੰਗਰੇਜ਼ੀ ਵਿਚ ਉਲਥਾਉਣ ਲਈ ਚੁਣੀਆਂ ਗਈਆਂ ਕਹਾਣੀਆਂ ਵਿਚ ਧਰਤੀ ਹੇਠਲਾ ਬੌਲਦ, ਤੂੜੀ ਦੀ ਪੰਡ, ਦੁੱਧ ਦਾ ਛੱਪੜ, ਮੁਰਦੇ ਦੀ ਤਾਕਤ, ਮੁੱਢੋਂ-ਸੁਢੋਂ, ਮੈਨੂੰ ਜਾਣਨੈ, ਓਪਰੀ ਰਤੀ ਪਰਦਾ, ਸ਼ੇਰਨੀਆਂ ਤੇ ਦਾਤੇ ਸਮੇਤ 28 ਕਹਾਣੀਆਂ ਹਨ ਜਿਹੜੀਆਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਪ੍ਰਤੀ ਉਸ ਦੇ ਸਦੀਵੀ ਮੋਹ ਦੀ ਬਾਤ ਪਾਉਂਦੀਆਂ ਹਨ। ਅੰਗਰੇਜ਼ੀ ਵਿਚ ਅਨੁਵਾਦ ਵਿਰਕ ਦੇ ਸਭ ਤੋਂ ਛੋਟੇ ਬੇਟੇ ਸੰਦੀਪ ਵਿਰਕ ਨੇ ਕੀਤਾ ਹੈ ਜੋ ਅੱਜਕਲ ਵਿਰਕ ਦੀਆਂ ਦੋ ਬੇਟੀਆਂ ਵਾਂਗ ਅਮਰੀਕਾ ਰਹਿੰਦਾ ਹੈ।

ਪੁਸਤਕ ਦੇ ਅੰਤ ਵਿਚ ਰੋਜ਼ਾਨਾ ਪੰਜਾਬੀ ਜੀਵਨ 'ਤੇ ਝਾਤ ਪਾਉਂਦੇ ਉਸ ਦੇ ਮਿਡਲ (ਨਿੱਕੇ ਲੇਖ) ਹਨ ਜਿਹੜੇ ਆਉਣ ਵਾਲੇ ਕੱਲ ਦੇ ਸੁਫਨੇ ਚਿਤਰਣ ਤੋਂ ਲੈ ਕੇ ਲੇਖਕ ਨੂੰ ਜੀਵਨ ਨੇ ਕੀ ਕੁਝ ਸਿੱਖਾਇਆ, ਉਤੇ ਝਾਤ ਪਵਾਉਂਦੇ ਹਨ।



ਕੁਲਵੰਤ ਸਿੰਘ ਵਿਰਕ

ਮੈਂ ਸਮਝਦਾ ਹਾਂ ਕਿ ਇਹ ਪੁਸਤਕ ਪੰਜਾਬੀ ਜੀਵਨ ਤੇ ਵਿਕਾਸ ਦੇ ਵਿਦਿਆਰਥੀ ਨੂੰ ਦਿੱਤਾ ਜਾਣ ਵਾਲਾ ਤੋਹਫਾ ਹੈ, ਜਿਸ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਧਾਈ ਦੀ ਹੱਕਦਾਰ ਹੈ। ਇਸ ਦੀ ਤਿਆਰੀ ਵਿਚ ਯੂਨੀਵਰਸਿਟੀ ਦੇ ਭਾਸ਼ਾ ਵਿਕਾਸ ਵਿਭਾਗ ਨੂੰ ਸਹਿਯੋਗ ਦੇਣ ਵਾਲੀ ਵਿਰਕ ਦੀ ਔਲਾਦ ਹੈ, ਜਿਨ੍ਹਾਂ ਨੇ ਵਿਰਕ ਦੇ ਲੇਖਾਂ ਤੇ ਮਿਡਲਾਂ ਦਾ ਖਜ਼ਾਨਾ ਯੂਨੀਵਰਸਿਟੀ ਦੇ ਹਵਾਲੇ ਕੀਤਾ। ਜੇ ਸੱਚ ਪੁੱਛੋ ਤਾਂ ਮੇਰੇ ਜਿੰਮੇ ਇਸ ਪੁਸਤਕ ਦੀ ਸੰਪਾਦਨਾ ਦਾ ਕੰਮ ਲਗਣਾ ਵੀ ਉਨ੍ਹਾਂ ਦੀ ਹੀ ਦੇਣ ਹੈ। ਉਹ ਮੈਨੂੰ ਆਪਣੇ ਪਾਪਾ ਕੁਲਵੰਤ ਵਿਰਕ ਵਰਗਾ ਆਦਰ ਮਾਣ ਦਿੰਦੇ ਆਏ ਹਨ।

ਮੇਰੀ ਉਮਰ ਜੀਵਨ ਦੀ ਅਜਿਹੀ ਮੰਜ਼ਿਲ 'ਤੇ ਹੈ ਜਿਥੋਂ ਲੋਕੀਂ ਤੁਰ ਜਾਂਦੇ ਹਨ ਪਰ ਮੈਂ ਖੁਸ਼ ਹਾਂ ਕਿ ਮੇਰੇ ਮਨਭਾਉਂਦਾ ਇਹ ਪ੍ਰਾਜੈਕਟ ਮੇਰੇ ਜੀਉਂਦੇ ਜੀਅ ਨੇਪਰੇ ਚੜ੍ਹ ਗਿਆ ਹੈ। ਇਹ ਪ੍ਰਾਜੈਕਟ ਮੇਰੇ ਕੋਲ ਕਿਵੇਂ ਆਇਆ, ਇਹ ਤਾਂ ਲੰਮੀ ਕਹਾਣੀ ਹੈ ਪਰ ਮੈਂ ਪਰਮਜੀਤ ਸਿੰਘ ਰੋਮਾਣਾ ਦਾ ਧੰਨਵਾਦੀ ਹਾਂ ਜਿਸਨੇ ਇਹ ਕੰਮ ਆਪਣੇ ਹੱਥਾਂ ਵਿਚੋਂ ਨਿਕਲ ਕੇ ਮੇਰੇ ਹੱਥ ਆਉਣ ਸਮੇਂ ਵੱਡੀ ਖੁਲ੍ਹਦਿਲੀ ਦਿਖਾਈ ਹੈ।

**ਡਾ. ਦੀਵਾਨ ਸਿੰਘ ਕਾਲੇਪਾਣੀ:** 14 ਜਨਵਰੀ ਵਾਲੇ ਦਿਨ ਡਾ. ਦੀਵਾਨ ਸਿੰਘ ਕਾਲੇਪਾਣੀ ਨੂੰ ਇਸ ਦੁਨੀਆਂ ਤੋਂ ਕੂਚ ਕੀਤਿਆਂ 70 ਵਰ੍ਹੇ ਹੋ ਗਏ ਹਨ। ਪਾਕਿਸਤਾਨ ਦੇ ਜ਼ਿਲ੍ਹਾ ਸਿਆਲਕੋਟ ਦੇ ਨਿੱਕੇ ਜਿਹੇ ਪਿੰਡ ਗਲੋਟੀਆਂ ਵਿਚ ਜਨਮੇ ਅਤੇ ਡਾਕਟਰੀ ਤੇ ਸਮਾਜ ਸੇਵਾ ਕਰਦੇ ਕਾਲੇਪਾਣੀ ਵਿਚ ਸ਼ਹੀਦ ਹੋਏ ਇਸ ਜੀਊੜੇ ਦੀ ਔਲਾਦ ਵੀ ਵੱਡੇ ਦਿਲ ਵਾਲੀ ਹੈ। ਉਨ੍ਹਾਂ ਨੇ ਉਸ ਦੀ ਯਾਦ ਨੂੰ ਸਦੀਵੀ ਕਰਨ ਲਈ ਕੁਰਾਲੀ-ਬੱਦੀ ਮਾਰਗ ਉਤੇ ਸਿਸਵਾਂ ਨੇੜੇ ਯਾਦਗਾਰ ਬਣਾਈ ਹੈ। ਇਸ ਵਿਚ ਲੇਖਕ ਦੀਆ ਕਵਿਤਾਵਾਂ ਨੂੰ ਕੰਧਾਂ ਅਤੇ ਮੀਨਾਰਾਂ ਉਤੇ ਉਕਰਨ ਤੋਂ ਬਿਨਾਂ ਉਨ੍ਹਾਂ ਦੇ ਕਾਲੇਪਾਣੀ ਵਿਚਲੇ ਜੀਵਨ ਉਤੇ ਵਧੀਆ ਝਾਤ ਪਵਾਈ ਗਈ ਹੈ। ਪਿਛਲੇ ਸਾਲ ਇਸ ਦਾ ਉਦਘਾਟਨ ਕਰਦਿਆਂ ਪੰਜਾਬ ਦੇ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਕਿ ਇਹ ਕੰਮ ਜਿਹੜਾ ਮੇਰੀ ਸਰਕਾਰ ਨੂੰ ਕਰਨਾ ਚਾਹੀਦਾ ਸੀ, ਪਰਿਵਾਰ ਨੇ ਕਰ ਵਿਖਾਇਆ ਹੈ। ਉਹ ਤਸਵੀਰਾਂ ਤੇ ਸ਼ਬਦਾਂ ਦੀ ਪੇਸ਼ਕਾਰੀ ਤੋਂ ਬਹੁਤ ਪ੍ਰਭਾਵਤ ਹੋਏ ਸਨ। ਇਹ ਉਦਮ ਸੱਚਮੁੱਚ ਹੀ ਬੜਾ ਅਹਿਮ ਹੈ।

ਅੰਤਿਕਾ: ਰਣਜੀਤ ਸਰਾਂਵਾਲੀ
ਆ ਜਗਾਈਏ ਸੀਨੇ ਦੀ ਅੱਗ ਨਾਲ ਦੀਪ,
ਵੇਖਦੇ ਹਾਂ ਫਿਰ ਬੁਝਾਉਂਦਾ ਕੌਣ ਹੈ?
ਜਿੱਥੇ ਸਾਡੀ ਅੱਖ ਵੀ ਝੁਕਦੀ ਨਹੀਂ,
ਖਬਰੇ ਓਥੇ ਸਿਰ ਝੁਕਾਉਂਦਾ ਕੌਣ ਹੈ?

## ਕਾਵਿ-ਵਿਅੰਗ

### ਭਲਵਾਨ-ਸਮਗਲਰ

ਖੁਰਲੀ-ਚੁੱਲ੍ਹੇ ਦੇ ਜਾਂਦੇ ਨੇ ਤੱਤ ਖੋਹੇ
ਖੁਰਾਕਾਂ ਕਿਹੜੀਆਂ ਕਰਨ ਜਵਾਨ ਤਕੜੇ।
ਮੋੜੇ ਗੁਣਵੰਤੀ ਚੀਜ਼ਾਂ ਤੋਂ ਮੂੰਹ ਹੱਟੀ
ਨੋਟ ਛਾਪਦਾ ਨਕਲੀ ਸਮਾਨ ਤਕੜੇ।
ਟੋਲੇ ਛਕੂ-ਛਕਾਊ ਦੇ ਨਾਲ ਮਿਲ ਕੇ
ਸੜਕ ਛਾਪੜੇ ਬਣੇ ਧਨਵਾਨ ਤਕੜੇ।
ਗਿੱਲਾ ਇਨ੍ਹਾਂ ਦੀ ਨੀਤ ਨਾ ਭਰਨ ਛਿੰਜਾਂ
ਨਸ਼ੇ ਵੇਚਦੇ ਫਿਰਨ ਭਲਵਾਨ ਤਕੜੇ।

*-ਜੁਗਰਾਜ ਗਿੱਲ, ਸਾਰਲਟ*
*ਫੋਨ: 704-257-6693*

# ਗੁਰਿੰਦਰ ਚੱਢਾ ਦੀ ਸੰਗੀਤ ਉਡਾਣ

## ਇਕ ਵਾਰ ਫਿਰ 'ਬੈਂਡ ਇਟ ਲਾਈਕ ਬੈਕਹੈਮ'



*ਬ੍ਰਿਟਿਸ਼ ਫਿਲਮਸਾਜ਼ ਗੁਰਿੰਦਰ ਚੱਢਾ ਦੀ ਸੰਸਾਰ ਪ੍ਰਸਿੱਧ ਫਿਲਮ 'ਬੈਂਡ ਇਟ ਲਾਈਕ ਬੈਕਹੈਮ' ਦੇ ਆਧਾਰ ਉਤੇ ਇੰਗਲੈਂਡ ਦੀ ਰਾਜਧਾਨੀ ਲੰਡਨ ਦੇ ਫੀਨਿਕਸ ਥੀਏਟਰ ਵਿਚ ਇਸੇ ਨਾਂ ਤਹਿਤ ਮਈ ਵਿਚ ਸੰਗੀਤ ਨਾਟਕ ਖੇਡਿਆ ਜਾ ਰਿਹਾ ਹੈ। ਕਲਾ ਦੀ ਦੁਨੀਆਂ ਵਾਲੇ ਲੋਕਾਂ ਇਹ ਬੜਾ ਅਹਿਮ ਲਮਹਾ ਹੋਵੇਗਾ। ਅਜਿਹੀ ਵਿਰਲੀ-ਟਾਵੀਂ ਮਿਸਾਲ ਹੀ ਮਿਲਦੀ ਹੈ ਜਦੋਂ ਫਿਲਮ ਦੇ ਆਧਾਰ 'ਤੇ ਇਉਂ ਨਾਟਕ ਖੇਡਿਆ ਗਿਆ ਹੋਵੇ। ਇਸ ਸੰਗੀਤ-ਨਾਟਕ ਬਾਰੇ ਲੰਡਨ ਵੱਸਦੀ ਸਾਡੀ ਇਕ ਪਾਠਕ ਆਮਨਾ ਅਮੀਨ ਨੇ ਇਹ ਉਚੇਚਾ ਲੇਖ ਪਰਚੇ ਵਿਚ ਛਪਣ ਲਈ ਭੇਜਿਆ ਹੈ। -ਸੰਪਾਦਕ*


ਬ੍ਰਿਟਿਸ਼ ਫਿਲਮਸਾਜ਼ ਗੁਰਿੰਦਰ ਚੱਢਾ ਦੀ ਸੰਸਾਰ ਪ੍ਰਸਿੱਧ ਹਿੱਟ ਫਿਲਮ 'ਬੈਂਡ ਇਟ ਲਾਈਕ ਬੈਕਹੈਮ' ਇਕ ਵਾਰ ਫਿਰ ਦਰਸ਼ਕਾਂ ਦਾ ਮਨ ਮੋਹਣ ਲਈ ਆ ਰਹੀ ਹੈ। ਇਸ ਵਾਰ ਇਸ ਫਿਲਮ ਦੇ ਆਧਾਰ 'ਤੇ ਲੰਡਨ ਦੇ ਫੀਨਿਕਸ ਥੀਏਟਰ ਵਿਚ ਇਸੇ ਨਾਂ ਵਾਲਾ ਸੰਗੀਤ-ਨਾਟਕ 15 ਮਈ ਨੂੰ ਖੇਡਿਆ ਜਾ ਰਿਹਾ ਹੈ। ਫਿਲਮ ਵਿਚ ਜੇਸੀ ਦਾ ਜਿਹੜਾ ਕਿਰਦਾਰ ਪਰਮਿੰਦਰ ਨਾਗਰਾ ਨੇ ਨਿਭਾਇਆ ਸੀ, ਸੰਗੀਤ-ਨਾਟਕ ਵਿਚ ਉਹ ਕਿਰਦਾਰ ਹੁਣ ਬ੍ਰਿਟਿਸ਼ ਸਟੇਜ ਤੇ ਟੈਲੀਵਿਜ਼ਨ ਅਦਾਕਾਰਾ ਨਤਾਲੀ ਡਿਊ ਨਿਭਾ ਰਹੀ ਹੈ। ਫਿਲਮ ਵਿਚ ਜੇਸੀ ਦੀ ਸਹੇਲੀ ਵਾਲਾ ਜਿਹੜਾ ਕਿਰਦਾਰ ਅਦਾਕਾਰਾ ਕੀਰਾ ਨਾਈਟਲੇ ਨੇ ਨਿਭਾਇਆ ਸੀ, ਉਸ ਕਿਰਦਾਰ ਲਈ ਲੌਰੇਨ ਸੈਮੂਅਲਜ਼ ਨੂੰ ਚੁਣਿਆ ਗਿਆ ਹੈ।

ਗੁਰਿੰਦਰ ਚੱਢਾ ਇਸ ਨਾਟਕ ਦੀ ਤਿਆਰੀ ਤੋਂ ਬਹੁਤ ਖੁਸ਼ ਹੈ। ਉਸ ਦਾ ਕਹਿਣਾ ਹੈ, "ਇਹ ਪ੍ਰਾਜੈਕਟ ਬੜਾ ਹੁਲਾਰਾ ਦੇਣ ਵਾਲਾ ਹੈ। ਉਂਜ ਵੀ ਇਸ ਨਾਟਕ ਵਿਚ ਸੰਗੀਤ ਨੂੰ ਬਹੁਤ ਅਹਿਮੀਅਤ ਦਿੱਤੀ ਗਈ ਹੈ ਅਤੇ ਮੈਂ ਸੰਗੀਤ ਨਾਲ ਬਹੁਤ ਡੂੰਘੀ ਜੁੜੀ ਹੋਈ ਹਾਂ। ਸੰਗੀਤ ਮੇਰੀ ਸੋਚ ਦੀਆਂ ਤਰੰਗਾਂ ਨੂੰ ਨਵੀਂ ਰੂਹ ਅਤੇ ਉਰਜਾ ਬਖ਼ਸ਼ਦਾ ਹੈ। ਇਸ ਨਾਟਕ ਰਾਹੀਂ ਹੁਣ ਮੈਂ ਸੰਗੀਤ, ਪਿਆਰ ਅਤੇ ਕਥਾ ਸੁਣਾਉਣ ਦੀ ਤਰਕੀਬ ਵਿਚਕਾਰ ਸੁਮੇਲ ਬਿਠਾਉਣ ਦਾ ਯਤਨ ਕੀਤਾ ਹੈ।"

ਗੁਰਿੰਦਰ ਚੱਢਾ (ਜਨਮ 10 ਜਨਵਰੀ 1960) ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 1993 ਵਿਚ ਹਿੱਟ ਫਿਲਮ 'ਭਾਜੀ ਔਨ ਦਿ ਬੀਚ' ਨਾਲ ਕੀਤੀ ਸੀ। ਇਸ ਤੋਂ ਪਹਿਲਾਂ ਉਸ ਨੇ ਟੈਲੀਵਿਜ਼ਨ ਲਈ ਕੁਝ ਫਿਲਮਾਂ ਦਾ ਨਿਰਮਾਣ ਕੀਤਾ ਸੀ। 'ਭਾਜੀ ਔਨ ਦਿ ਬੀਚ' ਨੇ ਉਸ ਲਈ ਫਿਲਮਸਾਜ਼ੀ ਦੀ ਦੁਨੀਆਂ ਲਈ ਨਵੇਂ ਰਾਹ ਖੋਲ੍ਹ ਦਿੱਤੇ ਅਤੇ ਜਦੋਂ 9 ਸਾਲ ਬਾਅਦ ਉਸ ਨੇ 2002 ਵਿਚ ਫਿਲਮ 'ਬੈਂਡ ਇਟ ਲਾਈਕ ਬੈਕਹੈਮ' ਬਣਾਈ ਤਾਂ ਉਸ ਦੀਆਂ ਧੁੰਮਾਂ ਸੰਸਾਰ ਭਰ ਵਿਚ ਪੈ ਗਈਆਂ। ਨਿੱਕੇ ਜਿਹੇ ਬਜਟ ਦੀ ਇਹ ਫਿਲਮ ਸੰਸਾਰ ਦੀਆਂ ਵੱਡੀਆਂ ਫਿਲਮਾਂ ਵਿਚ ਸ਼ੁਮਾਰ ਹੋ ਗਈ ਅਤੇ ਇਸ ਫਿਲਮ ਦਾ ਟਾਈਟਲ ਤਾਂ ਇਕ ਤਰ੍ਹਾਂ ਨਾਲ ਮੁਹਾਵਰਾ ਹੀ ਬਣ ਗਿਆ। ਇਹ ਫਿਲਮ ਇੰਗਲੈਂਡ ਦੇ ਪ੍ਰਸਿੱਧ ਫੁੱਟਬਾਲ ਖਿਡਾਰੀ ਡੇਵਿਡ ਬੈਕਹੈਮ ਦੀ ਫ਼ਰੀ ਕਿੱਕ ਸਪੈਸ਼ੈਲਿਟੀ ਨੂੰ ਆਧਾਰ ਬਣਾ ਕੇ ਬਣਾਈ ਗਈ ਸੀ। ਦਰਅਸਲ ਇਹ ਫਿਲਮ ਦੋ ਸਭਿਆਚਾਰਾਂ ਦੇ ਭੇਤ ਨੂੰ ਦਰਸਾਉਂਦੀ ਹੈ। ਇਸ ਫਿਲਮ ਦੀ ਨਾਇਕਾ ਸਿੱਖ ਪਰਿਵਾਰ ਵਿਚ ਜੰਮੀ-ਪਲੀ ਹੈ ਅਤੇ ਫੁੱਟਬਾਲ ਖੇਡਣਾ ਚਾਹੁੰਦੀ ਹੈ ਪਰ ਪਰਿਵਾਰ ਉਸ ਨੂੰ ਇਸ ਦੀ ਆਗਿਆ ਦੇਣ ਲਈ ਤਿਆਰ ਨਹੀਂ। ਬੱਸ ਇਸੇ ਕਹਾਣੀ ਨੂੰ ਆਧਾਰ ਬਣਾ ਕੇ ਗੁਰਿੰਦਰ ਚੱਢਾ ਨੇ ਅਜਿਹੀ ਫਿਲਮ ਦਾ ਨਿਰਮਾਣ ਕੀਤਾ ਜੋ ਫਿਲਮ ਇਤਿਹਾਸ ਦਾ ਅਹਿਮ ਹਿੱਸਾ ਹੋ ਨਿਬੜੀ।

ਪਿਛਲੇ ਸਾਲ (2014) ਵਿਚ ਗੁਰਿੰਦਰ ਨੇ ਇਕ ਇੰਟਰਵਿਊ ਦੌਰਾਨ ਕਿਹਾ ਸੀ ਕਿ ਉਹ ਇਸ ਫਿਲਮ ਦਾ ਅਗਲਾ ਸੀਕੁਅਲ ਬਣਾਏਗੀ ਅਤੇ ਉਸ ਦੀ ਤਿਆਰੀ ਵਿਚ ਉਹ ਜੁਟੀ ਹੋਈ ਹੈ। ਉਂਜ, ਇਸ ਸੀਕੁਅਲ ਤੋਂ ਪਹਿਲਾਂ ਹੀ ਉਸ ਨੇ ਇਹ ਨਾਟਕ ਤਿਆਰ ਕਰ ਲਿਆ। ਉਸ ਦੀ ਯੋਜਨਾ ਹੈ ਕਿ ਉਹ ਇਸ ਨਾਟਕ ਨੂੰ ਸੰਸਾਰ ਭਰ ਵਿਚ ਲੈ ਕੇ ਜਾਵੇ। ਇਸ ਸਬੰਧੀ ਇਕ ਹੋਰ ਦਿਲਚਸਪ ਗੱਲ ਇਹ ਵੀ ਹੈ ਕਿ ਆਮ ਤੌਰ 'ਤੇ ਕਿਸੇ ਕਹਾਣੀ ਜਾਂ ਨਾਟਕ ਦੇ ਆਧਾਰ ਉਤੇ ਕਿਸੇ ਫਿਲਮ ਦਾ ਨਿਰਮਾਣ ਕੀਤਾ ਜਾਂਦਾ ਹੈ, ਪਰ ਇਹ ਸ਼ਾਇਦ ਉਨ੍ਹਾਂ ਕੁਝ ਕੁ ਫਿਲਮਾਂ ਵਿਚ ਸ਼ਾਮਲ ਹੋਵੇਗੀ ਜਿਸ ਦੇ ਆਧਾਰ 'ਤੇ ਇਉਂ ਨਾਟਕ ਖੇਡਿਆ ਜਾ ਰਿਹਾ ਹੈ। ਇਸ ਨਾਟਕ ਦੇ ਗੀਤ ਚਾਰਲਸ ਹਾਰਟ ਦੇ ਲਿਖੇ ਹਨ ਅਤੇ ਸੰਗੀਤ ਨਾਲ ਹਾਵਰਡ ਗੁਡਾਲ ਨੇ ਸਜਾਇਆ ਹੈ। ਗੁਰਿੰਦਰ ਚੱਢਾ ਨੂੰ ਬਹੁਤ ਆਸਾਂ ਹਨ ਕਿ ਜਿਸ ਤਰ੍ਹਾਂ ਲੋਕਾਂ ਨੂੰ ਫਿਲਮ 'ਬੈਂਡ ਇਟ ਲਾਈਕ ਬੈਕਹੈਮ' ਬਹੁਤ ਪਸੰਦ ਆਈ ਸੀ, ਉਸੇ ਤਰ੍ਹਾਂ ਉਹ ਇਸ ਨਾਟਕ ਨੂੰ ਵੀ ਬਹੁਤ ਪਸੰਦ ਕਰਨਗੇ।






ਆਪਣੇ 'ਹਥਿਆਰ' (ਕੈਮਰੇ) ਨਾਲ ਗੁਰਿੰਦਰ ਚੱਢਾ ਅਤੇ (ਸੱਜੇ) ਫਿਲਮ 'ਬੈਂਡ ਇਟ ਲਾਈਕ ਬੈਕਹੈਮ' ਦਾ ਪੋਸਟਰ।



# ਟਵਿੰਕਲ ਦਾ ਹੀਰਾ ਤੇ ਹੀਰੋ ਅਕਸ਼ੈ


ਅਦਾਕਾਰਾ ਟਵਿੰਕਲ ਖੰਨਾ ਅਤੇ ਅਦਾਕਾਰ ਅਕਸ਼ੈ ਕੁਮਾਰ ਨੇ ਹੁਣੇ-ਹੁਣੇ ਆਪਣੇ ਵਿਆਹ ਦੀ 14ਵੀਂ ਵਰ੍ਹੇਗੰਢ ਮਨਾਈ ਹੈ। ਟਵਿੰਕਲ ਨੇ ਆਪਣੀ ਇਸ ਵਰ੍ਹੇਗੰਢ ਮੌਕੇ ਇਕ ਵਾਰ ਫਿਰ ਕਿਹਾ ਹੈ ਕਿ ਜਿਸ ਤਰ੍ਹਾਂ ਦੀ ਸਪੋਰਟ ਅਕਸ਼ੈ ਵਲੋਂ ਹਰ ਮਸਲੇ 'ਤੇ ਮਿਲਦੀ ਰਹੀ ਹੈ, ਉਹ ਉਸ ਦੇ ਧੰਨਭਾਗ ਹਨ। 'ਖਿਲਾੜੀ' ਕੁਮਾਰ ਵਜੋਂ ਮਸ਼ਹੂਰ ਅਕਸ਼ੈ ਸੱਚਮੁੱਚ ਪਰਿਵਾਰਕ ਫਰੰਟ ਉਤੇ ਸਭ ਤੋਂ ਅੱਛਾ ਖਿਲਾੜੀ ਸਾਬਤ ਹੋਇਆ ਹੈ। ਹਰ ਮੋੜ ਉਤੇ ਉਹਨੇ ਟਵਿੰਕਲ ਨੂੰ ਹੀ ਨਹੀਂ, ਸਗੋਂ ਜਦੋਂ ਵੀ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਲੋੜ ਪਈ, ਉਹ ਹਰ ਵਕਤ ਉਥੇ ਹਾਜ਼ਰ ਹੋਇਆ। ਆਪਣੀ ਸੱਸ ਅਦਾਕਾਰਾ ਡਿੰਪਲ ਕਪਾਡੀਆ ਲਈ ਤਾਂ ਉਹ ਹਰ ਵਕਤ ਮਸੀਹਾ ਬਣ ਕੇ ਟੱਕਰਦਾ ਰਿਹਾ ਹੈ। ਹਿੰਦੀ ਫਿਲਮਾਂ ਦੇ ਪਹਿਲੇ ਸੁਪਰ ਸਟਾਰ ਅਤੇ ਆਪਣੇ ਸਹੁਰੇ ਰਾਜੇਸ਼ ਖੰਨਾ ਦੀ ਮੌਤ ਤੋਂ ਬਾਅਦ ਜਿਸ ਤਰ੍ਹਾਂ ਉਸ ਨੇ ਪਰਿਵਾਰਕ ਝੇੜਿਆਂ ਨੂੰ ਨਿਬੇੜਨ ਲਈ ਦਿਨ-ਰਾਤ ਇਕ ਕੀਤਾ, ਉਸ ਨੇ ਸਭ ਨੂੰ ਦੰਗ ਕਰ ਕੇ ਰੱਖ ਦਿੱਤਾ। ਇਸੇ ਕਰ ਕੇ ਟਵਿੰਕਲ ਖੰਨਾ ਹੁੱਬ ਕੇ ਆਖਦੀ ਹੈ ਕਿ ਉਸ ਦਾ ਅਕਸ਼ੈ ਹੀਰਾ ਹੈ ਅਤੇ ਉਸ ਦਾ ਹੀਰੋ ਹੈ। ਸੱਚਮੁੱਚ, ਇਸ ਮਾਮਲੇ 'ਤੇ ਤਾਂ ਅਕਸ਼ੈ ਲਈ 'ਹੈਟਸ ਆਫ' ਹਨ।

ਅੰਮ੍ਰਿਤਸਰ ਵਿਚ ਜੰਮੇ ਅਕਸ਼ੈ ਦਾ ਅਸਲੀ ਨਾਂ ਰਾਜੀਵ ਭਾਟੀਆ ਹੈ ਅਤੇ ਉਹਦਾ ਬਾਪੂ ਹਰੀ ਓਮ ਭਾਟੀਆ ਫੌਜ ਵਿਚ ਅਫਸਰ ਸੀ। ਅਕਸ਼ੈ ਨੂੰ ਬਚਪਨ ਤੋਂ ਹੀ ਡਾਂਸ ਦਾ ਬੜਾ ਸ਼ੌਕ ਸੀ ਅਤੇ ਉਸ ਨੇ ਆਪਣਾ ਇਹ ਸ਼ੌਕ ਫਿਲਮਾਂ ਵਿਚ ਹੀਰੋ ਬਣ ਕੇ ਹਾਸਲ ਕੀਤਾ। ਆਪਣੇ ਵਿਸ਼ੇਸ਼ ਸਟੰਟਾਂ ਕਰ ਕੇ ਵੀ ਅਕਸ਼ੈ ਬਹੁਤ ਮਸ਼ਹੂਰ ਹੈ। ਇਨ੍ਹਾਂ ਮਾਰਸ਼ਲ ਕਾਰਜਾਂ ਲਈ ਉਹਨੇ ਬਾਕਾਇਦਾ ਟਰੇਨਿੰਗ ਲਈ ਹੋਈ ਹੈ ਅਤੇ ਉਹ ਆਪਣੀ ਇਸ ਟਰੇਨਿੰਗ ਦਾ ਰੰਗ ਆਪਣੀਆਂ ਫਿਲਮਾਂ ਵਿਚ ਵੀ ਅਕਸਰ ਦਿਖਾਉਂਦਾ ਰਹਿੰਦਾ ਹੈ। ਹੁਣੇ-ਹੁਣੇ ਰਿਲੀਜ਼ ਹੋਈ



ਉਹਦੀ ਫਿਲਮ 'ਬੇਬੀ' ਵਿਚ ਵੀ ਉਹਨੇ ਆਪਣੀ ਇਸ ਕਲਾ ਦੇ ਜੌਹਰ ਦਿਖਾਏ ਹਨ। ਅਕਸ਼ੈ ਕੁਮਾਰ ਹਿੰਦੀ ਫਿਲਮ ਸਨਅਤ ਦਾ ਅਜਿਹਾ ਪਹਿਲਾ ਅਦਾਕਾਰ ਹੈ ਜਿਸ ਦੀਆਂ ਫਿਲਮਾਂ ਨੇ ਹੁਣ ਤੱਕ ਰਿਕਾਰਡ 31 ਕਰੋੜ ਡਾਲਰ ਦੀ ਕਮਾਈ ਕੀਤੀ ਹੈ। ਜਿਸ ਤਰ੍ਹਾਂ ਉਹਦਾ ਸਹੁਰਾ ਰਾਜੇਸ਼ ਖੰਨਾ ਹਿੰਦੀ ਫਿਲਮਾਂ ਦਾ ਪਹਿਲਾ ਸੁਪਰ ਸਟਾਰ ਬਣਿਆ, ਐਨ ਉਸੇ ਤਰ੍ਹਾਂ ਅਕਸ਼ੈ ਖੰਨਾ ਸਭ ਤੋਂ ਵੱਧ ਕਮਾਈ ਕਰਨ ਵਾਲਾ ਪਹਿਲਾ ਅਦਾਕਾਰ ਬਣ ਗਿਆ ਹੈ।

ਟਵਿੰਕਲ ਖੰਨਾ ਆਪਣੇ ਇਸ ਹੀਰੋ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਦੀ ਨਹੀਂ ਥੱਕਦੀ। ਉਸ ਦਾ ਤਾਂ ਕਹਿਣਾ ਹੈ ਕਿ ਇਸ ਦੁਨੀਆਂ ਵਿਚ ਅਕਸ਼ੈ ਵਰਗਾ ਕੋਈ ਹੋਰ ਹੈ ਹੀ ਨਹੀਂ ਹੈ। ਅਕਸ਼ੈ ਅਤੇ ਟਵਿੰਕਲ ਖੰਨਾ ਨੇ 'ਜ਼ੁਲਮੀ' ਅਤੇ 'ਇੰਟਰਨੈਸ਼ਨਲ ਖਿਲਾੜੀ' ਫਿਲਮਾਂ ਵਿਚ ਇਕੱਠਿਆਂ ਕੰਮ ਕੀਤਾ ਸੀ। ਇਹੀ ਉਹ ਫਿਲਮਾਂ ਸਨ ਜਿਨ੍ਹਾਂ ਦੀ ਸ਼ੂਟਿੰਗ ਦੌਰਾਨ ਦੋਹਾਂ ਵਿਚਕਾਰ ਇਸ਼ਕ ਸ਼ੁਰੂ ਹੋਇਆ। ਫਿਰ 17 ਜਨਵਰੀ 2001 ਨੂੰ ਦੋਹਾਂ ਨੇ ਵਿਆਹ ਕਰਵਾ ਲਿਆ ਅਤੇ ਟਵਿੰਕਲ ਖੰਨਾ ਨੇ ਅਕਸ਼ੈ ਲਈ ਫਿਲਮਾਂ ਨੂੰ ਅਲਵਿਦਾ ਆਖ ਦਿੱਤੀ। ਅੱਜ ਉਹ ਖੁਸ਼ ਹੈ ਕਿ ਉਸ ਨੂੰ ਅਕਸ਼ੈ ਕੁਮਾਰ ਵਰਗੇ ਬੰਦੇ ਦਾ ਸਾਥ ਮਿਲਿਆ ਹੈ।




MOST CRICKET ANYWHERE
With the Hopper and qualifying American packages starting at $34.99/mo for 12 months.
Live your passion for cricket with Willow HD.
Plus, get the best Punjabi and Hindi entertainment.
YOUR CRICKET DESTINATION WILLOW HD
Punjabi Mega Pack
$24.99 mo
Hindi Elite Pack
$34.99 mo EVERYDAY PRICE
3 MONTHS FREE
APPLIES TO THE 4TH, 5TH AND 6TH MONTHS
Requires 24-month commitment, credit qualification, and subscription to qualifying American programming.
FREE
100+ Bollywood Movies On Demand
Professional Installation in up to 6 rooms
All offers require 24-month commitment and credit qualification. Monthly fees apply based on number of rooms.
LIMITED-TIME OFFER
ORDER NOW!
1-888-816-0166
MUST MENTION OFFER CODE AT TIME OF ORDER
SAVE 3
Cannot be combined with other Offer Codes
dish
International programming requires additional $10/mo International Basic package or any America's Top package.
Important Terms and Conditions: International 4th, 5th, and 6th Months Free: Valid for activation and installation of qualifying DISH service. Requires subscription to a qualifying American or DishLATINO package in addition to a qualifying International package. For the 4th, 5th, and 6th months you will receive a monthly credit equal to the cost of the selected package. You will be responsible for any monthly or upfront costs beyond the value of the credit. Promotional Offers: Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offer ends 6/10/15.
© 2015 DISH Network L.L.C. All rights reserved.